Ad Space Available
Please call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space Available
Please call
Ph: 847-359-0746

Twentieth Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 42, October 19, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਝੂਠੇ ਮੁਕਾਬਲੇ: ਦੋਸ਼ੀ ਪੁਲਿਸ ਮੁਲਾਜ਼ਮਾਂ ਦੇ ਹੱਕ ਵਿਚ ਖੜ੍ਹੀਆਂ ਸਰਕਾਰਾਂ

**ਚੰਡੀਗੜ੍ਹ:** ਕੇਂਦਰ ਸਰਕਾਰ ਵਲੋਂ ਪੰਜਾਬ ਵਿਚ ਖਾੜਕੂਵਾਦ ਦੌਰਾਨ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ੀ ਪੰਜਾਬ ਪੁਲਿਸ ਦੇ 5 ਮੁਲਾਜ਼ਮਾਂ ਨੂੰ ਜੇਲ੍ਹ ਵਿਚੋਂ ਰਿਹਾਅ ਕਰਨ ਦੇ ਫੈਸਲੇ ਉਤੇ ਵੱਡੇ ਸਵਾਲ ਉਠੇ ਹਨ। ਕੇਂਦਰ ਸਰਕਾਰ ਦਾ ਇਹ ਫੈਸਲਾ 8 ਸਿੱਖ ਕੈਦੀਆਂ ਦੀ ਰਿਹਾਈ ਦੇ ਐਲਾਨ ਤੋਂ ਬਾਅਦ ਆਇਆ ਹੈ। ਚਰਚਾ ਹੈ ਕਿ ਕੇਂਦਰ ਸਰਕਾਰ ਨੇ ਸਿੱਖ ਕੈਦੀਆਂ ਦੀ ਰਿਹਾਈ ਤੇ ਕਾਲੀਆਂ ਸੂਚੀਆਂ ਦੇ ਖਾਤਮੇ ਦੇ ਫੈਸਲੇ ਦੇ ਨਾਲ-ਨਾਲ ਖਾੜਕੂਵਾਦ ਦੌਰਾਨ ਮਨੁੱਖੀ ਹੱਕਾਂ ਦਾ ਘਾਣ ਕਰਨ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ ਗਿਆ ਸੀ ਤੇ ਪੰਜਾਬ ਸਰਕਾਰ ਤੋਂ ਇਸ ਬਾਰੇ ਰਿਪੋਰਟ ਮੰਗੀ ਸੀ।

ਜਾਣਕਾਰੀ ਅਨੁਸਾਰ, ਪੰਜਾਬ ਸਰਕਾਰ ਵਲੋਂ ਕੇਂਦਰ ਨੂੰ 45 ਅਜਿਹੇ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੀ ਸੂਚੀ ਭੇਜੀ ਗਈ ਸੀ ਜਿਹੜੇ ਖਾੜਕੂਵਾਦ ਦੌਰਾਨ ਕਤਲ ਜਾਂ ਹੋਰ ਸੰਗੀਨ ਅਪਰਾਧਾਂ ਤਹਿਤ ਸਜ਼ਾਵਾਂ ਭੁਗਤ ਰਹੇ ਹਨ। ਯਾਦ ਰਹੇ ਕਿ ਸੀ.ਬੀ.ਆਈ. ਦੀਆਂ ਵਿਸ਼ੇਸ਼ ਅਦਾਲਤਾਂ ਵਲੋਂ ਪਿਛਲੇ ਸਮੇਂ ਦੌਰਾਨ ਅਤਿਵਾਦ ਨਾਲ ਸਬੰਧਤ ਕੇਸਾਂ ਵਿਚ 45 ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੂੰ ਉਮਰ ਕੈਦ ਜਾਂ ਹੋਰ ਸਜ਼ਾਵਾਂ ਸੁਣਾਈਆਂ ਗਈਆਂ ਸਨ। ਇਨ੍ਹਾਂ ਵਿਚੋਂ 22 ਪੁਲਿਸ ਅਧਿਕਾਰੀ/ਮੁਲਾਜ਼ਮ ਤਾਂ ਜੇਲ੍ਹਾਂ ਵਿਚ ਬੰਦ ਹਨ ਜਦੋਂ ਕਿ 23 ਨੂੰ ਉਚ ਅਦਾਲਤਾਂ ਨੇ ਜ਼ਮਾਨਤ ਉਤੇ ਰਿਹਾਅ ਕੀਤਾ ਹੋਇਆ ਹੈ ਜਾਂ ਸਜ਼ਾ ਮੁਲਤਵੀ ਕਰ ਕੇ ਰਾਹਤ ਦਿੱਤੀ ਹੋਈ ਹੈ।

ਚਰਚਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੜਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦੇ ਕਤਲ ਕੇਸ ਨਾਲ ਸਬੰਧਤ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੇ ਨਾਂ ਵੀ ਕੇਂਦਰ ਸਰਕਾਰ ਵਲੋਂ ਦਿੱਤੀ ਗਈ ਰਾਹਤ ਵਾਲੀ ਸੂਚੀ ਵਿਚ ਸ਼ਾਮਲ ਹਨ।

ਯਾਦ ਰਹੇ ਕਿ ਖਾੜਕੂਵਾਦ ਦੌਰਾਨ ਪੰਜਾਬ ਪੁਲਿਸ 'ਤੇ ਝੂਠੇ ਮੁਕਾਬਲਿਆਂ ਦੇ ਦੋਸ਼ ਲੱਗਦੇ ਰਹੇ ਪਰ ਹੁਕਮਰਾਨਾਂ ਨੇ ਹੁਣ ਤੱਕ ਇਸ ਮਾਮਲੇ ਉਤੇ ਮਿੱਟੀ ਪਾਉਣੀ ਹੀ ਬਿਹਤਰ ਸਮਝੀ ਕਿਉਂਕਿ ਇਸ ਦਾ ਸੇਕ ਉਨ੍ਹਾਂ ਨੂੰ ਵੀ ਲੱਗ ਸਕਦਾ ਸੀ। ਮਨੁੱਖੀ ਹੱਕਾਂ ਨਾਲ ਸਬੰਧਤ ਕੁਝ ਜਥੇਬੰਦੀਆਂ ਦੀ ਹਿੰਮਤ ਕਰਕੇ ਕੁਝ ਦੋਸ਼ੀ ਪੁਲਿਸ ਵਾਲੇ ਸਲਾਖਾਂ ਪਿੱਛੇ ਭੇਜੇ ਜਾ ਸਕੇ ਪਰ ਸਰਕਾਰ ਹੁਣ ਰਹਿਮ ਦੇ ਨਾਮ ਉਤੇ ਇਨ੍ਹਾਂ ਦੀ ਰਿਹਾਈ ਲਈ ਬਜ਼ਿਦ ਹੈ। ਸਭ ਤੋਂ ਨਾਮੋਸ਼ੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਮੁਲਾਜ਼ਮਾਂ ਦੀ ਰਿਹਾਈ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਭ ਤੋਂ ਵੱਧ ਦਿਲਚਸਪੀ ਦਿਖਾ ਰਹੇ ਹਨ ਜਦੋਂ ਕਿ ਸਿੱਖ ਕੈਦੀਆਂ ਦੀ ਰਿਹਾਈ ਨੂੰ ਸੂਬੇ ਦਾ ਮਾਹੌਲ ਮੁੜ ਖਰਾਬ ਕਰਨ ਦੀਆਂ ਕੋਸ਼ਿਸ਼ਾਂ ਨਾਲ ਜੋੜ ਰਹੇ ਹਨ।




ਪੰਜਾਬ ਵਿਚ ਖਾੜਕੂਵਾਦ ਦੌਰਾਨ ਹਜ਼ਾਰਾਂ ਨੌਜਵਾਨ ਲਾਪਤਾ ਹੋਏ। ਹਮੇਸ਼ਾਂ ਇਲਜ਼ਾਮ ਲੱਗਦੇ ਰਹੇ ਹਨ ਕਿ ਇਨ੍ਹਾਂ ਨੌਜਵਾਨਾਂ ਨੂੰ ਪੁਲਿਸ ਨੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਿਆ ਸੀ। ਪੰਜਾਬ ਡਾਕੂਮੈਂਟਰੀ ਐਂਡ ਐਡਵੋਕੇਸੀ ਪ੍ਰੋਜੈਕਟ (ਪੀ.ਡੀ.ਏ.ਪੀ.) ਨਾਂ ਦੀ ਸੰਸਥਾ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਪਾ ਕੇ ਦਾਅਵਾ ਕੀਤਾ ਸੀ ਕਿ ਪੁਲਿਸ ਨੇ ਇਨ੍ਹਾਂ ਨੌਜਵਾਨਾਂ ਨੂੰ ਝੂਠੇ ਪੁਲਿਸ

*(ਬਾਕੀ ਸਫਾ 6 ਉਤੇ)*

## 'ਸਾਂਝੀਵਾਲਤਾ' ਦਾ ਸੁਨੇਹਾ ਭੁੱਲੀਆਂ ਪੰਥਕ ਤੇ ਸਿਆਸੀ ਧਿਰਾਂ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਸਮਾਗਮਾਂ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਅਕਾਲੀ ਦਲ ਬਾਦਲ ਅਤੇ ਪੰਜਾਬ ਸਰਕਾਰ ਵਿਚਾਲੇ ਚੱਲ ਰਹੀ ਖਿੱਚੋਤਾਣ ਸਿਖਰਾਂ ਉਤੇ ਹੈ। ਸਮਾਗਮਾਂ ਨੂੰ ਲੈ ਕੇ ਚੌਧਰ ਦੀ ਇਸ ਲੜਾਈ ਵਿਚ ਕੋਈ ਵੀ ਧਿਰ ਪਿੱਛੇ ਹਟਣ ਲਈ ਤਿਆਰ ਨਹੀਂ।


'ਸਾਂਝੀਵਾਲਤਾ' ਦਾ ਸੁਨੇਹਾ ਦੇਣ ਵਾਲੇ ਬਾਬੇ ਨਾਨਕ ਦੇ ਪ੍ਰਕਾਸ਼ ਉਤਸਵ ਮੌਕੇ ਇਹ ਧਿਰਾਂ ਆਪਣੇ ਵੱਖ-ਵੱਖ ਸਮਾਗਮ ਕਰਵਾਉਣ ਲਈ ਬਜ਼ਿਦ ਹਨ। ਚੇਤੇ ਰਹੇ ਕਿ ਅਕਾਲ ਤਖਤ ਦੇ ਜਥੇਦਾਰ ਵਲੋਂ ਸਾਰੀਆਂ ਧਿਰਾਂ ਨੂੰ ਸਾਂਝਾ ਸਮਾਗਮ ਕਰਵਾਉਣ ਦੇ ਹੁਕਮ ਦਿੱਤੇ ਸਨ ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਉਤੇ ਕੋਈ ਸਹਿਮਤੀ ਨਹੀਂ ਬਣੀ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਕ ਪਾਸੇ ਸਾਂਝੇ ਸਮਾਗਮ ਕਰਵਾਉਣ ਲਈ ਮੀਟਿੰਗ ਦਾ ਦੌਰ ਚੱਲ ਰਿਹਾ ਸੀ ਤੇ ਦੂਜੇ ਪਾਸੇ ਦੋਵੇਂ ਧਿਰਾਂ ਵਲੋਂ ਵੱਖੋ-ਵੱਖਰੇ ਪੰਡਾਲ ਤਿਆਰ ਕੀਤੇ ਜਾ ਰਹੇ ਸਨ। ਹੁਣ ਸਰਕਾਰ ਸਲਾਹ ਦੇ ਰਹੀ ਹੈ ਕਿ ਉਸ ਨੇ ਪੰਡਾਲ ਉਤੇ ਲੱਖਾਂ ਰੁਪਏ ਖਰਚ ਦਿੱਤਾ ਹੈ, ਹੁਣ ਸ਼੍ਰੋਮਣੀ ਕਮੇਟੀ ਵੀ ਇਥੇ ਹਾਜ਼ਰੀ ਭਰ ਲਵੇ।

ਪੰਜਾਬ ਸਰਕਾਰ ਨੇ ਇਸ ਸਬੰਧੀ ਅਕਾਲ ਤਖਤ ਤੱਕ ਪਹੁੰਚ ਕਰਕੇ ਸ਼੍ਰੋਮਣੀ ਕਮੇਟੀ ਨੂੰ ਸਮਾਗਮ ਦਾ ਹਿੱਸਾ ਬਣਨ ਲਈ ਪੇਸ਼ਕਸ਼ ਕੀਤੀ ਹੈ। ਨਾਲ ਹੀ ਸ਼ਰਤ ਵੀ ਰੱਖੀ ਹੈ ਕਿ ਸਮਾਗਮ ਵਿਚ ਕੇਂਦਰ ਸਰਕਾਰ ਵਲੋਂ ਸਿਰਫ ਇਕ ਹੀ ਨੁਮਾਇੰਦਾ ਸਟੇਜ ਉਤੇ ਬੈਠ ਸਕੇਗਾ। ਹੁਣ ਤੈਅ ਹੈ ਕਿ ਸਾਂਝੇ ਸਮਾਗਮਾਂ ਵਾਲੀ ਗੱਲ ਖਤਮ ਹੋ ਚੁੱਕੀ ਹੈ ਕਿਉਂਕਿ ਸ਼੍ਰੋਮਣੀ ਕਮੇਟੀ, ਬਾਦਲਾਂ ਨੂੰ ਸਟੇਜ ਉਤੇ ਬਿਠਾਉਣ ਲਈ ਬਜ਼ਿਦ ਹੈ। ਅਸਲ ਵਿਚ ਸਾਰਾ ਵਿਵਾਦ ਹੀ ਬਾਦਲਾਂ ਦੀ ਚੌਧਰ ਨੂੰ ਕਾਇਮ ਰੱਖਣ ਤੋਂ ਸ਼ੁਰੂ ਹੋਇਆ ਸੀ। ਅਕਾਲ ਤਖਤ ਦੇ ਹੁਕਮਾਂ ਤੋਂ ਬਾਅਦ ਪੰਜਾਬ ਸਰਕਾਰ ਨੇ ਸਾਂਝੇ ਸਮਾਗਮਾਂ ਵਿਚ ਦਿਲਚਸਪੀ ਦਿਖਾਈ ਸੀ ਪਰ ਸ਼੍ਰੋਮਣੀ ਕਮੇਟੀ ਅਗਲੇ ਹੀ ਦਿਨ ਸੁਖਬੀਰ ਸਿੰਘ ਬਾਦਲ ਸਣੇ ਹੋਰ ਅਕਾਲੀ ਆਗੂਆਂ ਨੂੰ ਨਾਲ ਲੈ ਕੇ ਸਮਾਗਮਾਂ ਦੀ ਤਿਆਰੀ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣ ਪਹੁੰਚ ਗਈ। ਇਥੋਂ ਹੀ ਸਾਰਾ ਵਿਵਾਦ ਸ਼ੁਰੂ ਹੋਇਆ।

ਕੈਪਟਨ ਸਮੇਤ ਕੁਝ ਮੰਤਰੀਆਂ ਨੇ ਬਾਦਲਾਂ ਨੂੰ ਅੱਗੇ ਲਾਉਣ ਉਤੇ ਇਤਰਾਜ਼ ਜਤਾਇਆ ਪਰ ਸ਼੍ਰੋਮਣੀ ਕਮੇਟੀ ਨੇ ਇਸ ਦੀ ਭੋਰਾ ਪਰਵਾਹ ਨਾ ਕੀਤੀ। ਇਸ ਪਿੱਛੋਂ ਇਕ ਦੂਜੇ ਉਤੇ ਇਲਜ਼ਾਮਾਂ ਦਾ ਦੌਰ ਸ਼ੁਰੂ ਹੋਇਆ ਜੋ ਇਸ ਸਮੇਂ ਸਾਰੀਆਂ ਹੱਦਾਂ ਪਾਰ ਕਰ ਚੁੱਕਾ ਹੈ। ਸਾਂਝੇ ਸਮਾਗਮਾਂ ਦੀ ਕੋਸ਼ਿਸ਼ਾਂ ਨਕਾਮ ਰਹਿਣ ਪਿੱਛੋਂ ਸਾਰੀਆਂ ਧਿਰਾਂ ਇਕ ਦੂਜੇ ਉਤੇ ਅਕਾਲ ਤਖਤ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ ਲਾਉਣ ਵਿਚ ਜੁਟ ਗਈਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਚੇਤੇ ਕਰਵਾ ਰਹੇ ਹਨ ਕਿ ਉਨ੍ਹਾਂ ਦੀ ਪਾਰਟੀ ਆਪਣੀ ਸਰਕਾਰ ਦੌਰਾਨ ਖੁਦ ਹੀ ਰਾਜਸੀ ਸ਼ਕਤੀ ਦੇ ਬਲਬੂਤੇ ਗਿਣ-ਮਿਥ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹੱਤਕ ਕਰਦੇ ਰਹੇ ਹਨ।

ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਸ਼੍ਰੋਮਣੀ ਕਮੇਟੀ ਨਾਲ ਪ੍ਰਕਾਸ਼ ਦਿਹਾੜੇ ਨੂੰ ਮਿਲ ਕੇ ਮਨਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ ਪਰ ਕਮੇਟੀ ਵੱਲੋਂ 40 ਦਿਨ ਪਹਿਲਾਂ ਟੈਂਡਰ

*(ਬਾਕੀ ਸਫਾ 6 ਉਤੇ)*

Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832




AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Ad Space Available
Please call
Ph: 847-359-0746

# ਪੁਸਤਕ 'ਨਾਇਕਤਵ: ਇਤਿਹਾਸਕ, ਰਾਜਨੀਤਕ ਅਤੇ ਸਭਿਆਚਾਰਕ ਦ੍ਰਿਸ਼' ਰਿਲੀਜ਼

**ਨਿਊ ਯਾਰਕ (ਬਿਊਰੋ):** ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ, ਨਿਊ ਯਾਰਕ ਦੇ ਆਗੂ ਜਸਵੀਰ ਸਿੰਘ ਉਭੀ 'ਅਜਨੋਹਾ' ਦੀ ਲਿਖੀ ਪੁਸਤਕ 'ਨਾਇਕਤਵ: ਇਤਿਹਾਸਕ, ਰਾਜਨੀਤਕ ਅਤੇ ਸਭਿਆਚਾਰਕ ਦ੍ਰਿਸ਼' ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਸ਼ਹੀਦ ਭਾਈ ਮਨੀ ਸਿੰਘ ਜੀ ਕਲਚਰਲ ਸੁਸਾਇਟੀ ਦੇ ਮੈਂਬਰਾਂ, ਗੁਰਦੁਆਰਾ ਕਮੇਟੀ ਅਤੇ ਸੰਗਤ ਦੇ ਸਹਿਯੋਗ ਨਾਲ ਰਿਲੀਜ਼ ਕੀਤੀ ਗਈ। ਪੁਸਤਕ ਲੇਖਾ ਦਾ ਸੰਗ੍ਰਿਹ ਹੈ।





ਸ. ਉਭੀ ਨੇ ਇਹ ਪੁਸਤਕ ਸਿੱਖ ਇਤਿਹਾਸ, ਵੱਖ ਵੱਖ ਧਰਮਾਂ ਅਤੇ ਦੁਨੀਆਂ ਦੇ ਇਤਿਹਾਸ ਬਾਰੇ ਕਈ ਸਾਲ ਲਾ ਕੇ ਤਿਆਰ ਕੀਤੀ ਹੈ। ਉਹ ਪਿੰਡ ਅਜਨੋਹਾ, ਜਿਲਾ ਹੁਸ਼ਿਆਰਪੁਰ ਤੋਂ ਸਵਰਗੀ ਮਾਸਟਰ ਅਰਜਨ ਸਿੰਘ ਦੇ ਸਪੁੱਤਰ ਹਨ ਅਤੇ ਉਘੇ ਲੇਖਕ ਤੇ ਖੋਜਕਾਰ ਹਨ। ਸ. ਉਭੀ ਕੈਮਿਸਟਰੀ ਦੇ ਪ੍ਰੋਫੈਸਰ ਹਨ।

ਸ. ਉਭੀ ਨੇ ਪੁਸਤਕ ਰਿਲੀਜ਼ ਮੌਕੇ ਪਹੁੰਚਣ 'ਤੇ ਸਮੂਹ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤ ਦਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਫੋਨ: 516-234-8545 ਜਾਂ ਈਮੇਲ Jassyu2000@yahoo.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਕੈਲਗਰੀ ਦੇ ਜਤਿੰਦਰ ਸਿੰਘ ਨੂੰ ਮਿਲਿਆ ਬਿਹਤਰੀਨ ਡਰਾਈਵਰ ਦਾ ਸਨਮਾਨ

**ਕੈਲਗਰੀ, ਕੈਨੇਡਾ (ਸੁਖਵੀਰ ਗਰੇਵਾਲ):** ਅਮਰੀਕਾ ਦੀ ਸੰਸਥਾ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਟਰਾਂਸਪੋਰਟੇਸ਼ਨ ਰੈਗੂਲੇਟਰਜ਼ (ਆਈ. ਏ. ਟੀ. ਆਰ.) ਨੇ ਇਸ ਸਾਲ ਦਾ ਬਿਹਤਰੀਨ ਕੈਬ ਡਰਾਈਵਰ ਦਾ ਸਨਮਾਨ ਕੈਲਗਰੀ ਦੇ ਜਤਿੰਦਰ ਸਿੰਘ ਤਾਤਲਾ ਨੂੰ ਦਿੱਤਾ ਹੈ। ਉਨ੍ਹਾਂ ਨੂੰ ਇਹ ਸਨਮਾਨ ਇਥੇ ਪਿਛਲੇ ਦਿਨੀਂ ਹੋਏ ਸਨਮਾਨ ਸਮਾਰੋਹ ਦੌਰਾਨ ਦਿੱਤਾ ਗਿਆ। ਟੈਕਸੀ ਕਿੱਤੇ ਵਿਚ ਲੋਕ ਉਨ੍ਹਾਂ ਨੂੰ 'ਜੈਸ ਤਾਤਲਾ' ਤੇ ਪੰਜਾਬੀ ਭਾਈਚਾਰੇ ਵਿਚ ਜਤਿੰਦਰ ਸਿੰਘ ਲੰਮਾ ਦੇ ਨਾਂ ਨਾਲ ਜਾਣਦੇ ਹਨ।




*ਜਤਿੰਦਰ ਸਿੰਘ ਆਪਣੇ ਸਨਮਾਨ ਨਾਲ*

ਲੁਧਿਆਣਾ ਜਿਲੇ ਦੇ ਪਿੰਡ ਲੰਮਾ (ਨੇੜੇ ਰਾਏਕੋਟ) ਤੋਂ 41 ਸਾਲਾ ਜਤਿੰਦਰ ਸਿੰਘ ਪਿਛਲੇ ਡੇਢ ਦਹਾਕੇ ਤੋਂ ਇਥੇ ਰਹਿੰਦੇ ਹਨ ਅਤੇ ਪਿਛਲੇ ਦਸ ਸਾਲ ਤੋਂ ਟੈਕਸੀ ਚਲਾ ਰਹੇ ਹਨ। ਤਿੰਨ ਸਾਲ ਤੋਂ ਉਹ ਇਥੋਂ ਦੀ ਟੈਕਸੀ ਕੰਪਨੀ ਚੈਕਰ ਕੈਬ ਵਿਚ ਕੰਮ ਕਰ ਰਹੇ ਹਨ। ਚੈਕਰ ਕੈਬ ਦੇ ਪ੍ਰਧਾਨ ਕੁਰਟ ਐਂਡਰਜ਼ ਨੇ ਕਿਹਾ ਕਿ ਕੰਪਨੀ ਨੂੰ ਜਤਿੰਦਰ ਜਿਹੇ ਡਰਾਈਵਰਾਂ 'ਤੇ ਮਾਣ ਹੈ। ਇਸੇ ਸਾਲ ਜਤਿੰਦਰ ਸਿੰਘ ਨੂੰ ਕੈਲਗਰੀ ਦੇ ਟੂਰਿਜ਼ਮ ਵਿਭਾਗ ਵਲੋਂ ਵੀ ਕੈਲਗਰੀ ਦਾ ਬਿਹਤਰੀਨ ਕੈਬ ਡਰਾਈਵਰ ਦਾ ਸਨਮਾਨ ਮਿਲ ਚੁਕਾ ਹੈ।

ਜਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਆਪਣੇ ਕੰਮ ਨੂੰ ਹਮੇਸ਼ਾ ਹੀ ਮਿਹਨਤ ਤੇ ਚਿਹਰੇ 'ਤੇ ਮੁਸਕਰਾਹਟ ਨਾਲ ਸਪੰਨ ਕੀਤਾ ਹੈ, ਜਿਸ ਕਰਕੇ ਗ੍ਰਾਹਕ ਹਮੇਸ਼ਾ ਹੀ ਉਨ੍ਹਾਂ ਨਾਲ ਸਫਰ ਕਰਨਾ ਪਸੰਦ ਕਰਦੇ ਹਨ।

ਸਨਮਾਨ ਹਾਸਿਲ ਕਰਨ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਬੇਟੀ ਹਾਜ਼ਰ ਸੀ। ਜਤਿੰਦਰ ਨੇ ਦੱਸਿਆ ਕਿ ਉਹ ਮਿਹਨਤ ਕਰਕੇ ਆਪਣੇ ਬੱਚਿਆਂ ਲਈ ਮਿਸਾਲ ਬਣਨਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦੀ ਅਗਲੀ ਪੀੜ੍ਹੀ ਕੈਨੇਡਾ ਵਰਗੇ ਵਧੀਆ ਮੁਲਕ ਵਿਚ ਬੁਲੰਦੀਆਂ ਨੂੰ ਛੋਹੇ। ਜਤਿੰਦਰ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਕੋਲ ਇਸ ਸਮੇਂ ਕੋਈ 1300 ਪੱਕੇ ਗਾਹਕ ਹਨ ਤੇ ਰੋਜ਼ਾਨਾ 30 ਗਾਹਕਾਂ ਨੂੰ ਸੇਵਾਵਾਂ ਦਿੰਦੇ ਹਨ।

# ਓਲਗਾ ਤੋਕਾਰਚੁਕ ਤੇ ਪੀਟਰ ਹੈਂਡਕੇ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ

**ਸਟਾਕਹੋਮ:** ਪੋਲੈਂਡ ਦੀ ਲੇਖਿਕਾ ਓਲਗਾ ਤੋਕਾਰਚੁਕ ਦੀ ਸਾਲ 2018 ਅਤੇ ਆਸਟਰੀਆ ਦੇ ਨਾਵਲਕਾਰ ਤੇ ਨਾਟਕਕਾਰ ਪੀਟਰ ਹੈਂਡਕੇ ਦੀ 2019 ਦੇ ਨੋਬੇਲ ਪੁਰਸਕਾਰਾਂ ਲਈ ਚੋਣ ਕੀਤੀ ਗਈ ਹੈ।





ਪਿਛਲੇ ਸਾਲ ਜਿਨਸੀ ਸ਼ੋਸ਼ਣ ਦਾ ਮਾਮਲਾ ਸਾਹਮਣੇ ਆਉਣ ਕਾਰਨ ਸਾਹਿਤ ਦਾ ਨੋਬੇਲ ਪੁਰਸਕਾਰ ਨਹੀਂ ਦਿੱਤਾ ਗਿਆ ਸੀ।

ਓਲਗਾ ਤੋਕਾਰਚੁਕ ਨੂੰ ਇਹ ਸਨਮਾਨ ਉਸ ਬਿਰਤਾਂਤ ਦੀ ਕਲਪਨਾ ਲਈ ਦਿੱਤਾ ਗਿਆ ਹੈ ਜੋ ਜ਼ਿੰਦਗੀ ਦੇ ਸਰੂਪ ਦੀਆਂ ਹੱਦਾਂ ਲੰਘਣ ਦੀ ਵਿਸ਼ਵ ਪੱਧਰੀ ਚਾਹਤ ਦੀ ਨੁਮਾਇੰਦਗੀ ਕਰਦੀ ਹੈ। ਤੋਕਾਰਚੁਕ 15ਵੀਂ ਮਹਿਲਾ ਹੈ ਜਿਸ ਨੂੰ ਇਸ ਵੱਕਾਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਉਂਜ 1901 ਤੋਂ ਲੈ ਕੇ ਹੁਣ ਤੱਕ 116 ਸਾਹਿਤਕਾਰਾਂ ਨੂੰ ਨੋਬੇਲ ਮਿਲ ਚੁੱਕਿਆ ਹੈ। ਹੈਂਡਕੇ ਨੇ ਉਸ ਪ੍ਰਭਾਵਸ਼ਾਲੀ ਕੰਮ ਲਈ ਇਹ ਪੁਰਸਕਾਰ ਜਿੱਤਿਆ ਹੈ ਜੋ ਭਾਸ਼ਾਈ ਸਰਲਤਾ ਦੇ ਨਾਲ ਇਨਸਾਨੀ ਤਜਰਬਿਆਂ ਦੀਆਂ ਬਾਹਰਲੀਆਂ ਪਰਤਾਂ ਨੂੰ ਉਘਾੜਦਾ ਹੈ। ਹੈਂਡਕੇ ਨੇ ਦੂਜੀ ਵਿਸ਼ਵ ਜੰਗ ਮਗਰੋਂ ਯੂਰਪ ਦੇ ਅਸਰਦਾਰ ਲੇਖਕਾਂ 'ਚ ਆਪਣਾ ਨਾਮ ਬਣਾਇਆ ਹੈ।

## ਸਨੀ ਦਿਓਲ ਤੇ ਕ੍ਰਿਸ਼ਮਾ ਕਪੂਰ ਦੋਸ਼ਮੁਕਤ ਕਰਾਰ

**ਜੈਪੁਰ:** ਜ਼ਿਲ੍ਹਾ ਅਦਾਲਤ ਨੇ ਫਿਲਮ ਅਭਿਨੇਤਾ ਸਨੀ ਦਿਓਲ ਅਤੇ ਅਭਿਨੇਤਰੀ ਕ੍ਰਿਸ਼ਮਾ ਕਪੂਰ ਨੂੰ 22 ਸਾਲ ਪੁਰਾਣੇ ਇਕ ਕੇਸ ਵਿਚੋਂ ਦੋਸ਼ਮੁਕਤ ਕਰਾਰ ਦੇ ਦਿੱਤਾ ਹੈ। ਇਨ੍ਹਾਂ ਉਤੇ 1997 ਵਿਚ ਬਜਰੰਗ ਫਿਲਮ ਦੀ ਸ਼ੂਟਿੰਗ ਦੌਰਾਨ ਰੇਲ ਗੱਡੀ ਦੀ ਚੇਨ ਖਿੱਚਣ ਦਾ ਦੋਸ਼ ਸੀ।

# ਗੁਰਦੁਆਰਾ ਸਿੱਖ ਸੈਂਟਰ ਕੁਈਨਜ਼ ਵਿਲੇਜ ਵਿਖੇ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ



**ਨਿਊ ਯਾਰਕ (ਬਿਊਰੋ):** ਇਕ ਦਲੇਰ ਜਾਂਬਾਜ ਤੇ ਆਪਣੀ ਡਿਊਟੀ ਨਿਭਾਉਂਦਿਆਂ ਦਸਤਾਰਧਾਰੀ ਸਿੱਖ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਇਕ ਜਰਾਈਮ ਪੇਸ਼ਾ ਵਿਅਕਤੀ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਿਆ। ਜਿਥੇ ਕੀਤੇ ਵੀ ਕੋਈ ਆਫਤ ਹੜ੍ਹ ਵਗੈਰਾ ਆਏ, ਡਿਪਟੀ ਧਾਲੀਵਾਲ ਨੇ ਵਧ ਚੜ੍ਹ ਕੇ ਯੋਗਦਾਨ ਪਾਇਆ ਤੇ ਸਿੱਖ ਕੌਮ ਦਾ ਨਾਂ ਉਚਾ ਕੀਤਾ।

ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਡਿਪਟੀ ਧਾਲੀਵਾਲ ਨਮਿਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਕਥਾ ਕੀਰਤਨ ਹੋਏ। ਗਿਆਨੀ ਕੁਲਵੰਤ ਸਿੰਘ ਨੇ ਡਿਪਟੀ ਧਾਲੀਵਾਲ ਬਾਰੇ ਆਪਣੇ ਵਿਚਾਰ ਕਥਾ ਰਾਹੀਂ ਸੰਗਤਾਂ ਨੂੰ ਸਰਵਣ ਕਰਵਾਏ। ਨਿਊ ਯਾਰਕ ਪੁਲਿਸ ਡਿਪਾਰਟਮੈਂਟ ਦੇ ਅਫਸਰ ਵੀ ਸ਼ਰਧਾਂਜਲੀ ਸਮਰੋਹ 'ਚ ਸ਼ਾਮਿਲ ਹੋਏ। ਗੁਰਦੁਆਰਾ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਪਹੁੰਚੇ।

# ਵੀ.ਵੀ.ਆਈ.ਪੀ. ਸੁਰੱਖਿਆ ਛਤਰੀ ਨੇ ਕੱਢਿਆ ਖਜਾਨੇ ਦਾ ਧੂੰਆਂ

**ਚੰਡੀਗੜ੍ਹ:** ਆਰਥਿਕ ਤੰਗੀ ਨਾਲ ਦੋ-ਦੋ ਹੱਥ ਕਰ ਰਹੀ ਪੰਜਾਬ ਸਰਕਾਰ ਦੇ ਖਜਾਨੇ ਨੂੰ ਸਭ ਤੋਂ ਵੱਧ ਰਗੜਾ ਸਿਆਸਤਦਾਨਾਂ, ਡੇਰੇਦਾਰਾਂ, ਧਾਰਮਿਕ ਆਗੂਆਂ ਅਤੇ ਪੁਲਿਸ ਅਫਸਰਾਂ ਸੁਰੱਖਿਆ ਛਤਰੀ ਕਾਰਨ ਲੱਗ ਰਿਹਾ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਸੁਰੱਖਿਆ ਛਤਰੀ ਘੱਟ ਕਰਨ ਦੇ ਕੀਤੇ ਲੰਮੇ ਅਭਿਆਸ ਤੋਂ ਬਾਅਦ ਭਾਵੇਂ 600 ਦੇ ਕਰੀਬ ਮੁਲਾਜ਼ਮਾਂ ਨੂੰ ਨਿੱਜੀ ਸੁਰੱਖਿਆ ਤੋਂ ਵਾਪਸ ਬੁਲਾ ਕੇ ਪੁਲਿਸ ਦੀ ਡਿਊਟੀ ਸਾਂਭਣ ਦੇ ਹੁਕਮ ਦਿੱਤੇ ਹਨ ਪਰ ਅਜੇ ਵੀ 8 ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮ ਅਜੇ ਵੀ ਨਿੱਜੀ ਸੁਰੱਖਿਆ ਲਈ ਤਾਇਨਾਤ ਹਨ।

ਪੰਜਾਬ ਦੇ ਨੇਤਾਵਾਂ ਵੱਲੋਂ ਆਮ ਤੌਰ 'ਤੇ ਕਾਲੇ ਕੱਪੜਿਆਂ ਵਾਲੇ ਕਮਾਂਡੋਜ਼ ਦੀ ਸੁਰੱਖਿਆ ਲਈ ਜ਼ਿਆਦਾ ਮੰਗ ਕੀਤੀ ਜਾਂਦੀ ਹੈ। ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਕਮਾਂਡੋਜ਼ ਦੀ ਸੁਰੱਖਿਆ ਛਤਰੀ 'ਚ ਘਿਰਿਆ ਬੰਦਾ ਇਕ ਵੱਡੇ ਨੇਤਾ ਵਾਲਾ ਪ੍ਰਭਾਵ ਪਾਉਂਦਾ ਹੈ ਤੇ ਲੋਕਾਂ ਵਿਚ ਦਬਦਬਾ ਵਧ ਜਾਂਦਾ ਹੈ। ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਸਰਕਾਰ ਵੱਲੋਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਸਮੇਤ ਸ਼੍ਰੋਮਣੀ ਕਮੇਟੀ, ਸ਼ਿਵ ਸੈਨਿਕਾਂ, ਪ੍ਰਮੁੱਖ ਡੇਰੇਦਾਰਾਂ ਅਤੇ ਹੋਰਨਾਂ ਧਾਰਮਿਕ ਆਗੂਆਂ ਨੂੰ 240 ਸੁਰੱਖਿਆ ਕਾਰਾਂ ਮੁਹੱਈਆ ਕਰਾਈਆਂ ਗਈਆਂ ਹਨ ਤੇ ਤੇਲ ਵੀ ਸਰਕਾਰੀ ਖਰਚੇ 'ਤੇ ਦਿੱਤਾ ਜਾਂਦਾ ਹੈ। ਇਨ੍ਹਾਂ ਕਾਰਾਂ ਵਿਚ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਲੈਂਡ ਕਰੂਜ਼ਰ, ਮੌਂਟੈਰੋ ਤੋਂ ਲੈ ਕੇ ਜਿਪਸੀਆਂ ਤੱਕ ਸ਼ਾਮਲ ਹਨ। ਪੁਲਿਸ ਵੱਲੋਂ ਸਿਪਾਹੀਆਂ, ਹੌਲਦਾਰਾਂ ਨੂੰ ਇਨ੍ਹਾਂ ਗੱਡੀਆਂ ਦੇ ਡਰਾਈਵਰ ਵਜੋਂ ਤਾਇਨਾਤ ਕੀਤਾ ਗਿਆ ਹੈ।

ਕਾਰਾਂ ਦੇ ਖਰਚੇ ਦਾ ਅਧਿਐਨ ਕਰਨ ਵਾਲੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਅਫਸਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਗੱਡੀਆਂ ਦਾ ਸਾਲਾਨਾ ਬੋਝ 12 ਕਰੋੜ ਰੁਪਏ (ਸਿਰਫ ਡਰਾਈਵਰਾਂ ਦੀਆਂ ਤਨਖਾਹਾਂ ਤੇ ਤੇਲ ਦਾ ਖਰਚ) ਦੇ ਕਰੀਬ ਹੈ। ਇਸੇ ਤਰ੍ਹਾਂ ਗੱਡੀਆਂ ਦੀ ਕੀਮਤ 50 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਸੁਰੱਖਿਆ ਵਜੋਂ ਤਾਇਨਾਤ ਪੁਲਿਸ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਅੰਕੜਾ ਸਾਲਾਨਾ 100 ਕਰੋੜ ਰੁਪਏ ਪਾਰ ਕਰ ਜਾਂਦਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਪੁਲਿਸ ਦੇ ਚੰਡੀਗੜ੍ਹ 'ਚ ਤਾਇਨਾਤ ਅਫਸਰਾਂ ਲਈ ਤਕਰੀਬਨ 350 ਗੱਡੀਆਂ (ਸੁਰੱਖਿਆ ਵਾਹਨਾਂ ਸਮੇਤ) ਅਲਾਟ ਕੀਤੀਆਂ ਹੋਈਆਂ ਹਨ ਤੇ ਉਸ 'ਤੇ ਹਰ ਮਹੀਨੇ ਔਸਤਨ 30 ਲੱਖ ਰੁਪਏ ਦਾ ਤੇਲ ਖਰਚ ਹੁੰਦਾ ਹੈ।

ਗ੍ਰਹਿ ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਬਾਦਲ ਪਰਿਵਾਰ ਦੇ ਮੈਂਬਰਾਂ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ ਨੂੰ ਤਾਂ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ 'ਚ ਰੱਖਦਿਆਂ ਮਹਿੰਗੀਆਂ ਕਾਰਾਂ ਅਤੇ ਸਰਕਾਰੀ ਤੇਲ ਜਿੰਨਾ ਚਾਹੁਣ ਵਰਤਣ ਦੀ ਖੁੱਲ੍ਹ ਦਿੱਤੀ ਹੋਈ ਹੈ। ਇਸ ਦੇ ਨਾਲ ਹੀ ਕਾਂਗਰਸੀ ਨੇਤਾਵਾਂ ਹਰਮਿੰਦਰ ਸਿੰਘ ਜੱਸੀ, ਰਵਨੀਤ ਸਿੰਘ ਬਿੱਟੂ, ਪਰਮਿੰਦਰ ਸਿੰਘ ਪਿੰਕੀ, ਅਕਾਲੀ ਨੇਤਾ ਰਵੀਕਰਨ ਸਿੰਘ ਕਾਹਲੋਂ ਆਦਿ ਨੂੰ ਵੀ ਜ਼ੈਡ ਸ਼੍ਰੇਣੀ ਵਿਚ ਹੀ ਲਿਆਂਦਾ ਗਿਆ ਹੈ। ਸਾਬਕਾ ਅਕਾਲੀ ਮੰਤਰੀਆਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਤਖਤਾਂ ਦੇ ਜਥੇਦਾਰਾਂ ਨੂੰ ਵੀ ਖੁੱਲ੍ਹੀ ਸੁਰੱਖਿਆ ਦਿੱਤੀ ਹੋਈ ਹੈ। ਸ਼ਿਵ ਸੈਨਿਕਾਂ ਨੂੰ 5 ਤੋਂ ਲੈ ਕੇ 20 ਸੁਰੱਖਿਆ ਕਰਮਚਾਰੀ ਅਤੇ ਸਰਕਾਰੀ ਖਰਚੇ ਉਤੇ ਘੁੰਮਣ ਵਰਤਣ ਲਈ ਕਾਰਾਂ ਅਤੇ ਤੇਲ ਫੂਕਣ ਦੀ ਖੁੱਲ੍ਹ ਵੀ ਦਿੱਤੀ ਹੋਈ ਹੈ। ਡੀ.ਜੀ.ਪੀ. ਰੈਂਕ ਦੇ ਸਾਬਕਾ ਅਧਿਕਾਰੀਆਂ ਨੂੰ ਵੀ 18 ਤੋਂ 20 ਗੰਨਮੈਨ ਮੁਹੱਈਆ ਕਰਾਏ ਹੋਏ ਹਨ। ਸੁਰੱਖਿਆ ਛਤਰੀ ਦਾ ਖਰਚਾ ਲੋੜੋਂ ਵੱਧ ਹੋਣ ਕਾਰਨ ਸੀਨੀਅਰ ਸਿਵਲ ਤੇ ਪੁਲਿਸ ਅਧਿਕਾਰੀਆਂ ਨੇ ਇਸ ਵਿਚ ਕਟੌਤੀ ਕਰਨ ਦਾ ਫੈਸਲਾ ਕੀਤਾ ਸੀ। ਪੁਲਿਸ ਵੱਲੋਂ ਕੁਝ ਮਹੀਨੇ ਪਹਿਲਾਂ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਹਦਾਇਤ ਕੀਤੀ ਸੀ ਕਿ ਬਿਨਾਂ ਪ੍ਰਵਾਨਗੀ ਤੋਂ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਸੁਰੱਖਿਆ ਲਈ ਗੰਨਮੈਨ ਮੁਹੱਈਆ ਨਾ ਕਰਾਇਆ ਜਾਵੇ।

## ਭਾਰਤੀ-ਅਮਰੀਕੀ ਦੀ ਵੱਕਾਰੀ ਅਹੁਦੇ ਲਈ ਨਿਯੁਕਤੀ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਭਾਈਚਾਰੇ ਦੀ ਅਸਰਦਾਰ ਆਗੂ ਸੰਪਤ ਸ਼ਿਵਾਂਗੀ ਨੂੰ ਮਾਨਸਿਕ ਸਿਹਤ ਨਾਲ ਜੁੜੇ ਅਹਿਮ ਸਿਹਤ ਅਦਾਰੇ ਦੀ ਕੌਮੀ ਸਲਾਹਕਾਰ ਕਮੇਟੀ 'ਚ ਸੇਵਾ ਕਰਨ ਦਾ ਸੱਦਾ ਦਿੱਤਾ ਗਿਆ ਹੈ। ਪੇਸ਼ੇ ਤੋਂ ਫਿਜ਼ੀਓ ਸ਼ਿਵਾਂਗੀ ਨੂੰ ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਦੇ ਸਕੱਤਰ ਅਲੈਕਸ ਐੱਮ ਅਜ਼ਾਰ ਨੇ ਇਹ ਸੱਦਾ ਦਿੱਤਾ ਹੈ। ਅਜ਼ਾਰ ਮੁਤਾਬਕ ਨਿਯੁਕਤੀ ਤੁਰਤ ਲਾਗੂ ਹੋਵੇਗੀ ਅਤੇ ਉਨ੍ਹਾਂ ਦਾ ਕਾਰਜਕਾਲ 30 ਜੁਲਾਈ 2023 ਨੂੰ ਖਤਮ ਹੋਵੇਗਾ।

## ਸਿਆਸਤਦਾਨਾਂ ਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਧਾਉਣ ਦੀ ਤਿਆਰੀ

**ਅੰਮ੍ਰਿਤਸਰ:** ਖਾਲਿਸਤਾਨ ਜ਼ਿੰਦਾਬਾਦ ਫੋਰਸ (ਕੇ.ਜ਼ੈਡ.ਐਫ.) ਦੇ ਕਾਰਕੁਨਾਂ ਦੀ ਗ੍ਰਿਫਤਾਰੀ ਅਤੇ ਉਨ੍ਹਾਂ ਕੋਲੋਂ ਕੀਤੀ ਪੁੱਛ-ਪੜਤਾਲ ਮਗਰੋਂ ਭਾਜਪਾ ਦੀ ਸਾਬਕਾ ਮੰਤਰੀ ਲਕਸ਼ਮੀ ਕਾਂਤਾ ਚਾਵਲਾ, ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ, ਨਿਰੰਕਾਰੀ ਡੇਰੇ ਅਤੇ ਹੋਰ ਧਾਰਮਿਕ ਅਸਥਾਨਾਂ ਦੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣ ਦੀ ਚਰਚਾ ਹੈ ਪਰ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੇ ਅਜਿਹੀ ਕਿਸੇ ਕਾਰਵਾਈ ਤੋਂ ਇਨਕਾਰ ਕੀਤਾ ਹੈ। ਮਿਲੇ ਵੇਰਵਿਆਂ ਮੁਤਾਬਕ ਪੁਲਿਸ ਕਰਮਚਾਰੀਆਂ ਨੇ ਇਨ੍ਹਾਂ ਸਿਆਸੀ ਆਗੂਆਂ ਦੀ ਸੁਰੱਖਿਆ ਅਤੇ ਧਰਮ ਅਸਥਾਨਾਂ ਦੇ ਮੌਜੂਦਾ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਹੈ। ਖੁਫੀਆ ਏਜੰਸੀਆਂ ਦੇ ਸੂਤਰਾਂ ਮੁਤਾਬਕ ਇਹ ਚਰਚਾ ਹੈ ਕਿ ਇਨ੍ਹਾਂ ਸਿਆਸੀ ਆਗੂਆਂ ਸਮੇਤ ਕੁਝ ਧਾਰਮਿਕ ਥਾਵਾਂ ਦੀ ਸੁਰੱਖਿਆ ਖਤਰੇ ਵਿਚ ਹੈ ਪਰ ਇਥੇ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਜਾਂ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ ਵਿਚ ਵਾਧਾ ਕਰਨ ਬਾਰੇ ਫਿਲਹਾਲ ਕੋਈ ਆਦੇਸ਼ ਨਹੀਂ ਹੈ।

# ਫੋਰਟਿਸ ਦਾ ਸਾਬਕਾ ਪ੍ਰੋਮੋਟਰ ਸ਼ਿਵਿੰਦਰ ਸਿੰਘ ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਫੋਰਟਿਸ ਹੈਲਥਕੇਅਰ ਦੇ ਸਾਬਕਾ ਪ੍ਰੋਮੋਟਰ ਸ਼ਿਵਿੰਦਰ ਸਿੰਘ ਤੇ ਤਿੰਨ ਹੋਰਨਾਂ ਨੂੰ ਰੈਲੀਗੇਰ ਫਿਨਵੈਸਟ ਲਿਮਟਿਡ (ਆਰ.ਐਫ.ਐਲ.) ਨਾਲ 2397 ਕਰੋੜ ਰੁਪਏ ਦੀ ਧੋਖਾਧੜੀ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ। ਸ਼ਿਵਿੰਦਰ ਦਾ ਭਰਾ ਮਾਲਵਿੰਦਰ, ਜੋ ਇਸ ਵੇਲੇ ਫਰਾਰ ਹੈ, ਖਿਲਾਫ ਲੁੱਕ ਆਊਟ ਸਰਕੂਲਰ ਜਾਰੀ ਹੋ ਚੁੱਕਾ ਹੈ।

ਦਿੱਲੀ ਪੁਲਿਸ ਦੇ ਆਰਥਿਕ ਅਪਰਾਧ ਵਿੰਗ ਨੇ ਕਵੀ ਅਰੋੜਾ(48), ਸੁਨੀਲ ਗੋਧਵਾਨੀ (58) ਤੇ ਅਨਿਲ ਸਕਸੈਨਾ ਨੂੰ ਲੋਕਾਂ ਦਾ ਪੈਸਾ ਹੋਰਨਾਂ ਕੰਪਨੀਆਂ 'ਚ ਨਿਵੇਸ਼ ਕਰਨ ਦੇ ਦੋਸ਼ ਵਿਚ ਕਾਬੂ ਕੀਤਾ ਹੈ। ਇਨ੍ਹਾਂ ਵਿਚੋਂ ਗੋਧਵਾਨੀ ਰੈਲੀਗੇਰ ਐਂਟਰਪ੍ਰਾਈਜ਼ਿਜ਼ ਲਿਮਟਿਡ (ਆਰ.ਈ.ਐਲ.) ਦਾ ਸਾਬਕਾ ਚੇਅਰਮੈਨ ਤੇ ਪ੍ਰਬੰਧਕੀ ਡਾਇਰੈਕਟਰ ਹੈ ਜਦੋਂਕਿ ਅਰੋੜਾ ਤੇ ਸਕਸੈਨਾ ਆਰ.ਈ.ਐਲ.



ਤੇ ਆਰ.ਐਫ.ਐਲ. ਵਿਚ ਅਹਿਮ ਅਹੁਦਿਆਂ 'ਤੇ ਤਾਇਨਾਤ ਸਨ। ਸ਼ਿਵਿੰਦਰ ਤੇ ਉਸ ਦਾ ਭਰਾ ਮਾਲਵਿੰਦਰ ਆਰ.ਈ.ਐਲ. ਦੇ ਪਹਿਲਾਂ ਪ੍ਰੋਮੋਟਰ ਰਹਿ ਚੁੱਕੇ ਹਨ। ਰੈਲੀਗੇਅਰ ਫਿਨਵੈਸਟ ਲਿਮਟਿਡ (ਆਰ. ਐਫ. ਐਲ.) ਨੇ ਸ਼ਿਕਾਇਤ ਵਿਚ ਕਿਹਾ ਕਿ ਕੰਪਨੀ ਦਾ ਪ੍ਰਬੰਧ ਚਲਾਉਂਦਿਆਂ ਸ਼ਿਵਿੰਦਰ ਸਿੰਘ ਨੇ ਕਥਿਤ ਕਰਜ਼ੇ ਲਏ, ਪਰ ਪੈਸਾ ਹੋਰਨਾਂ ਕੰਪਨੀਆਂ 'ਚ ਨਿਵੇਸ਼ ਕੀਤਾ।

## ਪ੍ਰਧਾਨ ਮੰਤਰੀ ਦੀ ਭਤੀਜੀ ਦਾ ਪਰਸ ਖੋਹਿਆ

**ਨਵੀਂ ਦਿੱਲੀ:** ਇਥੋਂ ਦੇ ਸਿਵਲ ਲਾਈਨਜ਼ ਇਲਾਕੇ ਵਿਚ ਸਕੂਟਰ ਸਵਾਰ ਲੁਟੇਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਤੀਜੀ ਦਮਯੰਤੀ ਬੇਨ ਮੋਦੀ ਦਾ ਪਰਸ ਖੋਹ ਕੇ ਫਰਾਰ ਹੋ ਗਏ। ਪੁਲਿਸ ਅਨੁਸਾਰ ਦਮਯੰਤੀ ਬੇਨ ਮੋਦੀ ਆਪਣੇ ਪਤੀ ਸਮੇਤ ਅੰਮ੍ਰਿਤਸਰ ਤੋਂ ਦਿੱਲੀ ਪਰਤੀ ਸੀ। ਉਨ੍ਹਾਂ ਲਈ ਗੁਜਰਾਤੀ ਸਮਾਜ ਭਵਨ ਵਿਚ ਕਮਰਾ ਬੁੱਕ ਸੀ। ਪੁਰਾਣੀ ਦਿੱਲੀ ਤੋਂ ਆਟੋ ਰਿਕਸ਼ਾ ਰਾਹੀਂ ਉਹ ਗੁਜਰਾਤੀ ਸਮਾਜ ਭਵਨ ਪਹੁੰਚੇ। ਗੇਟ ਤੋਂ ਹੇਠਾਂ ਉਤਰਦਿਆਂ ਹੀ ਸਕੂਟਰ ਸਵਾਰ ਦੋ ਵਿਅਕਤੀ ਦਮਯੰਤੀ ਬੇਨ ਦਾ ਪਰਸ ਖੋਹ ਕੇ ਫਰਾਰ ਹੋ ਗਏ। ਹਾਲਾਂਕਿ ਪੁਲਿਸ ਨੇ ਇਕ ਮੁਲਜ਼ਮ ਨੂੰ ਕਾਬੂ ਕਰਕੇ ਸਾਰਾ ਸਾਮਾਨ ਬਰਾਮਦ ਕਰ ਲਿਆ ਹੈ। ਪਰਸ ਵਿਚ ਕਰੀਬ 56 ਹਜ਼ਾਰ ਰੁਪਏ, ਦੋ ਮੋਬਾਈਲ ਫੋਨ ਤੇ ਹੋਰ ਜ਼ਰੂਰੀ ਦਸਤਾਵੇਜ਼ ਸਨ। ਇਸੇ ਦੌਰਾਨ ਆਮ ਆਦਮੀ ਪਾਰਟੀ ਨੇ ਪ੍ਰਧਾਨ ਮੰਤਰੀ ਦੀ ਭਤੀਜੀ ਨਾਲ ਹੋਈ ਲੁੱਟ-ਖੋਹ ਦੇ ਮਾਮਲੇ 'ਚ ਤਨਜ਼ ਕੱਸਦਿਆਂ ਕਿਹਾ ਕਿ ਰਾਜਧਾਨੀ 'ਚ ਅਮਨ ਕਾਨੂੰਨ ਦੀ ਹਾਲਤ ਹੱਦੋਂ ਵੱਧ ਵਿਗੜ ਗਈ ਹੈ।

## ਅਮਰੀਕਾ 'ਚ ਭਾਰਤੀ ਮੂਲ ਦੇ ਵਿਅਕਤੀ ਨੇ ਧੋਖਾਧੜੀ ਦੇ ਦੋਸ਼ ਕਬੂਲੇ

**ਨਿਊ ਯਾਰਕ:** ਭਾਰਤੀ ਮੂਲ ਦੇ ਰਾਕੇਸ਼ ਕੌਸ਼ਲ ਨੇ ਮਾਲਕ ਨਾਲ ਝੂਠ ਬੋਲ ਕੇ 1.7 ਮਿਲੀਅਨ ਅਮਰੀਕੀ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਕਬੂਲ ਲਏ ਹਨ। ਮੈਰੀਲੈਂਡ ਜ਼ਿਲ੍ਹੇ ਅਟਾਰਨੀ ਅਤੇ ਐਫ.ਬੀ.ਆਈ. ਦੇ ਜਾਂਚ ਅਧਿਕਾਰੀ ਅਨੁਸਾਰ ਤਾਰ ਘੁਟਾਲਾ ਮਾਮਲਾ 'ਚ ਰਾਕੇਸ਼ ਕੌਸ਼ਲ ਨੂੰ ਪਿਛਲੇ ਹਫਤੇ ਦੋਸ਼ ਕਬੂਲ ਕੀਤੇ ਸਨ। ਮੁਲਜ਼ਮ ਕੌਸ਼ਲ ਨੂੰ ਜਨਵਰੀ 2020 ਵਿਚ ਸੁਣਾਏ ਜਾਣ ਵਾਲੇ ਫੈਸਲੇ ਵਿਚ ਵੱਧ ਤੋਂ ਵੱਧ 20 ਸਾਲਾਂ ਦੀ ਸਜ਼ਾ ਹੋ ਸਕਦੀ ਹੈ।


ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ



ਨਾਰਥ ਨਿਊ ਜਰਸੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਫਰੀ
ਸੰਪਰਕ ਕਰੋ, ਫੋਨ: 518-903-2019
646-610-2299
aman.gulati@yahoo.com
42-43

Wanted Workers
Need workers for Restaurant and Gas stations In Eureka, CA.
*Housing and food provide.*
ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ
ਰਿਹਾਇਸ਼ ਅਤੇ ਖਾਣਾ ਮੁਫਤ
Call, Gurpreet Singh Sohal
Ph: 707-498-9325
redwoodpetroleum@gmail.com
42-45

Matrimonials

ਲੜਕੀ ਦੀ ਲੋੜ ਹੈ

Wanted suitable girl for US born Jatt Sikh very handsome teetotaler boy, 28 yrs, 6 feet, civil engineer, doing Job. The girl should be of medical line, US citizen or green card holder. Contact, Ph: 559-517-7044 41-44

Wanted suitable match for Well Established hardworking Ramgarhia Sikh turbaned boy, Delhi born, 31/5'-9". Currently working in a reputed company as a Project Architect. Caste no bar. Ready to settle in US/Canada. Respond with bio-data. Email: jaspreetmaann01@gmail.com 39-42

ਜੀਵਨ ਸਾਥੀ ਦੀ ਲੋੜ ਹੈ

Seeking bride for 41 yrs, 5'-4", never married, male handsome reddish white Malayalee. Christian with MD degree. Working in hospital administration. The girl should be professional with license in their profession & bachelors, masters or up in nursing, Dr. of pharmacy. MD or other professional. age 23-35. Contact with picture. E-mail: kaithjustin@yahoo.com or Text, What`s app or Phone: 516-376-0631 and 516-209-7186 39-42

*Visit us on the web:*
***www.punjabtimesusa.com***

Public Notice

Change of Name

**I, Hardev Kaur Khaira, daughter of Sadhu Singh Rai, citizen of India, holder of Indian passport No. H4116147, issued at Chicago on April 20, 2009, permanent resident of USA and currently residing at 1011 Brittany Bend, Lake in the Hills, IL, 60156, USA, do hereby change my name from Hardev Kaur Khaira to Hardev Kaur with immediate effect. All concerned please note.**

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**
Email: Homeomedicine@yahoo.com

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ ! ਖੁਸ਼ਖਬਰੀ !! ਖੁਸ਼ਖਬਰੀ !!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

# ਪੰਜਾਬ ਹਾਈ ਅਲਰਟ ਉਤੇ! ਸਰਹੱਦੀ ਪਿੰਡਾਂ ਦੇ ਲੋਕਾਂ ਵਿਚ ਸਹਿਮ

ਪਠਾਨਕੋਟ: ਪੰਜਾਬ ਦੇ ਸਰਹੱਦੀ ਪਿੰਡਾਂ ਦੇ ਲੋਕ ਇਨ੍ਹੀਂ ਦਿਨੀਂ ਸਹਿਮ ਦੇ ਮਾਹੌਲ ਵਿਚ ਦਿਨ ਕੱਟ ਰਹੇ ਹਨ। ਇਨ੍ਹਾਂ ਪਿੰਡਾਂ ਵਿਚ ਹਾਈ ਅਲਰਟ ਜਾਰੀ ਕੀਤਾ ਹੋਇਆ ਹੈ ਤੇ ਵੱਡੀ ਗਿਣਤੀ ਫੋਰਸ ਸਵੇਰੇ ਇਹ ਇਨ੍ਹਾਂ ਪਿੰਡ ਨੂੰ ਘੇਰ ਲੈਂਦੀ ਹੈ ਤੇ ਘਰ ਘਰ ਦੀ ਤਲਾਸ਼ੀ ਲਈ ਜਾ ਰਹੀ ਹੈ।

ਪਠਾਨਕੋਟ ਜ਼ਿਲ੍ਹੇ ਵਿਚ ਜਾਰੀ ਹਾਈ ਅਲਰਟ ਦੌਰਾਨ ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਿੰਡਾਂ, ਉਝ ਤੇ ਤਰਨਾਹ ਦਰਿਆ ਦੇ ਖੇਤਰ, ਤਾਸ਼ ਪੱਤਣ, ਭੋਆ ਹਲਕੇ ਦੇ ਪਿੰਡਾਂ ਅਤੇ ਜੰਮੂ ਕਸ਼ਮੀਰ ਦੀ ਹੱਦ ਨਾਲ ਲੱਗਦੇ ਰਣਜੀਤ ਸਾਗਰ ਡੈਮ ਅਤੇ ਧਾਰ ਕਲਾਂ ਦੇ ਨੀਮ ਪਹਾੜੀ ਪਿੰਡਾਂ ਵਿਚ ਤਲਾਸ਼ੀ ਮੁਹਿੰਮ ਚਲਾਈ। ਇਸ ਤਹਿਤ ਜੰਗਲ, ਦਰਿਆਈ ਖੇਤਰ, ਘਰਾਂ ਅਤੇ ਹੋਰ ਸੰਵੇਦਨਸ਼ੀਲ ਇਲਾਕਿਆਂ ਦੀ ਤਲਾਸ਼ੀ ਲਈ ਗਈ। ਇਸ ਦੌਰਾਨ ਪਿੰਡਾਂ ਦੇ ਪੰਚਾਂ, ਸਰਪੰਚਾਂ ਦਾ ਵੀ ਸਹਿਯੋਗ ਲਿਆ ਗਿਆ।




ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦਿਨੀਂ ਪੰਜਾਬ ਅੰਦਰ ਡਰੋਨ ਰਾਹੀਂ ਭਾਰਤੀ ਹੱਦ ਅੰਦਰ ਸੁੱਟੇ ਗਏ ਹਥਿਆਰਾਂ ਅਤੇ ਖੁਫੀਆ ਏਜੰਸੀਆਂ ਦੀਆਂ ਲਗਾਤਾਰ ਮਿਲ ਰਹੀਆਂ ਰਿਪੋਰਟਾਂ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਵੱਡੀ ਪੱਧਰ 'ਤੇ ਤਲਾਸ਼ੀ ਮੁਹਿੰਮ ਚਲਾਈ ਅਤੇ ਕਿਸੇ ਵੀ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਪਠਾਨਕੋਟ 'ਚ ਪੁਲਿਸ ਦੇ ਆਲਾ ਅਧਿਕਾਰੀਆਂ ਨੇ ਡੇਰੇ ਲਗਾ ਲਏ ਹਨ। ਬਾਹਰਲੇ ਜ਼ਿਲ੍ਹਿਆਂ ਤੋਂ 2500 ਦੇ ਕਰੀਬ ਪੁਲਿਸ ਜਵਾਨਾਂ ਅਤੇ ਕਮਾਂਡੋਜ਼ ਨੂੰ ਬੁਲਾਇਆ ਗਿਆ ਹੈ। 400 ਦੇ ਕਰੀਬ ਗੰਨਮੈਨਾਂ ਨੂੰ ਪੀ.ਏ.ਪੀ. ਵਿਚ ਤੁਰੰਤ ਵਾਪਸ ਆਉਣ ਦੇ ਨਿਰਦੇਸ਼ ਦਿੱਤੇ ਗਏ। ਹਸਪਤਾਲ ਦੇ ਸਾਰੇ ਅਮਲੇ ਨੂੰ ਡਿਊਟੀ ਉਪਰ ਰਹਿਣ ਦੇ ਆਦੇਸ਼ ਜਾਰੀ ਕੀਤੇ ਗਏ। ਉਂਜ ਕੋਈ ਵੀ ਪੁਲਿਸ ਅਧਿਕਾਰੀ ਇਸ ਕਵਾਇਦ ਬਾਰੇ ਖੁੱਲ੍ਹ ਕੇ ਕੁਝ ਵੀ ਦੱਸਣ ਲਈ ਤਿਆਰ ਨਹੀਂ ਹੈ।

ਪਠਾਨਕੋਟ ਪੰਜਾਬ ਦਾ ਅਹਿਮ ਜ਼ਿਲ੍ਹਾ ਹੈ ਕਿਉਂਕਿ ਇਹ ਸਰਹੱਦੀ ਇਲਾਕਾ ਹੈ ਅਤੇ ਜੰਮੂ-ਕਸ਼ਮੀਰ ਦੀ ਹੱਦ ਵੀ ਇਸ ਦੇ ਨਾਲ ਲੱਗਦੀ ਹੈ। ਇਥੇ ਏਅਰ ਫੋਰਸ ਦਾ ਹਵਾਈ ਅੱਡਾ ਹੋਣ ਕਰਕੇ ਇਹ ਸ਼ਹਿਰ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ।

ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. (ਲਾਅ ਐਂਡ ਆਰਡਰ) ਵੱਲੋਂ ਲਿਖੇ ਗਏ ਪੱਤਰ ਵਿਚ ਉਨ੍ਹਾਂ 2485 ਪੀ.ਏ.ਪੀ. ਜਵਾਨਾਂ ਨੂੰ ਵਿਸ਼ੇਸ਼ ਤਲਾਸ਼ੀ ਮੁਹਿੰਮ ਵਿਚ ਸ਼ਾਮਲ ਹੋਣ ਦੇ ਸਪੱਸ਼ਟ ਨਿਰਦੇਸ਼ ਦਿੱਤੇ ਸਨ। ਇਸ ਤੋਂ ਇਲਾਵਾ 400 ਗੰਨਮੈਨਾਂ ਨੂੰ ਇਸ ਅਪਰੇਸ਼ਨ ਦਾ ਹਿੱਸਾ ਬਣਨ ਲਈ ਕਿਹਾ ਗਿਆ। ਸੂਤਰਾਂ ਅਨੁਸਾਰ ਪੁਲਿਸ ਨੂੰ ਸ਼ੱਕ ਹੈ ਕਿ ਗੁਆਂਢੀ ਮੁਲਕ ਵੱਲੋਂ ਡਰੋਨਾਂ ਰਾਹੀਂ ਭਾਰਤੀ ਹੱਦ ਅੰਦਰ ਪਿਛਲੇ ਦਿਨੀਂ ਹਥਿਆਰ ਸੁੱਟੇ ਗਏ ਹਨ ਜੋ ਅਤਿਵਾਦੀਆਂ ਤੱਕ ਪਹੁੰਚਣੇ ਹਨ। ਉਨ੍ਹਾਂ ਦਾ ਪਤਾ ਲਾਉਣ ਲਈ ਇਹ ਅਪਰੇਸ਼ਨ ਜ਼ਰੂਰੀ ਮੰਨਿਆ ਜਾ ਰਿਹਾ ਹੈ।

ਦੱਸਿਆ ਜਾ ਰਿਹਾ ਹੈ ਕਿ ਸੂਬੇ ਵਿਚ ਪਹਿਲਾਂ ਹੀ ਨਸ਼ਾ ਤਸਕਰੀ ਤੋਂ ਚਿੰਤਤ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਵੱਡੇ ਪੱਧਰ ਉਤੇ ਹੋ ਰਹੀ ਹਥਿਆਰਾਂ ਦੀ ਤਸਕਰੀ ਰੋਕਣ ਲਈ ਵੀ ਯਤਨਸ਼ੀਲ ਹਨ। ਸਰਹੱਦ ਪਾਰੋਂ ਐਮ.ਪੀ. 9 ਅਤੇ ਐਮ.ਪੀ. 5 ਸਬਮਸ਼ੀਨਗੰਨਾਂ ਦੀ ਤਸਕਰੀ ਹੋ ਰਹੀ ਹੈ। ਬੀਤੇ ਢਾਈ ਸਾਲਾਂ ਵਿਚ 200 ਤੋਂ ਵੱਧ ਆਧੁਨਿਕ ਹਥਿਆਰ ਫੜੇ ਗਏ ਹਨ ਜਿਨ੍ਹਾਂ ਵਿਚ ਕੁਝ ਖਾਸ ਕਿਸਮ ਦੇ ਹਥਿਆਰ ਵੀ ਸ਼ਾਮਲ ਹਨ। ਇਸ ਤੋਂ ਜਾਪਦਾ ਹੈ ਕਿ ਹਰ ਤੀਜੇ ਦਿਨ ਇਕ ਹਥਿਆਰ ਦੀ ਤਸਕਰੀ ਹੁੰਦੀ ਹੈ।

ਪੰਜਾਬ ਵਿਚ ਹਥਿਆਰਾਂ ਦੀ ਤਸਕਰੀ ਅਤੇ ਪਾਕਿ ਆਧਾਰਤ ਗਰੁੱਪਾਂ ਵੱਲੋਂ ਪੰਜਾਬ ਦੇ ਅੰਦਰੂਨੀ ਹਿੱਸਿਆਂ ਵਿਚ ਹਥਿਆਰ ਸੁੱਟਣ ਲਈ ਕੀਤੀ ਗਈ ਡਰੋਨਾਂ ਦੀ ਵਰਤੋਂ ਨੇ ਕੇਂਦਰ ਦਾ ਧਿਆਨ ਵੀ ਖਿੱਚਿਆ ਹੈ। 10 ਕਿਲੋ ਤੱਕ ਭਾਰ ਲਿਜਾਣ ਦੀ ਸਮਰੱਥਾ ਰੱਖਣ ਵਾਲੇ ਡਰੋਨਾਂ ਨੇ ਸਤੰਬਰ ਦੀ ਸ਼ੁਰੂਆਤ ਵਿਚ ਪੰਜ ਵਾਰ ਪੰਜਾਬ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਅਤੇ ਹਥਿਆਰ ਸੁੱਟੇ। ਪੰਜਾਬ ਪੁਲਿਸ ਰਿਕਾਰਡ ਅਨੁਸਾਰ 2017 ਤੋਂ ਹੁਣ ਤੱਕ 151 ਪਿਸਤੌਲਾਂ ਅਤੇ ਰਿਵਾਲਵਰਾਂ ਤੋਂ ਇਲਾਵਾ 50 ਏਕੇ 47 ਅਤੇ ਏਕੇ 56 ਰਾਈਫਲਾਂ, ਸਬ ਮਸ਼ੀਨਗਨ ਅਤੇ ਕੁਝ ਹੋਰ ਬੰਦੂਕਾਂ ਬਰਾਮਦ ਹੋਈਆਂ ਹਨ। ਇਸ ਤੋਂ ਇਲਾਵਾ 320 ਕਿੱਲੋ ਆਰਡੀਐਕਸ ਵੀ ਬਰਾਮਦ ਹੋਇਆ ਹੈ। ਇਹ ਹਥਿਆਰ 29 ਦਹਿਸ਼ਤੀ ਕਾਰਵਾਈਆਂ ਲਈ ਵਰਤੇ ਜਾਣ ਸਨ। ਇਨ੍ਹਾਂ ਹਥਿਆਰਾਂ ਸਮੇਤ 147 ਦਹਿਸ਼ਤਗਰਦਾਂ ਨੂੰ ਵੀ ਕਾਬੂ ਕੀਤਾ ਗਿਆ ਜਿਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਹਨ।

## ਪੰਜਾਬ ਦੇ ਡੇਰੇ ਅਤਿਵਾਦੀਆਂ ਦੇ ਨਿਸ਼ਾਨੇ ਉਤੇ

**ਚੰਡੀਗੜ੍ਹ:** ਪੰਜਾਬ ਵਿਚ ਚੱਲ ਰਹੇ ਵੱਖ-ਵੱਖ ਡੇਰੇ ਅਤਿਵਾਦੀਆਂ ਦੇ ਨਿਸ਼ਾਨੇ ਉਤੇ ਹਨ। ਇਹ ਖੁਲਾਸਾ ਹਥਿਆਰਾਂ ਨਾਲ ਫੜੇ ਅਤਿਵਾਦੀਆਂ ਤੇ ਅੰਮ੍ਰਿਤਸਰ ਦੇ ਨਿਰੰਕਾਰੀ ਕੈਂਪ ਧਮਾਕੇ ਦੇ ਮੁਲਜ਼ਮ ਕੋਲੋਂ ਕੀਤੀ ਪੁੱਛਗਿੱਛ ਦੌਰਾਨ ਹੋਇਆ ਹੈ।

ਇਸ ਖੁਲਾਸੇ ਤੋਂ ਬਾਅਦ ਖੁਫੀਆ ਏਜੰਸੀਆਂ ਹੋਰ ਸਾਵਧਾਨ ਹੋ ਗਈਆਂ ਹਨ। ਹਾਲਾਂਕਿ ਇਹ ਸਾਰੇ ਡੇਰੇ ਪਹਿਲਾਂ ਤੋਂ ਹੀ ਸਖਤ ਸੁਰੱਖਿਆ ਦੇ ਘੇਰੇ ਵਿਚ ਹਨ ਅਤੇ ਇਨ੍ਹਾਂ ਡੇਰਿਆਂ ਦੇ ਆਪਣੇ ਸੁਰੱਖਿਆ ਕਰਮਚਾਰੀ ਵੀ ਹਨ, ਫਿਰ ਵੀ ਸਰਕਾਰ ਇਨ੍ਹਾਂ ਡੇਰਿਆਂ ਦੀ ਸੁਰੱਖਿਆ ਹੋਰ ਵਧਾਏਗੀ। ਇਸ ਨਾਲ ਹੀ ਇਥੇ ਇੰਟੈਲੀਜੈਂਸ ਕਰਮੀਆਂ ਦੀ ਤਾਇਨਾਤੀ ਵੀ ਕੀਤੀ ਜਾਏਗੀ।

ਪੁੱਛਗਿੱਛ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਅਤਿਵਾਦੀ ਘੁਸਪੈਠ ਸਰਹੱਦ 'ਤੇ ਸਥਿਤ ਮਾਝੇ ਦੇ ਵੱਖ-ਵੱਖ ਛੋਟੇ ਡੇਰਿਆਂ ਦਾ ਸਹਾਰਾ ਲੈ ਰਹੇ ਹਨ। ਇਹ ਵੀ ਪਤਾ ਲੱਗਾ ਹੈ ਕਿ ਫੜੇ ਗਏ ਵਿਅਕਤੀ ਇਨ੍ਹਾਂ ਡੇਰਿਆਂ ਵਿਚ ਹੀ ਠਹਿਰੇ ਸਨ। ਇਸ ਲਈ ਹੁਣ ਇੰਟੈਲੀਜੈਂਸ ਵੀ ਇਨ੍ਹਾਂ ਡੇਰਿਆਂ ਉਤੇ ਵਿਸ਼ੇਸ਼ ਨਜ਼ਰ ਰੱਖੇਗੀ। ਸੂਤਰਾਂ ਅਨੁਸਾਰ ਪੰਜਾਬ ਵਿਚ ਤਕਰੀਬਨ 250 ਡੇਰੇ ਹਨ, ਪਰ ਇੰਟੈਲੀਜੈਂਸ ਨੇ 87 ਡੇਰਿਆਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਦੀ ਇੰਟੈਲੀਜੈਂਸ ਤੇ ਹੋਰ ਖੁਫੀਆ ਏਜੰਸੀਆਂ ਵੱਲੋਂ ਨੇੜਿਓਂ ਨਿਗਰਾਨੀ ਕੀਤੀ ਜਾ ਰਹੀ ਹੈ। ਖਦਸ਼ਾ ਹੈ ਕਿ ਅਤਿਵਾਦੀ ਅਤੇ ਕੱਟੜਪੰਥੀ ਸਮੂਹ ਇਨ੍ਹਾਂ ਡੇਰਿਆਂ ਉਤੇ ਕੋਈ ਵੀ ਘਟਨਾ ਨੂੰ ਅੰਜਾਮ ਦੇ ਕੇ ਮਾਹੌਲ ਨੂੰ ਖਰਾਬ ਕਰ ਸਕਦੇ ਹਨ।

# ਪੰਜਾਬ 'ਚ ਨਸ਼ੇ ਦੇ ਮੁੱਦੇ 'ਤੇ ਪੁਲਿਸ ਤੇ ਲੋਕਾਂ ਦਰਮਿਆਨ ਟਕਰਾਅ ਵਧਿਆ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੇ ਦੇ ਮੁੱਦੇ ਉਤੇ ਪੰਜਾਬ ਪੁਲਿਸ ਅਤੇ ਪਿੰਡਾਂ ਦੇ ਲੋਕਾਂ ਦਰਮਿਆਨ ਟਕਰਾਅ ਦੀਆਂ ਘਟਨਾਵਾਂ ਵਧ ਰਹੀਆਂ ਹਨ। ਹਰਿਆਣਾ ਦੇ ਨਸ਼ਾ ਤਸਕਰਾਂ ਵੱਲੋਂ ਬਠਿੰਡਾ ਪੁਲਿਸ ਦੀ ਟੀਮ ਉਤੇ ਇੱਟਾਂ ਤੇ ਪੱਥਰਾਂ ਨਾਲ ਹਮਲਾ ਕੀਤਾ, ਜਿਸ ਕਾਰਨ ਅੱਧੀ ਦਰਜਨ ਪੁਲਿਸ ਮੁਲਾਜ਼ਮ ਜ਼ਖਮੀ ਹੋ ਗਏ। ਪੁਲਿਸ ਟੀਮ ਨਸ਼ਾ ਤਸਕਰਾਂ ਦੀ ਭਾਲ ਵਿਚ ਸਿਰਸਾ ਦੇ ਪਿੰਡ ਦੇਸੂ ਜੋਧਾ ਗਈ ਸੀ, ਜਿਥੇ ਤਸਕਰਾਂ ਅਤੇ ਪੁਲਿਸ ਦਰਮਿਆਨ ਖੂਨੀ ਟਕਰਾਅ ਹੋਇਆ।

ਇਸ ਦੌਰਾਨ ਗੋਲੀ ਲੱਗਣ ਕਾਰਨ ਬਜ਼ੁਰਗ ਜੱਗਾ ਸਿੰਘ (65) ਦੀ ਮੌਤ ਹੋ ਗਈ। ਸਿਪਾਹੀ ਕਮਲਜੀਤ ਸਿੰਘ ਦੀ ਛਾਤੀ 'ਚ ਗੋਲੀ ਲੱਗੀ ਹੈ ਅਤੇ ਮੁਲਾਜ਼ਮ ਸੁਖਦੇਵ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ। ਹਜੂਮ ਨੇ ਪੁਲਿਸ ਟੀਮ ਤੋਂ ਹਥਿਆਰ ਖੋਹ ਲਏ ਤੇ ਉਨ੍ਹਾਂ ਨੂੰ ਬੰਦੀ ਬਣਾ ਲਿਆ ਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਕੁਝ ਦਿਨ ਪਹਿਲਾਂ ਗੜ੍ਹਸ਼ੰਕਰ ਨੇੜੇ ਇਕ ਪਿੰਡ ਵਿਚ ਪਰਚੂਨ ਵਿਕਰੇਤਾ ਦੀ ਦੁਕਾਨ ਉਤੇ ਛਾਪਾ ਮਾਰਨ ਗਈ ਪੁਲਿਸ ਨੂੰ ਲੋਕਾਂ ਨੇ ਘੇਰ ਕੇ ਤਲਾਸ਼ੀ ਲਈ ਅਤੇ ਕਈ ਕਿਸਮ ਦੇ ਨਸ਼ੇ ਬਰਾਮਦ ਕੀਤੇ ਗਏ। ਇਸ ਮੌਕੇ ਲੋਕਾਂ ਦੇ ਇਕੱਠ ਸਾਹਮਣੇ ਕਰਮਚਾਰੀਆਂ ਨੇ ਇਹ ਸਵੀਕਾਰ ਵੀ ਕੀਤਾ ਕਿ ਕਿਸੇ ਦੇ ਕਹਿਣ ਉਤੇ ਦੁਕਾਨਦਾਰ ਨੂੰ ਨਸ਼ਾ ਤਸਕਰੀ ਵਿਚ ਫਸਾਉਣ ਆਏ ਸਨ।

ਅੱਠ ਅਕਤੂਬਰ ਨੂੰ ਗੋਇੰਦਵਾਲ ਸਾਹਿਬ



ਦੇ ਪਿੰਡ ਵੇਈਂਪੂਰਾ ਵਿਖੇ ਛਾਪਾਮਾਰੀ ਦੌਰਾਨ ਪਿੰਡ ਵਾਸੀਆਂ ਨੇ ਪੁਲਿਸ ਉਤੇ ਹਮਲਾ ਕੀਤਾ। ਪੁਲਿਸ ਦਾ ਦਾਅਵਾ ਹੈ ਕਿ ਪੰਜਾਹ ਨਸ਼ੀਲੀਆਂ ਗੋਲੀਆਂ ਨਾਲ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ।

ਪੰਜਾਬ ਵਿਚ ਨਸ਼ਿਆਂ ਦਾ ਵਰਤਾਰਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਸੂਬਾ ਸਰਕਾਰ ਨੇ ਇਸ ਦੀ ਰੋਕਥਾਮ ਲਈ ਵਿਸ਼ੇਸ਼ ਟਾਸਕ ਫੋਰਸ ਬਣਾ ਰੱਖੀ ਹੈ। ਬਹੁਤ ਸਾਰੇ ਪਰਚੂਨ ਵਿਚ ਨਸ਼ਾ ਵੇਚਣ ਵਾਲੇ ਫੜੇ ਵੀ ਗਏ ਅਤੇ ਪਰਚੇ ਦਰਜ ਹੋਏ ਹਨ ਪਰ ਅਜੇ ਤੱਕ ਵੱਡੇ ਤਸਕਰ ਪੁਲਿਸ ਦੀ ਪਕੜ ਤੋਂ ਬਾਹਰ ਹਨ। ਇਹ ਸਵਾਲ ਵੀ ਕਈ ਵਾਰ ਉੱਭਰੇ ਹਨ ਕਿ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਪੁਲਿਸ ਦੇ ਵੱਖ-ਵੱਖ ਮਹਿਕਮੇ ਧੜੇਬੰਦੀ ਦਾ ਸ਼ਿਕਾਰ ਹਨ। ਪਿੰਡਾਂ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਚਿੰਤਾ ਵਾਲਾ ਪੱਖ ਇਹ ਲੋਕਾਂ ਦਾ ਪੁਲਿਸ ਮਹਿਕਮੇ ਉਤੇ ਭਰੋਸਾ ਨਾ ਹੋਣਾ ਹੈ। ਲੋਕਾਂ ਦੇ ਮਨਾਂ ਵਿਚ ਇਹ ਗੱਲ ਘਰ ਕਰ ਗਈ ਹੈ ਕਿ ਪੁਲਿਸ ਸਿਆਸੀ ਮਕਸਦਾਂ ਲਈ ਨਿਰਦੋਸ਼ਾਂ ਉਤੇ ਨਸ਼ੇ ਦੇ ਕੇਸ ਪਾ ਸਕਦੀ ਹੈ।

ਵੇਰਵੇ ਦੱਸਦੇ ਹਨ ਕਿ ਨਸ਼ੇ ਪ੍ਰਾਪਤ ਕਰਨਾ ਕੋਈ ਬਹੁਤੀ ਮੁਸ਼ਕਲ ਗੱਲ ਨਹੀਂ ਅਤੇ ਇਹ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੇ ਗਲੀ-ਮੁਹੱਲਿਆਂ ਵਿਚ ਆਮ ਮਿਲ ਜਾਂਦੇ ਹਨ। ਪੰਜਾਬ ਸਰਕਾਰ ਦੇ ਇਸ ਦਾਅਵੇ ਕਿ ਵੱਡੇ-ਵੱਡੇ ਨਸ਼ਾ ਤਸਕਰ ਪੰਜਾਬ ਛੱਡ ਗਏ ਹਨ, ਵਿਚ ਜ਼ਿਆਦਾ ਦਮ ਨਹੀਂ। ਨਸ਼ੇ ਦੀ ਜ਼ਿਆਦਾ ਵਰਤੋਂ (ਓਵਰਡੋਜ਼) ਕਾਰਨ ਵੀ ਵੱਡੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਹਨ ਭਾਵੇਂ ਪੰਜਾਬ ਸਰਕਾਰ ਦੇ ਅੰਕੜੇ ਜ਼ਮੀਨੀ ਸੱਚਾਈ ਨਾਲ ਮੇਲ ਨਹੀਂ ਖਾਂਦੇ। ਕੁੜੀਆਂ ਵਿਚ ਵੀ ਨਸ਼ਾ ਵਰਤਣ ਦੀ ਆਦਤ ਵਧੀ ਹੈ।

ਵੇਰਵੇ ਇਹ ਵੀ ਦੱਸਦੇ ਹਨ ਕਿ ਨਸ਼ਾ ਵੇਚਣ ਵਾਲਿਆਂ ਵਿਚੋਂ ਬਹੁਤੇ ਆਪ ਵੀ ਨਸ਼ਾ ਕਰਦੇ ਹਨ। ਆਪਣੇ ਨਸ਼ੇ ਦੀ ਪੂਰਤੀ ਲਈ ਉਹ ਨਵੇਂ ਗਾਹਕ ਫਸਾਉਂਦੇ ਹਨ ਅਤੇ ਇਸ ਤਰ੍ਹਾਂ ਇਹ ਕਦੇ ਨਾ ਮੁੱਕਣ ਵਾਲੀ ਘੁੰਮਣਘੇਰੀ ਬਣ ਜਾਂਦਾ ਹੈ। ਕਈ ਥਾਵਾਂ ਉਤੇ ਇਹ ਵੀ ਦੱਸਿਆ ਗਿਆ ਹੈ ਕਿ ਪੁਲਿਸ ਵਾਲੇ ਨਸ਼ਾ ਵੇਚਣ ਵਾਲਿਆਂ ਤੋਂ ਹਫਤਾ ਲੈਂਦੇ ਹਨ (ਪੈਸੇ ਮੰਗਦੇ ਹਨ) ਅਤੇ ਕਈਆਂ ਨੇ ਇਹ ਵੀ ਕਿਹਾ ਕਿ ਜੇ ਉਹ ਨਸ਼ਾ ਵੇਚਣਾ ਬੰਦ ਕਰ ਦੇਣ ਤਾਂ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ, ਭਾਵੇਂ ਦੱਸਣ ਵਾਲਿਆਂ ਕੋਲ ਦਸਤਾਵੇਜ਼ੀ ਸਬੂਤ ਨਹੀਂ।

ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਸਾਬਕਾ ਮੰਤਰੀ ਦੇ ਪੁੱਤਰ ਨੇ ਇਕ ਇਲਾਕੇ ਵਿਚ 100 ਤੋਂ ਵੱਧ ਨਸ਼ਾ ਵੇਚਣ ਵਾਲਿਆਂ ਦੀ ਸੂਚੀ ਸਰਕਾਰ ਨੂੰ ਦਿੱਤੀ ਸੀ। ਸੰਗਰੂਰ ਜ਼ਿਲ੍ਹੇ ਦੇ ਇਕ ਪ੍ਰਮੁੱਖ ਕਾਂਗਰਸੀ ਆਗੂ ਨੇ ਦੋ ਸਾਲ ਪਹਿਲਾਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਨਸ਼ਿਆਂ ਦੀ ਵਿਕਰੀ ਜਾਰੀ ਰਹਿਣ ਬਾਰੇ ਫਿਕਰ ਜਨਤਕ ਤੌਰ ਉਤੇ ਜ਼ਾਹਿਰ ਕੀਤਾ। ਫਰੀਦਕੋਟ ਦੀਆਂ 100 ਪੰਚਾਇਤਾਂ (ਇਨ੍ਹਾਂ ਵਿਚ ਬਹੁਗਿਣਤੀ ਸਰਪੰਚ ਸੱਤਾਧਾਰੀ ਪਾਰਟੀ ਦੇ ਹਨ) ਨੇ ਇਸ ਸਬੰਧੀ ਧਰਨਾ ਦਿੱਤਾ ਕਿ ਜੇਕਰ ਪੰਚਾਇਤ ਪੁਲਿਸ ਨੂੰ ਸਹਿਯੋਗ ਦੇਣਾ ਚਾਹੁੰਦੀ ਹੈ ਤਾਂ ਨਸ਼ਾ ਵੇਚਣ ਵਾਲਿਆਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ।

# ਗ੍ਰਨੇਡ ਹਮਲਾ: ਸੱਤ ਮੁਲਜ਼ਮਾਂ ਖਿਲਾਫ ਦੋਸ਼ ਆਇਦ


**ਮੁਹਾਲੀ:** ਮੁਹਾਲੀ ਸਥਿਤ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੀ ਵਿਸ਼ੇਸ਼ ਅਦਾਲਤ ਨੇ ਜਲੰਧਰ ਮਕਸੂਦਾਂ ਥਾਣੇ 'ਤੇ ਗ੍ਰਨੇਡ ਹਮਲੇ ਤੇ ਇੰਜੀਨੀਅਰਿੰਗ ਕਾਲਜ ਜਲੰਧਰ ਵਿਚੋਂ ਇਕ ਕਿੱਲੋ ਧਮਾਕਾਖੇਜ਼ ਸਮੱਗਰੀ ਅਤੇ ਏਕੇ-47 ਰਾਈਫਲ ਅਤੇ ਹੋਰ ਅਸਲੇ ਸਮੇਤ ਗ੍ਰਿਫਤਾਰ ਕਸ਼ਮੀਰੀ ਨੌਜਵਾਨਾਂ ਦੇ ਮਾਮਲੇ ਵਿਚ ਸੱਤ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੱਜ ਨੇ ਸਰਕਾਰੀ ਅਤੇ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਮਾਮਲਿਆਂ ਵਿਚ ਹੁਣ ਤੱਕ ਗ੍ਰਿਫਤਾਰ ਕੀਤੇ ਸੱਤ ਮੁਲਜ਼ਮਾਂ ਖਿਲਾਫ ਦੋਸ਼ ਤੈਅ ਕੀਤੇ। ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ ਲਈ 4 ਨਵੰਬਰ ਦਾ ਦਿਨ ਨਿਸ਼ਚਿਤ ਕੀਤਾ ਹੈ।

ਦੋਸ਼ੀਆਂ ਵਿਚ ਜੰਮੂ-ਕਸ਼ਮੀਰ ਦੇ ਪੁਲਵਾਮਾ ਖੇਤਰ 'ਚੋਂ ਗ੍ਰਿਫਤਾਰ ਨਜ਼ੀਰ ਮੀਰ ਵਾਸੀ ਅਵੰਤੀਪੁਰਾ ਵੀ ਸ਼ਾਮਲ ਹੈ। ਪਿਛਲੀ ਤਰੀਕ 'ਤੇ ਅਦਾਲਤ ਨੇ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਪਿਛਲੇ ਸਾਲ 14 ਸਤੰਬਰ ਨੂੰ ਜਲੰਧਰ ਵਿਚ ਮਕਸੂਦਾਂ ਪੁਲਿਸ ਥਾਣੇ 'ਤੇ ਚਾਰ ਗ੍ਰਨੇਡ ਸੁੱਟੇ ਗਏ ਸਨ, ਜਿਸ ਦੌਰਾਨ ਇਕ ਪੁਲਿਸ ਕਰਮਚਾਰੀ ਗੰਭੀਰ ਜ਼ਖਮੀ ਹੋ ਗਿਆ ਸੀ।

# ਕਾਂਗਰਸ ਵੱਲੋਂ ਪੰਜਾਬ ਵਾਂਗੂ ਹਰਿਆਣਾ ਨੂੰ ਵੀ 'ਨਸ਼ਾ ਮੁਕਤ' ਕਰਨ ਦਾ ਵਾਅਦਾ

**ਡੱਬਵਾਲੀ:** ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਦਾਅਵਿਆਂ ਅਤੇ ਵਾਅਦਿਆਂ ਵਿਚ ਹੁਣ ਤੱਕ ਅਸਫਲ ਰਹੀ ਅਮਰਿੰਦਰ ਸਿੰਘ ਸਰਕਾਰ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਨੇ ਹੁਣ ਕਾਂਗਰਸ ਸਰਕਾਰ ਬਣਨ ਉਤੇ ਹਰਿਆਣਾ ਨੂੰ ਨਸ਼ਾ ਮੁਕਤ ਕਰਨ ਦਾ ਐਲਾਨ ਕੀਤਾ ਹੈ। ਡੱਬਵਾਲੀ ਹਲਕੇ 'ਚ ਕਾਂਗਰਸ ਉਮੀਦਵਾਰ ਅਮਿਤ ਸਿਹਾਗ ਦੀ ਹਮਾਇਤ ਲਈ ਪੁੱਜੇ ਮਨਪ੍ਰੀਤ ਬਾਦਲ ਨੇ ਹਰਿਆਣਾ ਵਿਚ ਕਾਂਗਰਸ ਦੀ ਇਮਾਨਦਾਰ ਸਰਕਾਰ ਬਣਨ ਦੇ ਦਾਅਵੇ ਕੀਤੇ। ਜ਼ਿਕਰਯੋਗ ਹੈ ਕਿ ਹਰਿਆਣਵੀ ਵੋਟਰਾਂ ਨੂੰ ਲੁਭਾਉਣ ਲਈ ਅੱਜ-ਕੱਲ੍ਹ ਸਿਆਸੀ ਪਾਰਟੀਆਂ ਦੇ ਉਮੀਦਵਾਰ ਬਾਹਰੀ ਸੂਬਿਆਂ ਦੇ ਸਿਆਸੀ ਆਗੂਆਂ ਦਾ ਸਹਾਰਾ ਲੈ ਰਹੇ ਹਨ। ਕੁਝ ਉਮੀਦਵਾਰ ਵੋਟਰਾਂ ਨੂੰ ਭਰਮਾਉਣ ਲਈ ਗਾਉਣ ਵਾਲਿਆਂ ਦਾ ਸਹਾਰਾ ਵੀ ਲੈ ਰਹੇ ਹਨ।

ਮਨਪ੍ਰੀਤ ਸਿੰਘ ਬਾਦਲ ਨੇ ਨਸ਼ਿਆਂ ਦੇ ਮੁੱਦੇ ਉਤੇ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ 'ਤੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਕਿਹਾ



ਕਿ ਪੰਜਾਬ 'ਚ ਕਾਂਗਰਸ ਸਰਕਾਰ ਨੇ ਚਿੱਟੇ ਦੇ ਨਸ਼ੇ ਨੂੰ ਖਤਮ ਕੀਤਾ ਹੈ। ਨਸ਼ਾ ਤਸਕਰ ਪੰਜਾਬ ਤੋਂ ਭੱਜ ਕੇ ਹਰਿਆਣਾ ਵਿਚ ਬੈਠ ਗਏ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨਸ਼ੇ ਨੂੰ ਖਤਮ ਕਰਨ ਵਿਚ ਫੇਲ੍ਹ ਸਾਬਤ ਹੋਈ ਹੈ।

ਕਾਂਗਰਸ ਨੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਹੈ ਕਿ ਜੇ ਕਾਂਗਰਸ ਸਰਕਾਰ ਬਣ ਗਈ ਤਾਂ ਰਾਜ ਸਰਕਾਰ ਦੀ ਪ੍ਰਸ਼ਾਸਨ ਸੰਚਾਲਨ ਤੇ ਸਰਕਾਰੀ ਸਕੂਲਾਂ 'ਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਨ ਦੇ ਪੂਰੇ-ਪੂਰੇ ਪ੍ਰਬੰਧ ਕੀਤੇ ਜਾਣਗੇ। ਵਰਨਣਯੋਗ ਹੈ ਕਿ ਕਈ ਸਾਲ ਪਹਿਲਾਂ ਹੁੱਡਾ ਸਰਕਾਰ ਦੇ ਦੌਰ 'ਚ ਪੰਜਾਬੀ ਨੂੰ ਰਾਜ ਦੀ ਦੂਜੀ ਸਰਕਾਰੀ ਭਾਸ਼ਾ ਵਜੋਂ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਹੁਣ ਤੱਕ ਇਸ ਨੂੰ ਲਾਗੂ ਕਰਨ ਲਈ ਟਾਲ-ਮਟੋਲ ਤੋਂ ਕੰਮ ਲਿਆ ਗਿਆ। ਇਸ ਤੋਂ ਇਲਾਵਾ ਕਾਂਗਰਸ ਸਰਕਾਰ ਬਣਨ 'ਤੇ ਰਾਜ ਦੇ ਸਾਰੇ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ।

## ਭਾਜਪਾ ਵੱਲੋਂ ਕਿਸਾਨਾਂ ਤੇ ਨੌਜਵਾਨਾਂ ਨਾਲ ਵੱਡੇ ਵਾਅਦੇ

**ਚੰਡੀਗੜ੍ਹ:** ਹਰਿਆਣਾ ਵਿਚ ਸੱਤਾਧਾਰੀ ਭਾਜਪਾ ਨੇ ਵਿਧਾਨ ਸਭਾ ਚੋਣਾਂ ਵਿਚ 75 ਪਲੱਸ ਦੇ ਟੀਚੇ ਨੂੰ ਪਾਰ ਕਰਨ ਲਈ ਚੋਣ ਘੋਸ਼ਣਾ ਪੱਤਰ ਦਾ ਕੇਂਦਰੀ ਨੁਕਤਾ 'ਮ੍ਹਾਰੇ ਸਪਨੋਂ ਕਾ ਹਰਿਆਣਾ' ਰੱਖਿਆ ਹੈ। ਭਾਜਪਾ ਨੇ ਕਿਸਾਨਾਂ ਅਤੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਤਿੰਨ ਲੱਖ ਤੱਕ ਦੇ ਆਸਾਨ ਵਿਆਜ ਮੁਕਤ ਕਰਜ਼, ਸਹਿਕਾਰੀ ਬੈਂਕਾਂ ਦੇ ਕਰਜ਼ਦਾਰ ਕਿਸਾਨਾਂ ਦਾ ਵਿਆਜ ਮੁਆਫ ਕਰਨਾ, ਗਰੀਬ ਘਰਾਂ ਦੀਆਂ ਲੜਕੀਆਂ ਨੂੰ ਮੁਫਤ ਸਿੱਖਿਆ ਅਤੇ 25 ਲੱਖ ਨੌਜਵਾਨਾਂ ਨੂੰ ਹੁਨਰ ਟਰੇਨਿੰਗ ਦੇਣ ਦਾ ਵਾਅਦਾ ਕੀਤਾ ਹੈ। ਚੋਣ ਘੋਸ਼ਣਾ ਪੱਤਰ ਵਿਚ ਅਹਿਮ ਗੱਲ ਇਹ ਹੈ ਕਿ 2014 ਦੇ ਚੋਣ ਘੋਸ਼ਣਾ ਪੱਤਰ ਵਿਚ ਅਧੂਰੇ ਰਹਿ ਗਏ ਵਾਅਦਿਆਂ ਨੂੰ ਵੀ ਇਸ ਵਾਰ ਫਿਰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਾਅਦਿਆਂ ਵਿਚ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਸੂਬੇ ਦੇ ਪੰਜ ਲੱਖ ਕਿਸਾਨਾਂ ਨੂੰ ਮਾਨ-ਧਨ ਯੋਜਨਾ ਤਹਿਤ ਪ੍ਰਤੀ ਮਹੀਨਾ 3000 ਰੁਪਏ ਪੈਨਸ਼ਨ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਦੱਖਣੀ ਹਰਿਆਣਾ ਵਿਚ ਟੇਲ ਤੱਕ ਪਾਣੀ ਪਹੁੰਚਾਇਆ ਜਾਵੇਗਾ। ਹਰ ਮੰਡੀ ਅਤੇ ਸ਼ੂਗਰ ਮਿੱਲ ਵਿਚ ਗੰਨਾ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਦਸ ਰੁਪਏ ਥਾਲੀ ਦਿੱਤੀ ਜਾਵੇਗੀ।

## ਪੰਜਾਬੀ ਨੌਜਵਾਨ ਦਾ ਫਿਲੀਪੀਨ 'ਚ ਕਤਲ

**ਆਦਮਪੁਰ ਦੋਆਬਾ:** ਨੇੜਲੇ ਪਿੰਡ ਹਰੀਪੁਰ ਦੇ ਨੌਜਵਾਨ ਦਾ ਫਿਲੀਪੀਨ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਗਗਨਦੀਪ ਸਿੰਘ ਪੁੱਤਰ ਅਮਰੀਕ ਸਿੰਘ 9 ਮਹੀਨੇ ਪਹਿਲਾਂ ਹੀ ਫਿਲੀਪੀਨ 'ਚ ਕੰਮ ਕਰਨ ਗਿਆ ਸੀ। ਸਵੇਰੇ ਜਦੋਂ ਉਹ ਘਰੋਂ ਕੰਮ 'ਤੇ ਜਾਣ ਲਈ ਆਪਣੇ ਮੋਟਰਸਾਈਕਲ ਉਤੇ ਨਿਕਲਿਆ ਤਾਂ ਹਮਲਾਵਰਾਂ ਨੇ ਉਸ ਉਤੇ ਗੋਲੀਆਂ ਚਲਾ ਦਿੱਤੀਆਂ।

# ਜ਼ਿਮਨੀ ਚੋਣਾਂ: ਸਿਆਸੀ ਧਿਰਾਂ ਨੇ ਲਾਈ ਪੂਰੀ ਵਾਹ

ਚੰਡੀਗੜ੍ਹ: ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਦੀ 21 ਅਕਤੂਬਰ ਨੂੰ ਹੋ ਰਹੀ ਉਪ ਚੋਣ ਵਿਚ ਬਹੁਤ ਹੀ ਫਸਵੀਂ ਟੱਕਰ ਦੇ ਆਸਾਰ ਬਣੇ ਨਜ਼ਰ ਆ ਰਹੇ ਹਨ। ਸਾਰੀਆਂ ਸਿਆਸੀ ਧਿਰਾਂ ਨੇ ਪੂਰਾ ਜ਼ੋਰ ਲਾਇਆ ਹੋਇਆ ਹੈ। ਜਲਾਲਾਬਾਦ, ਦਾਖਾ ਤੇ ਮੁਕੇਰੀਆਂ ਹਲਕਿਆਂ ਵਿਚ ਜਿਥੇ ਕਾਂਗਰਸ ਤੇ ਅਕਾਲੀ-ਭਾਜਪਾ ਉਮੀਦਵਾਰਾਂ ਵਿਚ ਸਿੱਧੇ ਮੁਕਾਬਲੇ ਬਣੇ ਹੋਏ ਹਨ, ਉਥੇ ਫਗਵਾੜਾ ਰਾਖਵੇਂ ਹਲਕੇ ਵਿਚ ਤਿੰਨ ਧਿਰੀ ਮੁਕਾਬਲੇ ਵਾਲੀ ਹਾਲਤ ਬਣੀ ਹੋਈ ਹੈ।

ਜਲਾਲਾਬਾਦ ਹਲਕੇ 'ਚ 2017 ਦੀ ਚੋਣ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਨਾਲੋਂ 43732 ਵਧੇਰੇ ਵੋਟਾਂ ਲੈ ਕੇ ਜਿੱਤੀ ਸੀ ਤੇ ਹੁਣੇ ਹੋਈਆਂ ਲੋਕ ਸਭਾ ਚੋਣਾਂ ਵਿਚ ਵੀ ਇਸ ਹਲਕੇ ਤੋਂ ਉਹ ਫਿਰ ਕਾਂਗਰਸ ਉਮੀਦਵਾਰ ਨਾਲੋਂ 30 ਹਜ਼ਾਰ ਤੋਂ ਵਧੇਰੇ ਵੋਟਾਂ ਨਾਲ ਅੱਗੇ ਰਹੇ ਹਨ।

ਬੁਨਿਆਦੀ ਤੌਰ 'ਤੇ ਅਕਾਲੀ ਹਲਕਾ ਸਮਝੇ ਜਾਂਦੇ ਜਲਾਲਾਬਾਦ ਵਿਚ ਇਸ ਵੇਲੇ ਕਾਂਗਰਸ ਤੇ ਅਕਾਲੀ ਉਮੀਦਵਾਰ ਵਿਚਾਲੇ ਸਿੱਧੀ ਟੱਕਰ ਹੈ ਤੇ 'ਆਪ' ਸਮੇਤ ਹੋਰ ਕੋਈ ਵੀ ਉਮੀਦਵਾਰ ਮੁਕਾਬਲੇ ਵਿਚ ਨਜ਼ਰ ਨਹੀਂ ਆ ਰਿਹਾ। ਅਕਾਲੀ ਦਲ ਦੀ ਸਾਰੀ ਟੇਕ ਇਸ ਹਲਕੇ 'ਚ ਅਕਾਲੀ-ਭਾਜਪਾ ਰਾਜ ਸਮੇਂ ਕੀਤੇ ਵਿਕਾਸ ਉੱਪਰ ਹੈ, ਜਦਕਿ ਕਾਂਗਰਸ ਦੇ ਉਮੀਦਵਾਰ ਰਮਿੰਦਰ ਆਵਲਾ ਆਪਣੀ 'ਅਮੀਰੀ' ਦੇ ਸਿਰ ਉਤੇ ਵੋਟਾਂ ਮੰਗ ਰਹੇ ਹਨ। ਅਕਾਲੀ ਦਲ ਖਾਸਕਰ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਇਹ ਸੀਟ ਵੱਡੇ ਵਕਾਰ ਦਾ ਸਵਾਲ ਹੈ ਤੇ ਇਸੇ



ਲਈ ਉਹ ਬਹੁਤਾ ਸਮਾਂ ਇਸੇ ਹਲਕੇ ਨੂੰ ਦੇ ਰਹੇ ਹਨ।

ਪੇਂਡੂ ਵਸੋਂ ਵਾਲੇ ਹਲਕਾ ਦਾਖਾ 'ਚ ਕਾਂਗਰਸ ਤੇ ਅਕਾਲੀ ਉਮੀਦਵਾਰ ਦਾ ਬਹੁਤਾ ਜ਼ੋਰ ਪਿਛਲੀਆਂ ਤਿੰਨ ਚੋਣਾਂ ਵਿਚ 'ਆਪ' ਹਿੱਸੇ ਆਉਂਦੀਆਂ ਵੋਟਾਂ ਨੂੰ ਆਪੋ-ਆਪਣੇ ਵੱਲ ਖਿੱਚਣ ਉੱਪਰ ਲੱਗਾ ਹੋਇਆ ਹੈ। 2014 ਦੀਆਂ ਲੋਕ ਸਭਾ ਚੋਣਾਂ ਵਿਚ 'ਆਪ' ਦੇ ਉਮੀਦਵਾਰ, ਕਾਂਗਰਸ ਤੇ ਅਕਾਲੀ ਉਮੀਦਵਾਰ ਨੂੰ ਪਛਾੜ ਕੇ ਅੱਗੇ ਰਹੇ ਸਨ ਤੇ 2017 ਵਿਧਾਨ ਸਭਾ ਚੋਣ ਵਿਚ ਐਚ.ਐਸ. ਫੂਲਕਾ ਇਥੋਂ ਕਰੀਬ ਚਾਰ ਹਜ਼ਾਰ ਵੋਟਾਂ ਦੇ ਫਰਕ ਨਾਲ ਜੇਤੂ ਰਹੇ ਸਨ।

ਫੂਲਕਾ ਨੂੰ 58,223, ਅਕਾਲੀ ਦਲ ਨੂੰ 54, 754 ਅਤੇ ਕਾਂਗਰਸ ਨੂੰ ਸਿਰਫ 32,374 ਵੋਟ ਮਿਲੇ ਸਨ। ਹੁਣੇ ਹੋਈ ਲੋਕ ਸਭਾ ਚੋਣ ਵਿਚ ਲੋਕ ਇਨਸਾਫ ਪਾਰਟੀ ਉਮੀਦਵਾਰ ਅੱਗੇ ਰਹੇ ਸਨ, ਪਰ 'ਆਪ' ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਹਲਕੇ ਦੀ ਪੰਥਕ ਪਛਾਣ ਨੂੰ ਪ੍ਰਵਾਨ ਕਰਦਿਆਂ ਕਾਂਗਰਸ ਉਮੀਦਵਾਰ ਕੈਪਟਨ ਸੰਦੀਪ ਸੰਧੂ ਹਰ ਥਾਂ ਸਿਰ ਉੱਪਰ ਪਟਕਾ ਬੰਨ੍ਹ ਕੇ ਜਾ ਰਹੇ ਹਨ। ਕਾਂਗਰਸ ਲਈ ਇਸ ਹਲਕੇ 'ਚ ਵੱਡੀ ਸਮੱਸਿਆ ਪਾਰਟੀ ਆਗੂਆਂ ਨੂੰ ਢਿੱਡੋਂ ਉਮੀਦਵਾਰ ਦੇ ਹੱਕ ਵਿਚ ਤੋਰਨ ਦੀ ਹੈ। ਕੈਬਨਿਟ ਮੰਤਰੀ ਆਸ਼ੂ ਦੀ ਹਾਜ਼ਰੀ 'ਚ ਕਾਂਗਰਸੀ ਧੜਿਆਂ ਵਿਚਕਾਰ ਹੋਏ ਝਗੜੇ ਕਾਰਨ ਕਾਂਗਰਸ ਦੀ ਮੁਹਿੰਮ ਨੂੰ ਇਕ ਵਾਰ ਝਟਕਾ ਲੱਗਾ ਹੈ। ਅਕਾਲੀ ਦਲ ਦੇ ਬੁਲਾਰੇ ਡਾ: ਦਲਜੀਤ ਸਿੰਘ ਚੀਮਾ ਦਾ ਦਾਅਵਾ ਹੈ ਕਿ 'ਆਪ' ਤੇ ਬੈਂਸ ਭਰਾਵਾਂ ਨੂੰ ਪਈ ਵੋਟ ਅਕਾਲੀ ਦਲ ਵੱਲ ਆ ਰਹੀ ਹੈ ਤੇ ਪਿੰਡਾਂ ਵਿਚ ਉਨ੍ਹਾਂ ਨੂੰ ਬੇਮਿਸਾਲ ਹੁੰਗਾਰਾ ਮਿਲ ਰਿਹਾ ਹੈ।

ਕਾਂਗਰਸ ਵੱਲੋਂ ਯਕੀਨੀ ਜਿੱਤ ਨਾਲ ਫਗਵਾੜਾ ਵਿਚ ਸ਼ੁਰੂ ਕੀਤੀ ਚੋਣ ਮੁਹਿੰਮ ਨੂੰ ਹੁਣ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਵਿਕਾਸ ਕਾਰਜਾਂ ਦੀ ਘਾਟ ਕਾਂਗਰਸ ਲਈ ਬੇਹੱਦ ਰੜਕਵੀਂ ਹੈ। ਇਕ ਸੇਵਾਮੁਕਤ ਅਫਸਰ ਨੂੰ ਉਮੀਦਵਾਰ ਬਣਾਏ ਜਾਣਾ ਕਾਂਗਰਸੀਆਂ ਦੀ ਅੱਖ ਵਿਚ ਚੁੱਭ ਰਿਹਾ ਹੈ। ਭਾਜਪਾ ਦੇ ਪੰਜਾਬ ਦੇ ਇੰਚਾਰਜ ਪ੍ਰਭਾਤ ਝਾਅ ਇਸ ਹਲਕੇ 'ਚ ਡੇਰਾ ਲਗਾ ਕੇ ਬੈਠ ਗਏ ਹਨ ਤੇ ਉਹ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਤੇ ਸਾਬਕਾ ਮੰਤਰੀ ਵਿਜੇ ਸਾਂਪਲਾ ਨਾਲ ਮਿਲ ਕੇ ਸਾਰੀ ਚੋਣ ਵਿਉਂਤਬੰਦੀ ਦੀ ਖੁਦ ਨਿਗਰਾਨੀ ਕਰ ਰਹੇ ਹਨ। ਅਕਾਲੀ ਦਲ ਵੀ ਬਿਕਰਮ ਸਿੰਘ ਮਜੀਠੀਆ ਦੀ ਫੇਰੀ ਬਾਅਦ ਸਰਗਰਮ ਹੋ ਕੇ ਚੱਲ ਪਿਆ ਹੈ। 'ਆਪ' ਤੇ ਲੋਕ ਇਨਸਾਫ ਪਾਰਟੀ ਵੱਲੋਂ ਵੀ ਉਮੀਦਵਾਰ ਖੜ੍ਹੇ ਕੀਤੇ ਗਏ ਹਨ ਪਰ ਉਨ੍ਹਾਂ ਦੀ ਰੜਕਵੀਂ ਹਾਜ਼ਰੀ ਨਹੀਂ। ਬਸਪਾ ਦੇ ਉਮੀਦਵਾਰ ਠੇਕੇਦਾਰ ਭਗਵਾਨ ਦਾਸ ਮੁਕਾਬਲੇ 'ਚ ਆ ਖੜ੍ਹੇ ਦੱਸੇ ਜਾਂਦੇ ਹਨ। ਪਿੱਛੇ ਹੋਈ ਲੋਕ ਸਭਾ ਚੋਣ ਸਮੇਂ ਬਸਪਾ ਨੂੰ ਇਸ ਹਲਕੇ ਦੀ 29,738 ਵੋਟ ਪਏ ਸਨ। ਉਸ ਤੋਂ ਬਾਅਦ ਦਿੱਲੀ 'ਚ ਰਵਿਦਾਸ ਮੰਦਰ ਢਾਹੇ ਜਾਣ ਬਾਅਦ ਰਵਿਦਾਸ ਭਾਈਚਾਰੇ ਦੀ ਸਰਗਰਮੀ ਵਧੀ ਹੈ ਤੇ ਨਾਲ ਹੁਣ ਇਸ ਖੇਤਰ ਦੇ ਰਵਿਦਾਸ ਭਾਈਚਾਰੇ ਨਾਲ ਸਬੰਧਤ ਲਗਭਗ ਸਾਰੇ ਹੀ ਧਾਰਮਿਕ ਆਗੂ ਬਸਪਾ ਦੀ ਹਮਾਇਤ 'ਚ ਉਤਰ ਆਏ ਹਨ ਤੇ ਰਵਿਦਾਸ ਭਾਈਚਾਰੇ ਦੀ ਵੋਟ ਲੋਕ ਸਭਾ ਚੋਣ ਨਾਲੋਂ ਵੀ ਵਧੇਰੇ ਇਕਜੁੱਟ ਹੋਈ ਨਜ਼ਰ ਆ ਰਹੀ ਹੈ। ਇਸ ਫੈਕਟਰ ਕਾਰਨ ਫਗਵਾੜਾ ਹਲਕੇ ਦਾ ਚੋਣ ਦ੍ਰਿਸ਼ ਦਿਲਚਸਪ ਤੇ ਤਿਕੋਣੀ ਟੱਕਰ ਵਾਲਾ ਬਣ ਗਿਆ ਹੈ।

ਮੁਕੇਰੀਆਂ ਹਲਕੇ 'ਚ ਭਾਵੇਂ ਵਿਧਾਨ ਸਭਾ ਚੋਣ ਕਾਂਗਰਸ ਨੇ ਵੱਡੇ ਫਰਕ ਨਾਲ ਜਿੱਤੀ ਸੀ ਪਰ ਪੁਲਵਾਮਾ ਘਟਨਾ ਤੇ ਬਾਲਾਕੋਟ ਦੀ ਕਾਰਵਾਈ ਤੋਂ ਬਾਅਦ ਹੋਈ ਲੋਕ ਸਭਾ ਚੋਣ ਵਿਚ ਭਾਜਪਾ ਉਮੀਦਵਾਰ ਇਥੋਂ 37 ਹਜ਼ਾਰ ਤੋਂ ਵਧੇਰੇ ਵੋਟਾਂ ਨਾਲ ਅੱਗੇ ਰਹੇ ਸਨ। ਭਾਜਪਾ ਆਗੂ ਹੁਣ ਵੀ ਦਾਅਵਾ ਕਰਦੇ ਹਨ ਕਿ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਵਰਗੇ ਚੁੱਕੇ ਕਦਮਾਂ ਨਾਲ ਭਾਜਪਾ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ।

## ਕਾਂਗਰਸੀ ਉਮੀਦਵਾਰ ਦੀ ਅਮੀਰੀ ਦੇ ਚਰਚੇ

**ਫਾਜ਼ਿਲਕਾ:** ਜਲਾਲਾਬਾਦ ਹਲਕੇ ਦੀ ਜ਼ਿਮਨੀ ਚੋਣ ਵਿਚ ਲੋਕ ਮੁੱਦੇ ਗਾਇਬ ਹਨ ਪਰ ਕਾਂਗਰਸੀ ਉਮੀਦਵਾਰ ਰਮਿੰਦਰ ਸਿੰਘ ਆਵਲਾ ਦੀ ਅਮੀਰੀ ਦੇ ਚਰਚੇ ਜ਼ੋਰਾਂ ਉਤੇ ਹਨ। ਕਾਂਗਰਸੀ ਆਗੂ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਪਾਰਟੀ ਉਮੀਦਵਾਰ ਦੇ ਅਮੀਰ ਹੋਣ ਅਤੇ ਜਿੱਤ ਮਗਰੋਂ



ਵੱਡੀ ਇੰਡਸਟਰੀ ਲਾਉਣ ਦਾ ਪ੍ਰਚਾਰ ਕਰ ਰਹੇ ਹਨ। ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਮਹਿੰਦਰ ਸਿੰਘ ਕਚੂਰਾ ਨੇ ਆਪਣੇ ਪੋਸਟਰਾਂ 'ਤੇ 'ਅਮੀਰ ਬਨਾਮ ਜ਼ਮੀਰ' ਵਿਚਾਲੇ ਮੁਕਾਬਲੇ ਦਾ ਬਿਗਲ ਵਜਾਇਆ ਹੈ।

ਉਨ੍ਹਾਂ ਲੋਕਾਂ ਨੂੰ ਆਖਿਆ ਕਿ ਉਹ ਧਨਾਢ ਦੀ ਗੱਲ ਸੁਣਨ ਦੀ ਬਜਾਏ ਆਪਣੀ ਜ਼ਮੀਰ ਦੀ ਆਵਾਜ਼ ਸੁਣਨ। ਜਾਣਕਾਰੀ ਅਨੁਸਾਰ ਸ੍ਰੀ ਆਵਲਾ ਨੇ ਨਾਮਜ਼ਦਗੀ ਪੱਤਰ ਵਿਚ ਜਿਹੜੀ ਆਪਣੀ ਕੁੱਲ ਜਾਇਦਾਦ ਦਾ ਵੇਰਵਾ ਦਿੱਤਾ ਹੈ, ਉਸ ਮੁਤਾਬਕ ਉਹ ਪ੍ਰਨੀਤ ਕੌਰ ਨਾਲੋਂ ਵੀ ਅਮੀਰ ਹਨ। ਚੋਣ ਅਧਿਕਾਰੀ ਕੋਲ ਜਮ੍ਹਾਂ ਕਰਵਾਏ ਹਲਫ਼ਨਾਮੇ 'ਚ ਕਾਂਗਰਸੀ ਉਮੀਦਵਾਰ ਰਮਿੰਦਰ ਆਵਲਾ ਨੇ ਆਪਣੀ ਕੁੱਲ ਜਾਇਦਾਦ 234 ਕਰੋੜ 83 ਲੱਖ 23 ਹਜ਼ਾਰ ਰੁਪਏ ਦੱਸੀ ਹੈ। ਆਵਲਾ ਕੋਲ ਆਪਣੇ ਹਿੱਸੇ ਦੀ ਕੁੱਲ 102 ਕਰੋੜ 10 ਲੱਖ 99 ਹਜ਼ਾਰ ਦੀ ਜਾਇਦਾਦ ਹੈ, ਜਦਕਿ ਉਨ੍ਹਾਂ ਦੀ ਪਤਨੀ ਨੀਤੂ ਕੋਲ 132 ਕਰੋੜ 72 ਲੱਖ 24 ਹਜ਼ਾਰ ਦੀ ਕੁੱਲ ਜਾਇਦਾਦ ਹੈ। ਜਾਇਦਾਦ ਦੇ ਮਾਮਲੇ ਵਿਚ ਉਨ੍ਹਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਆਵਲਾ ਪਰਿਵਾਰ ਕੋਲ ਵੀ 48 ਕਰੋੜ 96 ਲੱਖ 95 ਹਜ਼ਾਰ, ਜਦਕਿ ਪੁੱਤਰ ਕੋਲ 8.44 ਲੱਖ ਰੁਪਏ ਦੀ ਜਾਇਦਾਦ ਹੈ।

ਲੰਘੀਆਂ ਚੋਣਾਂ ਵਿਚ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਵੱਲੋਂ 217 ਕਰੋੜ ਜਾਇਦਾਦ ਐਲਾਨੀ ਗਈ ਸੀ। ਇਸੇ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਪ੍ਰਨੀਤ ਨੇ 86 ਕਰੋੜ 33 ਲੱਖ ਦੀ ਜਾਇਦਾਦ ਦਾ ਖੁਲਾਸਾ ਕੀਤਾ ਸੀ। ਜਾਣਕਾਰੀ ਅਨੁਸਾਰ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਅਧੂਰੇ ਰਹਿ ਗਏ ਵਿਕਾਸ ਕਾਰਜਾਂ ਨੂੰ ਪੂਰੇ ਕਰਨ ਲਈ ਕਾਂਗਰਸੀ ਉਮੀਦਵਾਰ ਵੱਲੋਂ ਸਰਕਾਰੀ ਗ੍ਰਾਂਟ ਨਾ ਆਉਣ ਉਤੇ ਆਪਣੇ ਕੋਲੋਂ ਪੈਸੇ ਖਰਚ ਕੇ ਵਾਅਦੇ ਪੂਰੇ ਕਰਨ ਦੀ ਗੱਲ ਕਹੀ ਜਾ ਰਹੀ ਹੈ।

## ਉਮੀਦਵਾਰਾਂ ਨੇ ਲੋਕ ਮੁੱਦੇ ਖੂੰਜੇ ਲਾਏ

**ਮੁਕੇਰੀਆਂ:** ਜ਼ਿਮਨੀ ਚੋਣ ਦੌਰਾਨ ਉਮੀਦਵਾਰਾਂ ਵੱਲੋਂ ਹਲਕੇ ਦੇ ਲੋਕਾਂ ਦੇ ਗੰਭੀਰ ਮੁੱਦਿਆਂ ਨੂੰ ਸਿਆਸੀ ਮੁੱਦੇ ਨਹੀਂ ਬਣਾਇਆ ਗਿਆ। ਬਿਆਸ ਦਰਿਆ, ਸਵਾਂ ਨਦੀ ਤੇ ਪਿੰਡਾਂ ਸਮੇਤ ਸਰਕਾਰੀ ਜ਼ਮੀਨਾਂ ਉਤੇ ਨਾਜਾਇਜ਼ ਖਣਨ, ਹਿਮਾਚਲ ਤੋਂ ਪੰਜਾਬ ਨੂੰ ਹੁੰਦੀ ਨਸ਼ਾ ਤਸਕਰੀ ਅਤੇ ਕੰਢੀ ਦੇ ਨੌਜਵਾਨਾਂ ਨੂੰ ਆਪਣੀ ਗ੍ਰਿਫਤ 'ਚ ਲੈ ਰਿਹਾ ਮੈਡੀਕਲ ਨਸ਼ਾ, ਗੰਨਾ ਕਿਸਾਨਾਂ ਦੇ ਬਕਾਏ, ਸਿਵਲ ਹਸਪਤਾਲ ਅੰਦਰ ਟਰੌਮਾ ਵਾਰਡ, ਸਰਕਾਰੀ ਕਾਲਜ ਦੀ ਅਣਹੋਂਦ, ਖੇਡ ਸਟੇਡੀਅਮ ਦੀ ਘਾਟ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੇ ਚੋਣ ਮੁੱਦਿਆਂ ਵਿਚੋਂ ਮਨਫੀ ਹਨ।

ਕਾਂਗਰਸ ਪਾਰਟੀ, ਹਮਦਰਦੀ ਦੀ ਵੋਟ ਅਤੇ ਮਰਹੂਮ ਡਾ. ਕੇਵਲ ਕ੍ਰਿਸ਼ਨ ਵੱਲੋਂ ਇਲਾਕੇ 'ਚ ਲਿਆਂਦੇ ਵੱਡੇ ਪ੍ਰੋਜੈਕਟਾਂ ਅਤੇ ਮਰਹੂਮ ਰਜਨੀਸ਼ ਕੁਮਾਰ ਬੱਬੀ ਵੱਲੋਂ ਪਿਛਲੇ ਢਾਈ ਸਾਲਾਂ ਵਿਚ ਦਿੱਤੇ ਫੰਡਾਂ ਆਦਿ ਦੇ ਮੁੱਦਿਆਂ ਉਤੇ ਜੰਗ ਜਿੱਤਣਾ ਚਾਹੁੰਦੀ ਹੈ। ਭਾਜਪਾ, ਧਾਰਾ 370 ਲਾਗੂ ਕਰਨ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਨਸ਼ੇ ਖਤਮ ਕਰਨ ਸਮੇਤ ਕੀਤੇ ਹੋਰ ਵਾਅਦਿਆਂ ਤੋਂ ਮੁੱਕਰਨ ਬਾਰੇ ਪ੍ਰਚਾਰ ਕਰ ਰਹੀ ਹੈ। ਆਮ ਆਦਮੀ ਪਾਰਟੀ (ਆਪ) ਵੀ ਦਿੱਲੀ ਦੀ ਤਰਜ਼ ਉਤੇ ਸਹੂਲਤਾਂ ਦੇਣ ਦੀ ਮੰਗ ਕਰਦੀ ਹੋਈ ਮੁੱਖ ਮੰਤਰੀ ਵੱਲੋਂ ਵਾਅਦਿਆਂ ਤੋਂ ਮੁੱਕਰਨ ਦੇ ਮੁੱਦੇ ਉਠਾ ਰਹੀ ਹੈ।

# ਹਰਿਆਣਾ: ਅਕਾਲੀ-ਭਾਜਪਾ ਆਗੂਆਂ ਨੇ ਲਾਇਆ ਇਕ-ਦੂਜੇ ਨਾਲ ਆਢਾ

**ਕਾਲਾਂਵਾਲੀ:** ਹਰਿਆਣਾ ਚੋਣਾਂ ਵਿਚ ਅਕਾਲੀ ਦਲ ਬਾਦਲ ਤੇ ਭਾਜਪਾ ਆਹਮੋ ਸਾਹਮਣੇ ਹਨ। ਦੋਵੇਂ ਧਿਰਾਂ ਵੱਲੋਂ ਚੋਣ ਪ੍ਰਚਾਰ ਦੌਰਾਨ ਇਕ ਦੂਜੇ ਨੂੰ ਘੇਰਿਆ ਜਾ ਰਿਹਾ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਹੈ ਕਿ ਅਕਾਲੀ ਦਲ ਹਰਿਆਣਾ ਨੂੰ ਐਸ. ਵਾਈ. ਐਲ. ਦਾ ਪਾਣੀ ਦਿਵਾਉਣ 'ਚ ਮਦਦ ਕਰੇ ਤਾਂ ਉਹ ਦੋ-ਤਿੰਨ ਸੀਟਾਂ ਉਨ੍ਹਾਂ ਨੂੰ ਵੈਸੇ ਹੀ ਦੇ ਦੇਣਗੇ।

ਭਾਜਪਾ ਉਮੀਦਵਾਰ ਬਲਕੌਰ ਸਿੰਘ ਦੇ ਹੱਕ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਸਮਝੌਤੇ ਲਈ ਸਾਡੇ ਅੱਗੇ-ਪਿੱਛੇ ਫਿਰਦਾ ਰਿਹਾ ਪਰ ਅਸੀਂ ਸਮਝੌਤਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜੇਕਰ ਐਸ.ਵਾਈ.ਐਲ. ਦੀ ਖੁਦਾਈ ਵਿਚ ਕੋਈ ਅੜਚਨ ਨਾ ਪਾਉਣ ਦਾ ਬਿਆਨ ਜਾਰੀ ਕਰਦਾ ਹੈ ਤਾਂ ਭਾਜਪਾ ਕਾਲਾਂਵਾਲੀ ਹਲਕੇ ਨੂੰ ਛੱਡ ਕੇ ਅਕਾਲੀ ਦਲ ਦੇ ਉਮੀਦਵਾਰਾਂ ਖਿਲਾਫ ਚੋਣ ਲੜ ਰਹੇ ਆਪਣੇ ਉਮੀਦਵਾਰਾਂ ਨੂੰ ਵਾਪਸ ਸੱਦ ਲਵੇਗੀ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ





ਕਾਲਾਂਵਾਲੀ ਤੋਂ ਪਿਛਲੀ ਵਾਰ ਭਾਜਪਾ ਦਾ ਉਮੀਦਵਾਰ ਰਿਹਾ ਰਜਿੰਦਰ ਸਿੰਘ ਦੇਸੂਜੋਧਾ ਅਤੇ ਉਸ ਦਾ ਖਾਨਦਾਨ ਕਥਿਤ ਤੌਰ 'ਤੇ ਨਸ਼ੇ ਦੇ ਕਾਰੋਬਾਰ ਵਿਚ ਫਸੇ ਹੋਏ ਹਨ ਜਿਸ ਕਰਕੇ ਪਾਰਟੀ ਨੇ ਉਸ ਨੂੰ ਟਿਕਟ ਨਹੀਂ ਦਿੱਤੀ।

ਜ਼ਿਕਰਯੋਗ ਹੈ ਕਿ ਬਲਕੌਰ ਸਿੰਘ ਪਿਛਲੀ ਵਿਧਾਨ ਸਭਾ 'ਚ ਅਕਾਲੀ ਦਲ ਦਾ ਵਿਧਾਇਕ ਸੀ ਜਦਕਿ ਦੇਸੂਜੋਧਾ ਐਤਕੀਂ ਅਕਾਲੀ ਦਲ ਦੀ ਟਿਕਟ ਤੋਂ ਚੋਣ ਲੜ ਰਿਹਾ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਬਲਕੌਰ ਸਿੰਘ ਚੰਗਾ, ਸ਼ਰੀਫ, ਇਮਾਨਦਾਰ ਅਤੇ ਮਿਹਨਤੀ ਵਿਅਕਤੀ ਹੈ।

ਭਾਜਪਾ ਨੇ ਸਰਕਾਰ ਬਣਾਉਣ ਲਈ 75 ਤੋਂ ਵੱਧ ਸੀਟਾਂ ਜਿੱਤਣ ਦਾ ਟੀਚਾ ਮਿਥਿਆ ਹੈ। ਹਰਿਆਣਾ ਵਿਚ ਭਾਜਪਾ ਵੱਲੋਂ ਚੋਣ ਸਮਝੌਤਾ ਤੋੜਨ ਬਾਅਦ ਭਾਜਪਾ ਅਤੇ ਅਕਾਲੀ ਦਲ ਵਿਚ ਕੁੜੱਤਣ ਪੈਦਾ ਹੋ ਚੁੱਕੀ ਹੈ। ਭਾਜਪਾ ਨੇ ਅਕਾਲੀ ਦਲ ਦੇ ਹਰਿਆਣਾ ਵਿਚ ਇਕੋ ਇਕ ਵਿਧਾਇਕ ਬਲਕੌਰ ਸਿੰਘ ਨੂੰ ਪਾਰਟੀ ਵਿਚ ਸ਼ਾਮਲ ਕਰ ਲਿਆ ਹੈ ਅਤੇ ਇਸ ਦਾ ਅਕਾਲੀ ਦਲ ਨੇ ਬੁਰਾ ਮਨਾਇਆ ਹੈ ਅਤੇ ਇਸ ਨੂੰ ਅਨੈਤਿਕ ਕਰਾਰ ਦਿੱਤਾ ਹੈ। ਅਤੇ ਭਾਜਪਾ ਉੱਤੇ ਦੋਸ਼ ਲਾਇਆ ਹੈ ਕਿ ਉਹ ਸਮਝੌਤੇ ਤੋਂ ਭੱਜ ਗਈ ਹੈ।

ਬਾਅਦ ਵਿਚ ਅਕਾਲੀ ਦਲ ਨੇ ਤਿੰਨ ਸੀਟਾਂ ਉਤੇ ਇਨੈਲੋ ਨਾਲ ਗੱਠਜੋੜ ਦਾ ਐਲਾਨ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਨੇ ਦਰੀਆਪੁਰ ਵਿਚ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਇਹ ਭੁਲੇਖਾ ਹੀ ਹੈ ਕਿ ਹਰਿਆਣਾ ਵਿਚ ਭਾਜਪਾ ਦੇ ਹੱਕ ਵਿਚ ਹਵਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਪਿੰਡਾਂ ਦੇ ਲੋਕਾਂ ਦੀ ਪਾਰਟੀ ਹੈ। ਉਨ੍ਹਾਂ ਲੋਕਾਂ ਤੋਂ ਮੰਗ ਕੀਤੀ ਕਿ ਉਹ ਪਾਰਟੀ ਉਮੀਦਵਾਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ।

## ਸਰਕਾਰ ਬਣਾਉਣ ਦੇ ਭੁਲੇਖੇ ਛੱਡੇ ਭਾਜਪਾ: ਸੁਖਬੀਰ

**ਰਤੀਆ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਭਾਜਪਾ 'ਤੇ ਲੁਕਵਾਂ ਹਮਲਾ ਕਰਦਿਆਂ ਕਿਹਾ ਕਿ ਜੋ ਹਰਿਆਣਾ ਵਿਚ ਮੁੜ ਸਰਕਾਰ ਬਣਾਉਣ ਦੀ ਆਸ ਲਾਈ ਬੈਠੇ ਹਨ, ਉਹ ਵਿਰੋਧੀ ਧਿਰ ਵਿਚ ਬੈਠਣ ਲਈ ਤਿਆਰ ਰਹਿਣ। ਰਤੀਆ ਵਿਧਾਨ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਕੁਲਵਿੰਦਰ ਸਿੰਘ ਕੁਨਾਲ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹਰਿਆਣਾ ਵਿਚ ਸਥਿਤੀ ਤੇਜ਼ੀ ਨਾਲ ਬਦਲ ਰਹੀ ਹੈ ਜੋ ਸਰਕਾਰ ਬਣਾਉਣ ਬਾਰੇ ਸੋਚਦੇ ਨੇ, ਉਹ ਵਿਰੋਧੀ ਧਿਰ ਵਿਚ ਬੈਠਣਗੇ। ਚੰਡੀਗੜ੍ਹ ਵਿਚ ਭਾਜਪਾ ਵੱਲੋਂ ਜਾਰੀ ਕੀਤੇ ਚੋਣ ਘੋਸ਼ਣਾ ਪੱਤਰ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਜਦੋਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੀ ਨਹੀਂ ਬਣ ਰਹੀ ਤਾਂ ਫਿਰ ਟਿੱਪਣੀ ਕਰਨ ਦੀ ਕੋਈ ਲੋੜ ਨਹੀਂ ਰਹਿੰਦੀ।

# ਹਰਿਆਣਾ ਵਿਚ ਬਾਗੀਆਂ ਨੇ ਕਾਂਗਰਸ ਦਾ ਫਿਕਰ ਵਧਾਇਆ

ਚੰਡੀਗੜ੍ਹ: ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਤੋਂ ਕੁਝ ਹੀ ਦਿਨ ਪਹਿਲਾਂ ਕਾਂਗਰਸ ਨੂੰ ਕਈ ਸਿਆਸੀ ਝਟਕੇ ਲੱਗੇ, ਸਾਬਕਾ ਉਪ ਪ੍ਰਧਾਨ ਮੰਤਰੀ ਸਵ. ਚੌਧਰੀ ਦੇਵੀ ਲਾਲ ਦੇ ਪੁਰਾਣੇ ਚੇਲੇ ਪ੍ਰੋ. ਸੰਪਤ ਸਿੰਘ ਕਾਂਗਰਸ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ ਜਦਕਿ ਸਾਬਕਾ ਚੀਫ ਪਾਰਲੀਮੈਂਟਰੀ ਸਕੱਤਰ ਰਣ ਸਿੰਘ ਮਾਨ ਨੇ ਜੇ.ਜੇ.ਪੀ. ਦਾ ਪੱਲਾ ਫੜ ਲਿਆ ਹੈ।

ਇਹ ਦੋਵੇਂ ਕ੍ਰਮਵਾਰ ਜ਼ਿਲ੍ਹਾ ਹਿਸਾਰ ਦੇ ਨਲਵਾ ਤੇ ਜ਼ਿਲ੍ਹਾ ਭਿਵਾਨੀ ਦੇ ਹਲਕਾ ਬਾਧੜਾ ਤੋਂ ਕਾਂਗਰਸ ਟਿਕਟ ਦੇ ਇੱਛੁਕ ਸਨ। ਸੰਪਤ ਸਿੰਘ ਨੇ ਆਪਣਾ ਸਿਆਸੀ ਜੀਵਨ ਚੌਧਰੀ ਦੇਵੀ ਲਾਲ ਦੇ ਸਕੱਤਰ ਵਜੋਂ ਸ਼ੁਰੂ ਕੀਤਾ ਸੀ ਤੇ ਉਹ ਇਕ ਵਾਰ ਹਰਿਆਣਾ ਵਿਧਾਨ ਸਭਾ 'ਚ ਵਿਰੋਧੀ ਦਲ ਦੇ ਨੇਤਾ ਵੀ ਰਹਿ ਚੁੱਕੇ ਹਨ। ਉਧਰ ਰਣ ਸਿੰਘ ਮਾਨ, ਜੋ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਬੁਲਾਰੇ ਵਜੋਂ ਚੰਡੀਗੜ੍ਹ 'ਚ ਲੰਬਾ ਸਮਾਂ ਕੰਮ ਕਰਦੇ ਰਹੇ ਪਰ ਉਨ੍ਹਾਂ ਨੂੰ ਵੀ ਟਿਕਟ ਨਾ ਦਿੱਤੀ ਗਈ, ਇਸ ਲਈ ਉਨ੍ਹਾਂ ਨੇ ਵੀ ਪਾਰਟੀ ਨੂੰ ਅਲਵਿਦਾ ਆਖ ਦਿੱਤਾ।



ਉਧਰ, ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸ਼ੈਲਜਾ ਨੇ ਪਾਰਟੀ ਦੇ 16 ਬਾਗੀ ਉਮੀਦਵਾਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ।

ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਅਧਿਕਾਰਤ ਉਮੀਦਵਾਰਾਂ ਵਿਰੁੱਧ ਇਹ ਚੋਣ ਮੈਦਾਨ ਵਿਚ ਹਨ। ਕੱਢੇ ਗਏ ਉਮੀਦਵਾਰਾਂ ਵਿਚ ਸਾਬਕਾ ਮੰਤਰੀ ਨਿਰਮਲ ਸਿੰਘ, ਸਾਬਕਾ ਡਿਪਟੀ ਸਪੀਕਰ ਆਜ਼ਾਦ ਮੁਹੰਮਦ ਅਤੇ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਜ਼ਿਲ੍ਹੇ ਰਾਮ ਸ਼ਰਮਾ ਸਣੇ ਹੋਰ ਸ਼ਾਮਲ ਹਨ।

ਹਰਿਆਣਾ ਵਿਚ ਕਾਂਗਰਸ ਦੀ ਪ੍ਰਧਾਨਗੀ ਤੋਂ ਉਤਾਰੇ ਗਏ ਅਸ਼ੋਕ ਤੰਵਰ ਨੇ ਦੋਸ਼ ਲਾਇਆ ਹੈ ਕਿ ਹਰਿਆਣਾ ਵਿਚ ਵਿਧਾਨ ਸਭਾ ਦੀਆਂ ਚੋਣਾਂ ਲਈ ਕਾਂਗਰਸ ਦੀਆਂ ਟਿਕਟਾਂ ਵੇਚੀਆਂ ਗਈਆਂ। ਇਸ ਸਬੰਧੀ ਉਨ੍ਹਾਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦਾ ਵਿਸ਼ੇਸ਼ ਤੌਰ ਉਤੇ ਨਾਂ ਲਿਆ। ਉਨ੍ਹਾਂ ਕਿਹਾ ਕਿ ਮੈਂ ਹੁਣ ਖੁੱਲ੍ਹ ਕੇ ਕਾਂਗਰਸ ਦੀ ਵਿਰੋਧਤਾ ਤੇ ਦੂਜੀਆਂ ਪਾਰਟੀਆਂ ਦੇ ਚੰਗੇ ਉਮੀਦਵਾਰਾਂ ਦੀ ਸਹਾਇਤਾ ਕਰਾਂਗਾ। ਦਿਲਚਸਪ ਗੱਲ ਇਹ ਹੈ ਕਿ ਅਸ਼ੋਕ ਤੰਵਰ ਨੇ ਇਥੋਂ ਤੱਕ ਕਿਹਾ ਕਿ ਕਾਂਗਰਸ ਦੀਆਂ 22 ਟਿਕਟਾਂ ਵੇਚੀਆਂ ਗਈਆਂ।

## ਭੂਸ਼ਨ ਸਟੀਲ ਦੀ 4000 ਕਰੋੜ ਤੋਂ ਵੱਧ ਦੀ ਸੰਪਤੀ ਜ਼ਬਤ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜਾਣਕਾਰੀ ਦਿੱਤੀ ਹੈ ਕਿ ਉਸ ਨੇ ਬੈਂਕ ਧੋਖਾਧੜੀ ਨਾਲ ਸਬੰਧਤ ਇਕ ਮਾਮਲੇ ਵਿਚ ਭੂਸ਼ਨ ਪਾਵਰ ਅਤੇ ਸਟੀਲ ਲਿਮਿਟਡ ਦੀ 4025 ਕਰੋੜ ਰੁਪਏ ਦੀ ਸੰਪਤੀ ਜ਼ਬਤ ਕਰ ਲਈ ਹੈ।

ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਬੈਂਕ ਨਾਲ ਜੁੜੇ ਮਾਮਲੇ ਵਿਚ ਜ਼ਬਤ ਕੀਤੀ ਜਾਇਦਾਦ ਵਿਚ ਕੰਪਨੀ ਦਾ ਉੜੀਸਾ ਵਿਚ ਪਲਾਂਟ, ਇਮਾਰਤ, ਜ਼ਮੀਨ ਅਤੇ ਹੋਰ ਮਸ਼ੀਨਰੀ ਸ਼ਾਮਲ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਜਪੁਜੀ ਸਾਹਿਬ ਦਾ 19 ਭਾਸ਼ਾਵਾਂ 'ਚ ਅਨੁਵਾਦ

**ਨਵੀਂ ਦਿੱਲੀ:** ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁਜੀ ਸਾਹਿਬ' ਦਾ ਦੁਨੀਆਂ ਦੀਆਂ 19 ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ, ਜਿਸ ਨੂੰ 550ਵੇਂ ਪ੍ਰਕਾਸ਼ ਪੁਰਬ ਮੌਕੇ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਨੂੰ ਸੌਂਪਿਆ ਜਾਵੇਗਾ।

ਸਿੱਖ ਧਰਮ ਇੰਟਰਨੈਸ਼ਨਲ (ਐਸ. ਡੀ. ਆਈ.) ਨੇ ਦੁਨੀਆਂ ਭਰ ਵਿਚ ਵੱਸੇ ਭਾਈਚਾਰੇ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਲ ਬਾਣੀ 'ਜਪੁਜੀ ਸਾਹਿਬ' ਦਾ ਅੰਗਰੇਜ਼ੀ ਅਤੇ ਵਿਸ਼ਵ ਦੀਆਂ ਹੋਰਨਾਂ 18 ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਹੈ। 'ਜਪੁਜੀ ਸਾਹਿਬ- ਦਾ ਲਾਈਟ ਆਫ ਗੁਰੂ ਨਾਨਕ ਫਾਰ ਦ ਵਰਲਡ' ਸਿਰਲੇਖ ਦੀਆਂ ਇਨ੍ਹਾਂ ਕਿਤਾਬਾਂ ਦੇ ਰੰਗੀਨ ਕਵਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਹੈ, ਜਿਸ ਦੇ ਚਾਰੇ ਪਾਸੇ ੴ ਦਾ ਪਵਿੱਤਰ ਨਿਸ਼ਾਨ ਹੈ। ਚਾਂਦੀ ਦੇ ਕਵਰ 'ਤੇ ਸੁੰਦਰ ਵੇਲ-ਬੂਟੇ ਤਰਾਸ਼ੇ ਗਏ ਹਨ ਅਤੇ ਇਸ ਨੂੰ ਮੋਤੀਆਂ ਅਤੇ ਕੀਮਤੀ ਨਗਾਂ ਨਾਲ ਸਜਾਇਆ ਗਿਆ ਹੈ।

ਹਰੇਕ ਕਿਤਾਬ ਦੇ 400 ਪੰਨਿਆਂ ਨੂੰ ਬਹੁਤ ਕਲਾਤਮਿਕ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਅਤੇ ਇਸ ਦੇ ਕਿਨਾਰਿਆਂ 'ਤੇ ਉਸ ਦੇਸ਼ ਦੇ ਫੁੱਲਾਂ ਦੇ ਚਿੱਤਰ ਤਰਾਸ਼ੇ ਗਏ ਹਨ ਜਿਸ ਦੇਸ਼ ਦੀ ਭਾਸ਼ਾ ਵਿਚ ਇਸ ਦਾ ਅਨੁਵਾਦ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਅਮਰੀਕਾ ਵਿਚ 1973 ਵਿਚ ਸਥਾਪਤ ਐਸ.ਡੀ.ਆਈ. ਨਾਲ ਸਬੰਧਤ ਸ਼ਾਂਤੀ ਕੌਰ ਖਾਲਸਾ ਨੇ ਦਿੱਤੀ।

# ਹਿੰਦੂ ਰਾਸ਼ਟਰ ਵਾਲੀ ਸੋਚ ਦੇਸ਼ ਲਈ ਘਾਤਕ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਵੱਲੋਂ ਭਾਰਤ ਨੂੰ ਹਿੰਦੂ ਰਾਸ਼ਟਰ ਦੱਸੇ ਜਾਣ ਦਾ ਮਾਮਲਾ ਗਰਮਾਉਣ ਲੱਗਾ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਰ.ਐਸ.ਐਸ ਨੂੰ ਇਕੱਲੇ ਸਿੱਖਾਂ ਲਈ ਹੀ ਨਹੀਂ, ਸਗੋਂ ਭਾਰਤ ਅੰਦਰ ਘੱਟ ਗਿਣਤੀ 'ਚ ਰਹਿ ਰਹੇ ਸਮੂਹ ਭਾਈਚਾਰਿਆਂ ਦੇ ਲੋਕਾਂ ਲਈ ਵੱਡਾ ਖਤਰਾ ਕਰਾਰ ਦਿੰਦਿਆਂ ਕਿਹਾ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵੱਲੋਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰਨਾ ਹਿੰਦੁਸਤਾਨ ਲਈ ਬਹੁਤ ਘਾਤਕ ਸਿੱਧ ਹੋਵੇਗਾ।

ਜਥੇਦਾਰ ਨੇ ਕਿਹਾ ਕਿ ਆਰ.ਐਸ.ਐਸ ਵਰਗੀ ਜਥੇਬੰਦੀ ਉਤੇ ਤੁਰਤ ਰੋਕ ਲਗਾਉਣੀ ਚਾਹੀਦੀ ਹੈ ਕਿਉਂਕਿ ਉਸ ਦੇਸ਼ ਜਿਥੇ ਬਹੁਤ ਸਾਰੀਆਂ ਬੋਲੀਆਂ, ਬਹੁਤ ਸਾਰੇ ਅਕੀਦੇ, ਬਹੁਤ ਸਾਰੇ ਵਿਸ਼ਵਾਸ ਹੋਣ, ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਗੱਲ ਕਰਨਾ ਬਹੁਤ ਜ਼ਿਆਦਾ ਮੰਦਭਾਗਾ ਤੇ ਘਾਤਕ ਸਿੱਧ ਹੋਵੇਗਾ। ਦੱਸ ਦਈਏ ਕਿ ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਆਖਿਆ ਸੀ ਕਿ ਸੰਘ ਆਪਣੇ ਇਸ ਨਜ਼ਰੀਏ 'ਤੇ ਅੱਜ ਵੀ ਕਾਇਮ ਹੈ ਕਿ 'ਭਾਰਤ ਇਕ ਹਿੰਦੂ ਰਾਸ਼ਟਰ' ਹੈ ਅਤੇ ਜੇਕਰ ਹਿੰਦੂ ਚਾਹੁੰਦੇ ਹਨ ਕਿ ਦੁਨੀਆਂ ਉਨ੍ਹਾਂ ਦੀ ਗੱਲ ਸੁਣੇ ਤਾਂ ਉਨ੍ਹਾਂ ਨੂੰ ਇਕਜੁਟ ਹੋਣ ਦੀ ਜ਼ਰੂਰਤ ਹੈ। ਦੇਸ਼ ਦੇ ਮਾਣ ਅਤੇ ਅਮਨ ਲਈ ਕੰਮ ਕਰ ਰਹੇ ਸਾਰੇ ਭਾਰਤੀ ਹਿੰਦੂ ਹਨ। ਜੋ ਭਾਰਤ ਦੇ ਹਨ, ਜੋ ਭਾਰਤੀ ਪੁਰਖਿਆਂ ਦੇ ਵੰਸ਼ਜ ਹਨ ਅਤੇ ਸਾਰੀਆਂ ਵੰਨ-ਸੁਵੰਨਤਾਵਾਂ ਨੂੰ ਸਵੀਕਾਰ ਕਰਦਿਆਂ ਮਿਲਜੁਲ ਕੇ ਦੇਸ਼ ਦੇ ਵਿਕਾਸ ਤੇ ਮਨੁੱਖਤਾ 'ਚ ਸ਼ਾਂਤੀ ਵਧਾਉਣ ਦੀ ਦਿਸ਼ਾ ਵੱਲ ਕੰਮ ਕਰ ਰਹੇ ਹਨ, ਉਹ ਸਾਰੇ ਭਾਰਤੀ ਹਿੰਦੂ ਹਨ।

ਉਧਰ, ਡਾ. ਅੰਬੇਡਕਰ ਕਰਮਚਾਰੀ ਮਹਾਂਸੰਘ, ਪੰਜਾਬ ਤੇ ਕੇਂਦਰੀ ਪੰਜਾਬੀ ਲੇਖਕ ਸਭਾ 'ਸੇਖੋਂ' ਨੇ ਆਰ.ਐਸ.ਐਸ. ਦੀ ਥੋਪੀ ਜਾ ਰਹੀ ਸੋਚ ਨਾਲ ਅਸਹਿਮਤੀ ਜ਼ਾਹਰ ਕਰਦਿਆਂ ਆਰ. ਐਸ. ਐਸ. ਨੂੰ ਮੁਲਕ ਤੇ ਬਹੁ-ਭਾਂਤੀ ਸੱਭਿਆਚਾਰ ਪੱਖੋਂ ਹੋਸ਼ 'ਚ ਰਹਿਣ ਦੀ ਨਸੀਹਤ ਦਿੱਤੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸੂਬਾ ਪ੍ਰਧਾਨ ਡਾ. ਤੇਜਵੰਤ ਮਾਨ ਤੇ ਡਾ. ਭਗਵੰਤ ਸਿੰਘ ਨੇ ਬਿਆਨ 'ਤੇ ਅਸਹਿਮਤੀ ਜਤਾਉਂਦਿਆ ਆਖਿਆ ਹੈ ਕਿ ਆਰ.ਐਸ.ਐਸ. ਮੁਖੀ ਤੇ ਇਸ ਦੇ ਕਾਰਕੁਨਾਂ ਨੂੰ ਹੋਸ਼ 'ਚ ਰਹਿਣ ਦੀ ਲੋੜ ਹੈ। ਉਨ੍ਹਾਂ ਚਿੰਤਕਾਂ ਨੂੰ ਡਟ ਕੇ ਦੇਸ਼ ਦੇ ਵੱਡਮੁਲੇ ਹਿੱਤਾਂ ਲਈ ਅੱਗੇ ਆਉਣ ਦੀ ਸਲਾਹ ਵੀ ਦਿੱਤੀ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਸਾਡਾ ਸਿੱਖ ਧਰਮ ਨਿਆਰੇਪਣ ਦਾ ਪ੍ਰਤੀਕ ਹੈ, ਉਸੇ ਤਰ੍ਹਾਂ ਗੁਰੂ ਸਹਿਬਾਨ ਵੱਲੋਂ ਸਾਜੇ ਖਾਲਸਾ ਪੰਥ ਨੂੰ ਹਿੰਦੂ ਧਰਮ ਦਾ ਹਿੱਸਾ ਕਹਿਣਾ ਅਤਿ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਸਾਡਾ ਇਸ਼ਟ, ਸੱਭਿਆਚਾਰ, ਧਰਮ, ਬਾਣਾ, ਰੂਪ, ਮਰਿਆਦਾ ਵੱਖਰਾ ਹੈ। ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ ਤੇ ਖਾਲਸਾ ਪੰਥ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ। ਉਦੋਂ ਤੋਂ ਹੀ ਸਿੱਖ ਕੌਮ ਨਿਆਰੇਪਣ ਦੀ ਪ੍ਰਤੀਕ ਹੈ ਪਰ ਸੰਘ ਮੁਖੀ ਦਾ ਹਿੰਦੂ ਰਾਸ਼ਟਰ ਅਤੇ ਸਭ ਨੂੰ ਹਿੰਦੂ ਦੱਸਣ ਬਾਰੇ ਆਇਆ ਬਿਆਨ ਗਲਤ ਹੈ।

## ਆਰਥਿਕ ਮੰਦੀ: ਰਾਓ-ਸਿੰਘ ਆਰਥਿਕ ਮਾਡਲ ਅਪਨਾਉਣ ਦੀ ਸਲਾਹ

**ਚੰਡੀਗੜ੍ਹ:** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਦੇ ਪਤੀ ਤੇ ਅਰਥਸ਼ਾਸਤਰੀ ਪਰਾਕਲਾ ਪ੍ਰਭਾਕਰ ਵੱਲੋਂ 'ਦਿ ਹਿੰਦੂ' ਦੇ ਨਜ਼ਰੀਆ ਸਫੇ ਲਈ ਲਿਖੇ ਮਜ਼ਮੂਨ ਨੇ ਆਰਥਿਕ ਮੰਦੀ ਕਰਕੇ ਪਹਿਲਾਂ ਹੀ ਨਿਸ਼ਾਨੇ ਉਤੇ ਆਈ ਮੋਦੀ ਸਰਕਾਰ ਦੀਆਂ ਮੁਸੀਬਤਾਂ ਵਧਾ ਦਿੱਤੀਆਂ ਹਨ। ਸ੍ਰੀ ਪ੍ਰਭਾਕਰ ਨੇ ਲਿਖਿਆ ਕਿ ਮੋਦੀ ਸਰਕਾਰ ਦੇਸ਼ ਦੇ ਆਰਥਿਕ ਮੰਦੀ ਦੀ ਮਾਰ ਹੇਠ ਹੋਣ ਦੇ ਤੱਥ ਨੂੰ ਮੰਨਣ ਤੋਂ 'ਮੂਲੋਂ ਹੀ ਇਨਕਾਰੀ' ਹੈ।

ਉਨ੍ਹਾਂ ਮੋਦੀ ਸਰਕਾਰ ਨੂੰ ਸਲਾਹ ਦਿੱਤੀ ਕਿ ਅਰਥਚਾਰੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਤਤਕਾਲੀਨ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਤੇ ਵਿੱਤ ਮੰਤਰੀ ਮਨਮੋਹਨ ਸਿੰਘ ਦੇ ਆਰਥਿਕ ਮਾਡਲ ਨੂੰ ਗ੍ਰਹਿਣ ਕਰੇ। ਸ੍ਰੀ ਪ੍ਰਭਾਕਰ ਨੇ ਲਿਖਿਆ, 'ਭਾਜਪਾ ਨੇ (ਨਰਸਿਮ੍ਹਾ) ਰਾਓ ਦੇ 1991 ਦੇ ਆਰਥਿਕ ਢਾਂਚੇ ਨੂੰ ਨਾ ਤਾਂ ਕਦੇ ਚੁਣੌਤੀ ਦਿੱਤੀ ਤੇ ਨਾ ਹੀ ਰੱਦ ਕੀਤਾ ਹੈ। ਜੇ ਇਸ ਮਾਡਲ ਨੂੰ ਪੂਰੀ ਤਰ੍ਹਾਂ ਗ੍ਰਹਿਣ ਜਾਂ ਫਿਰ ਇਸ ਦੀ ਜ਼ੋਰਦਾਰ ਢੰਗ ਨਾਲ ਪੈਰਵੀ ਕੀਤੀ ਜਾਂਦੀ ਹੈ ਤਾਂ ਭਾਜਪਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਅਰਥਚਾਰੇ ਨੂੰ ਮੌਜੂਦਾ ਮੰਦੀ ਵਾਲੇ ਹਾਲਾਤ 'ਚੋਂ ਦੇਸ਼ ਨੂੰ ਪਾਰ ਲਾ ਸਕਦੀ ਹੈ।'

ਪ੍ਰਭਾਕਰ ਨੇ ਇਹ ਵੀ ਕਿਹਾ ਕਿ ਮੌਜੂਦਾ ਭਾਜਪਾ ਲੀਡਰਸ਼ਿਪ ਇਸ ਤੱਥ ਤੋਂ ਭਲੀਭਾਂਤ ਵਾਕਿਫ ਸੀ ਕਿ ਸਾਲ 2004 ਵਿਚ ਅਰਥਚਾਰੇ ਦੀ ਗੱਲ ਪਾਰਟੀ ਦੇ ਕਿਸੇ ਕੰਮ ਨਹੀਂ ਆਈ ਸੀ। ਹਾਲੀਆ ਆਮ ਚੋਣਾਂ 'ਚ ਭਾਜਪਾ ਨੇ ਬਹੁਤ ਸੋਚ ਸਮਝ ਕੇ ਆਪਣੀ ਆਰਥਿਕ ਕਾਰਗੁਜ਼ਾਰੀਆਂ ਦੀ ਗੱਲ ਕਰਨ ਦੀ ਬਜਾਏ ਮਜ਼ਬੂਤ ਸਰਕਾਰ, ਰਾਸ਼ਟਰਵਾਦ ਅਤੇ ਕੌਮੀ ਸੁਰੱਖਿਆ ਜਿਹੇ ਮੁੱਦਿਆਂ ਨੂੰ ਉਭਾਰਿਆ।

# ਭਾਰਤ ਵੱਲੋਂ 'ਰਾਏਸ਼ੁਮਾਰੀ 2020' ਫਰਜ਼ੀ ਮੁੱਦਾ ਕਰਾਰ

**ਵਾਸ਼ਿੰਗਟਨ:** ਭਾਰਤ ਨੇ 'ਰਾਏਸ਼ੁਮਾਰੀ 2020' ਨੂੰ ਫਰਜ਼ੀ ਮੁੱਦਾ ਕਰਾਰ ਦਿੰਦਿਆਂ ਕਿਹਾ ਹੈ ਕਿ ਖਾਲਿਸਤਾਨ ਪੱਖੀ ਕੁਝ ਸਿੱਖਾਂ ਵੱਲੋਂ ਹੀ ਇਸ ਨੂੰ ਉਭਾਰਿਆ ਜਾ ਰਿਹਾ ਹੈ। ਭਾਰਤ ਨੇ ਕਿਹਾ ਹੈ ਕਿ ਇਹ ਅਨਸਰ ਪਾਕਿਸਤਾਨ ਦੇ ਏਜੰਟ ਹਨ, ਜੋ ਝੂਠੀਆਂ ਅਫਵਾਹਾਂ ਫੈਲਾ ਰਹੇ ਹਨ।

ਭਾਰਤ ਦੇ ਅਮਰੀਕਾ 'ਚ ਸਫੀਰ ਹਰਸ਼ ਵਰਧਨ ਸ਼੍ਰਿੰਗਲਾ ਨੇ ਕਿਹਾ ਕਿ ਸਿੱਖਾਂ ਤੋਂ ਅਜਿਹੇ ਅਨਸਰਾਂ ਨੂੰ 'ਮਾਮੂਲੀ ਹਮਾਇਤ' ਮਿਲੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਜਿਹੇ ਗੁੱਟ ਨਿਰਾਸ਼ ਹੋ ਕੇ ਅਤਿਵਾਦੀ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਹਨ। ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਕਿਸੇ ਸੀਨੀਅਰ ਭਾਰਤੀ ਸਫੀਰ ਨੇ 'ਰਾਏਸ਼ੁਮਾਰੀ 2020' ਖਿਲਾਫ ਖੁੱਲ੍ਹ ਕੇ ਬਿਆਨ ਦਿੱਤਾ ਹੈ। ਖਾਲਿਸਤਾਨ ਬਣਾਉਣ ਨੂੰ ਲੈ ਕੇ ਵੱਖਵਾਦੀ ਸਿੱਖਾਂ ਵੱਲੋਂ 'ਰਾਏਸ਼ੁਮਾਰੀ 2020' ਨੂੰ ਹਮਾਇਤ ਦਿੱਤੀ ਜਾ ਰਹੀ ਹੈ। ਬਾਲਟੀਮੋਰ ਦੇ ਗੁਰਦੁਆਰੇ 'ਚ ਮੱਥਾ ਟੇਕਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਰਾਏਸ਼ੁਮਾਰੀ ਦੇ ਪ੍ਰਬੰਧਕ ਕੁਝ ਲੋਕ ਹਨ। ਰਾਏਸ਼ੁਮਾਰੀ 2020 ਫਰਜ਼ੀ ਮੁੱਦਾ ਹੈ। ਮੈਨੂੰ ਜਾਪਦਾ ਹੈ ਕਿ ਇਹ ਬੀਤੇ ਦੀ ਗੱਲ ਹੋ ਜਾਵੇਗੀ।" ਉਨ੍ਹਾਂ ਅਮਰੀਕਾ ਅਤੇ ਭਾਰਤ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਬਣਾਉਣ 'ਚ ਸਿੱਖਾਂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਬਹੁ-ਗਿਣਤੀ ਨਾਲ ਉਹ ਕੰਮ ਕਰਨਾ ਜਾਰੀ ਰਖਣਗੇ ਅਤੇ ਨਫਰਤ ਪੈਦਾ ਕਰਨ ਵਾਲੇ ਭਾਈਚਾਰੇ ਨੂੰ ਨਜ਼ਰਅੰਦਾਜ਼ ਕਰਨਗੇ।

ਦਸਤਾਰ ਅਤੇ ਸਫੈਦ ਕੁੜਤੇ-ਪਜਾਮੇ 'ਚ ਸਜੇ ਸਫੀਰ ਨੇ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਅਤੇ ਸਿੱਖਸ ਆਫ ਅਮਰੀਕਾ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਸਿੱਖਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਭਾਈਚਾਰੇ ਦੀਆਂ ਮੁਸ਼ਕਲਾਂ ਦਾ ਹੱਲ ਕੱਢਣ ਲਈ ਕਈ ਕਦਮ ਉਠਾਏ ਹਨ।

## 'ਸਾਂਝੀਵਾਲਤਾ' ਦਾ ਸੁਨੇਹਾ ਭੁੱਲੀਆਂ ਪੰਥਕ ਤੇ ਸਿਆਸੀ ਧਿਰਾਂ

*(ਸਫਾ ਇਕ ਦੀ ਬਾਕੀ)*

ਲਾਏ ਗਏ ਅਤੇ ਪੰਜਾਬ ਸਰਕਾਰ ਨੂੰ ਪੁੱਛੇ ਬਗੈਰ ਹੀ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਸੱਦਾ ਪੱਤਰ ਦਿੱਤੇ ਗਏ ਜੋ ਵਾਜਬ ਨਹੀਂ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਦਾ ਰਾਜਸੀ ਵਿੰਗ ਹੋਣ ਦਾ ਦੋਸ਼ ਲਾਉਂਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਅਜਿਹਾ ਕਰਕੇ ਇਕੱਠੇ ਪਹਿਲੀ ਪਾਤਸ਼ਾਹੀ ਦੇ ਮਹਾਨ ਦਿਹਾੜੇ ਨੂੰ ਮਨਾਉਣ ਦਾ ਮੌਕਾ ਗੁਆ ਰਹੀ ਹੈ।

## ਭਾਰਤੀ ਮੂਲ ਦੇ ਪ੍ਰੋਫੈਸਰ ਤੇ ਪਤਨੀ ਸਣੇ ਤਿੰਨ ਨੂੰ ਅਰਥ ਸ਼ਾਸਤਰ ਦਾ ਨੋਬੇਲ

**ਸਟਾਕਹੋਮ:** ਭਾਰਤੀ-ਅਮਰੀਕੀ ਅਭਿਜੀਤ ਬੈਨਰਜੀ (58), ਪਤਨੀ ਐਸਥਰ ਡੁਫਲੋ ਅਤੇ ਇਕ ਹੋਰ ਆਰਥਿਕ ਮਾਹਿਰ ਮਾਈਕਲ ਕਰੇਮਰ ਨੂੰ ਸਾਂਝੇ ਤੌਰ ਉਤੇ ਅਰਥ ਸ਼ਾਸਤਰ ਲਈ 2019 ਦੇ ਨੋਬੇਲ ਪੁਰਸਕਾਰ ਵਾਸਤੇ ਚੁਣਿਆ ਗਿਆ ਹੈ। ਸ੍ਰੀ ਬੈਨਰਜੀ ਇਸ ਸਮੇਂ ਅਮਰੀਕਾ ਆਧਾਰਿਤ ਮੈਸੇਚੁਐਸਟਸ ਇੰਸਟੀਚਿਊਟ ਆਫ ਟੈਕਨਾਲੋਜੀ (ਐਮ. ਆਈ. ਟੀ.) ਵਿਚ ਫੋਰਡ ਫਾਊਂਡੇਸ਼ਨ ਇੰਟਰਨੈਸ਼ਨਲ 'ਚ ਅਰਥਸ਼ਾਸਤਰ ਦੇ ਪ੍ਰੋਫੈਸਰ ਹਨ।

ਮੁੰਬਈ 'ਚ 1961 ਵਿਚ ਜੰਮੇ ਸ੍ਰੀ ਬੈਨਰਜੀ ਨੂੰ ਆਲਮੀ ਪੱਧਰ ਉਤੇ ਗਰੀਬੀ ਖਤਮ ਕਰਨ ਸਬੰਧੀ ਦਿਖਾਏ ਗਏ ਰਸਤੇ ਲਈ ਵੱਕਾਰੀ ਨੋਬੇਲ ਪੁਰਸਕਾਰ ਲਈ ਚੁਣਿਆ ਗਿਆ ਹੈ। ਉਨ੍ਹਾਂ 1998 ਵਿਚ ਹਾਰਵਰਡ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕੀਤੀ ਸੀ। ਸ੍ਰੀ ਬੈਨਰਜੀ ਨੇ ਕਲਕੱਤਾ ਯੂਨੀਵਰਸਿਟੀ ਅਤੇ ਦਿੱਲੀ ਦੀ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਤੋਂ ਪੜ੍ਹਾਈ ਕੀਤੀ ਹੈ। ਉਨ੍ਹਾਂ ਚਾਰ ਕਿਤਾਬਾਂ ਲਿਖੀਆਂ ਹਨ ਜਿਸ ਵਿਚੋਂ 'ਪੂਅਰ ਇਕਨਾਮਿਕਸ' ਨੇ ਗੋਲਡਮੈਨ ਸੈਸ਼ ਬਿਜ਼ਨਸ ਬੁੱਕ ਆਫ ਦੀ ਯੀਅਰ ਦਾ ਪੁਰਸਕਾਰ ਜਿੱਤਿਆ ਸੀ। ਉਨ੍ਹਾਂ ਤਿੰਨ ਹੋਰ ਕਿਤਾਬਾਂ ਦਾ ਸੰਪਾਦਨ ਕੀਤਾ ਅਤੇ ਦੋ ਦਸਤਾਵੇਜ਼ੀ ਵੀ ਬਣਾਈਆਂ ਹਨ। ਪੈਰਿਸ 'ਚ 1972 'ਚ ਜੰਮੀ ਡੁਫਲੋ ਨੇ ਐਮ.ਆਈ.ਟੀ. ਤੋਂ 1999 'ਚ ਪੀਐਚ.ਡੀ. ਕੀਤੀ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਨੇ ਸ੍ਰੀ ਬੈਨਰਜੀ ਨੂੰ ਵਧਾਈ ਦਿੱਤੀ ਹੈ।

# ਝੂਠੇ ਮੁਕਾਬਲੇ: ਦੋਸ਼ੀ ਪੁਲਿਸ ਮੁਲਾਜ਼ਮਾਂ ਦੇ ਹੱਕ 'ਚ ਖੜ੍ਹੀਆਂ ਸਰਕਾਰਾਂ

*(ਸਫਾ ਇਕ ਦੀ ਬਾਕੀ)*

ਮੁਕਾਬਲਿਆਂ ਵਿਚ ਮਾਰ ਕੇ ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇ ਸਸਕਾਰ ਕਰ ਦਿੱਤਾ ਸੀ। ਸੰਸਥਾ ਦੀ ਰਿਪੋਰਟ ਮੁਤਾਬਕ ਸਾਲ 1980 ਤੋਂ 1994 ਤੱਕ ਵੱਡੀ ਗਿਣਤੀ ਵਿਚ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਤੇ ਮਗਰੋਂ ਲਾਸ਼ਾਂ ਨੂੰ ਲਾਵਾਰਿਸ ਕਰਾਰ ਦੇ ਕੇ ਵੱਖ-ਵੱਖ ਸ਼ਹਿਰਾਂ ਦੇ ਸ਼ਮਸ਼ਾਨਘਾਟਾਂ ਵਿਚ ਸਸਕਾਰ ਕਰ ਦਿੱਤੇ ਗਏ ਸੀ। 1980 ਤੋਂ ਲੈ ਕੇ 1994 ਤੱਕ ਦੇ ਅਰਸੇ ਦੌਰਾਨ ਤਕਰੀਬਨ 8,527 ਵਿਅਕਤੀ ਲਾਪਤਾ ਹੋਏ ਜਾਂ ਮਾਰ ਦਿੱਤੇ ਗਏ। ਇਸ ਵਿਚ ਪੰਜਾਬ ਦੇ 14 ਜ਼ਿਲ੍ਹਿਆਂ ਦੇ 6,140 ਕੇਸ ਅਣਪਛਾਤੀਆਂ ਤੇ ਲਾਵਾਰਿਸ ਲਾਸ਼ਾਂ ਕਰਾਰ ਦੇਣ ਦੇ ਹਨ।

ਪੰਜਾਬ ਦਾ 1980ਵਿਆਂ ਅਤੇ 1990ਵਿਆਂ ਦਾ ਪਹਿਲਾ ਅੱਧ ਖਾੜਕੂ ਲਹਿਰ, ਪੁਲਿਸ ਕਾਰਵਾਈਆਂ ਅਤੇ ਬੇਕਸੂਰ ਲੋਕਾਂ ਦੇ ਘਾਣ ਲਈ ਜਾਣਿਆ ਜਾਂਦਾ ਹੈ। ਇਸ ਦੌਰ ਵਿਚ ਜੇ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਹੋਈਆਂ ਤਾਂ ਪੁਲਿਸ ਤਸ਼ੱਦਦ, ਹਿਰਾਸਤੀ ਮੌਤਾਂ ਅਤੇ ਝੂਠੇ ਪੁਲਿਸ ਮੁਕਾਬਲੇ ਵੀ ਲਗਾਤਾਰ ਚਰਚਾ ਵਿਚ ਰਹੇ।

ਇਹ ਮਸਲਾ ਮਨੁੱਖੀ ਹੱਕਾਂ ਦੇ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਦੇ ਹਵਾਲੇ ਨਾਲ ਚਰਚਾ ਵਿਚ ਆਇਆ ਜਦੋਂ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨ ਤਾਰਨ ਦੇ ਤਿੰਨ ਸ਼ਮਸ਼ਾਨਘਾਟਾਂ ਵਿਚ ਜੂਨ 1984 ਤੋਂ ਦਸੰਬਰ 1994 ਤੱਕ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ। ਉਨ੍ਹਾਂ ਇਹ ਦਾਅਵਾ ਕੀਤਾ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਖਾਲੜਾ ਰਾਹੀਂ ਹੋਏ ਖੁਲਾਸੇ ਨੇ ਲਾਵਾਰਿਸ ਲਾਸ਼ਾਂ ਅਤੇ ਲਾਪਤਾ ਜੀਆਂ ਦੇ ਸੁਆਲ ਪਰਿਵਾਰਾਂ ਜਾਂ ਉਨ੍ਹਾਂ ਨਾਲ ਜੁੜੀਆਂ ਜਥੇਬੰਦੀਆਂ ਦੇ ਘੇਰੇ ਵਿਚੋਂ ਕੱਢ ਸਿਆਸੀ-ਸਮਾਜਿਕ ਪਿੜ ਵਿਚ ਲਿਆ ਦਿੱਤੇ।


ਇਨ੍ਹਾਂ ਮਸਲਿਆਂ ਨਾਲ ਜੁੜੇ ਸੁਆਲਾਂ ਦੀ ਕੀਮਤ ਭਾਈ ਜਸਵੰਤ ਸਿੰਘ ਖਾਲੜਾ ਨੂੰ ਆਪਣੀ ਜਾਨ ਦੇ ਕੇ ਉਤਾਰਨੀ ਪਈ ਸੀ। ਉਨ੍ਹਾਂ ਨੂੰ 6 ਸਤੰਬਰ 1995 ਨੂੰ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰੋਂ ਪੁਲਿਸ ਨੇ ਅਗਵਾ ਕੀਤਾ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲੱਗਿਆ। ਉਨ੍ਹਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਲਈ ਸੀ.ਬੀ.ਆਈ. ਨੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਦੋਸ਼ੀ ਦੱਸਿਆ ਤੇ ਉਨ੍ਹਾਂ ਨੂੰ ਸਜ਼ਾ ਵੀ ਹੋਈ ਪਰ ਹੁਣ ਮਾਮਲਾ ਠੰਢਾ ਹੋਣ ਪਿੱਛੋਂ ਸਰਕਾਰ ਦੋਸ਼ੀ ਮੁਲਾਜ਼ਮਾਂ ਨੂੰ ਜੇਲ੍ਹ ਵਿਚੋਂ ਕੱਢਣ ਲਈ ਬਜ਼ਿਦ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਭਾਰਤ ਵੱਲੋਂ ਕਰਤਾਰਪੁਰ ਲਾਂਘੇ ਦੇ ਉਦਘਾਟਨ ਦੀ ਤਰੀਕ ਤੈਅ

**ਚੰਡੀਗੜ੍ਹ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਦਾਅਵਾ ਕੀਤਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਅੱਠ ਨਵੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼੍ਰੋਮਣੀ




ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਟੇਜ ਉਤੇ ਹੀ ਆਉਣਗੇ, ਨਾ ਕਿ ਕਿਸੇ ਹੋਰ ਸਟੇਜ ਉਤੇ।

ਬੀਬੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਧਾਰਮਿਕ ਸਮਾਗਮਾਂ ਵਿਚ ਦਖਲਅੰਦਾਜ਼ੀ ਛੱਡ ਆਪਣੇ ਫਰਜ਼ ਪੂਰੇ ਕਰੇ ਤੇ ਡੇਰਾ ਬਾਬਾ ਨਾਨਕ ਅਤੇ ਸੁਲਤਾਨਪੁਰ ਲੋਧੀ ਵਿਚ ਸਿੱਖ ਸੰਗਤਾਂ ਅਤੇ ਹੋਰ ਸ਼ਰਧਾਲੂਆਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਵੱਲ ਧਿਆਨ ਦੇਵੇ। ਉਨ੍ਹਾਂ ਨਾਲ ਹੀ ਕਿਹਾ ਕਿ 11 ਨਵੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ 12 ਨਵੰਬਰ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੀ ਧਾਰਮਿਕ ਸਮਾਗਮ 'ਚ ਹਿੱਸਾ ਲੈਣ ਲਈ ਆਉਣਗੇ। ਉਹ ਵੀ ਕਮੇਟੀ ਦੀ ਸਟੇਜ ਉਤੇ ਹੀ ਜਾਣਗੇ ਨਾ ਕਿ ਕਿਸੇ ਹੋਰ ਪ੍ਰੋਗਰਾਮ ਵਿਚ।

ਬੀਬੀ ਬਾਦਲ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਅੱਜ ਤੱਕ ਜਿੰਨੀਆਂ ਵੀ ਸ਼ਤਾਬਦੀਆਂ ਜਾਂ ਗੁਰਪੁਰਬ ਮਨਾਏ ਗਏ ਹਨ, ਉਨ੍ਹਾਂ ਦੇ ਪ੍ਰਬੰਧ ਹਮੇਸ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰਦੀ ਰਹੀ ਹੈ ਅਤੇ ਇਸ ਵਾਰ ਤਾਂ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀ ਅਜਿਹਾ ਹੁਕਮ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਨ੍ਹਾਂ ਹੁਕਮਾਂ ਦੇ ਵਿਰੁੱਧ ਜਾ ਕੇ ਅਜਿਹਾ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਧਾਰਮਿਕ ਸਮਾਗਮਾਂ ਲਈ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੱਦਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁਦ ਵੀ ਪੰਜਾਬ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਸੱਦਾ ਪੱਤਰ ਦਿੱਤਾ ਸੀ ਜੋ ਉਨ੍ਹਾਂ ਕਬੂਲ ਵੀ ਕੀਤਾ ਸੀ।

## ਭਾਰਤ ਨੇ ਸ਼ਰਧਾਲੂਆਂ ਲਈ ਜ਼ੀਰੋ ਲਾਈਨ 'ਤੇ ਆਰਜ਼ੀ ਗੇਟ ਬਣਾਇਆ

**ਡੇਰਾ ਬਾਬਾ ਨਾਨਕ (ਬਟਾਲਾ):** ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਲਈ ਕੰਡਿਆਲੀ ਤਾਰ ਕੋਲ ਜ਼ੀਰੋ ਲਾਈਨ 'ਤੇ ਵਿਸ਼ੇਸ਼ ਗੇਟ ਤਿਆਰ ਕੀਤਾ ਗਿਆ ਹੈ। ਧੁੱਸੀ ਬੰਨ੍ਹ ਨੇੜੇ ਬਣੇ ਇੰਟੇਗ੍ਰੇਟਿਡ ਚੈੱਕ ਪੋਸਟ (ਆਈ.ਸੀ.ਪੀ.) ਤੋਂ ਸ਼ਰਧਾਲੂ ਆਪਣੇ ਦਸਤਾਵੇਜ਼ਾਂ ਦੀ ਜਾਂਚ ਕਰਵਾਉਣਗੇ ਅਤੇ ਉਹ ਆਰਜ਼ੀ ਰਸਤੇ ਰਾਹੀਂ ਗੇਟ ਕੋਲ ਪੁੱਜਣਗੇ, ਜਿਥੋਂ ਉਹ ਅੱਗੇ ਪਾਕਿਸਤਾਨ ਦੀ ਸਰਜ਼ਮੀਨ 'ਚ ਦਾਖਲ ਹੋਣਗੇ। ਸਮਝਿਆ ਜਾ ਰਿਹਾ ਹੈ ਕਿ ਪਾਕਿਸਤਾਨੀ ਅਧਿਕਾਰੀਆਂ ਵੱਲੋਂ ਸ਼ਰਧਾਲੂਆਂ ਲਈ ਮੁੱਖ ਗੇਟ ਤਿਆਰ ਕਰਨ 'ਚ ਦੇਰੀ ਕਾਰਨ ਹੀ ਤਕਨੀਕੀ ਮਾਹਰਾਂ ਵੱਲੋਂ ਇਸ ਨੂੰ ਤਿਆਰ ਕੀਤਾ ਹੈ। ਨਿਰਮਾਣ ਅਧਿਕਾਰੀਆਂ ਨੇ ਭਾਰਤੀ ਪਾਸੇ ਤਾਂ ਮੁੱਖ ਪੁਲ, ਜੋ ਜ਼ੀਰੋ ਲਾਈਨ ਤੱਕ ਤਿਆਰ ਕਰ ਲਿਆ ਹੈ, ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

## ਤਰੀਕ ਦੇ ਐਲਾਨ ਪੱਖੋਂ ਪਾਕਿਸਤਾਨ ਪੱਛੜਿਆ

**ਇਸਲਾਮਾਬਾਦ:** ਪਾਕਿਸਤਾਨ ਨੇ ਆਖਿਆ ਹੈ ਕਿ ਸਿੱਖ ਸੰਗਤ ਵੱਲੋਂ ਬੇਸਬਰੀ ਨਾਲ ਉਡੀਕੇ ਜਾ ਰਹੇ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਦੀ ਅਜੇ ਤੱਕ ਕੋਈ ਤਰੀਕ ਤੈਅ ਨਹੀਂ ਕੀਤੀ ਗਈ ਹੈ। ਉਂਜ ਉਨ੍ਹਾਂ ਭਰੋਸਾ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਗਲੇ ਮਹੀਨੇ ਇਹ ਸਮੇਂ 'ਤੇ ਖੋਲ੍ਹ ਦਿੱਤਾ ਜਾਵੇਗਾ। ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਲਾਂਘੇ ਦੇ ਪ੍ਰੋਜੈਕਟ ਦੀ ਦੇਖ-ਰੇਖ ਕਰ ਰਹੇ ਸੀਨੀਅਰ ਅਧਿਕਾਰੀ ਨੇ ਮਹੀਨਾ ਕੁ ਪਹਿਲਾਂ ਐਲਾਨ ਕੀਤਾ ਸੀ ਕਿ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ 9 ਨਵੰਬਰ ਤੋਂ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਵਿਦੇਸ਼ ਦਫਤਰ ਦੇ ਤਰਜਮਾਨ ਮੁਹੰਮਦ ਫੈਸਲ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਦਾ ਕੰਮ ਸਮੇਂ ਉਤੇ ਮੁਕੰਮਲ ਹੋ ਜਾਵੇਗਾ। ਇਸ ਦਾ ਉਦਘਾਟਨ ਸਮੇਂ 'ਤੇ ਹੋਵੇਗਾ ਪਰ ਇਸ ਦੀ ਕੋਈ ਤਰੀਕ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਲਾਂਘੇ ਨੂੰ ਖੋਲ੍ਹਣ ਦੀ ਤਰੀਕ ਅਜੇ ਤੱਕ ਤੈਅ ਨਹੀਂ ਕੀਤੀ ਗਈ ਹੈ।

## ਪਾਕਿਸਤਾਨ 10,000 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਵੇਗਾ

**ਲਾਹੌਰ:** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ 10,000 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਦੇਵੇਗਾ। ਸਿੱਖ ਸ਼ਰਧਾਲੂਆਂ ਦਾ ਪਹਿਲਾ ਜਥਾ ਵਿਸ਼ੇਸ਼ ਰੇਲ ਗੱਡੀ ਰਾਹੀਂ ਨਵੰਬਰ ਦੇ ਪਹਿਲੇ ਹਫਤੇ ਪਾਕਿਸਤਾਨ ਲਈ ਰਵਾਨਾ ਹੋਵੇਗਾ। ਸ਼ਰਧਾਲੂ ਅਟਾਰੀ ਰੇਲਵੇ ਸਟੇਸ਼ਨ ਤੋਂ ਵਾਹਗਾ ਸਟੇਸ਼ਨ ਉਤੇ ਪੁੱਜਣਗੇ ਅਤੇ ਇਥੋਂ ਉਹ ਨਨਕਾਣਾ ਸਾਹਿਬ ਜਾਣਗੇ। ਸ਼ਰਧਾਲੂ 8 ਨਵੰਬਰ ਤੱਕ ਪਾਕਿਸਤਾਨ ਦੀ ਯਾਤਰਾ ਜਾਰੀ ਰੱਖ ਸਕਣਗੇ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਵਿਸ਼ਵ ਭਰ ਦੇ ਸਿੱਖਾਂ ਨੂੰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

# ਸ੍ਰੀ ਅਕਾਲ ਤਖਤ ਵੱਲੋਂ ਦਿੱਲੀ ਕਮੇਟੀ ਨੂੰ ਨਗਰ ਕੀਰਤਨ ਮੁਲਤਵੀ ਕਰਨ ਦੇ ਹੁਕਮ

**ਅੰਮ੍ਰਿਤਸਰ:** ਪ੍ਰਕਾਸ਼ ਪੁਰਬ ਮੌਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਰਨਾ ਭਰਾਵਾਂ ਵੱਲੋਂ ਦੋ ਵੱਖ-ਵੱਖ ਨਗਰ ਕੀਰਤਨ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਸਜਾਏ ਜਾਣ ਦੇ ਫੈਸਲੇ ਕਾਰਨ ਸੰਗਤ ਵਿਚ ਪੈਦਾ ਹੋਈ ਦੁਵਿਧਾ ਨੂੰ ਖਤਮ ਕਰਨ ਲਈ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਹੁਕਮਾਂ ਉਤੇ ਦਿੱਲੀ ਕਮੇਟੀ ਦਾ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ। ਇਸ ਦੌਰਾਨ ਜਥੇਦਾਰ ਵੱਲੋਂ ਦਿੱਲੀ ਅਕਾਲੀ ਦਲ ਦੇ ਆਗੂ ਸਰਨਾ ਭਰਾਵਾਂ ਵੱਲੋਂ 28 ਅਕਤੂਬਰ ਨੂੰ ਸਜਾਏ ਜਾਣ ਵਾਲੇ ਨਗਰ ਕੀਰਤਨ ਵਾਸਤੇ ਸੰਗਤ ਨੂੰ ਸਨਮਾਨ ਤੇ ਸਹਿਯੋਗ ਕਰਨ ਵਾਸਤੇ ਆਖਿਆ ਹੈ। ਜਥੇਦਾਰ ਨੇ ਆਖਿਆ ਕਿ ਪਹਿਲਾਂ ਸਰਨਾ ਭਰਾਵਾਂ ਵੱਲੋਂ ਦਿੱਲੀ ਤੋਂ ਨਨਕਾਣਾ ਸਾਹਿਬ ਤੱਕ ਨਗਰ ਕੀਰਤਨ ਲਿਜਾਣ ਦਾ ਐਲਾਨ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਦਿੱਲੀ ਕਮੇਟੀ ਨੇ ਵੀ ਨਗਰ ਕੀਰਤਨ ਸਜਾਉਣ ਦਾ ਐਲਾਨ ਕਰ ਦਿੱਤਾ।

ਉਨ੍ਹਾਂ ਆਖਿਆ ਕਿ ਇਕ ਸ਼ਹਿਰ ਤੋਂ ਦੋ ਨਗਰ ਕੀਰਤਨ ਸਜਾਉਣ ਕਾਰਨ ਸੰਗਤ ਵਿਚ ਦੁਵਿਧਾ ਬਣੀ ਹੋਈ ਹੈ। ਸੰਗਤ ਦੀ ਮਨਸ਼ਾ ਹੈ ਕਿ ਦਿੱਲੀ ਤੋਂ ਸਿਰਫ ਇਕ ਨਗਰ ਕੀਰਤਨ ਹੀ ਸਜਾਇਆ ਜਾਵੇ। ਇਹ ਵੀ ਪਤਾ ਲੱਗਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਵੀ ਸਿਰਫ ਇਕ ਨਗਰ ਕੀਰਤਨ ਲਿਆਉਣ ਵਾਸਤੇ ਹੀ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਫਿਲਹਾਲ ਨਗਰ ਕੀਰਤਨ ਮੁਲਤਵੀ ਕਰਨ ਦੀ ਹਦਾਇਤ ਕੀਤੀ ਗਈ ਹੈ। ਨਵੀਂ ਤਰੀਕ ਦਾ ਐਲਾਨ ਪਾਕਿਸਤਾਨ ਸਰਕਾਰ ਵੱਲੋਂ ਪੂਰੀ ਪ੍ਰਵਾਨਗੀ ਮਿਲਣ ਮਗਰੋਂ ਹੀ ਕੀਤਾ ਜਾਵੇ। ਉਨ੍ਹਾਂ ਸੰਗਤ ਨੂੰ ਆਖਿਆ ਕਿ ਫਿਲਹਾਲ 28 ਅਕਤੂਬਰ ਨੂੰ ਸਰਨਾ ਭਰਾਵਾਂ ਵੱਲੋਂ ਨਨਕਾਣਾ ਸਾਹਿਬ ਲਿਜਾਏ ਜਾ ਰਹੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰ ਕੇ ਸਹਿਯੋਗ ਦਿੱਤਾ ਜਾਵੇ।

ਉਨ੍ਹਾਂ ਦਿੱਲੀ ਕਮੇਟੀ ਨੂੰ ਨਗਰ ਕੀਰਤਨ ਨਾਲ ਲਿਜਾਏ ਜਾਣ ਵਾਲੀ ਸੋਨੇ ਦੀ ਪਾਲਕੀ ਤਿਆਰ ਕਰਨ ਦੇ ਚੱਲ ਰਹੇ ਕੰਮ ਨੂੰ ਵੀ ਰੋਕਣ ਵਾਸਤੇ ਆਖਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਸੋਨੇ ਦੀ ਪਾਲਕੀ ਪਾਕਿਸਤਾਨ ਨਹੀਂ ਲਿਜਾਈ ਜਾ ਸਕਦੀ। ਕੁਝ ਸਾਲ ਪਹਿਲਾਂ ਵੀ ਦਿੱਲੀ ਕਮੇਟੀ ਵੱਲੋਂ ਇਕ ਸੋਨੇ ਦੀ ਪਾਲਕੀ ਪਾਕਿਸਤਾਨ ਭੇਜੀ ਗਈ ਸੀ, ਜੋ ਹੁਣ ਤੱਕ ਵਰਤੋਂ ਵਿਚ ਨਹੀਂ ਆਈ ਹੈ।

### ਅਕਾਲ ਤਖਤ ਦਾ ਫੈਸਲਾ ਸ਼ਲਾਘਾਯੋਗ: ਸਰਨਾ

ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਦਿੱਲੀ ਵਾਸੀਆਂ ਅਤੇ ਪੰਥ ਵਿਚ ਪੈਦਾ ਹੋਈ ਦੁਵਿਧਾ ਖਤਮ ਹੋਵੇਗੀ। ਉਨ੍ਹਾਂ ਕਿਹਾ ਕਿ ਜਥੇਦਾਰ ਵੱਲੋਂ ਸੰਗਤ ਨੂੰ ਸਹਿਯੋਗ ਤੇ ਸਨਮਾਨ ਦੀ ਅਪੀਲ ਦਾ ਫੈਸਲਾ ਸ਼ਲਾਘਾਯੋਗ ਹੈ। ਦਿੱਲੀ ਅਕਾਲੀ ਦਲ (ਦਿੱਲੀ) ਨੂੰ ਹੀ ਪਾਕਿਸਤਾਨ ਸਰਕਾਰ ਵੱਲੋਂ ਪ੍ਰਵਾਨਗੀ ਮਿਲੀ ਹੈ ਤੇ ਉਨ੍ਹਾਂ ਸਭ ਤੋਂ ਪਹਿਲਾਂ ਨਗਰ ਕੀਰਤਨ ਸਜਾਉਣ ਦਾ ਐਲਾਨ ਵੀ ਕੀਤਾ ਸੀ। ਉਨ੍ਹਾਂ ਸੋਨੇ ਦੀ ਪਾਲਕੀ ਸਬੰਧੀ ਫੈਸਲੇ ਦੀ ਵੀ ਸ਼ਲਾਘਾ ਕੀਤੀ ਹੈ।

# ਸਾਕਾ ਨੀਲਾ ਤਾਰਾ: ਨੁਕਸਾਨੀ ਡਿਉਢੀ ਨੂੰ ਸੰਭਾਲਣ ਦੀ ਸੇਵਾ ਅਰੰਭ

**ਅੰਮ੍ਰਿਤਸਰ:** ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀਆਂ ਕਈ ਇਮਾਰਤਾਂ ਨੂੰ ਫੌਜੀ ਗੋਲੀਬਾਰੀ ਨਾਲ ਭਾਰੀ ਨੁਕਸਾਨ ਪੁੱਜਾ ਸੀ, ਇਨ੍ਹਾਂ ਵਿਚ ਅਕਾਲ ਤਖਤ ਨੇੜੇ ਸਥਾਪਤ ਡਿਉਢੀ (ਖਜ਼ਾਨਾ ਡਿਉਢੀ) ਵੀ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਨੇ ਇਸ ਦੀ ਸਾਂਭ-ਸੰਭਾਲ ਸੇਵਾ ਸ਼ੁਰੂ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਨੁਕਸਾਨੀ ਹੋਈ ਡਿਉਢੀ ਨੂੰ ਜਿਵੇਂ ਦਾ ਤਿਵੇਂ ਸੰਭਾਲਣ ਦਾ ਦਾਅਵਾ ਕੀਤਾ ਗਿਆ ਹੈ।

ਫੌਜੀ ਹਮਲੇ ਸਮੇਂ ਅਕਾਲ ਤਖਤ ਦੀ ਇਮਾਰਤ ਵੱਡੇ ਪੱਧਰ ਉਤੇ ਨੁਕਸਾਨੀ ਗਈ ਸੀ, ਪਰਿਕਰਮਾ ਵਿਚ ਟੈਂਕ ਆਦਿ ਆਉਣ ਨਾਲ ਫਰਸ਼ ਟੁੱਟ ਗਿਆ ਸੀ, ਤੇਜਾ ਸਿੰਘ ਸਮੁੰਦਰੀ ਹਾਲ, ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਹੋਰ ਇਮਾਰਤਾਂ ਨੂੰ ਨੁਕਸਾਨ ਪੁੱਜਾ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ, ਤੋਸ਼ਾਖਾਨਾ ਅਤੇ ਦਰਸ਼ਨੀ ਡਿਉਢੀ ਨੂੰ ਵੀ ਗੋਲੀਬਾਰੀ ਕਾਰਨ ਨੁਕਸਾਨ ਪੁੱਜਾ ਸੀ। ਇਨ੍ਹਾਂ ਵਿਚੋਂ ਤੇਜਾ ਸਿੰਘ ਸਮੁੰਦਰੀ ਹਾਲ ਦੀ ਹੀ ਮੁਰੰਮਤ ਦੀ ਸੇਵਾ ਕੀਤੀ ਗਈ ਹੈ ਅਤੇ ਇਥੇ ਸੈਂਕੜੇ ਤੋਂ ਵੱਧ ਲੱਗੀਆਂ ਗੋਲੀਆਂ ਦੇ ਨਿਸ਼ਾਨ ਸਟੀਲ ਦੇ ਫਰੇਮ ਲਾ ਕੇ ਸੰਭਾਲੇ ਗਏ ਹਨ। ਇਸੇ ਤਰ੍ਹਾਂ ਮੁੱਖ ਦਰਸ਼ਨੀ ਡਿਉਢੀ ਵਿਚ ਗੋਲੀਆਂ ਦੇ ਨਿਸ਼ਾਨ ਵੀ ਕਈ ਥਾਵਾਂ ਉਤੇ ਸੰਭਾਲੇ ਗਏ ਹਨ। ਅਕਾਲ ਤਖਤ ਨੇੜੇ ਬਣੀ ਖਜ਼ਾਨਾ ਡਿਉਢੀ ਹਮਲੇ ਦੌਰਾਨ ਨੁਕਸਾਨ ਮਗਰੋਂ ਫਿਲਹਾਲ ਜਿਵੇਂ ਦੀ ਤਿਵੇਂ



ਹੈ ਅਤੇ ਇਸ ਦੀ ਸਾਂਭ ਸੰਭਾਲ ਦਾ ਕੰਮ ਨਹੀਂ ਹੋਇਆ ਸੀ, ਜਿਸ ਕਾਰਨ ਇਹ ਖਸਤਾ ਹਾਲਤ ਵੱਲ ਜਾ ਰਹੀ ਸੀ।

ਇਸ ਡਿਉਢੀ ਦੇ ਉਪਰ ਬਣੀ ਪਾਲਕੀ ਅਤੇ ਇਸ ਦੀਆਂ ਕੰਧਾਂ ਵਿਚ ਗੋਲੀਆਂ ਅਤੇ ਬੰਬਾਂ ਦੇ ਨਿਸ਼ਾਨ ਅੱਜ ਵੀ ਦੇਖੇ ਜਾ ਸਕਦੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਡਿਉਢੀ ਦੀ ਸਾਂਭ-ਸੰਭਾਲ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ, ਜਿਨ੍ਹਾਂ ਨੇ ਪੰਥਕ ਰਵਾਇਤਾਂ ਮੁਤਾਬਕ ਸੇਵਾ ਸ਼ੁਰੂ ਕੀਤੀ ਹੈ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਹੋਰ ਸਿੱਖ ਸ਼ਖਸੀਅਤਾਂ ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਲੌਂਗੋਵਾਲ ਨੇ ਆਖਿਆ ਕਿ ਜੂਨ 1984 ਵਿਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਸਿੱਖ ਕੌਮ 'ਤੇ ਅਤਿਅੰਤ ਜ਼ੁਲਮ ਢਾਹੇ ਗਏ ਸਨ, ਜਿਨ੍ਹਾਂ ਦਾ ਸਾਕਾ ਨੀਲਾ ਤਾਰਾ ਫੌਜੀ ਹਮਲਾ ਸਿਖਰ ਹੈ।

ਉਨ੍ਹਾਂ ਕਿਹਾ ਕਿ ਡਿਉਢੀ ਉਤੇ ਲੱਗੀਆਂ ਗੋਲੀਆਂ ਅੱਜ ਵੀ ਫੌਜੀ ਹਮਲੇ ਦੀ ਯਾਦ ਦਿਵਾਉਂਦੀਆਂ ਹਨ। ਇਨ੍ਹਾਂ ਇਤਿਹਾਸਕ ਯਾਦਾਂ ਨੂੰ ਸ਼੍ਰੋਮਣੀ ਕਮੇਟੀ ਜਿਵੇਂ ਦੀ ਤਿਵੇਂ ਸੰਭਾਲਣ ਦਾ ਯਤਨ ਕਰੇਗੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਹਮਲੇ ਦੇ ਨਿਸ਼ਾਨਾਂ ਨੂੰ ਦੇਖ ਸਕਣ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿਚ ਤਕਨੀਕੀ ਮਾਹਿਰਾਂ ਦੀ ਮਦਦ ਨਾਲ ਨੁਕਸਾਨੇ ਗਏ ਡਿਉਢੀ ਦੇ ਉਪਰਲੇ ਹਿੱਸੇ ਬਾਹਰ ਸਟੀਲ ਦੇ ਫਰੇਮ ਲਾਏ ਜਾਣਗੇ, ਜਿਨ੍ਹਾਂ 'ਚ ਪਾਰਦਰਸ਼ੀ ਸ਼ੀਸ਼ੇ ਲਾਏ ਜਾਣਗੇ ਤਾਂ ਜੋ ਇਮਾਰਤ ਦੀਆਂ ਕੰਧਾਂ 'ਚ ਮੀਂਹ ਦਾ ਪਾਣੀ ਨਾ ਜਾ ਸਕੇ ਤੇ ਇਸ ਦਾ ਹੋਰ ਨੁਕਸਾਨ ਨਾ ਹੋਵੇ।

# ਮੁੰਬਈ ਅੰਮ੍ਰਿਤਸਰ ਸਟੈਨਸਟੈਡ ਉਡਾਣ 31 ਤੋਂ ਸ਼ੁਰੂ

**ਚੰਡੀਗੜ੍ਹ:** ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਦੇਖਦਿਆਂ ਏਅਰ ਇੰਡੀਆ ਵੱਲੋਂ ਮੁੰਬਈ-ਅੰਮ੍ਰਿਤਸਰ-ਸਟੈਨਸਟੈਡ (ਬ੍ਰਿਟੇਨ) ਰੂਟ 'ਤੇ 31 ਅਕਤੂਬਰ ਤੋਂ ਉਡਾਣ ਸ਼ੁਰੂ ਕੀਤੀ ਜਾਵੇਗੀ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਮਾਰਗ 'ਤੇ ਹਫਤੇ 'ਚ ਤਿੰਨ ਵਾਰ ਜਹਾਜ਼ ਉਡਾਣ ਭਰੇਗਾ।

ਏਅਰ ਇੰਡੀਆ ਦੇ ਜਨਰਲ ਮੈਨੇਜਰ (ਮਾਰਕੀਟਿੰਗ ਐਂਡ ਪਲਾਨਿੰਗ) ਰਮਨ ਬਾਬੂ ਨੇ ਦੱਸਿਆ ਕਿ ਕੌਮਾਂਤਰੀ ਉਡਾਣ ਅੰਮ੍ਰਿਤਸਰ ਨੂੰ ਲੰਡਨ 'ਚ ਸਟੈਨਸਟੈਡ ਨਾਲ ਜੋੜੇਗੀ ਤਾਂ ਜੋ ਸਿੱਖ ਸ਼ਰਧਾਲੂ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ ਪੰਜਾਬ ਆ ਸਕਣ। ਉਨ੍ਹਾਂ ਦੱਸਿਆ ਕਿ ਰੂਟ 'ਤੇ 256 ਸੀਟਾਂ ਵਾਲਾ ਬੋਇੰਗ 787 ਜਹਾਜ਼ ਸੋਮਵਾਰ, ਵੀਰਵਾਰ ਅਤੇ ਸਨਿਚਰਵਾਰ ਨੂੰ ਉਡਾਣਾਂ ਭਰੇਗਾ। ਉਨ੍ਹਾਂ ਮੁਤਾਬਕ ਜਹਾਜ਼ 'ਚ ਪੰਜਾਬੀ ਜ਼ਾਇਕੇ ਵਾਲੇ ਭੋਜਨ ਪਰੋਸਿਆ ਜਾਵੇਗਾ। ਏਅਰ ਇੰਡੀਆ ਵੱਲੋਂ 27 ਅਕਤੂਬਰ ਤੋਂ ਅੰਮ੍ਰਿਤਸਰ ਅਤੇ ਪਟਨਾ ਸਾਹਿਬ ਵਿਚਕਾਰ ਸਿੱਧੀ ਉਡਾਣ ਸੇਵਾ ਸ਼ੁਰੂ ਕੀਤੀ ਜਾਵੇਗੀ। ਇਸ ਰੂਟ 'ਤੇ 162 ਸੀਟਾਂ ਵਾਲਾ ਜਹਾਜ਼ ਉੱਡੇਗਾ। ਉਨ੍ਹਾਂ ਐਲਾਨ ਕੀਤਾ ਕਿ ਏਅਰ ਇੰਡੀਆ ਵੱਲੋਂ ਅਗਲੇ ਸਾਲ ਮਾਰਚ ਤੋਂ ਦਿੱਲੀ-ਅੰਮ੍ਰਿਤਸਰ-ਟੋਰਾਂਟੋ ਉਡਾਣ ਰੋਜ਼ਾਨਾ ਸ਼ੁਰੂ ਕੀਤੀ ਜਾਵੇਗਾ। ਇਸ ਸਮੇਂ ਇਹ ਹਫਤੇ 'ਚ ਤਿੰਨ ਵਾਰ ਚਲਦੀ ਹੈ। ਉਨ੍ਹਾਂ ਸੰਭਾਵਨਾ ਪ੍ਰਗਟਾਈ ਕਿ ਅਗਲੇ ਸਾਲ ਜੁਲਾਈ ਤੋਂ ਚੰਡੀਗੜ੍ਹ-ਬੈਂਕਾਕ ਉਡਾਣ ਵੀ ਸ਼ੁਰੂ ਹੋ ਸਕਦੀ ਹੈ।

## ਸਿੱਖ ਭਾਈਚਾਰੇ ਲਈ ਚਲਾਈ ਵਿਸ਼ੇਸ਼ ਰੇਲਗੱਡੀ

**ਇਸਲਾਮਾਬਾਦ:** ਪਾਕਿਸਤਾਨ ਰੇਲਵੇ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖ ਭਾਈਚਾਰੇ ਲਈ ਨਨਕਾਣਾ ਸਾਹਿਬ ਤੋਂ ਕਰਾਚੀ ਲਈ ਵਿਸ਼ੇਸ਼ ਰੇਲਗੱਡੀ ਚਲਾਈ ਹੈ। ਰੇਲਵੇ ਨੇ ਵਿਸ਼ੇਸ਼ ਗੱਡੀ ਦੇ ਏਸੀ ਡੱਬਿਆਂ ਵਿਚੋਂ ਸੀਟਾਂ ਹਟਾ ਕੇ ਉਸ ਵਿਚ ਲਾਲ ਕਲੀਨ ਵਿਛਾਇਆ ਹੈ ਜਦੋਂਕਿ ਇਕ ਡੱਬਾ ਵਿਸ਼ੇਸ਼ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਲਈ ਤਿਆਰ ਕੀਤਾ ਗਿਆ ਹੈ। ਗੱਡੀ ਵਿਚ ਗੁਰੂ ਨਾਨਕ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਤੇ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਵਾਲੀ ਥਾਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੀਆਂ ਤਸਵੀਰਾਂ ਵੀ ਲਾਈਆਂ ਗਈਆਂ ਹਨ। ਸਿੱਖਾਂ ਦਾ ਪਹਿਲਾ ਜਥਾ ਵਿਸ਼ੇਸ਼ ਰੇਲ ਗੱਡੀ ਰਾਹੀਂ ਨਵੰਬਰ ਦੇ ਪਹਿਲੇ ਹਫਤੇ ਪਾਕਿ ਜਾਏਗਾ।

## ਹੇਮਕੁੰਟ ਸਾਹਿਬ ਦੀ ਯਾਤਰਾ ਸਮਾਪਤ

**ਅੰਮ੍ਰਿਤਸਰ:** ਉਤਰਾਖੰਡ ਸੂਬੇ ਵਿਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਅਰਦਾਸ ਮਗਰੋਂ ਸਮਾਪਤ ਹੋ ਗਈ ਹੈ ਅਤੇ ਸ਼ੀਤ ਰੁੱਤ ਲਈ ਗੁਰਦੁਆਰੇ ਦੇ ਕਿਵਾੜ ਬੰਦ ਕਰ ਦਿੱਤੇ ਗਏ ਹਨ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਖਾਲਸਾਈ ਮਰਿਆਦਾ ਮੁਤਾਬਕ ਸੁਖ ਆਸਣ ਵਾਲੇ ਸਥਾਨ 'ਤੇ ਲਿਜਾਏ ਗਏ ਹਨ। ਇਸ ਵਰ੍ਹੇ ਇਹ ਸਾਲਾਨਾ ਯਾਤਰਾ ਇਕ ਹਫਤਾ ਪਛੜ ਕੇ ਇਕ ਜੂਨ ਤੋਂ ਸ਼ੁਰੂ ਹੋਈ ਸੀ ਅਤੇ ਦਸ ਅਕਤੂਬਰ ਨੂੰ ਸਮਾਪਤ ਹੋਈ ਹੈ। ਇਸ ਦੌਰਾਨ ਲਗਭਗ ਦੋ ਲੱਖ 80 ਹਜ਼ਾਰ ਯਾਤਰੂ ਇਸ ਧਰਮ ਅਸਥਾਨ ਦੇ ਦਰਸ਼ਨਾਂ ਲਈ ਪੁੱਜੇ ਹਨ। ਅਗਲੇ ਵਰ੍ਹੇ ਇਹ ਯਾਤਰਾ 25 ਮਈ ਤੋਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ।

# ਬੰਦੀ ਸਿੰਘਾਂ ਦੀ ਮੁਕੰਮਲ ਰਿਹਾਈ ਲਈ ਲਾਮਬੰਦੀ

**ਬਠਿੰਡਾ:** ਕੇਂਦਰ ਸਰਕਾਰ ਨੇ ਭਾਵੇਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਹੁੰਦਿਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 8 ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦਾ ਐਲਾਨ ਕਰ ਦਿੱਤਾ ਹੈ ਪਰ ਦੂਜੇ ਪਾਸੇ ਬਾਕੀ ਰਹਿੰਦੇ ਬੰਦੀ ਸਿੰਘਾਂ ਦੀ ਮੁਕੰਮਲ ਰਿਹਾਈ ਅਤੇ ਆਮ ਮੁਆਫੀ ਲਈ ਸਿੱਖ ਜਥੇਬੰਦੀਆਂ ਨੇ ਸੰਘਰਸ਼ ਵਿੱਢ ਦਿੱਤਾ ਹੈ।

ਸਰਬੱਤ ਖਾਲਸਾ ਜਥੇਦਾਰ ਧਿਆਨ ਸਿੰਘ ਮੰਡ ਵੱਲੋਂ ਇਕ ਵਾਰ ਫਿਰ ਤਿੱਖੇ ਸੰਘਰਸ਼ ਦੀ ਰੂਪ ਰੇਖਾ ਉਲੀਕ ਦਿੱਤੀ ਗਈ ਹੈ। ਜਥੇਦਾਰ ਮੰਡ ਨੇ ਦੱਸਿਆ ਕਿ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਸ੍ਰੀ ਅਕਾਲ ਤਖਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ, ਦਿਆ ਸਿੰਘ ਲਾਹੌਰੀਆ (ਤਿੰਨੇ ਤਿਹਾੜ ਜੇਲ੍ਹ), ਪਰਮਜੀਤ ਸਿੰਘ ਭਿਓਰਾ (ਬੁੜੈਲ ਜੇਲ੍ਹ) ਸੁਰਿੰਦਰ ਸਿੰਘ ਛਿੰਦਾ, ਮੁਰਾਦਾਬਾਦ, ਉੱਤਰ ਪ੍ਰਦੇਸ਼ ਸਤਨਾਮ ਸਿੰਘ, ਦਿਆਲ ਸਿੰਘ, ਸੁੱਚਾ


*ਜਥੇਦਾਰ ਧਿਆਨ ਸਿੰਘ ਮੰਡ*

ਸਿੰਘ (ਮੁਰਾਦਾਬਾਦ ਜੇਲ੍ਹ, ਉੱਤਰ ਪ੍ਰਦੇਸ਼) ਅਤੇ ਹਰਨੇਕ ਸਿੰਘ ਭੱਪ (ਜੈਪੁਰ ਜੇਲ੍ਹ) ਸਮੇਤ ਬਾਕੀ ਰਹਿੰਦੇ ਸਿੰਘਾਂ ਦੀ ਰਿਹਾਈ ਲਈ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਕਮੇਟੀ ਵੱਲੋਂ ਰਾਸ਼ਟਰਪਤੀ ਅਤੇ ਪੰਜਾਬ ਦੇ ਗਵਰਨਰ ਨਾਲ ਮੁਲਾਕਾਤ ਕਰਕੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਜਾਵੇਗੀ। ਜਥੇਦਾਰ ਮੰਡ ਅਨੁਸਾਰ ਇਸ ਕਮੇਟੀ ਵਿਚ ਸਾਬਕਾ ਵਿਧਾਇਕ ਐਚ.ਐਸ. ਫੂਲਕਾ, ਪਹਿਰੇਦਾਰ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ, ਹਰਪਾਲ ਸਿੰਘ ਚੀਮਾ ਦਲ ਖਾਲਸਾ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ (ਅ) ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਾਬਕਾ ਸਕੱਤਰ ਸ਼੍ਰੋਮਣੀ ਕਮੇਟੀ ਹਰਚਰਨ ਸਿੰਘ, ਪ੍ਰਧਾਨ ਯੂਨਾਈਟਡ ਅਕਾਲੀ ਦਲ ਗੁਰਦੀਪ ਸਿੰਘ ਬਠਿੰਡਾ, ਪਰਮਜੀਤ ਸਿੰਘ ਸਹੋਲੀ, ਸਤਨਾਮ ਸਿੰਘ ਮਨਾਵਾਂ, ਵੱਸਣ ਸਿੰਘ ਜ਼ਫਰਵਾਲ, ਬੂਟਾ ਸਿੰਘ ਰਣਸੀਂਹ (ਸ਼੍ਰੋਮਣੀ ਅਕਾਲੀ ਦਲ), ਬਾਬਾ ਪ੍ਰਦੀਪ ਸਿੰਘ ਚਾਂਦਪੁਰਾ (ਪੰਥਕ ਸੇਵਾ ਲਹਿਰ), ਮੁੱਖ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਭਾਈ ਸੁਖਵਿੰਦਰ ਸਿੰਘ ਸਿਰਸਾ, ਗੁਰਨਾਮ ਸਿੰਘ ਸਿੱਧੂ, ਸਿੱਖ ਆਗੂ ਗੁਰਸੇਵਕ ਸਿੰਘ ਜਵਾਹਰਕੇ, ਨਰੈਣ ਸਿੰਘ ਚੌੜਾ, ਜਸਵੀਰ ਸਿੰਘ ਖਡੂਰ, ਹਰਪਾਲ ਸਿੰਘ ਬਲੇਰ, ਜਸਪਾਲ ਸਿੰਘ ਮੰਝਪੁਰ, ਮੁੱਖ ਸੇਵਾਦਾਰ ਕੌਮੀ ਦਸਤਾਰ ਫੈਡਰੇਸ਼ਨ ਪ੍ਰਗਟ ਸਿੰਘ ਭੋਡੀਪੁਰਾ ਅਤੇ ਹਰਸਿਮਰਨ ਸਿੰਘ ਨੰਦਪੁਰ ਨੂੰ ਸ਼ਾਮਲ ਕੀਤਾ ਗਿਆ ਹੈ।

ਜਥੇਦਾਰ ਮੰਡ ਨੇ ਭਾਰਤ ਸਰਕਾਰ ਅਪੀਲ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਧਿਆਨ 'ਚ ਰੱਖਦਿਆਂ ਸਾਰੇ ਬੰਦੀ ਸਿੰਘਾਂ ਨੂੰ ਆਮ ਮੁਆਫੀ ਦੇ ਕੇ ਰਿਹਾਅ ਕਰੇ ਕਿਉਂਕਿ ਇਨ੍ਹਾਂ ਬੰਦੀ ਸਿੰਘਾਂ ਨੇ ਆਪਣਾ ਪੂਰੀ ਜੀਵਨ ਕੌਮ ਦੇ ਲੇਖੇ ਲਾਉਣ ਲਈ ਜੇਲ੍ਹ ਵਿਚ ਹੀ ਸੰਘਰਸ਼ ਕਰਦਿਆਂ ਬਿਤਾ ਦਿੱਤਾ ਅਤੇ ਪ੍ਰਕਾਸ਼ ਪੁਰਬ ਮੌਕੇ ਇਹ ਕੌਮ ਲਈ ਵੱਡੀ ਪ੍ਰਾਪਤੀ ਹੋਵੇਗੀ।

## ਸਜ਼ਾ ਤਬਦੀਲੀ ਮਾਮਲੇ 'ਤੇ ਰਾਜੋਆਣਾ ਨੇ ਚੁੱਪ ਧਾਰੀ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਮਗਰੋਂ ਉਸ ਦੀ ਭੈਣ ਕਮਲਦੀਪ ਕੌਰ ਨੇ ਪਹਿਲੀ ਵਾਰ ਜੇਲ੍ਹ ਵਿਚ ਮੁਲਾਕਾਤ ਕੀਤੀ। ਅਜਿਹੀ ਮੁਲਾਕਾਤ ਦੌਰਾਨ ਆਮ ਤੌਰ ਉਤੇ ਕਿਸੇ ਨਾ ਕਿਸੇ ਮਾਮਲੇ 'ਤੇ ਮੀਡੀਆ ਨੂੰ ਬਿਆਨ ਜਾਰੀ ਕਰਨ ਵਾਲੇ ਰਾਜੋਆਣਾ ਨੇ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਤੋਂ ਗੁਰੇਜ਼ ਹੀ ਕੀਤਾ ਹੈ। ਫਾਂਸੀ ਦੇ ਮਾਮਲੇ 'ਤੇ ਵੱਖ-ਵੱਖ ਧਿਰਾਂ ਵੱਲੋਂ ਸਮੇਂ-ਸਮੇਂ 'ਤੇ ਕੀਤੀ ਜਾਂਦੀ ਰਹੀ ਬਿਆਨਬਾਜ਼ੀ ਦਾ ਰਾਜੋਆਣਾ ਮੋੜਵਾਂ ਜਵਾਬ ਦਿੰਦੇ ਰਹੇ ਹਨ ਪਰ ਐਤਕੀਂ ਬੇਅੰਤ ਸਿੰਘ ਪਰਿਵਾਰ ਸਮੇਤ ਕੁਝ ਹੋਰਨਾਂ ਧਿਰਾਂ ਵੱਲੋਂ ਸਜ਼ਾ ਬਦਲੀ ਦਾ ਜ਼ੋਰਦਾਰ ਵਿਰੋਧ ਕਰਨ ਦੇ ਬਾਵਜੂਦ ਉਨ੍ਹਾਂ ਨੇ ਚੁੱਪ ਵੱਟੀ ਹੋਈ ਹੈ। ਸਮਝਿਆ ਜਾ ਰਿਹਾ ਹੈ ਕਿ ਉਹ ਇਸ ਸਬੰਧੀ ਕਾਨੂੰਨੀ ਕਾਰਵਾਈ ਪੂਰੀ ਹੋਣ ਦੀ ਉਡੀਕ ਵਿਚ ਹਨ।

# ਆਰਥਕ ਖੁਸ਼ਕੀ ਚੁੱਕਣ ਵਾਲਾ ਹਰ ਅਸਤਰ ਪਿਆ ਖੁੰਢਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਕਰਾਂ ਦੇ ਸਾਰੇ ਖੇਤਰਾਂ ਤੋਂ ਆਮਦਨ ਵਿਚ ਆਈ ਗਿਰਾਵਟ ਨੇ ਮੰਦੀ ਦਾ ਸੰਕੇਤ ਦਿੱਤਾ ਹੈ। ਪੰਜਾਬ ਸਰਕਾਰ ਨੇ ਮਾਲੀ ਹਾਲਤ ਸੁਧਾਰਨ ਲਈ ਮੰਤਰੀਆਂ ਉਤੇ ਆਧਾਰਿਤ ਕਮੇਟੀ ਦਾ ਗਠਨ ਵੀ ਕੀਤਾ ਸੀ। ਸੂਤਰਾਂ ਅਨੁਸਾਰ ਇਸ ਕਮੇਟੀ ਵੱਲੋਂ 10 ਦੇ ਕਰੀਬ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਕਮੇਟੀ ਦੀਆਂ ਸਿਫਾਰਸ਼ਾਂ 'ਤੇ ਸਰਕਾਰ ਵੱਲੋਂ ਕੁਝ ਨਵੇਂ ਕਰ ਵੀ ਲਾਏ ਜਾ ਚੁੱਕੇ ਹਨ ਜਿਵੇਂ ਕਿ ਮਾਰਕੀਟ ਫੀਸ ਅਤੇ ਦਿਹਾਤੀ ਵਿਕਾਸ ਫੰਡ ਵਿਚ ਵਾਧਾ, ਪੇਸ਼ੇਵਰ ਕਰ ਲਾਉਣਾ, ਮੰਤਰੀਆਂ ਨੂੰ ਆਮਦਨ ਕਰ ਸਰਕਾਰੀ ਖ਼ਜ਼ਾਨੇ ਵਿਚੋਂ ਭਰਨ ਦੀ ਸਹੂਲਤ ਵਾਪਸ ਲੈਣ ਅਤੇ ਬਿਜਲੀ ਡਿਊਟੀ ਵਧਾਉਣ ਆਦਿ ਸ਼ਾਮਲ ਹਨ। ਇਸ ਦੇ ਬਾਵਜੂਦ ਕੋਈ ਸੁਧਾਰ ਨਹੀਂ ਹੋਇਆ।

ਪੰਜਾਬ ਸਰਕਾਰ ਨੂੰ ਚਲੰਤ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ (ਅਪਰੈਲ ਤੋਂ ਅਗਸਤ) ਤੱਕ ਆਮਦਨ ਵਿਚ ਆਈ ਗਿਰਾਵਟ ਨੇ ਮਾਲੀ ਸੰਕਟ ਦੇ ਹੋਰ ਡੂੰਘਾ ਹੋਣ ਦੇ ਸੰਕੇਤ ਦਿੱਤੇ ਹਨ। ਸਰਕਾਰ ਨੂੰ ਇਸ ਸਮੇਂ ਦੌਰਾਨ ਵੈਟ, ਜੀ.ਐਸ.ਟੀ., ਆਬਕਾਰੀ ਅਤੇ ਹੋਰਨਾਂ ਕਰਾਂ ਵਿਚ ਵਸੂਲੀ ਘਟ ਗਈ ਹੈ। ਵਿੱਤ ਵਿਭਾਗ ਦਾ 31 ਅਗਸਤ ਤੱਕ ਦਾ ਵਹੀ ਖਾਤਾ ਜੋ ਕਿ 'ਕੈਗ' ਵੱਲੋਂ ਪ੍ਰਵਾਨ ਕੀਤਾ ਗਿਆ ਹੈ, ਨੇ ਸਰਕਾਰ ਦਾ ਫਿਕਰ ਵਧਾ ਦਿੱਤਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਇਸ ਵਿੱਤ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ 15,697 ਕਰੋੜ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਲਾਇਆ ਸੀ। ਮਾਲੀਆ ਵਸੂਲੀ ਦੇ ਜੋ ਤੱਥ ਸਾਹਮਣੇ ਆਏ ਹਨ, ਉਸ ਮੁਤਾਬਕ ਇਸ ਸਮੇਂ ਦੌਰਾਨ 12,653 ਕਰੋੜ ਰੁਪਏ ਦੀ ਵਸੂਲੀ ਹੋ ਸਕੀ ਹੈ। ਇਹ ਫਰਕ 3044 ਕਰੋੜ ਰੁਪਏ ਦਾ ਦਰਸਾਇਆ ਗਿਆ ਹੈ। ਸਰਕਾਰ ਨੂੰ ਆਉਣ ਵਾਲੇ ਦਿਨਾਂ ਦੌਰਾਨ ਤਿਓਹਾਰਾਂ ਦਾ ਸੀਜ਼ਨ ਹੋਣ ਕਰ ਕੇ ਕਰ ਵਸੂਲੀ ਵਧਣ ਦੀ ਉਮੀਦ ਹੈ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੌਮੀ ਪੱਧਰ 'ਤੇ ਮੰਦੀ ਦਾ ਆਲਮ ਹੈ, ਇਸ ਲਈ ਸੁਭਾਵਿਕ ਤੌਰ ਉਤੇ ਪੰਜਾਬ



ਸਰਕਾਰ ਨੂੰ ਵੀ ਇਸ ਦਾ ਸੇਕ ਲੱਗਿਆ ਹੈ। ਪੰਜਾਬ ਸਰਕਾਰ ਨੂੰ ਅਨੁਮਾਨ ਨਾਲੋਂ ਮਾਲੀਆ ਦੀ ਘੱਟ ਵਸੂਲੀ ਤਾਂ ਭਾਵੇਂ ਹਰ ਖੇਤਰ ਵਿਚ ਹੀ ਰੜਕ ਰਹੀ ਹੈ ਪਰ ਵੈਟ ਅਤੇ ਜੀ.ਐਸ.ਟੀ. ਦੇ ਮਾਮਲੇ ਵਿਚ ਜ਼ਿਆਦਾ ਪ੍ਰਭਾਵ ਦਿਖਾਈ ਦੇ ਰਿਹਾ ਹੈ। ਸ਼ਰਾਬ ਤੋਂ ਹੋਣ ਵਾਲੀ ਆਮਦਨ ਵਿਚ ਤਾਂ ਸਰਕਾਰ ਦੀ ਆਮਦਨ ਪਿਛਲੇ ਸਾਲ ਨਾਲੋਂ ਵੀ ਘਟ ਗਈ।

ਪੰਜਾਬ ਸਰਕਾਰ ਨੂੰ ਕਰਾਂ ਦੇ ਸਾਰੇ ਖੇਤਰਾਂ ਤੋਂ ਆਮਦਨ ਵਿਚ ਆਈ ਗਿਰਾਵਟ ਨੇ ਮੰਦੀ ਦਾ ਸੰਕੇਤ ਵੀ ਦਿੱਤਾ ਹੈ। ਮਿਸਾਲ ਦੇ ਤੌਰ ਉਤੇ ਜਿਵੇਂ ਕੌਮੀ ਪੱਧਰ ਉਪਰ ਕਾਰਾਂ ਦੀ ਵਿਕਰੀ ਘਟਣ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ, ਉਸ ਹਿਸਾਬ ਨਾਲ ਪੰਜਾਬ ਵਿਚ ਵੀ ਕਾਰਾਂ ਅਤੇ ਹੋਰ ਵਾਹਨਾਂ ਦੀ ਵਿੱਕਰੀ ਤੋਂ ਹੋਣ ਵਾਲੀ ਆਮਦਨ ਅਨੁਮਾਨ ਨਾਲੋਂ ਹੇਠਾਂ ਆ ਗਈ ਹੈ। ਇਸੇ ਤਰ੍ਹਾਂ ਪੈਟਰੋਲ ਅਤੇ ਡੀਜ਼ਲ ਦੀ ਵਿੱਕਰੀ ਤੋਂ ਵੈਟ ਦੇ ਰੂਪ ਵਿਚ ਸਰਕਾਰ ਨੂੰ ਜੋ ਆਮਦਨ ਹੁੰਦੀ ਹੈ, ਉਹ ਵੀ ਟੀਚੇ ਨਾਲੋਂ ਘਟ ਗਈ। ਪੰਜਾਬ ਸਰਕਾਰ ਇਸ ਸਮੇਂ ਗੰਭੀਰ ਵਿੱਤੀ ਸੰਕਟ ਵਿਚੋਂ ਲੰਘ ਰਹੀ ਹੈ। ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ ਭਾਵ 31 ਮਾਰਚ 2020 ਤੱਕ 2 ਲੱਖ 29 ਹਜ਼ਾਰ 611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26,978 ਕਰੋੜ ਰੁਪਏ ਤਨਖਾਹਾਂ, 10,875 ਕਰੋੜ ਰੁਪਏ ਪੈਨਸ਼ਨਾਂ ਉਤੇ ਖਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿਚ ਸਰਕਾਰ ਨੇ ਪਾਵਰਕੌਮ ਨੂੰ 12,393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ। ਸਰਕਾਰ ਇਸ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 17,334 ਕਰੋੜ ਰੁਪਏ ਦਾ ਕਰਜ਼ਾ ਲਵੇਗੀ ਤੇ ਇਸ ਦੇ ਉਲਟ ਪਹਿਲਾਂ ਲਏ ਕਰਜ਼ੇ ਦੇ ਵਿਆਜ ਦੀ ਅਦਾਇਗੀ 30,309 ਕਰੋੜ ਰੁਪਏ ਕਰਨੀ ਹੈ ਤੇ ਮੂਲ ਦੀਆਂ ਕਿਸ਼ਤਾਂ ਦਾ ਸਾਲਾਨਾ ਭਾਰ 12,639 ਕਰੋੜ ਰੁਪਏ ਹੈ। ਇਨ੍ਹਾਂ ਤੱਥਾਂ ਤੋਂ ਸਰਕਾਰ ਦੀ ਮਾਲੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

# ਭਗਵੰਤ ਮਾਨ ਤੇ ਫੂਲਕਾ ਹੋਏ ਮਿਹਣੋ-ਮਿਹਣੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਅਤੇ ਵਿਧਾਨ ਸਭਾ ਹਲਕਾ ਦਾਖਾ ਤੋਂ ਅਸਤੀਫਾ ਦੇ ਚੁੱਕੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ 'ਆਪ' ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਦਾਖਾ ਹਲਕੇ ਦੀਆਂ ਮੁੜ ਹੋ ਰਹੀਆਂ ਚੋਣਾਂ ਲਈ ਖਰਚਾ ਦੇਣ ਲਈ ਤਿਆਰ ਹਨ ਪਰ ਉਹ (ਮਾਨ) ਪਹਿਲਾਂ ਅਰਵਿੰਦ ਕੇਜਰੀਵਾਲ ਕੋਲੋਂ ਦਿੱਲੀ ਕਰਵਾਉਣੀਆਂ ਪਈਆਂ ਸਨ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੇ ਖੁਦ ਸਾਲ 2017 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਤੌਰ ਸੰਸਦ ਮੈਂਬਰ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਚੋਣ ਲੜੀ ਸੀ।

ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਇਹ ਖਰਚਾ ਯਾਦ ਨਹੀਂ ਆਇਆ। ਸ੍ਰੀ ਫੂਲਕਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਹਲਕਾ ਦਾਖਾ ਵਿਚ ਨਿੱਜੀ ਤੌਰ



ਵਿਧਾਨ ਸਭਾ ਦੀਆਂ ਮੁੜ ਹੋਈਆਂ ਚੋਣਾਂ ਦਾ ਖਰਚ ਮੰਗਣ ਦੀ ਹਿੰਮਤ ਦਿਖਾਉਣ।

ਸ੍ਰੀ ਫੂਲਕਾ ਅਨੁਸਾਰ ਸ੍ਰੀ ਮਾਨ ਨੇ ਬੀਤੇ ਦਿਨੀਂ ਦਾਖਾ ਵਿਚ ਰੈਲੀ ਦੌਰਾਨ ਕਿਹਾ ਸੀ ਕਿ ਇਸ ਹਲਕੇ ਤੋਂ ਅਸਤੀਫਾ ਦੇਣ ਕਾਰਨ ਇਸ ਚੋਣ ਦਾ ਖਰਚਾ ਉਨ੍ਹਾਂ (ਫੂਲਕਾ) ਕੋਲੋਂ ਵਸੂਲਣਾ ਚਾਹੀਦਾ ਹੈ। ਸ੍ਰੀ ਫੂਲਕਾ ਨੇ ਸ੍ਰੀ ਮਾਨ ਦੀ ਚੁਣੌਤੀ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਉਹ ਦਾਖਾ ਹਲਕੇ ਦੀ ਜ਼ਿਮਨੀ ਚੋਣ ਦਾ ਖਰਚਾ ਤਾਰਨ ਲਈ ਤਿਆਰ ਹਨ ਅਤੇ ਚੋਣ ਕਮਿਸ਼ਨ ਦੇ ਅਜਿਹੇ ਫੈਸਲੇ ਦਾ ਸਵਾਗਤ ਕਰਨਗੇ। ਉਨ੍ਹਾਂ ਕਿਹਾ ਕਿ ਪਹਿਲਾਂ ਸ੍ਰੀ ਮਾਨ ਨੂੰ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਕੇਜਰੀਵਾਲ ਕੋਲੋਂ ਵੀ ਅਸਤੀਫਾ ਮੰਗਣਾ ਚਾਹੀਦਾ ਹੈ, ਕਿਉਂਕਿ ਕੇਜਰੀਵਾਲ ਦੀ ਸਰਕਾਰ ਵੱਲੋਂ ਅਸਤੀਫਾ ਦੇਣ ਕਾਰਨ ਮੁੜ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਤੇ ਮੋਬਾਈਲ ਡਿਸਪੈਂਸਰੀ ਸ਼ੁਰੂ ਕਰਨ ਅਤੇ ਸਕੂਲਾਂ ਵਿਚ ਸਮਾਰਟ ਕਲਾਸ ਰੂਮ ਬਣਾਉਣ ਉਪਰ ਇਕ ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਹੈ। ਇਸ ਮੋਬਾਈਲ ਡਿਸਪੈਂਸਰੀ ਵੱਲੋਂ ਪਿਛਲੇ ਦੋ ਸਾਲਾਂ ਤੋਂ 20 ਪਿੰਡਾਂ ਵਿਚ ਮੁਫਤ ਇਲਾਜ ਕੀਤਾ ਗਿਆ ਹੈ ਅਤੇ ਦਵਾਈਆਂ ਵੀ ਮੁਫਤ ਮੁਹੱਈਆ ਕਰਵਾਈਆਂ ਹਨ। ਇਸ ਦੌਰਾਨ 75,000 ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਹੈ ਅਤੇ 300 ਨੌਜਵਾਨਾਂ ਦੇ ਨਸ਼ੇ ਛੁਡਵਾਏ ਹਨ। ਸ੍ਰੀ ਫੂਲਕਾ ਨੇ ਦਾਅਵਾ ਕੀਤਾ ਕਿ ਦਾਖਾ ਹਲਕੇ ਵਿਚ 118 ਪ੍ਰਾਇਮਰੀ ਸਕੂਲਾਂ ਵਿਚ ਸਮਾਰਟ ਕਲਾਸ ਰੂਮ ਵੀ ਉਨ੍ਹਾਂ ਨੇ ਬਣਾ ਕੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਹਿਸਾਬ ਲਾ ਲੈਣ ਜੇ ਦਾਖਾ ਹਲਕੇ ਵਿਚ ਚੋਣ ਦਾ ਖਰਚਾ ਇਕ ਕਰੋੜ ਰੁਪਏ ਤੋਂ ਵੱਧ ਹੈ, ਤਾਂ ਉਹ ਬਾਕੀ ਰਕਮ ਹਲਕੇ ਵਿਚ ਲਾਉਣ ਲਈ ਤਿਆਰ ਹਨ।

ਸ੍ਰੀ ਫੂਲਕਾ ਨੇ ਸ੍ਰੀ ਮਾਨ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਲੋਕਤੰਤਰ ਵਿਚ ਰੋਸ ਵਜੋਂ ਅਸਤੀਫਾ ਦੇਣਾ ਲੋਕਤੰਤਰ ਦਾ ਸਭ ਤੋਂ ਵੱਡਾ ਹਥਿਆਰ ਹੈ। ਉਨ੍ਹਾਂ ਇਸ ਸਬੰਧੀ ਪੰਜਾਬ ਦੀਆਂ ਉਦਾਹਰਨ ਦਿੰਦਿਆਂ ਦੱਸਿਆ ਸਾਲ 1984 ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਸਾਲ 2015 ਵਿਚ ਕਾਂਗਰਸ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਰੋਸ ਵਜੋਂ ਅਸਤੀਫੇ ਦਿੱਤੇ ਸਨ ਅਤੇ ਅਜਿਹੀਆਂ ਹੋਰ ਕਈ ਮਿਸਾਲਾਂ ਹਨ। ਸ੍ਰੀ ਫੂਲਕਾ ਨੇ ਅਫਸੋਸ ਜ਼ਾਹਿਰ ਕੀਤਾ ਕਿ ਉਨ੍ਹਾਂ ਬੇਅਦਬੀ ਕਾਂਡ ਸਬੰਧੀ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਅਸਤੀਫਾ ਦਿੱਤਾ ਸੀ ਅਤੇ ਸ੍ਰੀ ਮਾਨ ਨੂੰ ਇਸ ਨੂੰ ਚੋਣ ਮੁੱਦਾ ਬਣਾਉਣਾ ਚਾਹੀਦਾ ਸੀ ਪਰ ਉਹ ਵੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਚਾਲ 'ਚ ਫਸ ਗਏ ਜਾਪਦੇ ਹਨ, ਕਿਉਂਕਿ ਅਕਾਲੀ ਦਲ ਨੇ ਬੜੀ ਚਲਾਕੀ ਨਾਲ ਇਨ੍ਹਾਂ ਨੇਤਾਵਾਂ ਦਾ ਧਿਆਨ ਉਨ੍ਹਾਂ ਦੇ ਅਸਤੀਫੇ ਵੱਲ ਖਿੱਚ ਕੇ ਹੋਰ ਮੁੱਦੇ ਭੁਲਾ ਦਿੱਤੇ ਹਨ।

# ਚੀਫ ਖਾਲਸਾ ਦੀਵਾਨ ਦੀ ਜਨਰਲ ਹਾਊਸ ਮੀਟਿੰਗ ਵਿਚ ਹੰਗਾਮਾ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀ ਜਨਰਲ ਹਾਊਸ ਅਤੇ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਵਿਰੋਧੀ ਧਿਰ ਨੇ ਸੁਣਵਾਈ ਨਾ ਹੋਣ ਦੇ ਦੋਸ਼ ਲਾਉਂਦਿਆਂ ਰੌਲਾ ਪਾ ਦਿੱਤਾ। ਵਿਰੋਧੀ ਧਿਰ ਦੇ ਮੈਂਬਰਾਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ 'ਤੇ ਗੁਰਸਿੱਖ ਮੈਂਬਰਾਂ ਲਈ ਅਪਸ਼ਬਦ ਵਰਤਣ ਦਾ ਦੋਸ਼ ਲਾਇਆ ਤੇ ਪ੍ਰਧਾਨ ਖਿਲਾਫ ਲੋੜੀਂਦੀ ਕਾਰਵਾਈ ਦੀ ਅਪੀਲ ਕੀਤੀ। ਦੂਜੇ ਪਾਸੇ ਪ੍ਰਧਾਨ ਨੇ ਦੋਸ਼ਾਂ ਨੂੰ ਨਕਾਰਿਆ ਹੈ।

ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਚੀਫ ਖਾਲਸਾ ਦੀਵਾਨ ਦੇ ਮੈਂਬਰ ਸਰਬਜੀਤ ਸਿੰਘ, ਕੁਲਜੀਤ ਸਿੰਘ, ਕੁਲਦੀਪ ਸਿੰਘ, ਹਰਕੰਵਲ ਸਿੰਘ ਕੋਹਲੀ, ਅਵਲੀਨ ਸਿੰਘ, ਰਮਨੀਕ ਸਿੰਘ, ਹਰਜੀਤ ਸਿੰਘ, ਗਗਨਦੀਪ ਸਿੰਘ, ਸਰਜੋਤ ਸਿੰਘ ਤੇ ਹੋਰਨਾਂ ਦੇ ਦਸਤਖ਼ਤਾਂ ਹੇਠ ਮੰਗ ਪੱਤਰ ਦਿੱਤਾ ਗਿਆ। ਇਨ੍ਹਾਂ ਮੈਂਬਰਾਂ ਨੇ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਉਤੇ ਦੋਸ਼ ਲਾਇਆ ਕਿ ਜਨਰਲ ਹਾਊਸ ਦੀ ਮੀਟਿੰਗ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਸਿੱਖ ਮੈਂਬਰਾਂ ਖਿਲਾਫ ਅਪਸ਼ਬਦ ਵਰਤੇ ਗਏ। ਉਨ੍ਹਾਂ ਪ੍ਰਧਾਨ ਖਿਲਾਫ ਲੋੜੀਂਦੀ ਕਾਰਵਾਈ ਮੰਗੀ ਹੈ। ਇਸ ਤੋਂ ਪਹਿਲਾਂ ਜਨਰਲ ਹਾਊਸ ਦੀ ਮੀਟਿੰਗ ਵਿਚ ਉਸ ਵੇਲੇ ਰੌਲਾ ਪਿਆ, ਜਦੋਂ ਵਿਰੋਧੀ ਧਿਰ ਦੇ ਇਨ੍ਹਾਂ ਮੈਂਬਰਾਂ ਨੇ ਆਪਣੀ ਗੱਲ ਰੱਖਣ ਲਈ ਸਮਾਂ ਮੰਗਿਆ।

ਕੁਲਜੀਤ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਗੱਲ ਰੱਖਣ ਲਈ ਸਮਾਂ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਹ ਚੁੱਪ-ਚੁਪੀਤੇ ਖਰੀਦੀ ਜ਼ਮੀਨ ਦਾ ਮਾਮਲਾ, ਅਕਾਲ ਚਲਾਣਾ ਕਰ ਗਏ ਮੈਂਬਰਾਂ ਦੀ ਥਾਂ ਨਵੇਂ ਮੈਂਬਰਾਂ ਦੀ ਭਰਤੀ, ਦੀਵਾਨ ਦੇ ਇਕ ਮੈਂਬਰ ਦੀ ਅਸ਼ਲੀਲ ਤਸਵੀਰ ਤੇ ਹੋਰ ਕਈ ਮਾਮਲੇ ਸਦਨ ਵਿਚ ਰੱਖਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਗਿਆ, ਸਗੋਂ ਉਸੇ ਵੇਲੇ ਪਾਠ ਸ਼ੁਰੂ ਕਰਵਾ ਦਿੱਤਾ ਗਿਆ।

# ਪੰਜਾਬ ਦੇ 16 ਲੱਖ ਕਿਸਾਨਾਂ ਨੂੰ ਮਿਲੇਗਾ ਛੇ ਹਜ਼ਾਰੀ ਯੋਜਨਾ ਦਾ ਲਾਭ


**ਚੰਡੀਗੜ੍ਹ:** ਪੰਜਾਬ ਦੇ 16 ਲੱਖ ਦੇ ਕਰੀਬ ਕਿਸਾਨ ਪਰਿਵਾਰਾਂ ਨੂੰ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਯੋਜਨਾ ਤਹਿਤ ਸਾਲਾਨਾ 6 ਹਜ਼ਾਰ ਰੁਪਏ ਮਿਲਣਗੇ। ਖੇਤੀਬਾੜੀ ਵਿਭਾਗ ਵੱਲੋਂ ਭਾਰਤ ਸਰਕਾਰ ਨੂੰ ਦਿੱਤੇ ਤਾਜ਼ਾ ਅੰਕੜਿਆਂ ਮੁਤਾਬਕ 9 ਲੱਖ 26 ਹਜ਼ਾਰ ਕਿਸਾਨ ਪਰਿਵਾਰਾਂ ਨੂੰ ਇਸ ਯੋਜਨਾ ਤਹਿਤ ਲਿਆਂਦਾ ਜਾ ਚੁੱਕਾ ਹੈ। ਭਾਰਤ ਸਰਕਾਰ ਵੱਲੋਂ ਇਹ ਯੋਜਨਾ ਚਲੰਤ ਮਾਲੀ ਸਾਲ ਤੋਂ ਹੀ ਸ਼ੁਰੂ ਕੀਤੀ ਗਈ ਸੀ ਤੇ ਹੁਣ ਤੱਕ 9 ਲੱਖ ਤੋਂ ਵੱਧ ਕਿਸਾਨ ਪਰਿਵਾਰਾਂ ਨੂੰ 500 ਕਰੋੜ ਰੁਪਏ ਦੇ ਕਰੀਬ ਦਾ ਲਾਭ ਮਿਲ ਚੁੱਕਾ ਹੈ।

ਭਾਰਤ ਸਰਕਾਰ ਦੀਆਂ ਮੁਢਲੀਆਂ ਸ਼ਰਤਾਂ ਮੁਤਾਬਕ 6 ਹਜ਼ਾਰ ਰੁਪਏ ਸਿਰਫ ਸੀਮਾਂਤ ਤੇ ਛੋਟੇ ਕਿਸਾਨਾਂ ਨੂੰ ਹੀ ਦੇਣੇ ਸਨ ਪਰ ਸੰਸਦੀ ਚੋਣਾਂ 'ਚ ਭਾਜਪਾ ਦੀ ਜਿੱਤ ਪਿਛੋਂ ਸਾਰੇ ਕਿਸਾਨਾਂ ਨੂੰ ਇਸ ਯੋਜਨਾ ਦਾ ਲਾਭ ਦੇਣ ਦਾ ਫੈਸਲਾ ਲਿਆ ਗਿਆ ਹੈ। ਖੇਤੀਬਾੜੀ ਵਿਭਾਗ ਮੁਤਾਬਕ ਕੇਂਦਰ ਵੱਲੋਂ ਜ਼ਮੀਨ ਦੀ ਸ਼ਰਤ ਹਟਾਏ ਜਾਣ ਪਿਛੋਂ 24,97,402 ਕਿਸਾਨ ਪਰਿਵਾਰਾਂ ਨੂੰ ਇਸ ਯੋਜਨਾ ਅਧੀਨ ਲਿਆਉਣ ਲਈ ਸੂਚੀ ਬਣਾਈ ਗਈ ਸੀ। ਕੇਂਦਰ ਸਰਕਾਰ ਦੀ ਸ਼ਰਤ ਮੁਤਾਬਕ ਜੇ ਕੋਈ ਕਿਸਾਨ ਸਰਕਾਰੀ ਨੌਕਰੀ ਜਾਂ ਵਪਾਰ ਕਰਦਾ ਹੈ ਤੇ ਆਮਦਨ ਕਰ ਦੀ ਰਿਟਰਨ ਭਰਦਾ ਹੈ ਤਾਂ ਇਹ ਲਾਭ ਉਸ ਨੂੰ ਨਹੀਂ ਦਿੱਤਾ ਜਾ ਸਕਦਾ।

ਇਸ ਤਰ੍ਹਾਂ ਮਾਲ ਵਿਭਾਗ ਦੇ ਪਟਵਾਰੀਆਂ ਨੇ ਅਜਿਹੇ ਕਿਸਾਨਾਂ ਦੀ ਛਾਂਟੀ ਕਰਦਿਆਂ 2,39,218 ਕਿਸਾਨਾਂ ਨੂੰ ਯੋਜਨਾ ਤੋਂ ਬਾਹਰ ਕੱਢ ਦਿੱਤਾ ਹੈ। ਵਿਭਾਗ ਅਨੁਸਾਰ 5 ਲੱਖ 4 ਹਜ਼ਾਰ 451 ਪਰਿਵਾਰਾਂ ਨੂੰ ਰਾਜ ਸਰਕਾਰ ਵੱਲੋਂ ਪਹਿਲਾਂ ਹੀ ਕਰਜ਼ਾ ਮੁਆਫੀ ਸਕੀਮ ਅਧੀਨ ਲਿਆਂਦਾ ਗਿਆ ਸੀ ਤੇ ਇਹ ਪਰਿਵਾਰ ਕੇਂਦਰ ਸਰਕਾਰ ਦੀ ਯੋਜਨਾ ਦਾ ਲਾਭ ਲੈ ਸਕਣਗੇ। ਪਟਵਾਰੀਆਂ ਵੱਲੋਂ ਕੀਤੀ ਛਾਂਟੀ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ 24 ਲੱਖ ਤੋਂ ਵੱਧ ਪਰਿਵਾਰਾਂ 'ਚੋਂ ਕਰੀਬ 16 ਲੱਖ ਅਜਿਹੇ ਕਿਸਾਨ ਪਰਿਵਾਰ ਬਚ ਜਾਣਗੇ, ਜਿਨ੍ਹਾਂ ਨੂੰ ਕੇਂਦਰ ਦੀ ਯੋਜਨਾ ਦਾ ਲਾਭ ਮਿਲੇਗਾ।

# ਬੰਗਲਾਦੇਸ਼ ਤੇ ਨਿਪਾਲ ਤੋਂ ਵੀ ਘੱਟ ਰਹੇਗੀ ਭਾਰਤ ਦੀ ਆਰਥਕ ਵਿਕਾਸ ਦਰ

**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਚਾਲੂ ਵਿੱਤੀ ਸਾਲ ਵਿਚ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਮਾਨ ਘਟਾ ਕੇ 6 ਫੀਸਦੀ ਕਰ ਦਿੱਤਾ ਜਦੋਂ ਕਿ ਵਿੱਤੀ ਸਾਲ 2018-19 ਵਿਚ ਵਿਕਾਸ ਦਰ 6.9 ਫੀਸਦੀ ਰਹੀ ਸੀ। ਦੂਜੇ ਪਾਸੇ ਵਿਸ਼ਵ ਬੈਂਕ ਨੇ ਬੰਗਲਾਦੇਸ਼ ਤੇ ਨਿਪਾਲ ਵਿਚ ਆਰਥਿਕ ਵਿਕਾਸ ਭਾਰਤ ਨਾਲੋਂ ਜ਼ਿਆਦਾ ਹੋਣ ਦਾ ਅਨੁਮਾਨ ਲਗਾਇਆ ਹੈ। ਹਾਲਾਂਕਿ 'ਦੱਖਣੀ ਏਸ਼ੀਆ ਆਰਥਿਕ ਫੋਕਸ' ਦੀ ਤਾਜ਼ਾ ਰਿਪੋਰਟ ਵਿਚ ਵਿਸ਼ਵ ਬੈਂਕ ਨੇ ਕਿਹਾ ਕਿ ਮੁਦਰਾ ਸਫੀਤੀ ਅਨੁਕੂਲ ਹੈ ਅਤੇ ਜੇਕਰ ਮੁਦਰਾ ਰੁਖ ਨਰਮ ਬਣਿਆ ਰਿਹਾ ਤਾਂ ਵਿਕਾਸ ਦਰ ਹੌਲੀ-ਹੌਲੀ ਸੁਧਰ ਕੇ 2021 ਵਿਚ 6.9 ਫੀਸਦੀ ਅਤੇ 2022 ਵਿਚ 7.2 ਫੀਸਦੀ ਹੋਣ ਦਾ ਅਨੁਮਾਨ ਹੈ।



ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਦੀ ਸੰਯੁਕਤ ਸਾਲਾਨਾ ਬੈਠਕ ਤੋਂ ਪਹਿਲਾਂ ਜਾਰੀ ਰਿਪੋਰਟ 'ਚ ਲਗਾਤਾਰ ਦੂਸਰੇ ਸਾਲ ਭਾਰਤ ਦੀ ਆਰਥਿਕ ਵਿਕਾਸ ਦਰ ਵਿਚ ਗਿਰਾਵਟ ਦਾ ਅਨੁਮਾਨ ਪ੍ਰਗਟਾਇਆ ਗਿਆ ਹੈ। ਵਿੱਤੀ ਸਾਲ 2018-19 ਵਿਚ ਵਿਕਾਸ ਦਰ, ਵਿੱਤੀ ਸਾਲ 2017-18 ਦੇ 7.2 ਫੀਸਦੀ ਤੋਂ ਥੱਲੇ 6.8 ਫੀਸਦੀ ਰਹੀ ਸੀ। ਨਿਰਮਾਣ ਅਤੇ ਉਸਾਰੀ ਸਰਗਰਮੀਆਂ 'ਚ ਵਿਕਾਸ ਕਾਰਨ ਉਦਯੋਗਿਕ ਉਤਪਾਦਨ ਦੀ ਵਿਕਾਸ ਦਰ ਵਧ ਕੇ 6.9 ਫੀਸਦੀ ਹੋ ਗਈ, ਜਦੋਂ ਕਿ ਖੇਤੀਬਾੜੀ ਤੇ ਸਰਵਿਸ ਖੇਤਰ 'ਚ ਵਿਕਾਸ ਦਰ ਕ੍ਰਮਵਾਰ 2.9 ਅਤੇ 7.5 ਫੀਸਦੀ ਰਹੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2019-20 ਦੀ ਪਹਿਲੀ ਤਿਮਾਹੀ ਵਿਚ ਮੰਗ ਦੇ ਮਾਮਲੇ ਵਿਚ ਨਿੱਜੀ ਖਪਤ ਵਿਚ ਗਿਰਾਵਟ ਅਤੇ ਉਦਯੋਗ ਅਤੇ ਸੇਵਾ ਦੋਵਾਂ ਵਿਚ ਵਿਕਾਸ ਕਮਜ਼ੋਰ ਹੋਣ ਨਾਲ ਅਰਥ-ਵਿਵਸਥਾ ਵਿਚ ਸੁਸਤੀ ਰਹੀ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 2018-19 ਵਿਚ ਚਾਲੂ ਖਾਤਾ ਘਾਟਾ ਵਧ ਕੇ ਜੀ.ਡੀ.ਪੀ. ਦਾ 2.1 ਫੀਸਦੀ ਹੋ ਗਿਆ ਜਦੋਂ ਕਿ ਇਕ ਸਾਲ ਪਹਿਲਾਂ ਇਹ 1.8 ਫੀਸਦੀ ਸੀ।

ਇਸ ਨਾਲ ਵਿਗੜਦੇ ਵਪਾਰ ਸੰਤੁਲਨ ਦਾ ਪਤਾ ਚਲਦਾ ਹੈ। ਇਸ ਰਿਪੋਰਟ ਵਿਚ ਵਿਸ਼ਵ ਬੈਂਕ ਨੇ ਕਿਹਾ ਹੈ ਕਿ 2019 ਵਿਚ ਦੱਖਣੀ ਏਸ਼ਿਆਈ ਦੇਸ਼ਾਂ ਵਿਚ ਨਿਪਾਲ ਅਤੇ ਬੰਗਲਾਦੇਸ਼ ਦੀ ਆਰਥਿਕ ਰਫਤਾਰ ਭਾਰਤ ਨਾਲੋਂ ਵੀ ਤੇਜ਼ ਰਹੇਗੀ। ਵਿਸ਼ਵ ਬੈਂਕ ਨੇ ਇਸ ਰਿਪੋਰਟ ਵਿਚ ਕਿਹਾ ਹੈ ਕਿ ਚਾਲੂ ਵਿੱਤੀ ਸਾਲ ਵਿਚ ਪੂਰੀ ਦੁਨੀਆਂ ਦੀ ਤਰ੍ਹਾਂ ਹੀ ਦੱਖਣੀ ਏਸ਼ਿਆਈ ਦੇਸ਼ਾਂ ਵਿਚ ਵੀ ਆਰਥਿਕ ਸੁਸਤੀ ਰਹੇਗੀ। ਪਾਕਿਸਤਾਨ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚਾਲੂ ਵਿੱਤੀ ਸਾਲ ਵਿਚ ਮੁਦਰਾ ਨੀਤੀਆਂ ਕਠੋਰ ਰਹਿਣ ਦੀ ਵਜ੍ਹਾ ਨਾਲ ਇਥੇ ਦੀ ਆਰਥਿਕ ਰਫਤਾਰ 2.4 ਫੀਸਦੀ ਰਹੇਗੀ। ਵਿਸ਼ਵ ਬੈਂਕ ਨੇ ਆਪਣੀ ਇਸ ਰਿਪੋਰਟ ਵਿਚ ਕਿਹਾ ਹੈ ਕਿ ਦੱਖਣੀ ਏਸ਼ੀਆ ਵਿਚ ਵਿਕਾਸ 5.9 ਫੀਸਦੀ ਰਹੇਗੀ ਜੋ ਕਿ ਅਪਰੈਲ 2019 ਦੇ ਮੁਕਾਬਲੇ 1.1 ਫੀਸਦੀ ਘੱਟ ਹੈ।

## ਫਿਲਮਾਂ ਦੀ ਕਮਾਈ ਦੇਸ਼ ਦੇ ਮਜ਼ਬੂਤ ਅਰਥਚਾਰੇ ਦਾ ਸੰਕੇਤ!

**ਮੁੰਬਈ:** ਮੰਦੀ ਦੇ ਸੰਕੇਤਾਂ ਦੇ ਬਾਵਜੂਦ ਕੇਂਦਰੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਆਖ ਦਿੱਤਾ ਕਿ 2 ਅਕਤੂਬਰ ਦੀ ਛੁੱਟੀ ਵਾਲੇ ਦਿਨ ਬਾਲੀਵੁੱਡ ਦੀਆਂ ਤਿੰਨ ਫਿਲਮਾਂ ਵੱਲੋਂ ਕੀਤੀ ਗਈ 120 ਕਰੋੜ ਰੁਪਏ ਦੀ ਕਮਾਈ ਤੋਂ 'ਵਧੀਆ ਅਰਥਚਾਰੇ' ਦੇ ਸੰਕੇਤ ਮਿਲਦੇ ਹਨ। ਉਨ੍ਹਾਂ ਨੇ ਐਨ.ਐਸ.ਐਸ.ਓ. ਦੀ ਰਿਪੋਰਟ ਨੂੰ 'ਗਲਤ' ਕਰਾਰ ਦਿੱਤਾ, ਜਿਸ ਵਿਚ 2017 ਦੀ ਬੇਰੁਜ਼ਗਾਰੀ ਦਰ ਨੂੰ 45 ਸਾਲਾਂ ਵਿਚ ਹੁਣ ਤੱਕ ਦੀ ਸਭ ਤੋਂ ਵੱਧ ਕਰਾਰ ਦਿੱਤਾ ਗਿਆ ਹੈ। ਹਾਲਾਂਕਿ ਚੁਫੇਰਿਉਂ ਅਲੋਚਨਾ ਪਿੱਛੋਂ ਉਨ੍ਹਾਂ ਨੇ ਬਿਆਨ ਵਾਪਸ ਲੈ ਲਿਆ। ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਵੱਲੋਂ ਭਾਰਤ ਅਤੇ ਬ੍ਰਾਜ਼ੀਲ ਵਿਚ ਇਸ ਵਰ੍ਹੇ ਆਰਥਿਕ ਮੰਦੀ ਦਾ ਅਸਰ ਸਭ ਤੋਂ ਵੱਧ ਹੋਣ ਬਾਰੇ ਦਿੱਤੇ ਬਿਆਨ ਤੋਂ ਕੁਝ ਦਿਨਾਂ ਬਾਅਦ ਪ੍ਰਸਾਦ ਨੇ ਕਿਹਾ ਕਿ ਇਹ ਮਾਪ ਅਧੂਰਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਖਿਲਾਫ ਡਟੇ ਕੁਝ ਜਥੇਬੰਦਕ ਲੋਕਾਂ ਵੱਲੋਂ ਬੇਰੁਜ਼ਗਾਰੀ ਦੇ ਮੁੱਦੇ 'ਤੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ।

## ਆਲਮੀ ਮੁਕਾਬਲੇਬਾਜ਼ੀ ਸੂਚਕ ਅੰਕ 'ਚ ਭਾਰਤ 10 ਸਥਾਨ ਖਿਸਕਿਆ

**ਨਵੀਂ ਦਿੱਲੀ:** ਵਿਸ਼ਵ ਆਰਥਿਕ ਫੋਰਮ ਦੇ ਆਲਮੀ ਮੁਕਾਬਲੇਬਾਜ਼ੀ ਸੂਚਕ ਅੰਕ ਵਿਚ ਭਾਰਤ 10 ਸਥਾਨ ਹੇਠਾਂ ਖਿਸਕ ਕੇ 68 ਵੇਂ ਨੰਬਰ ਉਤੇ ਆ ਗਿਆ। ਆਲਮੀ ਮੁਕਾਬਲੇਬਾਜ਼ੀ ਸੂਚਕ ਅੰਕ ਮਾਪਣ ਲਈ ਉਤਪਾਦਨ ਦੇ ਕਾਰਕਾਂ - ਕਿਰਤ ਅਤੇ ਪੂੰਜੀ -ਅਤੇ ਕੁੱਲ ਕਾਰਕ ਉਤਪਾਦਕਤਾ (ਟੀ.ਐਫ.ਪੀ.) ਨੂੰ ਦੇਖਿਆ ਜਾਂਦਾ ਹੈ। ਬੀਤੇ ਵਰ੍ਹੇ ਭਾਰਤ 58ਵੇਂ ਸਥਾਨ ਉਤੇ ਸੀ। ਸੂਚਕ ਅੰਕ ਅਨੁਸਾਰ ਭਾਰਤ ਦਾ ਸਥਾਨ ਕੰਪਨੀ ਸੰਚਾਲਨ ਦੇ ਮਾਮਲੇ ਵਿਚ 15ਵਾਂ, ਸ਼ੇਅਰ ਧਾਰਕ ਸੰਚਾਲਨ ਵਿਚ ਦੂਜਾ ਅਤੇ ਬਾਜ਼ਾਰ ਆਕਾਰ ਤੇ ਅਕਸ਼ੈ ਊਰਜਾ ਨਿਯਮਨ ਵਿਚ ਤੀਜਾ ਹੈ।

## ਆਲਮੀ ਮੰਦੀ ਦਾ ਵੱਧ ਅਸਰ ਮਹਿਸੂਸ ਕਰ ਰਿਹੈ ਭਾਰਤ: ਆਈ. ਐਮ. ਐਫ.

**ਵਾਸ਼ਿੰਗਟਨ:** ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਦੀ ਨਵ-ਨਿਯੁਕਤ ਮੁਖੀ ਕ੍ਰਿਸਟਲੀਨਾ ਜੌਰਜੀਵਾ ਦਾ ਕਹਿਣਾ ਹੈ ਕਿ ਇਸ ਵੇਲੇ ਭਾਰਤ ਜਿਹੇ ਵੱਡੇ ਅਤੇ ਉਭਰਦੇ ਅਰਥਚਾਰੇ ਆਲਮੀ ਮੰਦੀ ਦਾ ਵੱਧ ਅਸਰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਆਲਮੀ ਅਰਥਚਾਰਾ ਇਕੋ ਵੇਲੇ ਮੰਦੀ ਝੱਲ ਰਿਹਾ ਹੈ, ਜਿਸ ਕਾਰਨ ਇਸ ਵਰ੍ਹੇ 90 ਫੀਸਦੀ ਦੁਨੀਆਂ ਵਿਚ ਵਿਕਾਸ ਦਰ ਧੀਮੀ ਰਹੇਗੀ। ਆਈ.ਐਮ.ਐਫ. ਦੀ ਮੈਨੇਜਿੰਗ ਡਾਇਰੈਕਟਰ ਨੇ ਕਿਹਾ ਕਿ ਹਰ ਖੇਤਰ ਵਿਚ ਛਾਈ ਮੰਦੀ ਦਾ ਅਰਥ ਹੈ ਕਿ ਇਸ ਵਰ੍ਹੇ ਦੀ ਵਿਕਾਸ ਦਰ ਪਿਛਲੇ ਦਹਾਕੇ ਤੋਂ ਲੈ ਕੇ ਹੁਣ ਤੱਕ ਸਭ ਤੋਂ ਘੱਟ ਹੋਵੇਗੀ। ਉਨ੍ਹਾਂ ਕਿਹਾ ਕਿ ਅਗਲੇ ਹਫਤੇ ਰਿਲੀਜ਼ ਹੋਣ ਵਾਲੇ ਵਰਲਡ ਇਕਨਾਮਿਕ ਆਊਟਲੁੱਕ ਵਿਚ 2019 ਅਤੇ 2020 ਦੌਰਾਨ ਹੇਠਾਂ ਡਿੱਗੇ ਅਰਥਚਾਰੇ ਦੇ ਰੁਝਾਨ ਹੋਣਗੇ।

# ਕਾਂਗਰਸ ਵੱਲੋਂ ਜੰਮੂ ਕਸ਼ਮੀਰ 'ਚ ਸਥਾਨਕ ਚੋਣਾਂ ਦਾ ਬਾਈਕਾਟ

**ਜੰਮੂ:** ਕਾਂਗਰਸ ਨੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਲਗਾਤਾਰ ਨਜ਼ਰਬੰਦੀ ਅਤੇ ਸੂਬਾ ਪ੍ਰਸ਼ਾਸਨ ਦੇ ਉਦਾਸੀਨ ਰਵੱਈਏ ਦੇ ਮੱਦੇਨਜ਼ਰ ਜੰਮੂ ਕਸ਼ਮੀਰ 'ਚ ਹੋਣ ਵਾਲੀਆਂ ਬਲਾਕ ਡਿਵੈੱਲਪਮੈਂਟ ਕੌਂਸਲ (ਬੀ.ਡੀ.ਸੀ.) ਦੀਆਂ ਚੋਣਾਂ ਦੇ ਬਾਈਕਾਟ ਦਾ ਫੈਸਲਾ ਕੀਤਾ ਹੈ।

ਜੰਮੂ ਅਤੇ ਕਸ਼ਮੀਰ ਵਿਚ ਬੀ.ਡੀ.ਸੀ. ਦੀਆਂ ਚੋਣਾਂ 24 ਅਕਤੂਬਰ ਨੂੰ ਹੋਣੀਆਂ ਹਨ ਅਤੇ ਬੀਤੀ 5 ਅਗਸਤ ਨੂੰ 370 ਤਹਿਤ ਵਿਸ਼ੇਸ਼ ਰਾਜ ਦਾ ਦਰਜਾ ਖਤਮ ਹੋਣ ਪਿਛੋਂ ਸੂਬੇ ਵਿਚ ਹੋਣ ਵਾਲੀਆਂ ਇਹ ਪਹਿਲੀਆਂ ਚੋਣਾਂ ਹਨ। ਕਾਂਗਰਸ ਦੇ ਸੂਬਾ ਪ੍ਰਧਾਨ ਸ੍ਰੀ ਜੀਏ ਮੀਰ ਨੇ ਕਿਹਾ ਕਿ ਕਾਂਗਰਸ ਲੋਕਤੰਤਰ ਨੂੰ ਮਜ਼ਬੂਤ ਕਰਨ 'ਚ ਵਿਸ਼ਵਾਸ ਰੱਖਦੀ ਹੈ ਅਤੇ ਉਸ ਨੂੰ ਕਿਸੇ ਵੀ ਚੋਣ ਲੜਨ ਤੋਂ ਗੁਰੇਜ਼ ਨਹੀਂ ਹੈ ਪਰ ਅੱਜ ਉਹ ਸੂਬਾ ਪ੍ਰਸ਼ਾਸਨ ਦੇ ਵੱਖਵਾਦੀ ਰਵੱਈਏ ਅਤੇ ਘਾਟੀ ਵਿਚ ਪਾਰਟੀ ਦੇ ਨੇਤਾਵਾਂ ਦੀ ਨਜ਼ਰਬੰਦੀ ਜਾਰੀ ਰੱਖੇ ਜਾਣ ਕਾਰਨ ਇਹ ਫੈਸਲਾ ਲੈਣ ਲਈ ਮਜਬੂਰ ਹਨ।

ਪੀ.ਪੀ.ਸੀ. ਨੇਤਾ ਨੇ ਦੋਸ਼ ਲਾਇਆ ਕਿ ਨੇਤਾਵਾਂ ਅਤੇ ਵਰਕਰਾਂ ਨੂੰ ਨਜ਼ਰਬੰਦ ਕੀਤਾ ਹੋਇਆ ਹੈ ਜਿਸ ਕਾਰਨ ਸਿਆਸੀ ਮਾਹੌਲ ਅਤੇ ਸਿਆਸੀ ਸਰਗਰਮੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਅਤੇ ਇਸ ਸਭ ਕੁਝ ਵਿਚ ਕਾਂਗਰਸ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਚੇਤੇ ਰਹੇ, ਬੀਤੇ ਹਫਤੇ ਕਾਂਗਰਸ ਨੇ ਨੈਸ਼ਨਲ ਪੈਂਥਰ ਪਾਰਟੀ ਨਾਲ ਮਿਲ ਕੇ ਚੋਣਾਂ ਦੇ ਸਮੇਂ ਤੇ ਮੌਜੂਦਾ ਸੁਰੱਖਿਆ ਹਾਲਾਤ ਬਾਰੇ ਬੋਲਦਿਆਂ ਚੋਣਾਂ 'ਚ ਹਿੱਸਾ ਲੈਣ ਦਾ ਐਲਾਨ ਕੀਤਾ ਸੀ।

## ਕਸ਼ਮੀਰ ਦੇ ਮੌਜੂਦਾ ਹਾਲਾਤ ਤੋਂ ਯੂ. ਐਨ. ਫਿਕਰਮੰਦ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਦੇ ਤਰਜਮਾਨ ਨੇ ਕਸ਼ਮੀਰ ਦੇ ਮੌਜੂਦਾ ਹਾਲਾਤ ਉਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਕਿਹਾ ਕਿ ਭਾਰਤ ਵਿਚ ਯੂਐਨ ਏਜੰਸੀ ਦੇ ਕੁਝ ਲੋਕ ਕਸ਼ਮੀਰ ਵਿਚ ਕੰਮ ਕਰ ਰਹੇ ਹਨ। ਤਰਜਮਾਨ ਸਟੀਫਨ ਦੁਜਾਰਿਕ ਨੇ ਕਿਹਾ ਕਿ ਉਹ ਯਕੀਨੀ ਤੌਰ ਉਤੇ ਕਸ਼ਮੀਰ ਦੇ ਹਾਲਾਤ ਨੂੰ ਲੈ ਕੇ ਫਿਕਰਮੰਦ ਹਾਂ। ਯੂਐਨ ਏਜੰਸੀ ਵਿਚ ਕੰਮ ਕਰਦੇ ਸਾਡੇ ਕੁਝ ਸਾਥੀ ਕਸ਼ਮੀਰ ਵਿਚ ਕੰਮ ਕਰ ਰਹੇ ਹਨ। ਸਾਨੂੰ ਉਨ੍ਹਾਂ ਤੋਂ ਜਾਣਕਾਰੀ ਮਿਲਣ ਦੀ ਉਡੀਕ ਹੈ।

## ਜੰਮੂ ਕਸ਼ਮੀਰ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਉਦਘਾਟਨ 31 ਨੂੰ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਨਵੇਂ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਉਦਘਾਟਨ 31 ਅਕਤੂਬਰ ਨੂੰ ਸ੍ਰੀਨਗਰ ਵਿਚ ਕੀਤਾ ਜਾਵੇਗਾ। ਇਹ ਉਦਘਾਟਨ 5 ਅਗਸਤ ਨੂੰ ਸੂਬੇ ਦੇ ਪੁਨਰਗਠਨ ਬਾਰੇ ਕੇਂਦਰ ਸਰਕਾਰ ਵੱਲੋਂ ਕੀਤੇ ਐਲਾਨ ਦੇ ਅਮਲ ਵਜੋਂ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਮੁੱਖ ਸਮਾਗਮ ਇਥੇ ਸਿਵਲ ਸਕੱਤਰੇਤ ਵਿਚ ਹੋਵੇਗਾ ਅਤੇ ਰਾਜਪਾਲ ਸੱਤਿਆ ਪਾਲ ਮਲਿਕ ਤਿਰੰਗਾ ਲਹਿਰਾਉਣਗੇ।

# ਮਕਬੂਜ਼ਾ ਕਸ਼ਮੀਰ ਤੋਂ ਉਜੜ ਕੇ ਆਏ ਪਰਿਵਾਰਾਂ ਲਈ ਪੈਕੇਜ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਮੰਡਲ ਨੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ਤੋਂ ਉੱਜੜ ਕੇ ਆਏ 5300 ਪਰਿਵਾਰਾਂ ਨੂੰ ਵਸਾਉਣ ਲਈ ਯਕਮੁਸ਼ਤ 5.5 ਲੱਖ ਰੁਪਏ ਦਾ ਪੈਕੇਜ ਦੇਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਪਰਿਵਾਰ ਪੀ.ਓ.ਕੇ. ਤੋਂ ਉੱਜੜਨ ਮਗਰੋਂ ਸ਼ੁਰੂ ਵਿਚ ਜੰਮੂ ਕਸ਼ਮੀਰ ਦੇ ਬਾਹਰਵਾਰ ਵੱਸ ਗਏ ਸਨ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2016 ਵਿਚ ਮਕਬੂਜ਼ਾ ਕਸ਼ਮੀਰ ਦੇ ਸ਼ਰਨਾਰਥੀਆਂ ਲਈ ਵਿਸ਼ੇਸ਼ ਪੈਕੇਜ ਦਾ ਐਲਾਨ ਕੀਤਾ ਸੀ ਪਰ ਸੂਬੇ ਤੋਂ ਬਾਹਰ ਰਹਿ ਗਏ 5300 ਪਰਿਵਾਰਾਂ ਨੂੰ ਇਸ ਦਾ ਲਾਭ ਨਹੀਂ ਦਿੱਤਾ ਗਿਆ ਸੀ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕਿਹਾ ਕਿ ਸਰਕਾਰ ਨੇ 'ਇਤਿਹਾਸਕ ਭੁੱਲ' ਨੂੰ ਸੁਧਾਰ ਲਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪਰਿਵਾਰ ਮਕਬੂਜ਼ਾ ਕਸ਼ਮੀਰ ਤੋਂ ਆਏ ਸਨ ਅਤੇ ਜੰਮੂ ਕਸ਼ਮੀਰ ਦੇ ਬਾਹਰ ਵਸ ਗਏ ਸਨ, ਉਨ੍ਹਾਂ ਨੂੰ ਪੈਕੇਜ ਦਾ ਲਾਭ ਨਹੀਂ ਦਿੱਤਾ ਜਾ ਰਿਹਾ ਸੀ। ਇਹ ਪਰਿਵਾਰ ਬਾਅਦ 'ਚ ਜੰਮੂ ਕਸ਼ਮੀਰ ਅੰਦਰ ਵਸ ਗਏ ਸਨ। ਉਨ੍ਹਾਂ ਕਿਹਾ ਕਿ ਅਜਿਹੇ 5300 ਪਰਿਵਾਰਾਂ ਨੂੰ ਮੁੜ ਵਸੇਬਾ ਪੈਕੇਜ 'ਚ ਸ਼ਾਮਲ ਕੀਤਾ ਗਿਆ ਹੈ।

# ਭਾਰਤੀ ਸਾਧਵੀ ਨੂੰ ਮਿਲਿਆ ਸੰਤ ਦਾ ਦਰਜਾ

**ਵੈਟੀਕਨ ਸਿਟੀ:** ਪੋਪ ਫਰਾਂਸਿਸ ਨੇ ਭਾਰਤੀ ਸਾਧਵੀ ਮਰੀਅਮ ਥਰੇਸੀਆ ਤੇ ਚਾਰ ਹੋਰਾਂ ਨੂੰ ਸੰਤਾਂ ਦਾ ਦਰਜਾ ਦਿੱਤਾ। ਇਸ ਸਬੰਧੀ ਸੇਂਟ ਪੀਟਰਜ਼ ਸਕੁਏਅਰ ਵਿਚ ਵੱਡਾ ਸਮਾਗਮ ਕਰਵਾਇਆ ਗਿਆ। ਮਈ 1914 ਵਿਚ ਕਨਗਰੇਸ਼ਨ ਆਫ ਦਿ ਸਿਸਟਰਜ਼ ਆਫ ਦਿ ਹੋਲੀ ਫੈਮਿਲੀ ਦੀ ਸਥਾਪਨਾ ਕਰਨ ਵਾਲੀ ਮਰੀਅਮ ਨੂੰ ਸਦੀਆਂ ਪੁਰਾਣੇ ਇਸ ਸੰਸਥਾ ਦੇ ਸਭ ਤੋਂ ਉਚੇ ਅਹੁਦੇ ਨਾਲ ਨਿਵਾਜਿਆ ਗਿਆ। ਕੇਰਲ ਦੀ ਸਾਧਵੀ ਨਾਲ ਹੀ ਬ੍ਰਿਟਿਸ਼ ਕਾਰਡੀਨਲ ਜਾਨ ਹੈਨਰੀ ਨਿਊਮੈਨ, ਸਵਿਸ ਮਾਰਗ੍ਰੇਟ ਬੇਜ, ਬ੍ਰਾਜ਼ੀਲ ਦੀ ਸਿਸਟਰ ਡੁਲਸ ਲੋਪਜ਼, ਇਤਾਲਵੀ ਸਿਸਟਰ ਗਿਸੇਪਿਨਾ ਵਾਨੀਨੀ ਨੂੰ ਵੀ ਸੰਤ ਦਾ ਦਰਜਾ ਦਿੱਤਾ ਗਿਆ। ਇਸ ਮੌਕੇ ਸੇਂਟ ਪੀਟਰਜ਼ ਦੇ ਬੇਸੇਲਿਕਾ ਵਿਚ ਪੰਜ ਨਵੇਂ ਸੰਤਾਂ ਦੀਆਂ ਤਸਵੀਰਾਂ ਲਾਈਆਂ ਗਈਆਂ।ਸਮਾਗਮ ਵਿਚ ਵੱਡੀ ਗਿਣਤੀ ਲੋਕ ਸ਼ਾਮਲ ਹੋਏ। ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਸਮਾਗਮ ਵਿਚ ਭਾਰਤੀ ਮੰਡਲ ਦੀ ਅਗਵਾਈ ਕੀਤੀ। ਮਰੀਅਮ ਥਰੇਸੀਆ ਨੂੰ ਉਨ੍ਹਾਂ ਦੇ ਜੀਵਨ ਦੇ ਅੱਧੇ ਸਮੇਂ ਤੱਕ ਸਿਰਫ ਥਰੇਸੀਆ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ।

# ਹਰ ਘੁਸਪੈਠੀਏ ਨੂੰ ਬਾਹਰ ਕੱਢਾਂਗੇ: ਅਮਿਤ ਸ਼ਾਹ

**ਤੁਲਜਾਪੁਰ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਰ ਘੁਸਪੈਠੀਏ ਨੂੰ ਮੁਲਕ ਵਿਚੋਂ ਬਾਹਰ ਕੱਢਿਆ ਜਾਵੇਗਾ ਤੇ ਇਸ ਕੰਮ ਲਈ ਕੌਮੀ ਨਾਗਰਿਕਤਾ ਰਜਿਸਟਰ ਪੂਰੇ ਦੇਸ਼ ਵਿਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਧਾਰਾ 370 ਨੂੰ ਮਨਸੂਖ



ਕਰਕੇ 'ਅਖੰਡ' ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਮੋਦੀ ਸਰਕਾਰ ਦੀ ਪਿੱਠ ਥਾਪੜੀ।

ਸ੍ਰੀ ਸ਼ਾਹ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਤੇ ਐਨ.ਸੀ.ਪੀ. ਮੁਖੀ ਸ਼ਰਦ ਪਵਾਰ ਨੂੰ ਕਿਹਾ ਕਿ ਉਹ ਧਾਰਾ 370 ਬਾਰੇ ਆਪਣਾ ਸਟੈਂਡ ਸਪਸ਼ਟ ਕਰਨ। ਇਥੇ ਮਹਾਰਾਸ਼ਟਰ ਵਿਚ ਚੋਣ ਪ੍ਰਚਾਰ ਦੌਰਾਨ ਭਾਜਪਾ ਮੁਖੀ ਨੇ ਕਿਹਾ, 'ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ 2024 ਦੀਆਂ ਆਮ ਚੋਣਾਂ ਲਈ ਵੋਟਾਂ ਮੰਗਣ ਤੋਂ ਪਹਿਲਾਂ ਭਾਜਪਾ ਸਰਕਾਰ ਦੇਸ਼ ਦੇ ਹਰ ਕੋਨੇ ਵਿਚੋਂ ਘੁਸਪੈਠੀਆਂ ਨੂੰ ਬਾਹਰ ਕੱਢ ਕੇ ਰਹੇਗੀ। ਅਸੀਂ ਮੁਲਕ ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਰ ਵਿਅਕਤੀ ਨੂੰ ਬਾਹਰ ਦਾ ਰਾਹ ਵਿਖਾਵਾਂਗੇ।'

## ਬੀ.ਸੀ.ਸੀ.ਆਈ: ਗਾਂਗੁਲੀ ਹੋਣਗੇ ਅਗਲੇ ਪ੍ਰਧਾਨ

**ਨਵੀਂ ਦਿੱਲੀ:** ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਸੌਰਵ ਗਾਂਗੁਲੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਅਗਲੇ ਪ੍ਰਧਾਨ ਹੋਣਗੇ। ਬੋਰਡ ਦੇ ਇਸ ਸਿਖਰਲੇ ਅਹੁਦੇ ਲਈ ਉਨ੍ਹਾਂ ਦੇ ਨਾਂ 'ਤੇ ਲਗਭਗ ਸਾਰੀਆਂ ਧਿਰਾਂ ਸਹਿਮਤ ਹਨ। ਸਾਬਕਾ ਭਾਰਤੀ ਬੱਲੇਬਾਜ਼ ਬ੍ਰਿਜੇਸ਼ ਪਟੇਲ ਨੂੰ ਆਈ.ਪੀ.ਐਲ. ਚੇਅਰਮੈਨ ਦਾ ਅਹੁਦਾ ਮਿਲ ਸਕਦਾ ਹੈ। ਬੋਰਡ 'ਚ ਸ਼ਾਮਲ ਕੀਤੇ ਜਾਣ ਵਾਲੇ ਦੋ ਹੋਰ ਨਵੇਂ ਚਿਹਰਿਆਂ 'ਚ ਜਯ ਸ਼ਾਹ ਤੇ ਅਰੁਣ ਧੂਮਲ ਸ਼ਾਮਲ ਹਨ। ਜਯ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁੱਤਰ ਜਦੋਂਕਿ ਅਰੁਣ ਵਿੱਤ ਰਾਜ ਮੰਤਰੀ ਤੇ ਬੀ.ਸੀ.ਸੀ.ਆਈ. ਦੇ ਸਾਬਕਾ ਪ੍ਰਧਾਨ ਅਨੁਰਾਗ ਠਾਕੁਰ ਦਾ ਛੋਟਾ ਭਰਾ ਹੈ। ਸ਼ਾਹ ਤੇ ਧੂਮਲ ਬੋਰਡ ਵਿਚ ਕ੍ਰਮਵਾਰ ਨਵੇਂ ਸਕੱਤਰ ਤੇ ਖਜਾਨਚੀ ਹੋਣਗੇ।

# ਮੋਦੀ ਸਰਕਾਰ ਨੂੰ ਰਾਸ ਆਇਆ ਰੇਲਾਂ ਦੇ ਨਿੱਜੀਕਰਨ ਵਾਲਾ ਫਾਰਮੂਲਾ

**ਨਵੀਂ ਦਿੱਲੀ:** ਮੋਦੀ ਸਰਕਾਰ 150 ਰੇਲ ਗੱਡੀਆਂ ਤੇ 50 ਰੇਲਵੇ ਸਟੇਸ਼ਨਾਂ ਨੂੰ 'ਸਮਾਂਬੱਧ ਤਰੀਕੇ' ਨਾਲ ਨਿੱਜੀ ਹੱਥਾਂ ਵਿਚ ਸੌਂਪਣ ਲਈ ਬਲੂਪ੍ਰਿੰਟ ਤਿਆਰ ਕਰਨ ਵਾਸਤੇ ਟਾਸਕ ਫੋਰਸ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਜਾ ਰਹੀ ਹੈ। ਨੀਤੀ ਆਯੋਗ ਦੇ ਸੀ.ਈ.ਓ. ਅਮਿਤਾਭ ਕਾਂਤ ਵੱਲੋਂ ਰੇਲਵੇ ਬੋਰਡ ਦੇ ਚੇਅਰਮੈਨ ਵੀ ਕੇ ਯਾਦਵ ਨੂੰ ਲਿਖੇ ਗਏ ਪੱਤਰ 'ਚ ਕਿਹਾ ਗਿਆ ਹੈ ਕਿ 'ਅਮਲ ਨੂੰ ਅੱਗੇ ਵਧਾਉਣ ਲਈ' ਇਕ ਅਧਿਕਾਰ ਪ੍ਰਾਪਤ ਗਰੁੱਪ ਬਣਾਇਆ ਜਾਵੇਗਾ।

ਇਸ ਗਰੁੱਪ 'ਚ ਯਾਦਵ ਅਤੇ ਕਾਂਤ ਤੋਂ ਇਲਾਵਾ ਆਰਥਿਕ ਮਾਮਲਿਆਂ ਬਾਰੇ ਵਿਭਾਗ ਅਤੇ ਹਾਊਸਿੰਗ ਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ ਵੀ ਸ਼ਾਮਲ ਹੋਣਗੇ। ਸ੍ਰੀ ਕਾਂਤ ਨੇ ਕਿਹਾ ਕਿ ਰੇਲਵੇ ਨੂੰ 400 ਸਟੇਸ਼ਨਾਂ ਨੂੰ ਆਲਮੀ ਪੱਧਰ ਦੇ ਰੇਲਵੇ ਸਟੇਸ਼ਨਾਂ ਵਿਚ ਬਦਲਣ ਦੀ ਲੋੜ ਸੀ ਪਰ ਹੁਣ ਤੱਕ ਇਨ੍ਹਾਂ 'ਚੋਂ ਕੁਝ ਹੀ ਅਪਗ੍ਰੇਡ ਹੋ ਸਕੇ ਹਨ।

# ਗਾਂਧੀ ਦੇ ਸਨਮਾਨ 'ਚ ਯਾਦਗਾਰੀ ਸਿੱਕਾ ਜਾਰੀ ਕਰੇਗਾ ਬਰਤਾਨੀਆ

**ਲੰਡਨ:** ਬਰਤਾਨੀਆ ਦੇ ਵਿੱਤ ਮੰਤਰੀ ਸਾਜਿਦ ਜਾਵੇਦ ਨੇ ਕਿਹਾ ਹੈ ਕਿ ਸਰਕਾਰ ਮਹਾਤਮਾ ਗਾਂਧੀ ਦੀ 150ਵੀਂ ਜੈਅੰਤੀ ਸਬੰਧੀ ਯਾਦਗਾਰੀ ਸਿੱਕਾ ਜਾਰੀ ਕਰੇਗੀ।

ਪਾਕਿਸਤਾਨੀ ਮੂਲ ਦੇ ਮੰਤਰੀ ਨੇ ਕਿਹਾ ਕਿ ਉਨ੍ਹਾਂ ਯੂਕੇ ਦੇ ਰੌਇਲ ਮਿੰਟ ਨੂੰ ਕਿਹਾ ਹੈ ਕਿ ਉਹ ਸਿੱਕਾ ਬਣਾਉਣ ਸਬੰਧੀ ਕੰਮ ਕਰਨ ਤਾਂ ਜੋ ਦੁਨੀਆਂ ਗਾਂਧੀ ਵੱਲੋਂ ਦਿਖਾਏ ਮਾਰਗ ਨੂੰ ਕਦੇ ਵੀ ਨਾ ਭੁਲਾ ਸਕੇ। ਉਨ੍ਹਾਂ ਇਸ ਦਾ ਐਲਾਨ ਇਥੇ ਜੀਜੀ2 ਲੀਡਰਸ਼ਿਪ ਐਵਾਰਡਜ਼ ਦੌਰਾਨ ਕੀਤਾ। ਏਸ਼ੀਅਨ ਮੀਡੀਆ ਗਰੁੱਪ ਵੱਲੋਂ ਸਾਲਾਨਾ ਜਾਰੀ ਕੀਤੀ ਜਾਂਦੀ ਪ੍ਰਭਾਵਸ਼ਾਲੀ ਹਸਤੀਆਂ ਦੀ ਸੂਚੀ 'ਚ ਸਾਜਿਦ ਜਾਵੇਦ ਮੋਹਰੀ ਰਹੇ ਹਨ। ਤਾਕਤਵਰ ਹਸਤੀਆਂ ਵਿਚ ਦੂਜੇ ਨੰਬਰ ਉਤੇ ਬੋਰਿਸ ਜੌਹਨਸਨ ਦੀ ਅਗਵਾਈ ਹੇਠਲੀ



ਸਰਕਾਰ 'ਚ ਭਾਰਤੀ ਮੂਲ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਆਈ ਹੈ। ਪਿਛਲੇ ਸਾਲ ਉਹ 38ਵੇਂ ਨੰਬਰ ਉਤੇ ਸਨ। ਸੂਚੀ 'ਚ ਤੀਜੇ ਨੰਬਰ ਉਤੇ ਬ੍ਰੈਗਜ਼ਿਟ ਵਿਰੋਧੀ ਮੁਹਿੰਮ ਚਲਾਉਣ ਵਾਲੀ ਜੀਨਾ ਮਿੱਲਰ ਦਾ ਨਾਮ ਹੈ। ਚੌਥੇ ਨੰਬਰ ਉਤੇ ਲੰਡਨ ਦੇ ਮੇਅਰ ਸਾਦਿਕ ਖਾਨ, ਪੰਜਵੇਂ ਉਤੇ ਅਤਿਵਾਦ ਵਿਰੋਧੀ ਅਧਿਕਾਰੀ ਨੀਲ ਬਾਸੂ ਅਤੇ ਨੌਵੇਂ ਨੰਬਰ 'ਤੇ ਨੋਬੇਲ ਪੁਰਸਕਾਰ ਜੇਤੂ ਸਰ ਵੈਂਕਟਰਮਨ ਰਾਮਾਕ੍ਰਿਸ਼ਨਨ ਵੈਂਕੀ ਹਨ। ਯੂਕੇ ਆਧਾਰਿਤ ਭਾਰਤੀ ਮੂਲ ਦੇ ਕਾਰੋਬਾਰੀਆਂ ਹਿੰਦੂਜਾ ਭਰਾ ਗੋਪੀਚੰਦ ਅਤੇ ਸ੍ਰੀਚੰਦ ਨੂੰ 10ਵਾਂ ਸਥਾਨ ਮਿਲਿਆ ਹੈ।

# 'ਹਿੰਦੀ-ਹਿੰਦੂ-ਹਿੰਦੋਸਤਾਨ' ਦੇ ਨਾਅਰੇ ਦੀ ਹਕੀਕਤ

*ਭਾਰਤ ਅੰਦਰ ਸਾਲ 2014 ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ ਪਿਛੋਂ ਹਿੰਦੂ-ਹਿੰਦੀ-ਹਿੰਦੋਸਤਾਨ ਦਾ ਨਾਅਰਾ ਰਤਾ ਕੁ ਵੱਧ ਜ਼ੋਰ ਨਾਲ ਸੁਣਿਆ ਜਾਣ ਲੱਗਾ, ਪਰ ਹੁਣ 2019 ਵਿਚ ਬੇਮਿਸਾਲ ਜਿੱਤ ਪਿਛੋਂ ਇਸ ਦੀ ਗੂੰਜ ਬਹੁਤ ਦੂਰ-ਦੂਰ ਤਕ ਪੁੱਜ ਰਹੀ ਹੈ। ਇਹ ਅਸਲ ਵਿਚ ਹਿੰਦੂਤਵੀਆਂ ਦੀ ਨਿਰੋਲ ਸਿਆਸਤ ਹੀ ਹੈ। ਇਸੇ ਸਿਆਸੀ ਆਧਾਰ ਉਤੇ ਹੀ ਇਸ ਨੇ ਬਹੁਗਿਣਤੀ ਹਿੰਦੂ ਆਵਾਮ ਆਪਣੇ ਕਲਾਵੇ ਵਿਚ ਜਕੜ ਲਿਆ ਹੈ, ਹਾਲਾਂਕਿ ਭਾਸ਼ਾ ਦੇ ਪੱਖ ਤੋਂ ਹਿੰਦੀ ਦਾ ਕਿਸੇ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਉਘੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਨੇ ਆਪਣੇ ਇਸ ਲੇਖ ਵਿਚ ਹਿੰਦੂਤਵੀਆਂ ਦੇ 'ਹਿੰਦੀ-ਹਿੰਦੂ-ਹਿੰਦੋਸਤਾਨ' ਵਾਲੇ ਨਾਅਰੇ ਦੀ ਡੂੰਘੀ ਪੁਣਛਾਣ ਕੀਤੀ ਹੈ। ਇਸ ਪੁਣਛਾਣ ਵਿਚੋਂ ਜੋ ਤੱਥ ਸਾਹਮਣੇ ਆਏ ਹਨ, ਉਹ ਹੈਰਾਨ ਕਰਨ ਵਾਲੇ ਹਨ। ਜਾਹਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਅਜਿਹੇ ਨਾਅਰੇ ਸਿਰਫ ਵੋਟਾਂ ਦੇ ਧਰੁਵੀਕਰਨ ਲਈ ਹੀ ਲਾ ਰਹੇ ਹਨ। -ਸੰਪਾਦਕ*

ਹਿੰਦੂ ਸੰਸਥਾ ਆਰ. ਐਸ.ਐਸ. (ਹਿੰਦੂਤਵ) ਦਾ ਨਾਅਰਾ 'ਹਿੰਦੀ-ਹਿੰਦੂ-ਹਿੰਦੋਸਤਾਨ' ਇਤਿਹਾਸਕ, ਸਭਿਆਚਾਰਕ ਅਤੇ ਵਿਗਿਆਨਕ ਪੱਖੋਂ ਨਿਰਮੂਲ ਤੇ ਥੋਥਾ ਹੈ। ਇਹ ਨਾਅਰਾ ਉਹ ਇਸ ਦਲੀਲ ਦੇ ਆਧਾਰ 'ਤੇ ਲਾਉਂਦੇ ਹਨ ਕਿ,

1. ਇੰਡਸ ਵੈਲੀ ਸਭਿਅਤਾ (Indus Valley Civilization) ਸਭ ਤੋਂ ਪੁਰਾਣੀ ਹੈ। ਇਸ ਦੇ ਸਿਰਜਕ ਆਰੀਆ (Arya) ਲੋਕ ਸਨ ਅਤੇ ਇਸ ਸਭਿਅਤਾ ਦਾ ਨਿਕਾਸ ਤੇ ਵਿਕਾਸ ਹਿੰਦੋਸਤਾਨ ਵਿਚ ਹੋਇਆ।

**ਡਾ. ਗੁਰੂਮੇਲ ਸਿੱਧੂ**
gurmel.sidhu@gmail.com

2. ਵੇਦਾਂ ਦੇ ਗ੍ਰੰਥ ਇਸੇ ਸਭਿਅਤਾ ਦੇ ਕਾਲ ਵਿਚ ਰਚੇ ਗਏ, ਜਿਨ੍ਹਾਂ ਦੀ ਭਾਸ਼ਾ ਸੰਸਕ੍ਰਿਤ ਹੈ।

3. ਸੰਸਕ੍ਰਿਤ ਵਿਚੋਂ ਹਿੰਦੀ ਭਾਸ਼ਾ ਵਿਗਸੀ ਤੇ ਇਹ ਉਦੋਂ ਤੋਂ ਹਿੰਦੋਸਤਾਨ ਦੀ ਭਾਸ਼ਾ ਚਲੀ ਆਉਂਦੀ ਹੈ।

ਪਰ ਤੱਥ ਇਨ੍ਹਾਂ ਮਨੌਤਾਂ ਦੇ ਉਲਟ ਹਨ, ਜਿਨ੍ਹਾਂ ਦੀ ਤਸਦੀਕ ਪਥਰਾਟ ਵਿਗਿਆਨੀਆਂ (Archaeologists) ਨੇ ਚਿਰਾਂ ਤੋਂ ਕੀਤੀ ਹੋਈ ਹੈ ਅਤੇ ਰਹਿੰਦੀ-ਖੂਹੰਦੀ ਕਸਰ ਜੈਨੇਟਿਕਸ ਵਿਗਿਆਨ (Genetics) ਦੇ ਤੱਥਾਂ ਨੇ ਕੱਢ ਦਿੱਤੀ ਹੈ। ਸਤੰਬਰ 2019 ਵਿਚ ਦੋ ਮਸ਼ਹੂਰ ਰਸਾਲਿਆਂ-'ਸੈਲ' (Cell) ਅਤੇ 'ਸਾਇੰਸ' (Science) ਵਿਚ ਵੱਖ ਵੱਖ ਸਭਿਅਤਾਵਾਂ ਦੇ ਵਸਨੀਕਾਂ ਦੇ ਪਿੰਜਰਾਂ 'ਚੋਂ ਪ੍ਰਾਪਤ ਕੀਤੇ ਡੀ.ਐਨ.ਏ. ਦੀ ਤੁਲਨਾ ਕੀਤੀ ਗਈ ਹੈ। ਇਨ੍ਹਾਂ ਦੇ ਜੀਨਜ਼ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ,

1. ਇੰਡਸ ਵੈਲੀ ਸਭਿਅਤਾ ਵਾਕਈ ਸਭ ਤੋਂ ਪੁਰਾਣੀ ਹੈ, ਪਰ ਇਸ ਦੇ ਸਿਰਜਕ ਆਰੀਆ ਨਹੀਂ, ਅਫਰੀਕਾ ਦੇ ਕਬੀਲੇ ਹਨ।

2. ਇੰਡਸ ਵੈਲੀ ਸਭਿਅਤਾ ਦਾ ਮੁੱਖ ਕੇਂਦਰ ਹੜੱਪਾ (Harappa) ਸ਼ਹਿਰ ਸੀ, ਫਲਸਰੂਪ ਇਸ ਦਾ ਨਾਂ 'ਹੜੱਪਾ ਸਭਿਅਤਾ' ਪੈ ਗਿਆ। ਹੜੱਪਨ ਲੋਕ ਪੜ੍ਹੇ-ਲਿਖੇ ਸਨ ਅਤੇ ਦਰਾਵਿੜ ਭਾਸ਼ਾਵਾਂ- ਕੰਨੜ, ਤੈਲਗੂ, ਤੁਲੂ, ਤਾਮਿਲ ਤੇ ਮਲਿਆਲਮ ਬੋਲਦੇ ਸਨ, ਜੋ ਅੱਜ ਕੱਲ੍ਹ ਦੱਖਣ ਭਾਰਤੀ ਸੂਬਿਆਂ ਵਿਚ ਪ੍ਰਚਲਿਤ ਹਨ। ਹੜੱਪਾ ਸਭਿਅਤਾ ਨੂੰ ਬਰੌਂਜ਼ ਏਜ (Bronze age) ਸਭਿਅਤਾ ਵੀ ਕਹਿੰਦੇ ਹਨ, ਕਿਉਂਕਿ ਉਦੋਂ ਕਹੇਂ ਦੀ ਧਾਤ ਤੋਂ ਬੁੱਤ ਅਤੇ ਬਰਤਨ ਬਣਾਏ ਜਾਂਦੇ ਸਨ।

3. ਆਰੀਆ ਲੋਕ ਆਖੀਰ ਵਿਚ ਹਿੰਦੋਸਤਾਨ ਪਹੁੰਚੇ ਜੋ ਇੰਡੋ-ਯੂਰਪੀਅਨ ਭਾਸ਼ਾਵਾਂ ਬੋਲਦੇ ਸਨ, ਜਿਨ੍ਹਾਂ ਵਿਚ ਸੰਸਕ੍ਰਿਤ ਵੀ ਸ਼ਾਮਿਲ ਹੈ।


ਆਧੁਨਿਕ ਸਮੇਂ ਵਿਚ ਡੀ.ਐਨ.ਏ. ਦੀ ਗਵਾਹੀ ਪੱਥਰ 'ਤੇ ਲੀਕ ਵਾਂਗ ਮੰਨੀ ਜਾਂਦੀ ਹੈ। ਇਸ ਗਵਾਹੀ ਦੇ ਆਧਾਰ 'ਤੇ ਕਈ ਬੇਕਸੂਰ ਲੋਕਾਂ ਦੀ ਫਾਂਸੀ ਅਤੇ ਜੇਲ੍ਹ ਤੋਂ ਮੁਕਤੀ ਹੋਈ ਹੈ ਅਤੇ ਅਦਾਲਤ ਤੋਂ ਬਰੀ ਹੋਏ ਸ਼ੱਕੀ ਅਪਰਾਧੀਆਂ ਨੂੰ ਮੁੜ ਕੇ ਜੇਲ੍ਹ ਵਿਚ ਸੁੱਟਿਆ ਗਿਆ ਹੈ। ਹਿੰਦੂਤਵੀਆਂ ਨੂੰ ਵੀ ਚਾਹੀਦਾ ਹੈ ਕਿ ਡੀ.ਐਨ.ਏ. ਦੀ ਗਵਾਹੀ ਦੀ ਲੋਅ ਵਿਚ ਆਪਣੀਆਂ ਥੋਥੀਆਂ ਮਨੌਤਾਂ-ਦਲੀਲਾਂ ਵਾਪਸ ਲੈਣ ਅਤੇ 'ਹਿੰਦੀ-ਹਿੰਦੂ-ਹਿੰਦੋਸਤਾਨ' ਦੇ ਨਾਅਰੇ ਉਤੇ ਲੀਕ ਮਾਰਨ। ਹਿੰਦੂ ਜਾਤੀ ਦੀ 'ਮੈਂ ਨਾ ਮਾਨੂੰ' ਦੀ ਰਟ ਭਵਿੱਖ ਵਿਚ ਹਾਨੀਕਾਰਕ ਸਿੱਧ ਹੋ ਸਕਦੀ ਹੈ।

**ਪੁਰਾਣੀਆਂ ਸਭਿਅਤਾਵਾਂ ਦਾ ਇਤਿਹਾਸ:** ਇਤਿਹਾਸਕ ਤੌਰ 'ਤੇ ਹਿੰਦੋਸਤਾਨ ਦੀ ਮੌਜੂਦਾ ਵਸੋਂ ਚਾਰ ਕਿਸਮ ਦੇ ਪੂਰਵ-ਇਤਿਹਾਸਕ (Prehistoric) ਆਵਾਸੀਆਂ (Migrants) ਦਾ ਮਿਲਗੋਭਾ ਹੈ, ਜੋ ਵੱਖ ਵੱਖ ਸੰਮਤਾਂ ਦੌਰਾਨ ਵੱਖ ਵੱਖ ਖਿਤਿਆਂ ਤੋਂ ਹਿੰਦੋਸਤਾਨ ਪਹੁੰਚੇ।

1. ਪਹਿਲੇ ਆਵਾਸੀ ਕਰੀਬ 65,000 ਸਾਲ ਪਹਿਲਾਂ ਅਫਰੀਕਾ ਤੋਂ ਆਏ। ਇਨ੍ਹਾਂ ਨੇ 'ਇੰਡਸ ਵੈਲੀ ਸਭਿਅਤਾ' ਦੀ ਨੀਂਹ ਰੱਖੀ, ਜੋ 2600 ਬੀ.ਸੀ. ਤੋਂ 1900 ਬੀ.ਸੀ. ਤਕ ਕਾਇਮ ਰਹੀ।

2. ਦੂਜੇ ਆਵਾਸੀ ਇਰਾਨ ਦੇ ਖਿੱਤੇ 'ਜ਼ਾਗਰਸ' (Zagros- ਇਰਾਨ ਤੋਂ ਟਰਕੀ ਤਕ ਦਾ ਪਹਾੜੀ ਇਲਾਕਾ) ਤੋਂ 7,000-3,000 ਬੀ.ਸੀ. ਦੌਰਾਨ ਹਿੰਦੋਸਤਾਨ ਦੇ ਉਤਰ-ਪੱਛਮੀ ਹਿੱਸੇ ਵਿਚ ਪਹੁੰਚੇ ਤੇ ਖੇਤੀਬਾੜੀ ਦਾ ਕਿੱਤਾ ਨਾਲ ਲਿਆਏ। ਇਨ੍ਹਾਂ ਦੀ ਪਹਿਲੇ ਆਵਾਸੀਆਂ ਨਾਲ ਮਿਲਾਵਟ (Mixing) ਹੋਈ ਤੇ ਨਵੀਂ ਨਸਲ ਨੇ ਖੇਤੀਬਾੜੀ ਦੇ ਧੰਦੇ ਪ੍ਰਫੁਲਿਤ ਕੀਤੇ। ਇਹ ਲੋਕ ਜ਼ਿਆਦਾਤਰ ਕਣਕ ਅਤੇ ਜੌਆਂ ਦੀ ਫਸਲ ਉਗਾਉਂਦੇ ਸਨ। ਇਸ ਸਭਿਅਤਾ ਦੀ ਰਾਜਧਾਨੀ 'ਹੜੱਪਾ' ਸ਼ਹਿਰ ਸੀ, ਜਿਸ ਕਰਕੇ ਇਸ ਨੂੰ ਹੜੱਪਾ ਸਭਿਅਤਾ ਵੀ ਕਿਹਾ ਗਿਆ।

3. ਤੀਜੇ ਆਵਾਸੀ 2,000 ਬੀ.ਸੀ. ਵਿਚ ਏਸ਼ੀਆ ਦੇ ਦੱਖਣ-ਪੱਛਮੀ ਦੇਸ਼ਾਂ ਤੋਂ ਹਿੰਦੋਸਤਾਨ ਪਹੁੰਚੇ। ਇਨ੍ਹਾਂ ਵਿਚ ਬਹੁਤੇ ਚੀਨ ਦੇ ਇਲਾਕੇ ਤੋਂ ਸਨ, ਜੋ ਆਪਣੇ ਨਾਲ ਔਸਟ੍ਰੋ-ਏਸ਼ੀਐਟਿਕ (Austro-Asiatic) ਭਾਸ਼ਾਵਾਂ ਲਿਆਏ, ਜਿਨ੍ਹਾਂ ਵਿਚੋਂ ਦੋ-ਮੁੰਦਾਰੀ ਅਤੇ ਖਾਸੀ (Mundari and Khasi) ਅੱਜ ਵੀ ਹਿੰਦੋਸਤਾਨ ਦੇ ਕੇਂਦਰੀ ਅਤੇ ਪੱਛਮੀ ਹਿੱਸਿਆਂ ਵਿਚ ਬੋਲੀਆਂ ਜਾਂਦੀਆਂ ਹਨ।



*(ਚਿੱਤਰ 1) ਇੰਡਸ ਵੈਲੀ ਸਭਿਅਤਾ ਵੇਲੇ ਦਾ ਪਿੰਜਰ*

4. ਚੌਥੀ ਕਿਸਮ ਦੇ ਆਵਾਸੀ ਕਰੀਬ 2,000-1000 ਬੀ. ਸੀ. ਵਿਚ ਮੱਧ ਏਸ਼ੀਆ ਤੋਂ ਹਿੰਦੋਸਤਾਨ ਵਿਚ ਆਏ। ਇਹ ਚਰਵਾਹੇ (Pastoralists) ਸਨ ਅਤੇ ਇੰਡੋ-ਯੂਰਪੀਅਨ ਭਾਸ਼ਾਵਾਂ ਬੋਲਦੇ ਸਨ। ਇਨ੍ਹਾਂ ਨੇ ਵੈਦਿਕ ਸਭਿਆਚਾਰ ਨੂੰ ਜਨਮ ਦਿੱਤਾ। ਇਨ੍ਹਾਂ ਦੀ ਆਮਦ ਨੂੰ ਆਰੀਆ ਲੋਕਾਂ ਦਾ ਧਾਵਾ (Aryan Invasion) ਵੀ ਕਿਹਾ ਜਾਂਦਾ ਹੈ। ਇਸ ਸਮੇਂ (1500-1000 ਬੀ.ਸੀ.) ਦੌਰਾਨ ਵੇਦ ਰਚੇ ਗਏ, ਜੋ ਆਮ ਬੋਲਚਾਲ ਦੀ ਸੰਸਕ੍ਰਿਤ ਭਾਸ਼ਾ ਵਿਚ ਹਨ। ਵਿਆਕਰਣ ਗਿਆਤਾ ਪਾਨਿਨੀ ਸਮੇਂ ਲੌਕਿਕ ਸੰਸਕ੍ਰਿਤ 'ਚੋਂ ਸੰਸਕ੍ਰਿਤ ਭਾਸ਼ਾ ਦਾ ਆਗਾਜ਼ ਹੋਇਆ।

ਅੰਤਰ-ਸੰਭੋਗ (Inbreeding) ਰਾਹੀਂ ਪਹਿਲਾਂ ਆਏ ਆਵਾਸੀਆਂ ਅਤੇ ਆਰੀਆ ਲੋਕਾਂ ਵਿਚਾਲੇ ਵੱਡੇ ਪੱਧਰ 'ਤੇ ਮਿਸ਼ਰਣ ਹੋਇਆ। ਰਾਜਨੀਤਕ ਚੇਤਨਾ ਵਧਣ ਕਰਕੇ ਆਵਾਸੀਆਂ ਦਾ ਵਰਗੀਕਰਣ ਹੋਣਾ ਸ਼ੁਰੂ ਹੋ ਗਿਆ। ਫਲਸਰੂਪ ਵੱਖ ਵੱਖ ਗਰੁੱਪਾਂ ਵਿਚਾਲੇ ਮਿਲਾਵਟ ਘਟ ਗਈ ਅਤੇ ਜਾਤੀਵਾਦ ਵਧ ਗਿਆ। ਮਨੂੰ ਨੇ ਇਸ ਵਸੋਂ ਨੂੰ ਚਾਰ ਜਾਤੀਆਂ ਵਿਚ ਵੰਡਿਆ-ਬ੍ਰਾਹਮਣ (ਆਚਾਰੀਆ ਆਦਿ), ਕਸ਼ੱਤਰੀ, ਵੈਸ਼ਿਆ (ਕਿਸਾਨ ਅਤੇ ਵਪਾਰੀ) ਅਤੇ ਸ਼ੂਦਰ (ਮਜ਼ਦੂਰ: ਗਲੀਆਂ ਹੂੰਜਣ ਵਾਲੇ, ਪਾਖਾਨੇ ਦੀ ਸਫਾਈ ਕਰਨ ਵਾਲੇ ਆਦਿ)। ਮਨੂਸਮ੍ਰਿਤੀ ਗ੍ਰੰਥ 1250 ਤੋਂ 1000 ਬੀ.ਸੀ. ਵਿਚਾਲੇ ਲਿਖਿਆ ਗਿਆ, ਜਿਸ ਵਿਚੋਂ ਇਨ੍ਹਾਂ ਜਾਤੀਆਂ ਬਾਰੇ ਭਰਪੂਰ ਵਾਕਫੀਅਤ ਮਿਲਦੀ ਹੈ। ਮਨੂੰ ਨੇ ਕੰਮਾਂ-ਕਾਰਾਂ ਦੇ ਆਧਾਰ 'ਤੇ ਲੋਕਾਂ ਨੂੰ ਵੰਡਿਆ ਸੀ, ਪਰ ਬ੍ਰਾਹਮਣਾਂ ਨੇ ਇਸ ਵੰਡ ਨੂੰ ਜਾਤੀਵਾਦ ਵਿਚ ਬਦਲ ਦਿੱਤਾ।

**ਪਿੰਜਰਾਂ ਵਿਚੋਂ ਕੱਢੇ ਡੀ.ਐਨ.ਏ. ਦੀ ਗਵਾਹੀ:** ਪਹਿਲਾ ਸਵਾਲ ਇਹ ਹੈ ਕਿ ਸਦੀਆਂ ਪੁਰਾਣੇ ਮਾਨਵੀ ਪਿੰਜਰਾਂ 'ਚੋਂ ਡੀ.ਐਨ.ਏ. ਕਿਵੇਂ ਕੱਢਿਆ ਜਾ ਸਕਦਾ ਹੈ? ਬੰਦੇ ਦੇ ਮਰਨ ਨਾਲ ਡੀ.ਐਨ.ਏ. ਵੀ ਨਸ਼ਟ ਹੋ ਜਾਂਦਾ ਹੋਵੇਗਾ, ਪਰ ਤੱਥ ਇਹ ਹੈ ਕਿ ਡੀ.ਐਨ.ਏ. ਦੇ ਕਣ (Molecule) ਦੀ ਬਣਤਰ ਕੁਦਰਤਨ ਸਦੀਆਂ ਤਕ ਸਥਿਰ ਰਹਿੰਦੀ ਹੈ। ਇਸ ਦੇ ਬਿਣਸਨ ਦੀ ਅੱਧੀ ਉਮਰ 521 ਸਾਲ ਹੈ; ਭਾਵ ਜੇ ਪਿੰਜਰ ਧਰਤੀ ਹੇਠਾਂ ਦੱਬਿਆ ਰਹੇ ਤਾਂ ਡੀ.ਐਨ.ਏ. ਦੇ ਹਿੱਸੇ ਇਕ-ਦੂਜੇ ਨਾਲੋਂ 521 ਸਾਲ ਤਕ ਜੁਦਾ ਨਹੀਂ ਹੁੰਦੇ। ਇਸ ਦਾ ਮਤਲਬ ਇਹ ਹੋਇਆ ਕਿ ਪਿੰਜਰ ਦਾ ਡੀ.ਐਨ.ਏ. 6.8 ਮਿਲੀਅਨ ਸਾਲ ਸਥਿਰ ਰਹਿ ਸਕਦਾ ਹੈ। ਵਿਗਿਆਨੀਆਂ ਨੇ ਇਸ ਤੱਥ ਦਾ ਲਾਹਾ ਲੈਂਦਿਆਂ ਡੀ.ਐਨ.ਏ. ਕਣ ਪਿੰਜਰਾਂ ਦੀਆਂ ਹੱਡੀਆਂ ਜਾਂ ਦੰਦਾਂ ਵਿਚੋਂ ਕੱਢਿਆ।

ਵਿਗਿਆਨ ਦੇ ਮੈਗਜ਼ੀਨ 'ਸੈਲ' ਵਿਚ ਛਪੀ ਪਹਿਲੀ ਰਿਪੋਰਟ ਵਿਚ ਹਰਿਆਣੇ ਦੇ ਰਾਖੀਗੜ੍ਹੀ ਸਥਾਨ ਤੋਂ ਮਿਲੇ ਪਿੰਜਰਾਂ ਦੇ ਡੀ.ਐਨ.ਏ. ਤੋਂ 'ਇੰਡਸ ਵੈਲੀ ਸਭਿਅਤਾ' ਅਤੇ 'ਹੜੱਪਨ ਸਭਿਅਤਾ' ਦੇ ਵਾਸੀਆਂ ਦਾ ਪਤਾ ਲੱਗਾ ਹੈ। (ਚਿਤਰ-1)

ਇਸ ਪਿੰਜਰ ਦੇ ਡੀ.ਐਨ.ਏ. ਤੋਂ ਤਸਦੀਕ ਹੁੰਦਾ ਹੈ ਕਿ ਇਹ ਲੋਕ ਅੱਜ ਦੇ ਦੱਖਣੀ ਏਸ਼ੀਆ ਦੇ ਲੋਕਾਂ ਨਾਲ ਮਿਲਦੇ-ਜੁਲਦੇ ਹਨ ਅਤੇ ਇਨ੍ਹਾਂ ਦਾ ਹਿੰਦੋਸਤਾਨ ਦੇ ਦੱਖਣੀ ਭਾਰਤੀ ਪ੍ਰਾਂਤਾਂ ਦੇ ਵਸਨੀਕਾਂ ਨਾਲ ਸਿੱਧਾ ਨਾਤਾ ਹੈ। ਇਹ ਲੋਕ 'ਇੰਡਸ ਵੈਲੀ ਸਭਿਅਤਾ' ਦੇ ਨਿਰਮਾਤਾ ਸਨ।

ਹਰਿਆਣਾ ਦੇ ਪਿੰਡ ਰਾਖੀਗੜ੍ਹ ਲਾਗਿਉਂ ਮਿਲੇ ਪਿੰਜਰ ਦਾ ਡੀ.ਐਨ.ਏ. ਹੜੱਪਨ ਸਭਿਅਤਾ ਦੇ ਵਸਨੀਕਾਂ ਨਾਲ ਮਿਲਦਾ ਹੈ। (ਚਿਤਰ-2)

ਦੋਹਾਂ ਸਭਿਅਤਾਵਾਂ ਦੇ ਵਸਨੀਕਾਂ ਵਿਚ ਅੰਤਰ-ਸੰਭੋਗ ਰਾਹੀਂ ਮਿਲਾਵਟ ਹੁੰਦੀ ਰਹੀ, ਜਿਸ ਦੀ ਤਸਦੀਕ ਡੀ.ਐਨ.ਏ. ਤੋਂ ਭਲੀਭਾਂਤ ਹੁੰਦੀ ਹੈ।



*(ਚਿੱਤਰ 2) ਰਾਖੀਗੜ੍ਹ (ਹਰਿਆਣਾ) ਵਿਚ ਖੋਦਿਆ ਪਿੰਜਰ।*

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ 'ਸੈਲ' ਵਿਚ ਛਪੇ ਲੇਖ ਦਾ ਮੁੱਖ ਵਿਗਿਆਨੀ ਅਮਰੀਕਾ ਦੀ ਨਾਮੀ ਹਾਰਵਰਡ ਯੂਨੀਵਰਸਿਟੀ ਦਾ ਪ੍ਰੋਫੈਸਰ ਡੇਵਿਡ ਰੀਛ (David Reich) ਹੈ, ਉਸ ਦੇ ਨਾਲ 92 ਹੋਰ ਵਿਗਿਆਨੀ ਹਨ, ਜੋ ਵੱਖ ਵੱਖ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਖੋਜੀ ਹਨ। ਇਨ੍ਹਾਂ ਨੇ ਇੰਡਸ ਵੈਲੀ ਦੇ ਦਸ ਥਾਂਵਾਂ ਤੋਂ ਮਿਲੇ 100 ਪਿੰਜਰਾਂ ਦੇ ਡੀ.ਐਨ.ਏ. ਦਾ ਅਧਿਐਨ ਕਰਕੇ ਹੇਠਲੇ ਨਤੀਜੇ ਕੱਢੇ:

1. ਇੰਡਸ ਵੈਲੀ ਅਤੇ ਹੜੱਪਾ ਸਭਿਅਤਾਵਾਂ ਦੇ ਲੋਕਾਂ ਨੇ ਹਿੰਦੋਸਤਾਨ ਦੀ ਵਸੋਂ ਦਾ ਮੁੱਢ ਬੰਨਿਆ। ਇਹ ਲੋਕ ਆਰੀਆ ਲੋਕਾਂ ਨਾਲੋਂ ਦਰਾਵਿੜ (ਦੱਖਣੀ ਭਾਰਤੀ) ਲੋਕਾਂ ਨਾਲ ਵੱਧ ਮਿਲਦੇ ਸਨ।

2. ਆਰੀਆ ਲੋਕ ਸਭ ਤੋਂ ਬਾਅਦ ਹਿੰਦੋਸਤਾਨ ਵਿਚ ਆਏ, ਜੋ ਇੰਡੋ-ਯੂਰਪੀਅਨ ਭਾਸ਼ਾਵਾਂ ਬੋਲਦੇ ਸਨ, ਜਿਨ੍ਹਾਂ ਵਿਚ ਸੰਸਕ੍ਰਿਤ ਵੀ ਸ਼ਾਮਿਲ ਸੀ।

**ਹਿੰਦੂਤਵੀਆਂ ਦਾ ਪ੍ਰਚਾਰ:** ਹਿੰਦੂਤਵੀ 'ਮੈਂ ਨਾ ਮਾਨੂੰ' ਦੀ ਰੱਟ ਲਾਈ ਜਾਂਦੇ ਹਨ ਅਤੇ ਉਕਤ ਤੱਥਾਂ ਨੂੰ ਪੁੱਠਾ ਗੇੜਾ ਦੇ ਕੇ ਇਹ ਪ੍ਰਚਾਰਦੇ ਹਨ ਕਿ ਇੰਡਸ ਵੈਲੀ ਸਭਿਅਤਾ ਆਰੀਆ ਲੋਕਾਂ ਦੀ ਦੇਣ ਸੀ। ਆਰੀਆ ਲੋਕਾਂ ਨੇ ਹਿੰਦੋਸਤਾਨ ਵਿਚੋਂ ਬਾਹਰ ਆਵਾਸ ਕੀਤਾ। ਫਲਸਰੂਪ ਇੰਡਸ ਵੈਲੀ ਸਭਿਅਤਾ ਦੁਨੀਆਂ ਦੇ ਹੋਰ ਖਿਤਿਆਂ ਵਿਚ ਫੈਲੀ; ਭਾਵ ਇਹ ਕਿ ਬਾਹਰਲੇ ਆਵਾਸੀਆਂ ਨੇ ਹਿੰਦੋਸਤਾਨ ਦੀ ਸਭਿਅਤਾ ਵਿਚ ਕੋਈ ਹਿੱਸਾ ਨਹੀਂ ਪਾਇਆ, ਸਗੋਂ ਇੰਡਸ ਵਾਦੀ ਦੇ ਆਰੀਆ ਲੋਕਾਂ ਨੇ ਬਾਹਰਲੇ ਮੁਲਕਾਂ ਵਿਚ ਪਰਵੇਸ਼ ਕਰਕੇ ਉਨ੍ਹਾਂ ਦੀ ਸਭਿਅਤਾ ਨੂੰ ਪ੍ਰਭਾਵਿਤ ਕੀਤਾ। ਪਰ ਡੀ.ਐਨ.ਏ. ਦੀ ਗਵਾਹੀ ਹਿੰਦੂਤਵੀਆਂ ਦੀ ਮਨੌਤ ਦੇ ਪੱਖ ਵਿਚ ਨਹੀਂ ਭੁਗਤਦੀ। ਉਹ ਤੱਥਾਂ ਨੂੰ ਪੁੱਠਾ ਗੇੜਾ ਦਈ ਜਾ ਰਹੇ ਹਨ। ਅੰਗਰੇਜ਼ੀ ਵਿਚ ਅਜਿਹੀ ਸੋਚ ਨੂੰ 'ਘੋੜੇ ਅੱਗੇ ਤਾਂਗਾ ਜੋੜਨਾ' ਕਹਿੰਦੇ ਹਨ।

ਇਸ ਵਿਵਾਦ ਦਾ ਮੁੱਢ 18ਵੀਂ ਸਦੀ ਦੇ ਆਖੀਰ ਵਿਚ ਉਸ ਵੇਲੇ ਬੱਝਾ ਜਦ ਇਹ ਸਾਫ ਜ਼ਾਹਰ ਹੋ ਗਿਆ ਕਿ ਯੂਰਪ, ਇਰਾਨ ਅਤੇ ਦੱਖਣੀ ਏਸ਼ੀਆ (ਇੰਡੀਆ, ਅਫਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ਼, ਸ੍ਰੀ ਲੰਕਾ, ਨੇਪਾਲ, ਭੂਟਾਨ ਅਤੇ ਮਾਲਦੀਵ) ਵਿਚ ਬੋਲੀਆਂ ਜਾਂਦੀਆਂ ਭਾਸਾਵਾਂ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। 19ਵੀਂ ਸਦੀ ਵਿਚ ਕੁਝ ਯੂਰਪੀ ਇਤਿਹਾਸਕਾਰਾਂ ਨੇ ਹਿੰਦੋਸਤਾਨੀ ਅਤੇ ਇਰਾਨੀ ਗ੍ਰੰਥਾਂ (Texts) ਦੇ ਅਧਿਐਨ ਤੋਂ ਇਹ ਨਤੀਜਾ ਕੱਢਿਆ ਕਿ ਮੂਲ ਇੰਡੋ-ਯੂਰਪੀਅਨ ਭਾਸ਼ਾਵਾਂ ਬੋਲਣ ਵਾਲੇ ਲੋਕ ਆਪਣੇ ਆਪ ਨੂੰ ਆਰੀਆ ਕਹਿੰਦੇ ਸਨ। ਇਸ ਸੋਚ ਨੇ ਗੋਰੇ ਲੋਕਾਂ ਨੂੰ ਕੌਕੇਸ਼ੀਅਨ ਅਤੇ ਹਿੰਦੋਸਤਾਨੀ ਲੋਕਾਂ ਨੂੰ ਆਰੀਆ ਕਿਹਾ। ਇਨ੍ਹਾਂ ਲੋਕਾਂ ਦੀਆਂ ਜੜ੍ਹਾਂ ਬਲੈਕ ਅਤੇ ਕੈਸਪੀਅਨ ਸਮੁੰਦਰਾਂ (Black and Caspian Sea) ਦੇ ਆਲੇ-ਦੁਆਲੇ ਸਨ। ਇਨ੍ਹਾਂ ਵਰਗਾਂ ਦੀ ਭਾਸ਼ਾ ਵੈਦਿਕ ਸੰਸਕ੍ਰਿਤ ਸੀ। 19ਵੀਂ ਸਦੀ ਦੇ ਸੰਸਕ੍ਰਿਤ ਵਿਦਵਾਨ, ਫ੍ਰੈਡਰਿਕ ਮੈਕਸ ਮੁੱਲਰ (Friedrich Max Mueller) ਦਾ ਵਿਚਾਰ ਹੈ ਕਿ ਪਹਿਲੇ ਵੈਦਿਕ ਲੋਕ, ਜੋ ਅਰਧ ਟੱਪਰੀਵਾਸੀ/ਖਾਨਾਬਦੋਸ਼ ਚਰਵਾਹੇ ਸਨ, ਹਿੰਦੋਸਤਾਨ ਵਿਚ ਪਹੁੰਚ ਕੇ ਉਥੋਂ ਦੇ ਕਿਸਾਨੀ ਲੋਕਾਂ ਨਾਲ ਟਕਰਾਏ ਤੇ ਅਖੀਰ ਆਰੀਆ ਲੋਕ ਅਖਵਾਏ।

**ਸੰਸਕ੍ਰਿਤ ਨਾਲ ਪੰਜਾਬੀ ਅਤੇ ਹਿੰਦੀ ਦਾ ਨਾਤਾ:** ਵੈਦ ਲੌਕਿਕ ਸੰਸਕ੍ਰਿਤ ਵਿਚ ਰਚੇ ਹੋਏ ਹਨ। ਇਨ੍ਹਾਂ ਵਿਚ ਦੱਖਣੀ ਭਾਰਤੀ ਭਾਸ਼ਾਵਾਂ, ਖਾਸ ਕਰਕੇ ਤਾਮਿਲ ਭਾਸ਼ਾ ਦੇ ਸ਼ਬਦ ਮਿਲਦੇ ਹਨ। ਸੰਸਕ੍ਰਿਤ ਭਾਸ਼ਾ, ਵੈਦਿਕ ਸੰਸਕ੍ਰਿਤ ਵਿਚੋਂ ਵਿਗਸੀ। ਇਸ ਵਿਚ ਪੰਜਾਬੀ ਭਾਸ਼ਾ ਦੇ ਤਤਸਮ ਅਤੇ ਤਤਭਵ ਸ਼ਬਦਾਂ ਦੀ ਭਰਮਾਰ ਹੈ। ਪੰਜਾਬੀ ਦੀਆਂ ਕਈ ਧੁਨੀਆਂ ਸੰਸਕ੍ਰਿਤ ਭਾਸ਼ਾ ਨਾਲ ਮਿਲਦੀਆਂ ਹਨ। ਮਿਸਾਲ ਵਜੋਂ 'ਯ' ਦਾ ਉਚਾਰਨ 'ਜ' ਵਿਚ ਬਦਲ ਗਿਆ ਹੈ ਅਤੇ 'ਸ਼' ਦੀ ਧੁਨੀ 'ਖ' ਵਿਚ ਬਦਲ ਗਈ ਹੈ। ਵੈਦਿਕ ਸੰਸਕ੍ਰਿਤ ਵਿਚ 'ਲ਼' ਦੀ ਵਰਤੋਂ ਮਿਲਦੀ ਹੈ, ਪਰ ਸੰਸਕ੍ਰਿਤ ਵਿਚ ਨਹੀਂ ਮਿਲਦੀ। ਪੰਜਾਬੀ ਵਿਚ 'ਲ਼' ਦੀ ਧੁਨੀ ਕਾਇਮ ਹੈ ਜਿਵੇਂ, ਗੋਲੀ (ਦਾਸੀ) ਅਤੇ ਗੋਲ਼ੀ (ਬੰਦੂਕ ਵਿਚ ਭਰਨ ਵਾਲੀ), ਬੋਲੀ (ਬੋਲਣਾ) ਅਤੇ ਬੋਲ਼ੀ (ਬਹਿਰੀ) ਆਦਿ। ਹਿੰਦੀ ਵਿਚ ਇਹ ਧੁਨੀਆਂ ਲੋਪ ਹਨ। ਵੈਦਿਕ ਸੰਸਕ੍ਰਿਤ ਵਾਂਗ ਪੰਜਾਬੀ ਭਾਸ਼ਾ ਸੁਰਾਤਮਕ ਭਾਸ਼ਾ (Tonal) ਹੈ। ਹਿੰਦੀ ਵਿਚ ਇਸ ਵਿਸ਼ੇਸ਼ਤਾ ਦੀ ਘਾਟ ਹੈ।

ਪੰਜਾਬੀ ਸ਼ਬਦ ਰਚਨਾ ਦਾ ਬਣਤਰੀ ਢਾਂਚਾ ਵੀ ਸੰਸਕ੍ਰਿਤ ਨਾਲ ਮਿਲਦਾ ਹੈ ਜਿਵੇਂ ਪੰਜਾਬੀ ਸ਼ਬਦ ਕਰਤਾ, ਦੋਹਤਰਾ, ਪਿਤਾ, ਕੋਸੀ, ਪਾਣੀ, ਚੁਕੰਨਾ, ਕੁਲਹਿਣੀ, ਭਰਜਾਈ, ਧੀ ਆਦਿ ਸ਼ਬਦ ਸੰਸਕ੍ਰਿਤ ਵਿਚ ਮਿਲਦੇ ਹਨ। ਪੰਜਾਬੀ ਅਤੇ ਸੰਸਕ੍ਰਿਤ ਦੇ ਅਗੇਤਰ ਵੀ ਆਪਸ ਵਿਚ ਮਿਲਦੇ ਹਨ ਜਿਵੇਂ ਅਭਿਮਾਨ, ਅਭਿਲਾਸ਼ਾ, ਅਤਕਥਨੀ, ਅਧਿਆਪਕ, ਅਨੁਸਾਰ, ਔਗਣ, ਅਤਿਆਚਾਰ ਆਦਿ। ਵਿਸਥਾਰ ਲਈ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਪੁਸਤਕ 'ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ' ਵਾਚੀ ਜਾ ਸਕਦੀ ਹੈ।


ਪੰਜਾਬੀ ਭਾਸ਼ਾ ਦੀ ਨੁਹਾਰ ਨੌਵੀਂ-ਦਸਵੀਂ ਈਸਵੀ ਤੋਂ ਬੱਝਣੀ ਸ਼ੁਰੂ ਹੋ ਗਈ ਸੀ। 12ਵੀਂ ਸਦੀ ਵਿਚ ਬਾਬਾ ਫਰੀਦ ਦੇ ਸਲੋਕਾਂ ਦੀ ਬੋਲੀ ਠੇਠ ਪੰਜਾਬੀ ਹੈ, ਪਰ ਲਿਖੀ ਸ਼ਾਹਮੁਖੀ ਅੱਖਰਾਂ ਵਿਚ ਜਾਂਦੀ ਸੀ। ਗੁਰਬਾਣੀ ਵਿਚ ਗੁਰੂ ਨਾਨਕ ਦੀ ਬਾਣੀ 'ਪੱਟੀ ਲਿਖੀ' ਮਿਲਦੀ ਹੈ। ਇਸ ਵਿਚ ਪੰਜਾਬੀ ਪੈਂਤੀ ਦੇ ਸਾਰੇ ਅੱਖਰ ਦਰਕਾਰ ਹਨ; ਫਰਕ ਕੇਵਲ ਇਹ ਹੈ ਕਿ ਇਹ 'ਅ' ਦੀ ਥਾਂ 'ਸ' ਤੋਂ ਸ਼ੁਰੂ ਹੁੰਦੀ ਹੈ। ਦੂਜੇ ਗੁਰੂ ਅੰਗਦ ਦੇਵ ਨੇ ਇਸ ਨੂੰ ਤਰਤੀਬ ਦੇ ਕੇ ਹੁਣ ਵਾਲੀ ਪੈਂਤੀ ਦੇ ਰੂਪ ਵਿਚ ਬਦਲਿਆ, ਫਲਸਰੂਪ ਇਸ ਦਾ ਨਾਂ ਗੁਰਮੁਖੀ ਪੈ ਗਿਆ। ਮੁਕਾਬਲੇ 'ਤੇ ਹਿੰਦੀ ਭਾਸ਼ਾ, ਉਰਦੂ ਭਾਸ਼ਾ ਦੇ ਨਾਲ 17ਵੀਂ ਸਦੀ ਵਿਚ ਵਿਗਸੀ। ਇਨ੍ਹਾਂ ਦੀ ਵਿਆਕਰਣ ਵੀ ਸਾਂਝੀ ਹੈ।

ਸਿੱਟਾ ਇਹ ਕਿ ਪੰਜਾਬੀ ਦਾ ਸੰਸਕ੍ਰਿਤ ਭਾਸ਼ਾ ਨਾਲ ਨਾਤਾ ਹਿੰਦੀ ਭਾਸ਼ਾ ਨਾਲੋਂ ਪੁਰਾਣਾ ਹੈ। ਗ੍ਰੀਅਰਸਨ (Grierson) ਵਰਗੇ ਸੰਸਾਰ ਪ੍ਰਸਿੱਧ ਭਾਸ਼ਾ ਵਿਗਿਆਨੀ ਅਤੇ ਮਸ਼ਹੂਰ ਭਾਰਤੀ ਭਾਸ਼ਾ ਵਿਗਿਆਨੀਆਂ- ਵਿਦਿਆ ਭਾਸਕਰ ਅਰੁਨ ਅਤੇ ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਨੂੰ ਹਿੰਦੋਸਤਾਨ ਦੀਆਂ ਹੋਰ ਭਾਸ਼ਾਵਾਂ ਨਾਲੋਂ ਸੰਸਕ੍ਰਿਤ ਦੇ ਵਧੇਰੇ ਕਰੀਬ ਸਿੱਧ ਕੀਤਾ ਹੈ (ਸਬੱਬ ਨਾਲ ਮੈਂ ਇਨ੍ਹਾਂ ਦੋਹਾਂ ਵਿਦਵਾਨਾਂ ਦਾ ਸਾਥ ਮਾਣਿਆ ਹੈ)। ਭਾਰਤੀ ਭਾਸ਼ਾਵਾਂ ਦੇ ਮਾਹਿਰ ਪ੍ਰੋ. ਕ੍ਰਿਸਟੋਫਰ ਸੈਕਲਜ਼ (Christopher shackles) ਨੇ ਤਾਂ ਸੰਸਕ੍ਰਿਤ ਨੂੰ ਪੰਜਾਬੀ ਦੀ ਨਕੜਦਾਦੀ ਕਿਹਾ ਹੈ।

ਭਾਰਤ ਵਿਚ ਸੰਸਕ੍ਰਿਤ 'ਚੋਂ ਵਿਗਸੀ ਠੇਠ ਹਿੰਦੀ ਬੋਲਣ ਵਾਲੇ ਲੋਕ ਕਵੇਲ 7% ਹਨ, ਬਾਕੀ ਦੀ ਵਸੋਂ ਸਥਾਨਕ ਬੋਲੀਆਂ ਬੋਲਦੇ ਹਨ। ਹਿੰਦੋਸਤਾਨ ਵਿਚ 22 ਪ੍ਰਾਂਤ ਹਨ ਅਤੇ ਹਰ ਪ੍ਰਾਂਤ ਦੀ ਆਪਣੀ ਵੱਖਰੀ ਭਾਸ਼ਾ ਹੈ। ਇਸ ਲਈ ਹਿੰਦੋਸਤਾਨ ਦੀ ਕੋਈ ਇਕ ਭਾਸ਼ਾ ਨਹੀਂ ਮੰਨੀ ਜਾ ਸਕਦੀ। ਜੇ ਵੱਖ ਵੱਖ ਜਾਤੀਆਂ ਵਿਚ ਅਦਾਨ ਪ੍ਰਦਾਨ ਲਈ ਕੋਈ ਸੰਪਰਕ ਭਾਸ਼ਾ ਬਣਾਉਣੀ ਹੈ ਤਾਂ ਇਸ ਵਿਚ ਹਰ ਭਾਸ਼ਾ ਦੇ ਬੋਲਚਾਲ ਦੇ ਸ਼ਬਦ ਹੋਣੇ ਚਾਹੀਦੇ ਹਨ ਅਤੇ ਤਕਨੀਕੀ ਅਤੇ ਖਾਸ ਸ਼ਬਦਾਂ ਨੂੰ ਅੰਗਰੇਜ਼ੀ ਵਿਚ ਲਿਖਿਆ ਜਾ ਸਕਦਾ। ਅਜਿਹੀ ਮਿਸ਼ਰਤ ਭਾਸ਼ਾ ਨੂੰ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ, ਜਿਵੇਂ ਹਿੰਦਵੀ, ਹਿੰਦੋਸਤਾਨੀ, ਭਾਰਤੀ ਆਦਿ।

# ਖਾਲੀ ਹੋਈਆਂ ਸੀਟਾਂ ਦੀ ਉਪ ਚੋਣ ਦੀ ਥਾਂ ਕੀਤਾ ਕੀ ਜਾਵੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਵਿਚ ਇਸ ਵਕਤ ਚਾਰ ਵਿਧਾਨ ਸਭਾ ਸੀਟਾਂ ਲਈ ਉਪ ਚੋਣਾਂ ਚੱਲ ਰਹੀਆਂ ਹਨ। ਫਗਵਾੜਾ ਸੀਟ ਭਾਜਪਾ ਆਗੂ ਸੋਮ ਪ੍ਰਕਾਸ਼ ਅਤੇ ਜਲਾਲਾਬਾਦ ਦੀ ਸੀਟ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਲੋਕ ਸਭਾ ਲਈ ਚੁਣੇ ਜਾਣ ਕਾਰਨ ਖਾਲੀ ਹੋਈਆਂ ਹਨ। ਬਾਕੀ ਦੋ ਵਿਚੋਂ ਦਾਖਾ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਐਚ. ਐਸ. ਫੂਲਕਾ ਦੇ ਅਸਤੀਫਾ ਦੇਣ ਕਾਰਨ ਅਤੇ ਮੁਕੇਰੀਆਂ ਦੀ ਸੀਟ ਕਾਂਗਰਸ ਪਾਰਟੀ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋ ਜਾਣ ਕਾਰਨ ਵਿਹਲੀਆਂ ਹੋ ਗਈਆਂ। ਇਨ੍ਹਾਂ ਸੀਟਾਂ ਲਈ ਉਪ ਚੋਣ ਦਾ ਦੌਰ ਚੱਲਦੇ ਤੋਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਤੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਇਹ ਕਹਿ ਕੇ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਜਿਸ ਸੀਟ ਤੋਂ ਕਿਸੇ ਚੁਣੇ ਹੋਏ ਆਗੂ ਨੇ ਅਸਤੀਫਾ ਦਿੱਤਾ ਹੋਵੇ ਅਤੇ ਉਪ ਚੋਣ ਦੇ ਹਾਲਾਤ ਬਣਾਏ ਹੋਣ, ਉਥੇ ਚੋਣ ਲਈ ਹੋਣ ਵਾਲਾ ਸਾਰਾ ਖਰਚਾ ਉਸ ਆਗੂ ਦੇ ਸਿਰ ਪਾ ਦਿੱਤਾ ਜਾਣਾ ਚਾਹੀਦਾ ਹੈ। ਨਾਂ ਭਾਵੇਂ ਭਗਵੰਤ ਮਾਨ ਨੇ ਨਹੀਂ ਲਿਆ, ਪਰ ਗੱਲ ਸਭ ਦੇ ਸਮਝ ਪੈ ਗਈ ਕਿ ਉਹ ਇਸ ਬਹਾਨੇ ਇਥੋਂ ਅਸਤੀਫਾ ਦੇ ਗਏ ਸੀਨੀਅਰ ਵਕੀਲ ਐਚ. ਐਸ. ਫੂਲਕਾ ਬਾਰੇ ਕਹਿੰਦਾ ਹੈ। ਫਿਰ ਅੱਗੋਂ ਸ. ਫੂਲਕਾ ਦਾ ਜਵਾਬੀ ਮਿਹਣਾ ਵੀ ਅਗਲੇ ਦਿਨ ਆ ਗਿਆ ਕਿ ਹਲਕਾ ਦਾਖਾ ਦੀ ਉਪ ਚੋਣ ਇਸ ਕਰ ਕੇ ਹੋਈ ਹੈ ਕਿ ਮੈਂ ਵਿਧਾਨ ਸਭਾ ਤੋਂ ਅਸਤੀਫਾ ਦਿੱਤਾ ਸੀ, ਮੈਂ ਉਸ ਦਾ ਖਰਚਾ ਦੇਣ ਨੂੰ ਤਿਆਰ ਹਾਂ, ਪਰ ਭਗਵੰਤ ਮਾਨ ਦਿੱਲੀ ਜਾ ਕੇ ਕੇਜਰੀਵਾਲ ਨੂੰ ਇਹ ਗੱਲ ਮਨਾਵੇ ਕਿ ਮੈਂ ਇਥੇ ਇੱਕ ਸੀਟ ਛੱਡੀ ਹੈ, ਕੇਜਰੀਵਾਲ ਦੇ ਅਸਤੀਫੇ ਨਾਲ ਸਮੁੱਚੀ ਦਿੱਲੀ ਦੀ ਵਿਧਾਨ ਸਭਾ ਮੁੜ ਚੁਣਨੀ ਪਈ ਸੀ, ਉਹ ਵੀ ਉਸ ਸਮੁੱਚੀ ਚੋਣ ਦਾ ਖਰਚਾ ਦੇ ਦੇਵੇ।

ਕਿਸੇ ਵੀ ਅਕਾਲੀ, ਕਾਂਗਰਸੀ ਜਾਂ ਭਾਜਪਾ ਆਗੂ ਨੂੰ ਏਦਾਂ ਦੀ ਬਹਿਸ ਵਿਚ ਪੈਣ ਦੀ ਲੋੜ ਨਹੀਂ ਜਾਪਦੀ ਅਤੇ ਉਹ ਇਨ੍ਹਾਂ ਗੱਲਾਂ ਵਿਚ ਵਕਤ ਜ਼ਾਇਆ ਵੀ ਨਹੀਂ ਕਰਨਾ ਚਾਹੁੰਦੇ, ਪਰ ਗੱਲ ਲੋਕਾਂ ਵਿਚ ਚਲੀ ਗਈ ਹੈ। ਭਗਵੰਤ ਮਾਨ ਨੇ ਇਸ ਸਬੰਧੀ ਸ. ਫੂਲਕਾ ਦੇ ਜਵਾਬੀ ਮਿਹਣੇ ਵਿਚ ਫਸਣ ਦੀ ਥਾਂ ਨਵੀਂ ਗੱਲ ਕਹਿ ਦਿੱਤੀ ਹੈ ਕਿ ਜੇ ਕੋਈ ਅਸਤੀਫਾ ਦੇ ਜਾਵੇ ਤਾਂ ਚੋਣ ਨਹੀਂ ਕਰਵਾਉਣੀ ਚਾਹੀਦੀ, ਇਸ ਦਾ ਬਦਲਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਗੱਲ ਉਸ ਨੇ ਖੇਡਾਂ ਦੇ ਖੇਤਰ ਨਾਲ ਜੋੜ ਕੇ ਕੀਤੀ ਹੈ ਕਿ ਉਥੇ ਜਦੋਂ ਕੋਈ ਜਿੱਤ ਚੁਕਾ ਖਿਡਾਰੀ ਬਾਅਦ ਵਿਚ ਡੋਪ ਟੈਸਟ ਦੌਰਾਨ ਦੋਸ਼ੀ ਕਰਾਰ ਦਿੱਤਾ ਜਾਵੇ ਤਾਂ ਮੁਕਾਬਲਾ ਮੁੜ ਨਹੀਂ ਕਰਵਾਇਆ ਜਾਂਦਾ, ਜੋ ਖਿਡਾਰੀ ਉਸ ਤੋਂ ਅਗਲੇ ਨੰਬਰ ਵਾਲਾ ਹੋਵੇ, ਪਹਿਲੇ ਕੋਲੋਂ ਖੋਹਿਆ ਉਹੀ ਤਮਗਾ ਉਸ ਤੋਂ ਬਾਅਦ ਵਾਲੇ ਨੂੰ ਦੇ ਕੇ ਜੇਤੂ ਐਲਾਨ ਕੀਤਾ ਜਾਂਦਾ ਹੈ। ਭਗਵੰਤ ਮਾਨ ਦੀ ਰਾਏ ਹੈ ਕਿ ਚੋਣ ਵਿਚ ਵੀ ਇਹੋ ਹੋਵੇ ਤਾਂ ਇਸ ਤਰ੍ਹਾਂ ਉਪ-ਚੋਣ ਲਈ ਹੋਣ ਵਾਲਾ ਖਰਚਾ ਤੇ ਖੇਚਲ-ਦੋਹਾਂ ਤੋਂ ਬਚ ਜਾਵਾਂਗੇ।

ਸੁਣਨ ਨੂੰ ਭਗਵੰਤ ਮਾਨ ਦੀ ਇਹ ਤਜਵੀਜ਼ ਕਈ ਲੋਕਾਂ ਨੂੰ ਇੰਨੀ ਚੰਗੀ ਜਾਪਣ ਲੱਗੀ ਕਿ ਉਨ੍ਹਾਂ ਨੇ ਇਸ ਤਜਵੀਜ਼ ਦੇ ਹੱਕ ਵਿਚ ਸਾਡੇ ਫੋਨ ਖੜਕਾ ਦਿਤੇ ਕਿ ਇਹ ਰਾਏ ਬੜੀ ਚੰਗੀ ਹੈ ਤੇ ਅੱਗੇ ਵਧਾਉਣ ਵਾਲੀ ਹੈ। ਅਸੀਂ ਕਿਸੇ ਦੇਸ਼ ਬਾਰੇ ਖੁਦ ਨਹੀਂ ਜਾਣਦੇ, ਪਰ ਕਈ ਸੱਜਣਾਂ ਨੇ ਕਿਹਾ ਹੈ ਕਿ ਫਲਾਣੇ-ਫਲਾਣੇ ਦੇਸ਼ ਵਿਚ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਜਿੱਤਿਆ ਉਮੀਦਵਾਰ ਕਿਸੇ ਕਾਰਨ ਅਹੁਦਾ ਛੱਡ ਜਾਵੇ ਜਾਂ ਦੁਨੀਆਂ ਵਿਚ ਨਾ ਰਹੇ ਤਾਂ ਉਸ ਦੀ ਸੀਟ ਚੋਣਾਂ ਦੌਰਾਨ ਉਸ ਹਲਕੇ ਤੋਂ ਦੂਜੀ ਥਾਂ ਆਏ ਹੋਏ ਉਮੀਦਵਾਰ ਨੂੰ ਦੇ ਦਿੱਤੀ ਜਾਂਦੀ ਹੈ। ਇੱਕ-ਦੋ ਦੇਸ਼ਾਂ ਦੀ ਸਾਨੂੰ ਜਾਣਕਾਰੀ ਹੈ ਕਿ ਜੇ ਅੱਧ ਵਿਚਾਲੇ ਕਿਸੇ ਰਾਸ਼ਟਰਪਤੀ ਨੂੰ ਅਸਤੀਫਾ ਦੇਣਾ ਪਵੇ ਜਾਂ ਉਸ ਦੀ ਮੌਤ ਹੋ ਜਾਵੇ ਤਾਂ ਅਹੁਦੇ ਵਾਸਤੇ ਨਵੀਂ ਚੋਣ ਕਰਨ ਦੀ ਥਾਂ ਉਸ ਦੇ ਉਪ ਰਾਸ਼ਟਰਪਤੀ ਨੂੰ ਇਹੋ ਅਹੁਦਾ ਦੇ ਦਿੱਤਾ ਜਾਂਦਾ ਹੈ।

ਭਾਰਤ ਵਿਚ ਏਦਾਂ ਨਹੀਂ ਹੁੰਦਾ। ਇਥੇ ਉਪ ਰਾਸ਼ਟਰਪਤੀ ਨੂੰ ਵਕਤੀ ਤੌਰ 'ਤੇ ਉਸ ਵਾਲਾ ਕੰਮ ਸੌਂਪਿਆ ਜਾਂਦਾ ਹੈ ਅਤੇ ਮਿੱਥੇ ਸਮੇਂ ਵਿਚ ਉਸ ਅਹੁਦੇ ਦੀ ਨਵੀਂ ਚੋਣ ਕਰਵਾਈ ਜਾਂਦੀ ਹੈ ਤੇ ਇਸ ਨਵੀਂ ਚੋਣ ਵਿਚ ਚੁਣੇ ਗਏ ਆਗੂ ਦੇ ਅਹੁਦੇ ਦੀ ਮਿਆਦ ਪਿਛਲੇ ਸੀਟ ਖਾਲੀ ਕਰਨ ਵਾਲੇ ਆਗੂ ਵਾਲਾ ਸਮਾਂ ਕੱਟ ਕੇ ਗਿਣਨ ਦੀ ਥਾਂ ਫਿਰ ਪੂਰੀ ਗਿਣੀ ਜਾਂਦੀ ਹੈ। ਪਾਰਲੀਮੈਂਟ, ਵਿਧਾਨ ਸਭਾ ਜਾਂ ਲੋਕਾਂ ਵੱਲੋਂ ਚੁਣੇ ਹੋਏ ਕਿਸੇ ਵੀ ਹੋਰ ਹਾਊਸ ਦੇ ਮੈਂਬਰਾਂ ਦੀਆਂ ਖਾਲੀ ਹੋਈਆਂ ਸੀਟਾਂ ਲਈ ਉਪ ਚੋਣ ਵਿਚ ਚੁਣੇ ਜਾਣ ਵਾਲਿਆਂ ਦੇ ਮਾਮਲੇ ਵਿਚ ਏਦਾਂ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਮਿਆਦ ਉਸ ਹਾਊਸ ਦੀ ਮਿਆਦ ਨਾਲ ਬੱਝੀ ਰਹਿੰਦੀ ਹੈ।



ਭਗਵੰਤ ਮਾਨ



ਐਚ. ਐਸ. ਫੂਲਕਾ

ਜੋ ਗੱਲ ਭਗਵੰਤ ਮਾਨ ਨੇ ਕਹੀ ਅਤੇ ਫਿਰ ਕਈ ਹੋਰਨਾਂ ਨੇ ਸਾਡੇ ਤੱਕ ਪਹੁੰਚਾਈ ਹੈ ਕਿ ਜਿੱਤੇ ਹੋਏ ਮੈਂਬਰ ਦੇ ਅਹੁਦਾ ਛੱਡਣ ਜਾਂ ਮੌਤ ਹੋਣ ਦੀ ਸਥਿਤੀ ਵਿਚ ਉਹ ਸੀਟ ਉਸ ਕੋਲੋਂ ਹਾਰਨ ਵਾਲਿਆਂ ਵਿਚੋਂ ਸਭ ਤੋਂ ਨੇੜਲੇ ਵਿਰੋਧੀ ਨੂੰ ਦੇ ਦੇਣੀ ਚਾਹੀਦੀ ਹੈ, ਉਹ ਏਨੀ ਆਮ ਗੱਲ ਨਹੀਂ, ਉਸ ਨਾਲ ਵੀ ਕਈ ਕਿੰਤੂ ਜੁੜਦੇ ਹਨ। ਸਾਡੇ ਗਵਾਂਢ ਪਾਕਿਸਤਾਨ ਵਿਚ ਸ਼ਾਇਦ ਇਹੋ ਜਿਹੀ ਪਰੰਪਰਾ ਹੈ। ਉਥੋਂ ਦੀ ਇੱਕ ਮਿਸਾਲ ਘੱਟਗਿਣਤੀ ਸੀਟ ਤੋਂ ਚੁਣੇ ਗਏ ਡਾ. ਸੋਰਨ ਸਿੰਘ ਨਾਂ ਦੇ ਸਿੱਖ ਆਗੂ ਦਾ ਸਾਨੂੰ ਪਤਾ ਹੈ, ਜੋ ਖੈਬਰ ਪਖਤੂਨਖਵਾ ਅਸੈਂਬਲੀ ਲਈ ਚੁਣਿਆ ਗਿਆ ਤੇ ਫਿਰ ਉਸ ਦਾ ਕਤਲ ਹੋਣ ਨਾਲ ਸੀਟ ਖਾਲੀ ਹੋਈ ਸੀ। ਸੋਰਨ ਸਿੰਘ ਦੀ ਸੀਟ ਘੱਟਗਿਣਤੀ ਭਾਈਚਾਰੇ ਲਈ ਰਿਜ਼ਰਵ ਸੀ ਤੇ ਉਸ ਉਤੇ ਉਸੇ ਵਾਂਗ ਕੋਈ ਘੱਟਗਿਣਤੀ ਭਾਈਚਾਰੇ ਦਾ ਆਗੂ ਚੁਣਿਆ ਜਾ ਸਕਦਾ ਸੀ, ਪਰ ਚੋਣ ਕਰਨ ਦੀ ਥਾਂ ਦੇਸ਼ ਦੇ ਚੋਣ ਕਮਿਸ਼ਨ ਨੇ ਸੋਰਨ ਸਿੰਘ ਨਾਲ ਮੁਕਾਬਲੇ ਵਿਚ ਦੂਜੀ ਥਾਂ ਆਏ ਹਿੰਦੂ ਲੀਡਰ ਬਲਦੇਵ ਕੁਮਾਰ ਨੂੰ ਅਲਾਟ ਕਰ ਦਿੱਤੀ ਸੀ। ਹਾਲੇ ਬਲਦੇਵ ਕੁਮਾਰ ਨੇ ਅਹੁਦਾ ਨਹੀਂ ਸੀ ਸੰਭਾਲਿਆ ਕਿ ਡਾ. ਸੋਰਨ ਸਿੰਘ ਦੇ ਕਤਲ ਦੀ ਜਾਂਚ ਵਿਚ ਇਹ ਗੱਲ ਨਿਕਲੀ ਕਿ ਕਤਲ ਹੀ ਬਲਦੇਵ ਕੁਮਾਰ ਨੇ ਕਰਵਾਇਆ ਹੈ ਤੇ ਕਰਵਾਇਆ ਇਸ ਲਈ ਹੈ ਕਿ ਸੋਰਨ ਸਿੰਘ ਵੱਲੋਂ ਖਾਲੀ ਕੀਤੀ ਗਈ ਸੀਟ ਦੀ ਆਮ ਚੋਣ ਦੌਰਾਨ ਦੂਜੀ ਥਾਂ ਆਇਆ ਹੋਣ ਕਾਰਨ ਵਿਧਾਇਕ ਬਣ ਸਕੇ।

ਪਾਕਿਸਤਾਨ ਦੀ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਬਲਦੇਵ ਕੁਮਾਰ ਨੇ ਜੁਰਮ ਦਾ ਇਕਬਾਲ ਵੀ ਕਰ ਲਿਆ ਹੈ। ਲੋਕਾਂ ਵਿਚ ਵੀ ਉਸ ਬਾਰੇ ਇਹੋ ਚਰਚਾ ਸੀ। ਜਦੋਂ ਉਹ ਅਦਾਲਤੀ ਪ੍ਰਕ੍ਰਿਆ ਦੇ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਤਾਂ ਚੋਣ ਕਮਿਸ਼ਨ ਤੋਂ ਹੁਕਮ ਆ ਗਿਆ ਕਿ ਵਿਧਾਨ ਸਭਾ ਦੀ ਖਾਲੀ ਹੋਈ ਸੀਟ ਉਤੇ ਉਸ ਨੂੰ ਵਿਧਾਇਕ ਨਾਮਜ਼ਦ ਕਰ ਦਿੱਤਾ ਹੈ ਤੇ ਉਸ ਨੂੰ ਸਹੁੰ ਚੁਕਾਈ ਜਾਵੇ। ਅਦਾਲਤੀ ਹੁਕਮ ਉਤੇ ਉਸ ਨੂੰ ਵਿਧਾਨ ਸਭਾ ਵਿਚ ਲਿਆਂਦਾ ਗਿਆ ਤਾਂ ਹਾਕਮ ਪਾਰਟੀ ਤੇ ਵਿਰੋਧੀ ਧਿਰ-ਦੋਹਾਂ ਦੇ ਮੈਂਬਰਾਂ ਨੇ ਰੌਲਾ ਪਾ ਦਿੱਤਾ, ਹੰਗਾਮਾ ਹੋਇਆ ਤੇ ਉਸ ਨੂੰ ਸਹੁੰ ਨਹੀਂ ਸੀ ਚੁੱਕਣ ਦਿੱਤੀ ਗਈ, ਕਿਉਂਕਿ ਦੋਹਾਂ ਧਿਰਾਂ ਦੇ ਮੈਂਬਰ ਸੋਚਦੇ ਸਨ ਕਿ ਕਤਲ ਏਸੇ ਬੰਦੇ ਨੇ ਕਰਵਾਇਆ ਹੈ ਤੇ ਜਿਸ ਦਾ ਕਤਲ ਹੋਇਆ ਹੈ, ਉਹ ਉਸ ਪਾਸੇ ਲੋਕਾਂ 'ਚ ਬਹੁਤ ਨੇਕ-ਨਾਮ ਬੰਦਾ ਗਿਣਿਆ ਜਾਂਦਾ ਸੀ। ਨਾਲ ਇਹ ਵੀ ਕਿਹਾ ਜਾਣ ਲੱਗ ਪਿਆ ਕਿ ਅੱਜ ਇਸ ਨੂੰ ਏਦਾਂ ਖਾਲੀ ਕਰਵਾਈ ਸੀਟ ਤੋਂ ਸਹੁੰ ਚੁਕਾਈ ਗਈ ਤਾਂ ਫਿਰ ਇੰਜ ਸੀਟਾਂ ਖਾਲੀ ਕਰਵਾਉਣ ਦਾ ਇੱਕ ਪੂਰਾ ਦੌਰ ਸ਼ੁਰੂ ਹੋ ਸਕਦਾ ਹੈ। ਉਸ ਨੂੰ ਫਿਰ ਜੇਲ੍ਹ ਭੇਜ ਦਿੱਤਾ ਗਿਆ ਤੇ ਵਿਧਾਨ ਸਭਾ ਦੀ ਮਿਆਦ ਮੁੱਕਣ ਤੋਂ ਦੋ ਦਿਨ ਪਹਿਲਾਂ ਛੁੱਟ ਸਕਿਆ ਸੀ।

ਬਲਦੇਵ ਕੁਮਾਰ ਨੇ ਸਿੱਖਾਂ ਦਾ ਗੁੱਸਾ ਦੂਰ ਕਰਨ ਲਈ ਧਰਮ ਬਦਲਿਆ ਤੇ ਬਲਦੇਵ ਸਿੰਘ ਵੀ ਬਣ ਗਿਆ, ਪਰ ਲੋਕ ਖੁਸ਼ ਨਹੀਂ ਸੀ ਹੋਏ ਤੇ ਆਖਰ ਦੇਸ਼ ਛੱਡਣਾ ਪਿਆ। ਅੱਜ ਕੱਲ੍ਹ ਤੀਰਥ ਯਾਤਰਾ ਦੇ ਬਹਾਨੇ ਨਾਲ ਭਾਰਤ ਆ ਕੇ ਉਹ ਸਿਆਸੀ ਸ਼ਰਣ ਦੇ ਯਤਨ ਕਰ ਰਿਹਾ ਹੈ ਤੇ ਉਸ ਦੇ ਇਲਾਕੇ ਦੇ ਹਿੰਦੂ ਤੇ ਸਿੱਖ ਇੱਕ ਆਵਾਜ਼ ਵਿਚ ਇਸ ਬੇਨਤੀ ਦਾ ਵਿਰੋਧ ਕਰਦੇ ਪਏ ਹਨ।

ਭਾਰਤ ਵਿਚ ਪਾਕਿਸਤਾਨ ਵਾਲੇ ਹਾਲਾਤ ਨਹੀਂ, ਪਰ ਸਿਆਸੀ ਕਤਲ ਤਾਂ ਇਥੇ ਵੀ ਬਹੁਤ ਹੁੰਦੇ ਤੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿਚ ਕਈ ਵਾਰ ਇਹ ਵੀ ਚਰਚਾ ਸੁਣੀ ਗਈ ਹੈ ਕਿ ਫਲਾਣੇ ਆਗੂ ਦਾ ਕਤਲ ਫਲਾਣੇ ਬਾਹੂ-ਬਲੀ ਆਗੂ ਨੇ ਇਸ ਲਈ ਕਰਵਾਇਆ ਹੈ ਕਿ ਉਸ ਸੀਟ ਉਤੇ ਉਸ ਬਾਹੂ-ਬਲੀ ਆਗੂ ਦੀ ਅੱਖ ਸੀ। ਭਗਵੰਤ ਮਾਨ ਨੇ ਜੋ ਮੁੱਦਾ ਛੇੜਿਆ ਹੈ, ਉਸ ਉਤੇ ਵਿਚਾਰ ਕਰਨ ਦੀ ਲੋੜ ਆਪਣੀ ਥਾਂ ਹੈ, ਕਿਉਂਕਿ ਇਥੇ ਨਰਿੰਦਰ ਮੋਦੀ, ਸੋਨੀਆ ਗਾਂਧੀ ਜਾਂ ਸਾਡੇ ਪੰਜਾਬ ਦੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਜਾਂ ਇਸ ਵਾਰ ਸੁਖਬੀਰ ਸਿੰਘ ਬਾਦਲ ਨੇ ਵੀ ਜਿੱਤੀ ਸੀਟ ਛੱਡੀ ਹੋਈ ਹੈ। ਇਸ ਤਰ੍ਹਾਂ ਸੀਟਾਂ ਜਿੱਤ ਕੇ ਛੱਡਣ ਦਾ ਰਿਵਾਜ ਬੜੇ ਚਿਰ ਤੋਂ ਚੱਲਦਾ ਆ ਰਿਹਾ ਹੋਣ ਕਾਰਨ ਇਸ ਦਾ ਹੱਲ ਤਾਂ ਕੋਈ ਲੱਭਿਆ ਜਾਣਾ ਚਾਹੀਦਾ ਹੈ, ਪਰ ਲੋਕਤੰਤਰੀ ਪ੍ਰਕ੍ਰਿਆ ਨੂੰ ਖਿਡਾਰੀਆਂ ਦੇ ਡੋਪ ਟੈਸਟ ਜਾਂ ਕਿਸੇ ਦੂਜੇ ਦੇਸ਼ ਦੀ ਅਜਿਹੀ ਪ੍ਰਕ੍ਰਿਆ ਨਾਲ ਨਹੀਂ ਜੋੜਿਆ ਜਾ ਸਕਦਾ। ਜਦੋਂ ਇਹ ਪ੍ਰਕ੍ਰਿਆ ਸਾਡੇ ਪੰਜਾਬ ਦੀ ਹੱਦ ਵਿਚ ਆ ਗਈ, ਇਥੇ ਵੀ ਚੁਣੇ ਹੋਏ ਲੀਡਰ ਮੰਤਰੀ ਦਾ ਅਹੁਦਾ ਮੰਗਣ ਦੀ ਥਾਂ ਪੰਜ ਸਾਲ ਪੂਰੇ ਕਰ ਸਕਣ ਜੋਗੇ ਸਾਹਾਂ ਦੀ ਅਰਦਾਸ ਕਰਦੇ ਮਿਲਿਆ ਕਰਨਗੇ। ਅੜਾਉਣੀ ਬਹੁਤ ਗੁੰਝਲਦਾਰ ਹੈ, ਇਸ ਦਾ ਹੱਲ ਏਨਾ ਸੁਖਾਲਾ ਨਹੀਂ ਹੋ ਸਕਦਾ।

# ਪੱਤਰ, ਜੋ ਦੇਸ਼ ਧਰੋਹ ਦੇ ਮੁਕੱਦਮੇ 'ਚ ਬਦਲ ਗਿਆ!

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਆਸਟ੍ਰੇਲੀਆ)
ਫੋਨ: +0061411218801

ਜਦੋਂ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਕੇਂਦਰ ਅਤੇ ਰਾਜਾਂ ਵਿਚ ਸਿਆਸੀ ਦਬਾਅ ਵਧਿਆ ਹੈ, ਉਦੋਂ ਤੋਂ ਲੈ ਕੇ ਵਿਚਾਰਾਂ ਦੀ ਆਜ਼ਾਦੀ 'ਤੇ ਹਮਲੇ ਹੋਣੇ ਸ਼ੁਰੂ ਹੋ ਗਏ ਹਨ। ਦੇਸ਼ ਦੇ ਜ਼ਰੂਰੀ ਮੁੱਦਿਆਂ ਨੂੰ ਮੁਖਾਤਿਬ ਹੋਣ ਦੀ ਥਾਂ ਭਾਜਪਾ ਸਰਕਾਰ ਬਹੁਗਿਣਤੀ ਨੂੰ ਖੁਸ਼ ਕਰਨ ਲਈ ਹਲਕੇ ਪੱਧਰ ਦੀ ਸਿਆਸਤ ਕਰ ਰਹੀ ਹੈ। ਜਾਣ-ਬੁਝ ਕੇ ਘੱਟ-ਗਿਣਤੀਆਂ ਨੂੰ ਜਲੀਲ ਕੀਤਾ ਜਾ ਰਿਹਾ ਹੈ। ਭਾਜਪਾ ਦੇ ਧਾਰਮਿਕ ਦਿੱਖ ਵਾਲੇ ਕੁਝ ਚੁਣੇ ਹੋਏ ਆਗੂ ਅਕਸਰ ਗੈਰ ਸੰਵਿਧਾਨਕ ਭਾਸ਼ਾ ਵਰਤ ਕੇ ਘੱਟ-ਗਿਣਤੀਆਂ ਦੇ ਜਖਮਾਂ 'ਤੇ ਲੂਣ ਛਿੜਕਣ ਤੋਂ ਬਾਜ ਨਹੀਂ ਆ ਰਹੇ। ਜਾਪਦਾ ਹੈ ਕਿ ਇਨ੍ਹਾਂ ਆਗੂਆਂ ਤੋਂ ਇੱਕ ਸਾਜਿਸ਼ ਅਧੀਨ ਅਜਿਹੀ ਬਿਆਨਬਾਜੀ ਕਰਵਾਈ ਜਾ ਰਹੀ ਹੈ। ਅਤੀਤ ਵਿਚ ਕਈ ਅਜਿਹੀਆਂ ਹਸਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਚੁਕਾ ਹੈ, ਜਿਨ੍ਹਾਂ ਦੀ ਵਿਚਾਰਧਾਰਾ ਸਰਕਾਰ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ।

ਹੱਦ ਤਾਂ ਉਸ ਸਮੇਂ ਹੋ ਗਈ, ਜਦੋਂ ਹਜੂਮੀ ਕਤਲਾਂ ਦੇ ਮੁੱਦੇ 'ਤੇ ਚਿੰਤਾ ਜਾਹਰ ਕਰਨ ਵਾਲਾ ਪੱਤਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਣ ਵਾਲੀਆਂ 49 ਪ੍ਰਸਿੱਧ ਹਸਤੀਆਂ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰ ਦਿੱਤਾ ਗਿਆ। ਇਹ ਮੁਕੱਦਮਾ ਬਿਹਾਰ ਦੇ ਮੁਜੱਫਰਪੁਰ ਸ਼ਹਿਰ ਵਿਚ ਇਤਿਹਾਸਕਾਰ ਰਾਮ ਚੰਦਰ ਗੁਹਾ, ਫਿਲਮ ਨਿਰਦੇਸ਼ਕ ਮਣੀ ਰਤਨਮ, ਅਨੁਰਾਗ ਕਸ਼ਿਅਪ ਤੇ ਸ਼ਿਆਮ ਬੇਨੇਗਲ; ਅਦਾਕਾਰ ਸੋਮਿਤ ਚੈਟਰਜੀ, ਅਦਾਕਾਰਾ ਅਪਰਨਾ ਸੇਨ ਅਤੇ ਗਾਇਕ ਸੁਧਾ ਮੁਰਦਲ ਆਦਿ ਜਾਣੇ-ਪਛਾਣੇ ਲੋਕਾਂ ਖਿਲਾਫ ਦਰਜ ਕੀਤਾ ਗਿਆ ਹੈ।

ਮੁਜੱਫਰਪੁਰ ਦੇ ਇੱਕ ਵਕੀਲ ਸੁਧੀਰ ਓਝਾ ਨੇ ਕਰੀਬ ਦੋ ਮਹੀਨੇ ਪਹਿਲਾਂ ਮੁੱਖ ਨਿਆਂਇਕ ਜੱਜ ਸੂਰਿਆ ਕਾਂਤ ਤਿਵਾੜੀ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਸੀ, ਜਿਸ 'ਤੇ ਅਦਾਲਤ ਨੇ ਐਫ. ਆਈ. ਆਰ. ਦਰਜ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਮੁਕੱਦਮੇ ਦੇ ਦਰਜ ਹੋਣ ਨਾਲ ਬੁੱਧੀਜੀਵੀ ਹਲਕਿਆਂ ਵਿਚ ਰੋਸ ਦੀ ਇੱਕ ਲਹਿਰ ਫੈਲ ਗਈ ਹੈ। ਵਕੀਲ ਓਝਾ ਨੇ ਪੱਤਰ ਉਤੇ ਹਸਤਾਖਰ ਕਰਨ ਵਾਲੇ ਵਿਅਕਤੀਆਂ 'ਤੇ ਦੋਸ਼ ਲਾਇਆ ਹੈ ਕਿ ਜਿਥੇ ਉਨ੍ਹਾਂ ਨੇ ਅਜਿਹਾ ਕਰਕੇ ਦੇਸ਼ ਅਤੇ ਪ੍ਰਧਾਨ ਮੰਤਰੀ ਦੇ ਅਕਸ ਨੂੰ ਠੇਸ ਪਹੁੰਚਾਈ ਹੈ, ਉਥੇ ਉਨ੍ਹਾਂ ਨੇ ਵੱਖਵਾਦੀ ਪ੍ਰਵਿਰਤੀਆਂ ਦਾ ਸਮਰਥਨ ਕੀਤਾ ਹੈ।

ਪੁਲਿਸ ਅਨੁਸਾਰ ਜਿਨ੍ਹਾਂ ਧਾਰਾਵਾਂ ਹੇਠ ਇਹ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਰਾਜ ਧਰੋਹ, ਹੰਗਾਮਾ ਕਰਨ, ਅਮਨ ਭੰਗ ਕਰਨ ਦੇ ਇਰਾਦੇ ਨਾਲ ਧਾਰਮਿਕ ਭਾਵਨਾਵਾਂ ਭੜਕਾਉਣਾ ਆਦਿ ਜੁਰਮ ਸ਼ਾਮਿਲ ਹਨ। ਇਨ੍ਹਾਂ ਸ਼ਖਸੀਅਤਾਂ ਨੇ ਹਜੂਮੀ ਕਤਲਾਂ ਅਤੇ ਅਸਹਿਣਸ਼ੀਲਤਾ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਲਿਖਿਆ ਸੀ ਕਿ ਮੁਸਲਮਾਨਾਂ, ਦਲਿਤਾਂ ਅਤੇ ਘੱਟ-ਗਿਣਤੀਆਂ ਨਾਲ ਹੋ ਰਹੀਆਂ ਲਿੰਚਿੰਗ ਦੀਆਂ ਘਟਨਾਵਾਂ ਫੌਰੀ ਰੁਕਣੀਆਂ ਚਾਹੀਦੀਆਂ ਹਨ। ਇਨ੍ਹਾਂ ਮਾਮਲਿਆਂ ਵਿਚ ਜਲਦ ਤੋਂ ਜਲਦ ਸਖਤ ਸਜ਼ਾ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਪੱਤਰ ਵਿਚ ਕਿਹਾ ਗਿਆ ਸੀ ਕਿ ਜਨਵਰੀ 2009 ਤੋਂ 29 ਅਕਤੂਬਰ 2018 ਤੱਕ ਧਾਰਮਿਕ ਪਛਾਣ ਦੇ ਆਧਾਰ 'ਤੇ 254 ਘਟਨਾਵਾਂ ਹੋ ਚੁਕੀਆਂ ਹਨ। ਇਨ੍ਹਾਂ ਵਿਚ 91 ਲੋਕਾਂ ਦੀ ਮੌਤ ਹੋਈ ਅਤੇ 579 ਲੋਕ ਜਖਮੀ ਹੋਏ, ਜਦੋਂ ਕਿ 2016 ਦੌਰਾਨ ਦਲਿਤਾਂ 'ਤੇ ਅਤਿਆਚਾਰ ਦੇ 840 ਮਾਮਲੇ ਸਾਹਮਣੇ ਆਏ ਸਨ। ਪੱਤਰ ਅਨੁਸਾਰ ਆਮ ਲੋਕਾਂ ਨੂੰ ਭੜਕਾਉਣ ਲਈ 'ਜੈ ਸ਼੍ਰੀ ਰਾਮ' ਦਾ ਨਾਅਰਾ ਵਰਤਿਆ ਜਾ ਰਿਹਾ ਹੈ। ਇਨ੍ਹਾਂ ਹਸਤੀਆਂ ਨੇ ਪ੍ਰਧਾਨ ਮੰਤਰੀ ਮੋਦੀ ਤੋਂ ਅਜਿਹਾ ਮਾਹੌਲ ਸਿਰਜਣ ਦੀ ਮੰਗ ਵੀ ਕੀਤੀ ਸੀ, ਜਿਥੇ ਅਸੰਤੁਸ਼ਟੀ ਨੂੰ ਕੁਚਲਿਆ ਨਾ ਜਾਏ ਅਤੇ ਦੇਸ਼ ਇੱਕ ਮਜਬੂਤ ਰਾਸ਼ਟਰ ਬਣੇ।





ਭਾਜਪਾ ਸਰਕਾਰ ਦੀ ਆਸ ਤੋਂ ਉਲਟ ਅਨੇਕਾਂ ਹੋਰ ਉਘੀਆਂ ਸ਼ਖਸੀਅਤਾਂ ਇਨ੍ਹਾਂ 49 ਹਸਤੀਆਂ ਦੇ ਹੱਕ ਵਿਚ ਨਿੱਤਰ ਆਈਆਂ। ਇਹ ਸੂਚੀ ਹੋਰ ਵੀ ਲੰਬੀ ਹੋ ਸਕਦੀ ਹੈ। ਅਜਿਹਾ ਵਾਪਰਨ ਦੀ ਹਾਲਤ ਵਿਚ ਕੇਂਦਰ ਸਰਕਾਰ ਦੀਆਂ ਮੁਸ਼ਕਿਲਾਂ ਵੱਧ ਸਕਦੀਆਂ ਹਨ। ਬੁੱਧੀਜੀਵੀ ਹਲਕਿਆਂ ਵਲੋਂ ਸਰਕਾਰ ਦੇ ਇਸ ਕਦਮ ਨੂੰ ਬੋਲਣ ਅਤੇ ਲਿਖਣ ਦੀ ਆਜ਼ਾਦੀ 'ਤੇ ਹਮਲੇ ਵਜੋਂ ਪ੍ਰਚਾਰਿਆ ਜਾਵੇਗਾ।

ਉਘੀ ਇਤਿਹਾਸਕਾਰ ਰੋਮਿਲਾ ਥਾਪਰ, ਸਿਨੇਮੇਟੋਗ੍ਰਾਫਰ ਅਨੰਦ ਪ੍ਰਧਾਨ, ਅਦਾਕਾਰ ਨਾਸਿਰ-ਉਦ-ਦੀਨ ਸ਼ਾਹ, ਐਕਟੀਵਿਸਟ ਹਰਸ਼ ਮੰਦਰ ਸਮੇਤ 180 ਤੋਂ ਵੱਧ ਲੋਕਾਂ ਨੇ 49 ਹਸਤੀਆਂ ਖਿਲਾਫ ਦਰਜ ਕੀਤੇ ਗਏ ਰਾਜ ਧਰੋਹ ਦੇ ਮਾਮਲੇ ਦੀ ਨਿਖੇਧੀ ਕੀਤੀ ਹੈ। ਇਕ ਤਾਜਾ ਪੱਤਰ ਵਿਚ ਪ੍ਰਮੁੱਖ ਹਸਤੀਆਂ ਨੇ ਸਵਾਲ ਕੀਤਾ ਹੈ ਕਿ ਪ੍ਰਧਾਨ ਮੰਤਰੀ ਨੂੰ ਲਿਖੇ ਖੁੱਲ੍ਹੇ ਪੱਤਰ ਨੂੰ ਰਾਜ ਧਰੋਹ ਦਾ ਮਾਮਲਾ ਕਿਵੇਂ ਬਣਾਇਆ ਜਾ ਸਕਦਾ ਹੈ?

ਹਾਲ ਹੀ ਵਿਚ ਸੁਪਰੀਮ ਕੋਰਟ ਦੇ ਜੱਜ ਜਸਟਿਸ ਦੀਪਕ ਗੁਪਤਾ ਨੇ ਕਿਹਾ ਸੀ ਕਿ ਸਰਕਾਰ ਦੀ ਆਲੋਚਨਾ ਕਰਨ 'ਤੇ ਰਾਜ ਧਰੋਹ ਦੇ ਦੋਸ਼ ਨਹੀਂ ਲਾਏ ਜਾ ਸਕਦੇ। ਤਾਜਾ ਪੱਤਰ ਵਿਚ ਕਿਹਾ ਗਿਆ ਹੈ, "ਸੰਸਕ੍ਰਿਤਕ ਸਮੁਦਾਏ ਵਿਚ ਸਾਡੇ 49 ਸਹਿਯੋਗੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਸਿਰਫ ਇਸ ਲਈ ਕਿ ਸਮਾਜ ਦੇ ਜਿੰਮੇਵਾਰ ਸ਼ਹਿਰੀ ਵਜੋਂ ਉਨ੍ਹਾਂ ਨੇ ਆਵਾਜ਼ ਉਠਾਈ। ਦੇਸ਼ ਵਿਚ ਹੋ ਰਹੀ ਮੌਬ ਲਿੰਚਿੰਗ 'ਤੇ ਚਿੰਤਾ ਜਾਹਰ ਕਰਦਿਆਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਖੁੱਲ੍ਹੇ ਤੌਰ 'ਤੇ ਪੱਤਰ ਲਿਖਿਆ ਸੀ। ਕੀ ਇਸ ਨੂੰ ਰਾਜ ਧਰੋਹ ਦਾ ਮਾਮਲਾ ਕਿਹਾ ਜਾਵੇਗਾ? ਕੀ ਅਦਾਲਤਾਂ ਦੀ ਦੁਰਵਰਤੋਂ ਨਾਲ ਲੋਕਾਂ ਦੀ ਆਵਾਜ਼ ਦਬਾਉਣਾ ਸਹੀ ਹੈ?

ਤਾਜਾ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿਚ ਲੇਖਕ ਅਸ਼ੋਕ ਵਾਜਪਾਈ ਅਤੇ ਜੇਰੀ ਪਿੰਟੋ, ਈਰਾ ਭਾਸਕਰ, ਕਵੀ ਜੀਤ ਥਾਇਲ, ਸ਼ਮਸੁਲ ਇਸਲਾਮ, ਸੰਗੀਤਕਾਰ ਟੀ. ਐਮ. ਕ੍ਰਿਸ਼ਣ ਅਤੇ ਫਿਲਮਸਾਜ਼ ਸਬ ਦਿਵਾਨ ਸ਼ਾਮਿਲ ਹਨ। ਇਨ੍ਹਾਂ ਸਭ ਦਾ ਕਹਿਣਾ ਹੈ, "ਅਸੀਂ ਹਰ ਦਿਨ ਮੌਬ ਲਿੰਚਿੰਗ, ਲੋਕਾਂ ਦੀ ਆਵਾਜ਼ ਦਬਾਉਣ ਅਤੇ ਉਨ੍ਹਾਂ ਨੂੰ ਦੋਸ਼ੀ ਠਹਿਰਾਉਣ ਲਈ ਅਦਾਲਤਾਂ ਦੀ ਦੁਰਵਰਤੋਂ ਕਰਨ ਖਿਲਾਫ ਬੋਲਾਂਗੇ।...ਸਾਡੇ ਸਹਿਯੋਗੀਆਂ ਨੇ ਪ੍ਰਧਾਨ ਮੰਤਰੀ ਨੂੰ ਜੋ ਪੱਤਰ ਲਿਖਿਆ ਹੈ, ਅਸੀਂ ਉਸ ਦੇ ਹਰ ਇੱਕ ਸ਼ਬਦ ਦਾ ਸਮਰਥਨ ਕਰਦੇ ਹਾਂ।"

ਇੱਕ ਪਾਸੇ ਕਈ ਹਲਕਿਆਂ ਵਲੋਂ ਮੌਬ ਲਿੰਚਿੰਗ ਦੀਆਂ ਵੱਧ ਰਹੀਆਂ ਘਟਨਾਵਾਂ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਸੰਘ ਮੁਖੀ ਮੋਹਨ ਭਾਗਵਤ ਦਾ ਕਹਿਣਾ ਹੈ ਕਿ ਲਿੰਚਿੰਗ ਸ਼ਬਦ ਯੂਰਪੀਨ ਕਲਚਰ ਨਾਲ ਸਬੰਧਿਤ ਹੈ, ਜਿਸ ਦਾ ਭਾਰਤੀ ਸਮਾਜ ਨਾਲ ਕੋਈ ਸਬੰਧ ਨਹੀਂ ਹੈ। ਸੰਘ ਦੇ ਹੈਡਕੁਆਰਟਰ ਵਿਚ ਦੁਸਹਿਰੇ ਮੌਕੇ ਹੋਏ ਇੱਕ ਸਮਾਗਮ ਦੌਰਾਨ ਉਨ੍ਹਾਂ ਕਿਹਾ ਕਿ ਸੰਘ ਸੇਵਕਾਂ ਦਾ ਲਿੰਚਿੰਗ ਸ਼ਬਦ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਇਸ ਵਰਤਾਰੇ ਨੂੰ ਉਨ੍ਹਾਂ ਸਿਰ ਨਾ ਮੜ੍ਹਿਆ ਜਾਵੇ। ਬੜੀ ਚਲਾਕੀ ਨਾਲ ਉਨ੍ਹਾਂ ਹਜੂਮੀ ਕਤਲਾਂ ਨੂੰ ਇੱਕ ਤਰ੍ਹਾਂ ਸ਼ਬਦੀ ਹੇਰ-ਫੇਰ ਦੀ ਭੇਟ ਚਾੜ੍ਹ ਦਿੱਤਾ। ਮੋਹਨ ਭਾਗਵਤ ਨੂੰ ਪੁੱਛਿਆ ਜਾ ਸਕਦਾ ਹੈ ਕਿ ਜੇ ਮੌਬ ਲਿੰਚਿੰਗ ਸ਼ਬਦ ਯੂਰਪੀਨ ਕਲਚਰ ਨਾਲ ਸਬੰਧਿਤ ਹੈ ਤਾਂ ਕੀ ਇਹ ਭਾਰਤ ਵਿਚ ਵਾਜਬ ਹੈ?

ਪੰਜਾਬ ਟਾਈਮਜ਼

*ਸਨਿਚਰਵਾਰ, 19 ਅਕਤੂਬਰ 2019*

## ਸਰਬੱਤ ਦਾ ਭਲਾ ਬਨਾਮ ਸਿਆਸਤ

ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਹਾੜਾ ਸਿਰ 'ਤੇ ਹੈ ਅਤੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਬੰਧੀ ਹੋਣ ਵਾਲੇ ਸਮਾਗਮ ਵਿਚ 'ਚੌਧਰ ਕਿਸ ਦੀ ਹੋਵੇ?' ਬਾਰੇ ਖਹਿਬੜ ਰਹੀਆਂ ਹਨ। ਅਸਲ ਵਿਚ ਇਹ ਸਾਰਾ ਮਾਮਲਾ ਅਕਾਲੀ ਆਗੂਆਂ ਦੀ ਚੌਧਰ ਦਾ ਨਜ਼ਰ ਆਉਂਦਾ ਹੈ, ਜੋ ਬੇਅਦਬੀ ਕਾਂਡ ਅਤੇ ਹੋਰ ਕਈ ਕਾਰਨਾਂ ਕਰਕੇ ਪਾਰਟੀ ਨੂੰ ਵੱਜੀ ਸਿਆਸੀ ਪਛਾੜ ਦੀ ਭਰਪਾਈ ਲਈ ਹੱਥ-ਪੈਰ ਮਾਰ ਰਹੇ ਹਨ। ਆਮ ਤੱਥ ਹੈ, ਇਹ ਸਮਾਗਮ ਪੰਜਾਬ ਸਰਕਾਰ ਜਾਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਹੋਣਾ ਹੀ ਹੈ, ਪਰ ਪਿਛਲੇ ਸਮੇਂ ਦੌਰਾਨ ਇਸ ਸਮਾਗਮ ਲਈ ਜੋ ਸਿਆਸਤ ਕੀਤੀ ਗਈ, ਉਸ ਤੋਂ ਜਾਪਦਾ ਹੈ ਕਿ ਇਸ ਅਹਿਮ ਗੁਰਪੁਰਬ ਮੌਕੇ ਸੰਗਤ ਨੂੰ ਦਿੱਤਾ ਜਾਣ ਵਾਲਾ ਸੁਨੇਹਾ ਬਹੁਤ ਪਿਛਾਂਹ ਛੁੱਟ ਜਾਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਲੋਕਾਈ ਦੀ ਬਿਹਤਰੀ ਲਈ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਅਤੇ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਦਾ ਹੋਕਾ ਦਿੱਤਾ, ਪਰ ਇਸ ਮਾਮਲੇ 'ਤੇ ਸਿਆਸਤ ਇੰਨੀ ਜ਼ਿਆਦਾ ਭਾਰੂ ਹੋ ਗਈ ਹੈ ਕਿ ਇਸ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਦਾ ਖਿਆਲ ਹੁਣ ਸ਼ਾਇਦ ਕਿਸੇ ਵੀ ਧਿਰ ਨੂੰ ਨਹੀਂ। ਪਿਛਲੇ ਕੁਝ ਸਮੇਂ ਦੌਰਾਨ ਕੁਝ ਵਿਦਵਾਨਾਂ ਅਤੇ ਚਿੰਤਕਾਂ ਨੇ ਸਿੱਖੀ ਵਿਚ ਆਏ ਨਿਘਾਰ ਦੀ ਬਾਕਾਇਦਾ ਨਿਸ਼ਾਨਦੇਹੀ ਕਰਦਿਆਂ ਇਸ ਪੁਰਬ ਮੌਕੇ ਇਸ ਪਾਸੇ ਮੁੜ ਹੰਭਲਾ ਮਾਰਨ ਬਾਰੇ ਸੁਝਾਅ ਦਿੱਤੇ, ਪਰ ਕਿਸੇ ਵੀ ਧਿਰ ਦਾ ਕੋਈ ਹਾਂ-ਪੱਖੀ ਵਿਚਾਰ ਸਾਹਮਣੇ ਨਹੀਂ ਆਇਆ। ਸਾਰਾ ਮਸਲਾ ਆਖਰਕਾਰ ਸਿਆਸਤ ਉਤੇ ਆਣ ਕੇ ਟੁੱਟ ਜਾਂਦਾ ਰਿਹਾ। ਹੁਣ ਕਰਤਾਰਪੁਰ ਲਾਂਘੇ ਬਾਰੇ ਅਕਾਲੀ ਆਗੂ ਅਤੇ ਕੇਂਦਰ ਸਰਕਾਰ ਵਿਚ ਵਜ਼ੀਰ ਹਰਸਿਮਰਤ ਕੌਰ ਬਾਦਲ ਦਾ ਆਪ-ਮੁਹਾਰਾ ਬਿਆਨ ਆ ਗਿਆ ਹੈ। ਪਹਿਲੇ ਪਾਤਿਸ਼ਾਹ ਦੇ ਪੁਰਬ ਮੌਕੇ ਕਰਤਾਰਪੁਰ ਲਾਂਘੇ ਵਾਲਾ ਮਸਲਾ ਬਿਨਾ ਸ਼ੱਕ ਬਹੁਤ ਅਹਿਮ ਹੈ, ਪਰ ਸੌੜੀ ਸਿਆਸਤ ਕਾਰਨ ਇਹ ਪੁਰਬ ਮਹਿਜ਼ ਲਾਂਘੇ ਤੱਕ ਘਟਾ ਦਿੱਤਾ ਗਿਆ ਹੈ।

ਜਦੋਂ ਕਰਤਾਰਪੁਰ ਲਾਂਘੇ ਬਾਰੇ ਸ਼ੁਰੂਆਤੀ ਵਿਚਾਰ ਉਠੇ ਸਨ ਤਾਂ ਸਭ ਤੋਂ ਉਭਰਵਾਂ ਤੱਥ ਇਹੀ ਸੀ ਕਿ ਦੋਵੇਂ ਪੰਜਾਬ ਇਕ-ਦੂਜੇ ਦੇ ਹੋਰ ਨੇੜੇ ਆਉਣਗੇ। ਇਸ ਦਾ ਵੀ ਇਕ ਵੱਡਾ ਕਾਰਨ ਸੀ। ਭਾਰਤ ਅਤੇ ਪਾਕਿਸਤਾਨ ਵਿਚਾਲੇ ਜਦੋਂ-ਜਦੋਂ ਵੀ ਤਣਾਅ ਵਧਿਆ ਹੈ, ਇਸ ਦਾ ਸਭ ਤੋਂ ਵੱਧ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਹੀ ਲੱਗਾ ਹੈ। ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਤਾਂ ਦੋਹਾਂ ਮੁਲਕਾਂ ਵਿਚਾਲੇ ਜੰਗ ਛਿੜਨ ਦੇ ਖਦਸ਼ੇ ਵੀ ਪ੍ਰਗਟ ਕੀਤੇ ਜਾ ਰਹੇ ਸਨ। ਇਸੇ ਕਰਕੇ ਨਫਰਤ ਦੀ ਸਿਆਸਤ ਅਤੇ ਦੋਹਾਂ ਪੰਜਾਬਾਂ ਵਿਚਾਲੇ ਪਾੜਾ ਵਧਾਉਣ ਵਾਲੀ ਸਿਆਸਤ ਖਿਲਾਫ ਸਭ ਤੋਂ ਪਹਿਲਾਂ ਅਤੇ ਉਚੀ ਸੁਰ ਅਲਾਪਦੇ ਪੰਜਾਬੀ ਹੀ ਉਠੇ। ਉਸ ਵਕਤ ਦੋਹਾਂ ਪੰਜਾਬਾਂ, ਖਾਸ ਕਰਕੇ ਚੜ੍ਹਦੇ ਪੰਜਾਬ ਵਿਚੋਂ ਜੰਗ ਖਿਲਾਫ ਜੋ ਆਵਾਜ਼ ਆਈ, ਉਹ ਅਸਲ ਵਿਚ ਸਰਬੱਤ ਦੇ ਭਲੇ ਲਈ ਮਾਰਿਆ ਹਾਅ ਦਾ ਨਾਅਰਾ ਹੀ ਸੀ। ਇਹ ਆਵਾਜ਼ ਸਾਰੇ ਮੁਲਕ ਅੰਦਰ ਨਫਰਤ ਦੇ ਬੀਜ ਖਲਾਰ ਰਹੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੇ ਵੀ ਬਾਕਾਇਦਾ ਸੁਣੀ। ਪਿਛੋਂ ਇਹ ਆਵਾਜ਼ ਉਸ ਵਕਤ ਵੀ ਬੁਲੰਦ ਹੋਈ ਜਦੋਂ ਕੇਂਦਰ ਨੇ ਰਾਤੋ-ਰਾਤ ਐਲਾਨ ਕਰਕੇ ਕਸ਼ਮੀਰੀਆਂ ਨੂੰ ਵੱਧ ਹੱਕ ਦੇਣ ਵਾਲੀ ਧਾਰਾ 370 ਖਤਮ ਕਰ ਦਿੱਤੀ ਅਤੇ ਜੰਮੂ ਕਸ਼ਮੀਰ ਸੂਬੇ ਨੂੰ ਤਿੰਨ ਟੋਟਿਆਂ ਵਿਚ ਵੰਡ ਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਆਮ ਲੋਕਾਂ ਨੇ ਜਿਸ ਤਰ੍ਹਾਂ ਇਕ-ਦੂਜੇ ਦੀ ਬਾਂਹ ਫੜੀ, ਉਸ ਤੋਂ ਤਾਂ ਇਹ ਗੱਲ ਐਨ ਸਪੱਸ਼ਟ ਹੋ ਗਈ ਕਿ ਗੁਰੂਆਂ-ਪੀਰਾਂ ਦੇ ਵਿਚਾਰਾਂ ਦੀ ਵਰੋਸਾਈ ਪੰਜਾਬ ਦੀ ਧਰਤੀ ਭੀੜ ਪੈਣ 'ਤੇ ਵੀ ਆਪਣਾ ਜਲੌਅ ਬਰਕਰਾਰ ਰੱਖ ਸਕਦੀ ਹੈ। ਇਹ ਜਲੌਅ ਸਮੁੱਚੇ ਸੰਸਾਰ ਨੇ ਦੇਖਿਆ ਤੇ ਸੰਸਾਰ ਵਿਚ ਇਸ ਦੀ ਸ਼ਲਾਘਾ ਵੀ ਹੋਈ। ਇਹ ਅਸਲ ਵਿਚ ਸਰਬੱਤ ਦੇ ਭਲੇ ਲਈ ਮੋਕਲਾ ਹੋ ਰਿਹਾ ਵਿਹੜਾ ਸੀ।

ਜਾਹਰ ਹੈ ਕਿ ਪੰਜਾਬੀ ਆਵਾਮ ਲਗਾਤਾਰ ਅਤੇ ਵਾਰ-ਵਾਰ ਸਰਬੱਤ ਦੇ ਭਲੇ ਦੇ ਸੁਨੇਹੇ ਨੂੰ ਦੂਰ-ਦੂਰ ਤੱਕ ਪਹੁੰਚਾਉਣ ਲਈ ਤਾਂਘ ਰੱਖ ਰਹੀ ਹੈ, ਜਦਕਿ ਸੱਤਾਧਾਰੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਗਲਤਾਨ ਹਨ। ਕੁਝ ਮਹੀਨੇ ਪਹਿਲਾਂ ਜਦੋਂ ਪਹਿਲੋ-ਪਹਿਲ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਮੰਗ ਭਖੀ ਸੀ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਦਸ਼ਾ ਜਾਹਰ ਕਰ ਦਿੱਤਾ ਸੀ ਕਿ ਇਸ ਨਾਲ ਦਹਿਸ਼ਤਵਾਦ ਨੂੰ ਹੱਲਾਸ਼ੇਰੀ ਮਿਲ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਮਸਲੇ ਨੂੰ ਆਪਣੇ ਢੰਗ ਨਾਲ ਆਪਣੀ ਸਿਆਸੀ ਪੈਂਠ ਮੁੜ ਬਣਾਉਣ ਦੇ ਕੋਣ ਤੋਂ ਲੋਕਾਂ ਸਾਹਮਣੇ ਲਿਆਉਣਾ ਸ਼ੁਰੂ ਕਰ ਦਿੱਤਾ। ਉਸ ਵਕਤ ਸ਼੍ਰੋਮਣੀ ਕਮੇਟੀ ਕਿਤੇ ਵੀ ਸੀਨ 'ਤੇ ਨਹੀਂ ਆਈ ਅਤੇ ਕੇਂਦਰ ਸਰਕਾਰ ਨੇ ਵੀ ਆਪਣੇ ਸੱਤਾ-ਭਾਈਵਾਲ ਅਕਾਲੀ ਦਲ ਨੂੰ ਹੀ ਅੱਗੇ ਰੱਖਣ ਦਾ ਯਤਨ ਕੀਤਾ। ਹੁਣ ਵੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਰਾਹੀਂ ਕੇਂਦਰ ਸਰਕਾਰ ਤੱਕ ਪਹੁੰਚ ਬਣਾਈ ਹੋਈ ਹੈ। ਇਸੇ ਸਿਆਸਤ ਵਿਚੋਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲੀ ਆਗੂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਮਿਲੇ ਸਨ, ਪਰ ਹਾਲਾਤ ਦੀ ਵਿਡੰਬਨਾ ਇਹ ਹੈ ਕਿ ਕਰਤਾਰਪੁਰ ਲਾਂਘੇ ਨਾਲ ਜੁੜੀ ਦੂਜੀ ਧਿਰ ਪਾਕਿਸਤਾਨ ਨਾਲ ਤਾਲਮੇਲ ਬਿਠਾਇਆ ਹੀ ਨਹੀਂ ਜਾ ਰਿਹਾ। ਕੇਂਦਰੀ ਮੰਤਰੀ ਨੇ 8 ਨਵੰਬਰ ਨੂੰ ਲਾਂਘੇ ਬਾਰੇ ਬਿਆਨ ਤਾਂ ਦੇ ਦਿੱਤਾ, ਇਸ ਬਾਰੇ ਪਾਕਿਸਤਾਨ ਨੂੰ ਨਾਲ ਰੱਖਿਆ ਹੀ ਨਹੀਂ। ਇਹ ਸਾਰੀ ਸਿਆਸਤ ਉਸ ਵਕਤ ਹੋ ਰਹੀ ਹੈ, ਜਦੋਂ ਸਿੱਖੀ ਅੰਦਰ ਨਵੀਂ ਰੂਹ ਭਰਨ ਅਤੇ ਸਿਆਣੀ ਸਿਆਸਤ ਨੂੰ ਲੀਹ ਉਤੇ ਪਾਉਣ ਲਈ ਸੰਜੀਦਾ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ। ਇਸ ਸਿਆਸੀ ਕਸ਼ਮਕਸ਼ ਵਿਚ ਲਾਂਘੇ ਵਾਲੇ ਸਮਾਗਮ ਦਾ ਮਾਮਲਾ ਹੁਣ ਅਕਾਲ ਤਖਤ ਕੋਲ ਪਹੁੰਚ ਗਿਆ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਇਸ ਸਬੰਧੀ ਜੋ ਵੀ ਫੈਸਲਾ ਹੋਵੇਗਾ, ਉਹ ਸਰਬੱਤ ਦੇ ਭਲੇ ਅਤੇ ਸਿੱਖੀ ਦੀ ਸ਼ਾਨ ਲਈ ਅਗਲਾ ਕਦਮ ਸਾਬਤ ਹੋਵੇਗਾ। ਇਸ ਗੁਰਪੁਰਬ ਦੀ ਸਾਰਥਕਤਾ ਸਾਂਝੀਵਾਲਤਾ ਦੇ ਹੋਕੇ ਨਾਲ ਹੀ ਬਣਦੀ ਹੈ ਅਤੇ ਇਹ ਹੋਕਾ ਸੰਸਾਰ ਪੱਧਰ ਉਤੇ ਜਾਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਨਿੰਬੂਆਂ ਵਾਲੀ ਸਰਕਾਰ?*

'ਹੋਂਗੇ ਕਾਮਯਾਬ' ਦੀਆਂ ਡੀਂਗਾਂ ਮਾਰਦੇ, ਲੱਛਣ ਫੜੇ ਨੇ ਸਾਰੇ 'ਹੋਂਗੇ ਫੇਲ੍ਹ' ਦੇ।
ਚੰਦ ਉਤੇ ਜਾਣ ਲਈ ਦਲੀਲਾਂ ਹੁੰਦੀਆਂ, ਮੱਧ-ਯੁੱਗ ਵਾਲੀਆਂ 'ਕਲੋਲਾਂ' ਖੇਲਦੇ।
ਆਰਥਕਤਾ ਦੀ ਬੇੜੀ ਡੁੱਬੀ ਜਾਂਦੀ ਐ, ਪਹੁੰਚੇ ਕਈ ਅਦਾਰੇ ਨੇੜੇ-ਤੇੜੇ 'ਸੇਲ' ਦੇ।
ਸਾੜ੍ਹੇ ਨਾਲ ਸੜੇ ਜੋ ਸੜ੍ਹਾਂਦਾ ਛੱਡ ਰਹੇ, ਲਈ ਜਾਂਦੇ 'ਖੁਆਬ' ਇਤਰ-ਫੁਲੇਲ ਦੇ।
ਠੇਕੇਦਾਰ ਬਣ ਗਏ ਕਰਮ-ਕਾਂਡ ਦੇ, ਲੋਕਾਂ ਤਾਈਂ ਵਹਿਮਾਂ ਵਿਚ ਨੇ ਧਕੇਲਦੇ।
ਹਾਸੋ-ਹੀਣੀ ਜੱਗ 'ਚ ਕਰਾਈ ਦੇਸ਼ ਦੀ, ਟਾਇਰਾਂ ਥੱਲੇ ਨਿੰਬੂ ਰੱਖ ਕੇ ਰਾਫੇਲ ਦੇ!

# ਪੰਜਾਬ 'ਚ ਨਸ਼ੇ, ਕਿਵੇਂ ਛੁੱਟੇ ਖਹਿੜਾ?

**ਵੇਰਵੇ ਇਹ ਵੀ ਦੱਸਦੇ ਹਨ ਕਿ ਨਸ਼ਾ ਵੇਚਣ ਵਾਲਿਆਂ 'ਚੋਂ ਬਹੁਤੇ ਆਪ ਵੀ ਨਸ਼ਾ ਕਰਦੇ ਹਨ। ਆਪਣੇ ਨਸ਼ੇ ਦੀ ਪੂਰਤੀ ਲਈ ਉਹ ਨਵੇਂ ਗਾਹਕ ਫਸਾਉਂਦੇ ਹਨ ਅਤੇ ਇਸ ਤਰ੍ਹਾਂ ਇਹ ਕਦੇ ਨਾ ਮੁੱਕਣ ਵਾਲੀ ਘੁੰਮਣਘੇਰੀ ਬਣ ਜਾਂਦਾ ਹੈ। ਕਈ ਥਾਵਾਂ 'ਤੇ ਇਹ ਵੀ ਦੱਸਿਆ ਗਿਆ ਕਿ ਪੁਲਿਸ ਵਾਲੇ ਨਸ਼ਾ ਵੇਚਣ ਵਾਲਿਆਂ ਤੋਂ ਹਫ਼ਤਾ ਲੈਂਦੇ ਹਨ (ਪੈਸੇ ਮੰਗਦੇ ਹਨ) ਅਤੇ ਕਈਆਂ ਨੇ ਇਹ ਵੀ ਕਿਹਾ ਕਿ ਜੇ ਉਹ ਨਸ਼ਾ ਵੇਚਣਾ ਬੰਦ ਕਰ ਦੇਣ ਤਾਂ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ, ਭਾਵੇਂ ਦੱਸਣ ਵਾਲਿਆਂ ਕੋਲ ਦਸਤਾਵੇਜ਼ੀ ਸਬੂਤ ਨਹੀਂ। ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਸਾਬਕਾ ਮੰਤਰੀ ਦੇ ਪੁੱਤਰ ਨੇ ਇਕ ਇਲਾਕੇ ਵਿਚ 100 ਤੋਂ ਵੱਧ ਨਸ਼ਾ ਵੇਚਣ ਵਾਲਿਆਂ ਦੀ ਸੂਚੀ ਸਰਕਾਰ ਨੂੰ ਦਿੱਤੀ ਸੀ।**

ਪੰਜਾਬ ਵਿਚ ਨਸ਼ਿਆਂ ਦੇ ਫੈਲਾਓ ਵਿਚ ਸਭ ਤੋਂ ਜ਼ਿਆਦਾ ਖਤਰਨਾਕ ਪਹਿਲੂ ਹੈਰੋਇਨ ਅਤੇ ਇਸ ਨਾਲ ਹੋਰ ਪਦਾਰਥ ਮਿਲਾ ਕੇ ਬਣਾਏ ਗਏ 'ਚਿੱਟੇ' ਦੀ ਵਰਤੋਂ ਹੈ। ਇਹ ਨਸ਼ਾ ਭੰਗ, ਚਰਸ ਜਿਹੇ ਨਸ਼ਿਆਂ ਨਾਲੋਂ ਇਸ ਗੱਲ ਤੋਂ ਵੱਖਰਾ ਹੈ ਕਿ ਇਕ ਵਾਰ ਨਸ਼ਾ ਲੱਗਣ ਤੋਂ ਬਾਅਦ ਸਰੀਰ ਉਸ ਦਾ ਗੁਲਾਮ ਹੋ ਜਾਂਦਾ ਹੈ। ਇਸ ਤੋਂ ਛੁਟਕਾਰਾ ਪਾਉਣਾ ਵੀ ਬਹੁਤ ਮੁਸ਼ਕਲ ਹੈ ਕਿਉਂਕਿ ਆਦੀ ਹੋ ਚੁੱਕੇ ਸਰੀਰ ਨੂੰ ਨਸ਼ਾ ਨਾ ਮਿਲਣ ਦੀ ਹਾਲਤ ਵਿਚ ਬਹੁਤ ਪੀੜ ਤੇ ਹੋਰ ਸਰੀਰਕ ਵਿਗਾੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਸ਼ਾ ਵਰਤਣ ਵਾਲਾ ਸਰੀਰਕ ਪੀੜ ਸਹਿ ਨਹੀਂ ਸਕਦਾ ਅਤੇ ਨਸ਼ਾ ਪ੍ਰਾਪਤ ਕਰਨ ਲਈ ਕਿਸੇ ਵੀ ਤਰ੍ਹਾਂ ਦਾ ਕੰਮ ਜਾਂ ਜੁਰਮ ਕਰਨ ਲਈ ਤਿਆਰ ਹੋ ਜਾਂਦਾ ਹੈ।

ਵੇਰਵੇ ਦੱਸਦੇ ਹਨ ਕਿ ਨਸ਼ੇ ਪ੍ਰਾਪਤ ਕਰਨਾ ਕੋਈ ਬਹੁਤੀ ਮੁਸ਼ਕਲ ਗੱਲ ਨਹੀਂ ਅਤੇ ਇਹ

**ਸਵਰਾਜਬੀਰ**

ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਦੇ ਗਲੀ-ਮੁਹੱਲਿਆਂ ਵਿਚ ਆਮ ਮਿਲ ਜਾਂਦੇ ਹਨ। ਪੰਜਾਬ ਸਰਕਾਰ ਦੇ ਇਸ ਦਾਅਵੇ ਕਿ ਵੱਡੇ ਵੱਡੇ ਨਸ਼ਾ ਤਸਕਰ ਪੰਜਾਬ ਛੱਡ ਗਏ ਹਨ, ਵਿਚ ਜ਼ਿਆਦਾ ਦਮ ਨਹੀਂ। ਨਸ਼ੇ ਦੀ ਜ਼ਿਆਦਾ ਵਰਤੋਂ (ਓਵਰਡੋਜ਼) ਕਾਰਨ ਵੀ ਵੱਡੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਹਨ ਭਾਵੇਂ ਪੰਜਾਬ ਸਰਕਾਰ ਦੇ ਅੰਕੜੇ ਜ਼ਮੀਨੀ ਸੱਚਾਈ ਨਾਲ ਮੇਲ ਨਹੀਂ ਖਾਂਦੇ। ਕੁੜੀਆਂ ਵਿਚ ਵੀ ਨਸ਼ਾ ਵਰਤਣ ਦੀ ਆਦਤ ਵਧੀ ਹੈ। ਕੁੱਲ ਮਿਲਾ ਕੇ ਇਹ ਪੰਜਾਬ ਲਈ ਆਫਤ ਦੀ ਘੜੀ ਹੈ; ਐਮਰਜੈਂਸੀ ਹੈ।

ਵੇਰਵੇ ਇਹ ਵੀ ਦੱਸਦੇ ਹਨ ਕਿ ਨਸ਼ਾ ਵੇਚਣ ਵਾਲਿਆਂ 'ਚੋਂ ਬਹੁਤੇ ਆਪ ਵੀ ਨਸ਼ਾ ਕਰਦੇ ਹਨ। ਆਪਣੇ ਨਸ਼ੇ ਦੀ ਪੂਰਤੀ ਲਈ ਉਹ ਨਵੇਂ ਗਾਹਕ ਫਸਾਉਂਦੇ ਹਨ ਅਤੇ ਇਸ ਤਰ੍ਹਾਂ ਇਹ ਕਦੇ ਨਾ ਮੁੱਕਣ ਵਾਲੀ ਘੁੰਮਣਘੇਰੀ ਬਣ ਜਾਂਦਾ ਹੈ। ਕਈ ਥਾਵਾਂ 'ਤੇ ਇਹ ਵੀ ਦੱਸਿਆ ਗਿਆ ਕਿ ਪੁਲਿਸ ਵਾਲੇ ਨਸ਼ਾ ਵੇਚਣ ਵਾਲਿਆਂ ਤੋਂ ਹਫਤਾ ਲੈਂਦੇ ਹਨ (ਪੈਸੇ ਮੰਗਦੇ ਹਨ) ਅਤੇ ਕਈਆਂ ਨੇ ਇਹ ਵੀ ਕਿਹਾ ਕਿ ਜੇ ਉਹ ਨਸ਼ਾ ਵੇਚਣਾ ਬੰਦ ਕਰ ਦੇਣ ਤਾਂ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ, ਭਾਵੇਂ ਦੱਸਣ ਵਾਲਿਆਂ ਕੋਲ ਦਸਤਾਵੇਜ਼ੀ ਸਬੂਤ ਨਹੀਂ। ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਇਕ ਸਾਬਕਾ ਮੰਤਰੀ ਦੇ ਪੁੱਤਰ ਨੇ ਇਕ ਇਲਾਕੇ ਵਿਚ 100 ਤੋਂ ਵੱਧ ਨਸ਼ਾ ਵੇਚਣ ਵਾਲਿਆਂ ਦੀ ਸੂਚੀ ਸਰਕਾਰ ਨੂੰ ਦਿੱਤੀ ਸੀ। ਸੰਗਰੂਰ ਜ਼ਿਲ੍ਹੇ ਦੇ ਇਕ ਪ੍ਰਮੁੱਖ ਕਾਂਗਰਸੀ ਆਗੂ ਨੇ ਦੋ ਸਾਲ ਪਹਿਲਾਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਨਸ਼ਿਆਂ ਦੀ ਵਿਕਰੀ ਜਾਰੀ ਰਹਿਣ ਬਾਰੇ ਫਿਕਰ ਜਨਤਕ ਤੌਰ 'ਤੇ ਜ਼ਾਹਿਰ ਕੀਤਾ। ਫਰੀਦਕੋਟ ਦੀਆਂ 100 ਪੰਚਾਇਤਾਂ (ਇਨ੍ਹਾਂ ਵਿਚ ਬਹੁਗਿਣਤੀ ਸਰਪੰਚ ਸੱਤਾਧਾਰੀ ਪਾਰਟੀ ਦੇ ਹਨ) ਨੇ ਇਸ ਸਬੰਧੀ ਧਰਨਾ ਦਿੱਤਾ ਕਿ ਜੇਕਰ ਪੰਚਾਇਤ ਪੁਲਿਸ ਨੂੰ ਸਹਿਯੋਗ ਦੇਣਾ ਚਾਹੁੰਦੀ ਹੈ ਤਾਂ ਨਸ਼ਾ ਵੇਚਣ ਵਾਲਿਆਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਹੈ।

ਮੌੜ (ਜ਼ਿਲ੍ਹਾ ਸੰਗਰੂਰ) ਦੀਆਂ ਔਰਤਾਂ ਨੇ ਪੁਲਿਸ ਤਕ ਪਹੁੰਚ ਕੀਤੀ ਕਿ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਾਰਵਾਈ ਕਰੇ। ਕਈ ਵਾਰ ਇਹ ਮਾਮਲਾ ਵਿਧਾਇਕਾਂ ਦੀਆਂ ਮੀਟਿੰਗਾਂ ਵਿਚ ਵੀ ਉਠਾਇਆ ਜਾ ਚੁੱਕਾ ਹੈ ਅਤੇ ਕਈ ਪਿੰਡਾਂ ਵਿਚ ਇਹ ਲਿਖ ਕੇ ਲਗਾਇਆ ਗਿਆ ਹੈ ਕਿ ਨਸ਼ਾ ਵੇਚਣ ਵਾਲੇ ਕੌਣ ਹਨ। ਇਕ ਪਿੰਡ ਦਾ ਸਰਪੰਚ ਸੋਸ਼ਲ ਮੀਡੀਆ 'ਤੇ ਨਸ਼ਾ ਵੇਚਣ ਵਾਲਿਆਂ ਦੇ ਨਾਂ ਦੱਸ ਰਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਕਾਰਵਾਈ ਕਰਨ ਲਈ ਬਣਾਈ ਗਈ ਸਪੈਸ਼ਲ ਟਾਸਕ ਫੋਰਸ ਦੇ ਮੁਖੀਆਂ ਨੂੰ ਕਈ ਵਾਰ ਤਬਦੀਲ ਕੀਤਾ ਹੈ। ਕੁਝ ਸੂਤਰਾਂ ਅਨੁਸਾਰ ਹੁਣ ਸਰਕਾਰ ਇਸ ਮਸਲੇ ਬਾਰੇ ਕਾਫੀ ਗੰਭੀਰ ਹੈ ਅਤੇ ਹਰਪ੍ਰੀਤ ਸਿੰਘ ਸਿੱਧੂ ਨੂੰ ਸਪੈਸ਼ਲ ਟਾਸਕ ਫੋਰਸ ਦਾ ਮੁਖੀ ਬਣਾਉਣਾ ਇਸ ਦਾ ਸੰਕੇਤ ਦਿੰਦਾ ਹੈ।

**ਸਵਿਟਜ਼ਰਲੈਂਡ ਦਾ ਮਾਡਲ:** ਅਕਸਰ ਚਰਚਾ ਹੁੰਦੀ ਹੈ ਕਿ ਸਵਿਟਜ਼ਰਲੈਂਡ ਨੇ ਇਸ ਸਮੱਸਿਆ 'ਤੇ ਕਾਬੂ ਕਿਵੇਂ ਪਾਇਆ। ਪਹਿਲੀ ਜ਼ਰੂਰਤ ਸਰਕਾਰ ਤੇ ਸਮਾਜ ਵਲੋਂ ਇਹ ਸਵੀਕਾਰ ਕਰਨਾ ਹੈ ਕਿ ਨਸ਼ਾ ਕਰਨ ਵਾਲਾ ਨੌਜਵਾਨ ਬਿਪਤਾ 'ਚ ਹੈ ਅਤੇ ਉਸ ਨੂੰ ਸਹਾਇਤਾ ਦੀ ਜ਼ਰੂਰਤ ਹੈ। ਉਸ ਨੂੰ ਅਪਰਾਧੀ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ। ਨਸ਼ੇੜੀਆਂ ਨੂੰ ਜੇਲ੍ਹਾਂ ਵਿਚ ਡੱਕ ਕੇ ਇਸ ਸਮੱਸਿਆ ਤੋਂ ਮੁਕਤੀ ਨਹੀਂ ਮਿਲ ਸਕਦੀ। ਸਵਿਟਜ਼ਰਲੈਂਡ ਦੁਆਰਾ 1994 ਵਿਚ ਅਪਨਾਈ ਗਈ ਚਾਰ ਥੰਮ੍ਹਾਂ ਵਾਲੀ ਨੀਤੀ ਤਹਿਤ ਕਰਮਚਾਰੀਆਂ ਨੂੰ ਇਹ ਦੱਸਿਆ ਗਿਆ ਕਿ ਉਨ੍ਹਾਂ ਦਾ ਕੰਮ ਨਸ਼ੇੜੀਆਂ ਵਿਚ ਹੀਣ-ਭਾਵਨਾ ਪੈਦਾ ਕਰਨਾ ਨਹੀਂ, ਸਗੋਂ ਉਨ੍ਹਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਹੋਇਆਂ ਉਨ੍ਹਾਂ ਨਾਲ ਮਾਨਸਿਕ ਰਿਸ਼ਤੇ ਗੰਢਣਾ ਹੈ।

ਨਸ਼ੇੜੀਆਂ ਨੂੰ ਸੌਣ ਲਈ ਥਾਂ, ਖਾਣਾ ਤੇ ਕੱਪੜੇ ਦੇਣ ਦੇ ਨਾਲ ਨਾਲ ਨਸ਼ਿਆਂ ਤੋਂ ਮੁਕਤ ਹੋਣ ਲਈ ਇਲਾਜ ਕਰਵਾਉਣ ਵੱਲ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦਾ ਵਿਸ਼ਵਾਸ ਜਿੱਤਣ ਲਈ ਸਰਕਾਰ ਨੇ ਨਸ਼ਾ ਲੈਣ ਲਈ ਕੇਂਦਰ ਵੀ ਬਣਾਏ ਅਤੇ



ਨਸ਼ੇੜੀਆਂ ਨੂੰ ਵਰਤਣ ਵਾਸਤੇ ਸਰਿੰਜਾਂ ਵੀ ਦਿੱਤੀਆਂ। ਇਸ ਦੇ ਨਾਲ ਨਾਲ ਹੈਰੋਇਨ ਦੀ ਥਾਂ 'ਤੇ ਮੈਥਾਡੋਨ ਤੇ ਬਪਰੀਨੋਰਫਿਨ ਦੀ ਵਰਤੋਂ ਕੀਤੀ ਗਈ। ਇਸ ਪ੍ਰੋਗਰਾਮ ਨੂੰ ਚਲਾਉਣ ਵਾਲਿਆਂ ਦਾ ਕਹਿਣਾ ਸੀ ਕਿ ਉਹ ਨਾ ਤਾਂ ਕਿਸੇ ਨਸ਼ੇੜੀ ਤੋਂ ਇਹ ਆਸ ਕਰਦੇ ਸਨ ਕਿ ਉਹ ਇਕਦਮ ਨਸ਼ਾ ਕਰਨਾ ਛੱਡ ਦੇਵੇ ਅਤੇ ਨਾ ਹੀ ਇਹ ਸੰਭਵ ਸੀ। ਜਿਸ ਨੂੰ ਇਕ ਵਾਰ ਹੈਰੋਇਨ/ਚਿੱਟੇ ਦੀ ਲਤ ਲੱਗ ਜਾਵੇ, ਉਸ ਨੂੰ ਬਹੁਤ ਲੰਮੀ ਦੇਰ ਤਕ ਮੈਥਾਡਾਨ ਜਾਂ ਬਪਰੀਨੋਰਫਿਨ ਜਾਂ ਹੋਰ ਦਵਾਈਆਂ ਲੈਣ ਦੀ ਜ਼ਰੂਰਤ ਹੈ। ਇਸ ਲਿਹਾਜ਼ ਨਾਲ ਸਰਕਾਰ ਵਲੋਂ ਇਨ੍ਹਾਂ ਦਵਾਈਆਂ ਉਤੇ ਹੱਦ ਤੋਂ ਵੱਧ ਲਗਾਈਆਂ ਗਈਆਂ ਪਾਬੰਦੀਆਂ ਸਮੱਸਿਆ ਨੂੰ ਘਟਾਉਂਦੀਆਂ ਨਹੀਂ ਸਗੋਂ ਵਧਾਉਂਦੀਆਂ ਹਨ। ਡਰੇ ਹੋਏ ਕੈਮਿਸਟ ਤਾਂ ਸਰਿੰਜਾਂ ਵੀ ਨਹੀਂ ਵੇਚਦੇ।

**ਕੈਨੇਡਾ ਦਾ ਮਾਡਲ:** ਇਸ ਤਰ੍ਹਾਂ ਦੇ ਪ੍ਰੋਗਰਾਮ ਕੈਨੇਡਾ ਵਿਚ ਵੀ ਕਈ ਸੂਬਾ ਸਰਕਾਰਾਂ ਵਲੋਂ ਚਲਾਏ ਗਏ। ਉਥੇ ਨਸ਼ਾ ਵਰਤਣ ਵਾਲਿਆਂ ਦੀ ਸੰਭਾਲ ਕਰਨ ਲਈ 'ਗੁੱਡ ਸਮਾਰਟੀਅਨ ਡਰੱਗ ਓਵਰਡੋਜ਼ ਐਕਟ' ਬਣਾਇਆ ਗਿਆ। ਜੇਕਰ ਨਸ਼ੇ ਦੀ ਵਰਤੋਂ ਕਰਨ ਵਾਲਾ ਕੋਈ ਸਰਕਾਰੀ ਏਜੰਸੀ ਨੂੰ ਇਹ ਸੂਚਨਾ ਦਿੰਦਾ ਹੈ ਤਾਂ ਉਸ ਕੋਲ ਨਸ਼ਾ ਪਾਏ ਜਾਣ ਦੀ ਸੂਰਤ ਵਿਚ ਉਸ ਨੂੰ ਅਪਰਾਧੀ ਨਹੀਂ ਮੰਨਿਆ ਜਾਏਗਾ। ਸਵਿਟਜ਼ਰਲੈਂਡ ਦੀ ਤਰਜ਼ ਉਤੇ ਕਈ ਥਾਵਾਂ 'ਤੇ ਨਸ਼ੇੜੀਆਂ ਨੂੰ ਜ਼ਿਆਦਾ ਨਸ਼ਾ ਲੈਣ ਤੋਂ ਰੋਕਣ ਲਈ 'ਓਵਰਡੋਜ਼ ਪ੍ਰੀਵੈਨਟਿਵ ਸੁਸਾਇਟੀਆਂ' ਬਣਾਈਆਂ ਗਈਆਂ ਜਿਥੇ ਨਸ਼ਾ ਕਰਨ ਵਾਲਿਆਂ ਨੂੰ ਸਾਫ ਸਰਿੰਜਾਂ ਦਿੱਤੀਆਂ ਜਾਂਦੀਆਂ ਹਨ; ਉਹ ਨਸ਼ਾ ਖੁਦ ਖਰੀਦਦੇ ਹਨ ਪਰ ਉਨ੍ਹਾਂ ਨੂੰ ਸੀਮਤ ਰੂਪ ਵਿਚ ਨਸ਼ਾ ਸਰੀਰ ਵਿਚ ਸਾਫ ਸਰਿੰਜਾਂ ਰਾਹੀਂ ਦਾਖਲ ਕਰਾਉਣ ਵਿਚ ਸਹਾਇਤਾ ਕੀਤੀ ਜਾਂਦੀ ਹੈ ਤਾਂ ਕਿ ਉਹ ਐਚ.ਆਈ.ਵੀ.-ਏਡਜ਼ ਤੇ ਹੈਪਾਟਾਈਟਸ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਨਾ ਹੋਣ ਅਤੇ ਇਨ੍ਹਾਂ ਨੂੰ ਅੱਗੇ ਨਾ ਫੈਲਾਉਣ।

ਮਨੁੱਖੀ ਜੀਵਨ ਨੂੰ ਆਪਣਾ ਗੁਲਾਮ ਬਣਾ ਲੈਣ ਵਾਲੇ ਨਸ਼ੇ ਜ਼ਿੰਦਗੀ ਦਾ ਨਿਸ਼ੇਧ ਹਨ। ਇਸ ਬਾਰੇ ਲੰਮੀ ਬਹਿਸ ਹੋ ਸਕਦੀ ਹੈ ਕਿ ਕੋਈ ਨੌਜਵਾਨ ਕਦੋਂ ਨਸ਼ਾ ਕਰਨਾ ਸ਼ੁਰੂ ਕਰਦਾ ਹੈ ਪਰ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਹੈਰੋਇਨ ਤੇ ਚਿੱਟੇ ਦੀ ਵਰਤੋਂ ਕਰਨ ਵਾਲੇ ਜ਼ਿੰਦਗੀ ਤੋਂ ਨਿਰਾਸ਼ ਹੋ ਚੁੱਕੇ ਨੌਜਵਾਨ ਹਨ; ਉਹ ਸਮਾਜ ਤੋਂ ਬੇਗਾਨਗੀ ਮਹਿਸੂਸ ਕਰਦੇ ਹਨ ਤੇ ਨਸ਼ੇ ਦੇ ਇਸ ਸਮੁੰਦਰ ਵਿਚ ਡੁੱਬ ਜਾਣਾ ਚਾਹੁੰਦੇ ਹਨ। ਇਹ ਆਪ ਸਹੇੜੀ ਮੌਤ ਹੈ। ਉਨ੍ਹਾਂ ਨੂੰ ਆਪਣੇ ਪਰਿਵਾਰ ਤੇ ਭੋਇੰ ਨਾਲ ਮੁਹੱਬਤ ਖਤਮ ਹੁੰਦੀ ਚਲੀ ਜਾਂਦੀ ਹੈ। ਬੇਰੁਜ਼ਗਾਰੀ, ਖੋਖਲਾ ਅਤੇ ਅਸੰਵੇਦਨਸ਼ੀਲ ਵਿਦਿਅਕ ਢਾਂਚਾ ਇਸ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਵਿੱਦਿਆ ਦੇ ਡਿੱਗੇ ਹੋਏ ਪੱਧਰ ਕਾਰਨ ਨੌਜਵਾਨਾਂ ਵਿਚ ਸਵੈਮਾਣ ਦੀ ਥਾਂ ਹੀਣ ਭਾਵਨਾ ਪਨਪਦੀ ਹੈ। ਨਸ਼ਿਆਂ ਦੀ ਪਕੜ ਇਹੋ ਜਿਹੀ ਹੈ ਕਿ ਨੌਜਵਾਨ ਕਈ ਵਾਰ ਚਾਹੁਣ 'ਤੇ ਵੀ ਵਾਪਸ ਨਹੀਂ ਮੁੜ ਸਕਦੇ।

ਇਸ ਲਈ ਇਸ ਸਬੰਧ ਵਿਚ ਕੀ ਕੀਤਾ ਜਾਏ? ਸਭ ਤੋਂ ਪਹਿਲਾਂ ਤਾਂ ਸਾਨੂੰ ਇਹ ਤੱਥ ਸਵੀਕਾਰ ਕਰਨਾ ਪੈਣਾ ਹੈ ਕਿ ਨਸ਼ਾ ਕਰਨ ਵਾਲੇ ਜ਼ਿੰਦਗੀ ਤੋਂ ਟੁੱਟੇ ਹੋਏ ਮਨੁੱਖ ਹਨ ਅਤੇ ਉਨ੍ਹਾਂ ਨੂੰ ਸਹਾਇਤਾ ਦੀ ਜ਼ਰੂਰਤ ਹੈ। ਹੋ ਸਕਦਾ ਹੈ, ਉਨ੍ਹਾਂ ਨੂੰ ਜਿਊਣ ਲਈ ਕੁਝ ਸਮਾਂ ਨਸ਼ਾ ਵੀ ਦੇਣਾ ਪਵੇ। ਉਨ੍ਹਾਂ ਲਈ ਰਹਿਣ ਵਾਲੀ ਚੰਗੀ ਥਾਂ, ਕੱਪੜੇ ਅਤੇ ਨਸ਼ੇ ਦੀ ਥਾਂ 'ਤੇ ਨਸ਼ਾ ਛੁਡਾਉਣ ਵਾਲੀਆਂ ਦਵਾਈਆਂ ਮੁਹੱਈਆ ਕਰਾਉਣਾ ਪਹਿਲਾ ਕਦਮ ਹੋ ਸਕਦਾ ਹੈ। ਇਸ ਕਦਮ ਪਿਛਲੀ ਸੋਚ ਇਹ ਹੈ ਕਿ ਨਸ਼ੇ ਦੀ ਵਰਤੋਂ ਕਰ ਰਹੇ ਬੰਦੇ ਦਾ ਜੋ ਨੁਕਸਾਨ ਨਸ਼ਾ, ਗੰਦੀਆਂ ਸਰਿੰਜਾਂ, ਨਸ਼ਾ ਪ੍ਰਾਪਤ ਕਰਨ ਲਈ ਕੀਤਾ ਜਾ ਰਿਹਾ ਯਤਨ (ਜਿਸ ਵਿਚ ਚੋਰੀ, ਹੋਰ ਅਪਰਾਧ, ਮਾਂ-ਪਿਉ ਨਾਲ ਕੁੱਟਮਾਰ ਆਦਿ ਸ਼ਾਮਲ ਹਨ) ਆਦਿ ਕਰਦੇ ਹਨ, ਉਸ ਨੂੰ ਘਟਾਇਆ ਜਾਏ। ਇਸ ਲਈ ਇਸ ਜੰਗ ਵਿਚ ਸਭ ਤੋਂ ਵੱਡੀ ਤਿਆਰੀ ਸਿਹਤ ਤੇ ਸਮਾਜਿਕ ਸੁਰੱਖਿਆ ਦੇ ਵਿਭਾਗਾਂ ਵਲੋਂ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਨੌਜਵਾਨਾਂ ਦੀ ਸਹਾਇਤਾ ਕਿਵੇਂ ਕੀਤੀ ਜਾਏਗੀ? ਉਨ੍ਹਾਂ ਨੂੰ ਕਿਥੇ ਰੱਖਿਆ ਜਾਏਗਾ? ਉਨ੍ਹਾਂ ਨੂੰ ਕਿਹੜੀਆਂ ਦਵਾਈਆਂ ਦਿੱਤੀਆਂ ਜਾਣਗੀਆਂ? ਇਹ ਕਿਵੇਂ ਯਕੀਨੀ ਬਣਾਇਆ ਜਾਏਗਾ ਕਿ ਉਨ੍ਹਾਂ ਨਾਲ ਰਾਬਤਾ ਬਣ ਜਾਏ ਤਾਂ ਟੁੱਟੇ ਨਹੀਂ? ਜੇ ਉਹ ਨਸ਼ੇ ਕਰਨ ਵਲ ਫਿਰ ਮੁੜਦੇ ਹਨ ਤਾਂ ਅਸੀਂ ਕੀ ਕਰਾਂਗੇ? ਇਨ੍ਹਾਂ ਪ੍ਰਸ਼ਨਾਂ ਦੇ ਨੀਤੀਗਤ ਜਵਾਬ ਲੱਭੇ ਜਾਣੇ ਚਾਹੀਦੇ ਹਨ ਅਤੇ ਇਨ੍ਹਾਂ ਵਾਸਤੇ ਫੰਡ ਮੁਹੱਈਆ ਕਰਾਏ ਜਾਣੇ ਚਾਹੀਦੇ ਹਨ। ਇਨ੍ਹਾਂ ਵਿਚ ਸਮਾਜਿਕ ਕਾਰਕੁਨਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸਵਿਟਜ਼ਰਲੈਂਡ ਦੀ ਚਾਰ ਥੰਮ੍ਹਾਂ ਵਾਲੀ ਨੀਤੀ ਦੇ ਚਾਰ ਥੰਮ੍ਹ ਸਨ: ਸਿਆਸੀ ਨੁਮਾਇੰਦੇ, ਸਮਾਜ ਵਿਚ ਅਸਰ-ਰਸੂਖ ਰੱਖਣ ਵਾਲੇ ਵਿਅਕਤੀ, ਪੁਲਿਸ ਅਤੇ ਨਸ਼ਿਆਂ ਵਿਰੁੱਧ ਕਾਰਵਾਈ ਕਰਨ ਵਾਲੀਆਂ ਏਜੰਸੀਆਂ ਅਤੇ ਸਿਹਤ ਵਿਭਾਗ ਨਾਲ ਸਬੰਧ ਰੱਖਣ ਵਾਲੇ ਡਾਕਟਰ ਅਤੇ ਹੋਰ ਮਾਹਿਰ।

ਇਸ ਦੇ ਨਾਲ ਨਾਲ ਜੋ ਵੱਡਾ ਕਦਮ ਚੁੱਕਿਆ ਜਾਣਾ ਚਾਹੀਦਾ ਹੈ, ਉਹ ਹੈ ਕਿ ਨਸ਼ਿਆਂ ਵਿਰੁੱਧ ਸਾਂਝਾ ਸਿਆਸੀ ਮੁਹਾਜ਼ ਉਸਾਰਿਆ ਜਾਵੇ। ਸਾਰੀਆਂ ਸਿਆਸੀ ਪਾਰਟੀਆਂ ਦੀ ਸਾਂਝੀ ਮੀਟਿੰਗ ਕਰਕੇ ਨਸ਼ਿਆਂ ਦੇ ਵਿਰੁੱਧ ਮੁਹਿੰਮ ਨੂੰ ਪੰਜਾਬ ਦਾ ਸਾਂਝਾ ਏਜੰਡਾ ਬਣਾਇਆ ਜਾਏ। ਸਾਰੀਆਂ ਸਿਆਸੀ ਪਾਰਟੀਆਂ ਇਹ ਅਹਿਦ ਕਰਨ ਕਿ ਉਹ ਕਿਸੇ ਵੀ ਨਸ਼ਾ ਤਸਕਰ ਦੀ ਨਾ ਤਾਂ ਹਮਾਇਤ ਕਰਨਗੀਆਂ ਅਤੇ ਨਾ ਹੀ ਉਸ ਨੂੰ ਪਾਰਟੀ ਦੀ ਮੈਂਬਰਸ਼ਿਪ ਜਾਂ ਨੁਮਾਇੰਦਗੀ ਦੇਣਗੀਆਂ।

# 'ਸਵੱਛ ਭਾਰਤ' ਅਤੇ ਦਲਿਤ ਸਮਾਜ ਦੇ ਸਰੋਕਾਰ

ਮਹਾਤਮਾ ਗਾਂਧੀ ਦੇ 150ਵੇਂ ਜਨਮ ਦਿਵਸ ਉਪਰ ਭਾਜਪਾ ਸਰਕਾਰ ਵੱਲੋਂ 'ਸਵੱਛ ਭਾਰਤ ਮਿਸ਼ਨ' ਦੀ ਕਾਮਯਾਬੀ ਦੇ ਵੱਡੇ ਵੱਡੇ ਦਾਅਵੇ ਅਤੇ ਇਸ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਮੱਧ ਪ੍ਰਦੇਸ਼ ਦੇ ਇਕ ਪਿੰਡ ਵਿਚ ਖੁੱਲ੍ਹੇ ਵਿਚ ਹਾਜਤ ਜਾਣ ਵਾਲੇ ਦੋ ਦਲਿਤ ਬੱਚਿਆਂ ਦਾ ਬੇਰਹਿਮੀ ਨਾਲ ਕਤਲ ਮੁਲਕ ਦੀ ਤਸਵੀਰ ਦਾ ਪੁੱਠਾ-ਸਿੱਧਾ ਪਾਸਾ ਹੀ ਹਨ। ਪਿਛਲੇ ਸਾਲ ਇਸੇ ਦਿਨ ਪ੍ਰਧਾਨ ਮੰਤਰੀ ਨੇ 'ਸਵੱਛ ਭਾਰਤ ਮਿਸ਼ਨ' ਨੂੰ 'ਦੁਨੀਆ ਦੀ ਸਭ ਤੋਂ ਵੱਡੀ ਲੋਕ ਲਹਿਰ' ਦੱਸਿਆ ਸੀ, ਇਸ ਵਾਰ ਮੁਲਕ ਨੂੰ ਖੁੱਲ੍ਹੇ ਵਿਚ ਪਖਾਨਾ ਜਾਣ ਦੇ ਦਸਤੂਰ ਤੋਂ ਸੌ ਫੀਸਦੀ ਮੁਕਤੀ ਪਾ ਲੈਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਕ ਹਫਤਾ ਪਹਿਲਾਂ ਅਮਰੀਕੀ ਸੰਸਥਾ 'ਬਿਲ ਐਂਡ ਮਲਿੰਦਾ ਗੇਟਸ ਫਾਊਂਡੇਸ਼ਨ' ਵੱਲੋਂ ਇਸ ਮੁਹਿੰਮ ਦੀ ਕਾਮਯਾਬੀ ਲਈ ਪ੍ਰਧਾਨ ਮੰਤਰੀ ਉਪਰ 'ਗਲੋਬਲ ਗੋਲਕੀਪਰ' ਅਵਾਰਡ ਦੀ ਬਖਸ਼ਿਸ਼

ਬੂਟਾ ਸਿੰਘ
ਫੋਨ: +91-94634-74342

ਅੰਕੜਿਆਂ ਦੀ ਇਸੇ ਖੇਡ ਦਾ ਕ੍ਰਿਸ਼ਮਾ ਸੀ। ਦੁਨੀਆ ਨੂੰ ਇਹ ਦੱਸਿਆ ਗਿਆ ਕਿ 11 ਕਰੋੜ ਪਖਾਨੇ ਬਣਾ ਕੇ ਭਾਰਤ ਦੇ 5.6 ਲੱਖ ਪਿੰਡ ਇਸ ਕੋਹੜ ਤੋਂ ਮੁਕਤ ਕਰਾ ਲਏ ਗਏ ਹਨ; ਇਹ ਵੀ ਕਿ ਪਖਾਨੇ ਬਣਾਉਣ ਨਾਲ ਪਿੰਡਾਂ ਵਿਚ ਆਰਥਕਿਤਾ ਤਰੱਕੀ ਨੂੰ ਵੀ ਹੁਲਾਰਾ ਮਿਲਿਆ ਹੈ!

ਇਹ ਅੰਕੜੇ ਜ਼ਮੀਨੀ ਹਕੀਕਤ ਦੀ ਸਹੀ ਤਸਵੀਰ ਨਹੀਂ, ਕਿਉਂਕਿ ਸਰਕਾਰੀ ਸਕੀਮਾਂ ਦੇ ਟੀਚਿਆਂ ਦੀ ਪੂਰਤੀ ਦੇ ਦਾਅਵੇ ਅਤੇ ਐਸੇ ਦਾਅਵਿਆਂ ਦਾ ਆਧਾਰ ਬਣਾਏ ਜਾਣ ਵਾਲੇ ਸਰਕਾਰੀ ਅੰਕੜੇ ਹਮੇਸ਼ਾ ਹੀ ਵਿਵਾਦਾਂ ਵਿਚ ਘਿਰੇ ਰਹਿੰਦੇ ਹਨ। ਪਿਛਲੇ ਸਮੇਂ ਦੌਰਾਨ ਐਸੀਆਂ ਰਿਪੋਰਟਾਂ ਆਈਆਂ ਹਨ ਜੋ ਜ਼ਮੀਨੀ ਪੱਧਰ 'ਤੇ 'ਸਵੱਛ ਭਾਰਤ ਮਿਸ਼ਨ' ਦੀ ਵਿਹਾਰਕ ਕਾਮਯਾਬੀ ਉਪਰ ਗੰਭੀਰ ਸਵਾਲ ਖੜ੍ਹੇ ਕਰਦੀਆਂ ਹਨ। ਸ਼ਿਵਪੁਰੀ ਜ਼ਿਲ੍ਹੇ ਦੇ ਜਿਸ ਭਾਵਖੇੜੀ ਪਿੰਡ ਵਿਚ ਦੋ ਬੱਚਿਆਂ ਨੂੰ ਕੁੱਟ-ਕੁੱਟ ਕੇ ਮਾਰਿਆ ਗਿਆ, ਉਸ ਨੂੰ ਵੀ ਪ੍ਰਸ਼ਾਸਨ ਨੇ ਖੁੱਲ੍ਹੇ ਵਿਚ ਪਖਾਨਾ ਜਾਣ ਤੋਂ ਸੌ ਫੀਸਦੀ ਮੁਕਤ ਪਿੰਡ ਐਲਾਨਿਆ ਹੋਇਆ ਸੀ। ਬਾਲਮੀਕੀ ਭਾਈਚਾਰੇ ਦੇ ਇਸ ਪਰਿਵਾਰ ਦੀ ਕੱਖਾਂ ਦੀ ਝੌਂਪੜੀ ਮੂੰਹ ਬੋਲਦਾ ਸਬੂਤ ਹੈ ਕਿ ਗਰੀਬ ਪਰਿਵਾਰ ਦੇ ਜ਼ਿੰਦਗੀ ਦੇ ਹਾਲਾਤ ਕਿਸ ਕਦਰ ਬੇਵਸੀ ਵਾਲੇ ਹਨ ਜਿਥੇ ਮੁੱਢਲੀਆਂ ਮਨੁੱਖੀ ਸਹੂਲਤਾਂ ਦਾ ਨਾਮ-ਨਿਸ਼ਾਨ ਵੀ ਨਹੀਂ। ਉਚ ਜਾਤੀਆਂ ਦੇ ਕਬਜ਼ੇ ਵਾਲੇ ਸਰਕਾਰੀ ਪਖਾਨਿਆਂ ਵਿਚ ਇਨ੍ਹਾਂ ਮਜ਼ਲੂਮਾਂ ਦਾ ਜਾਣਾ ਮਨ੍ਹਾਂ ਹੈ ਲੇਕਿਨ ਖੁੱਲ੍ਹੇ ਵਿਚ ਜਾਣ 'ਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣਾ ਉਚ ਜਾਤੀ ਅਨਸਰ ਆਪਣਾ ਜਮਾਂਦਰੂ ਹੱਕ ਸਮਝਦੇ ਹਨ। ਇਹ ਪਰਿਵਾਰ ਹਾਸ਼ੀਆਗ੍ਰਸਤ ਵਸੋਂ ਦੇ ਇਕ ਚੋਖੇ ਹਿੱਸੇ ਦਾ ਸਾਖਿਆਤ ਨਮੂਨਾ ਹੈ।

ਸਦੀਵੀ ਵਾਂਝੇਪਣ ਦੀ ਸ਼ਿਕਾਰ ਵਸੋਂ ਦੀ ਸਮਾਜੀ-ਆਰਥਕ ਤਰੱਕੀ ਦੇ ਸੱਚੇ ਰੋਡ-ਮੈਪ ਤੋਂ ਬਗੈਰ ਰਾਸ਼ਟਰੀ ਗੌਰਵ ਦੇ ਚਿੰਨ੍ਹ ਬਣਾ ਕੇ ਪੇਸ਼ ਕੀਤੇ ਜਾ ਰਹੇ ਕਥਿਤ ਮਿਸ਼ਨ ਇਨ੍ਹਾਂ ਮਜ਼ਲੂਮਾਂ ਲਈ ਬੇਮਾਇਨੇ ਹਨ। ਸਭ ਲਈ ਰੁਜ਼ਗਾਰ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਬੁਨਿਆਦੀ ਮਨੁੱਖੀ ਲੋੜਾਂ ਪੱਖੋਂ ਮੁਲਕ ਜਿਸ ਘੋਰ ਸੰਕਟ ਵਿਚ ਘਿਰ ਚੁੱਕਾ ਹੈ, ਰਾਸ਼ਟਰਵਾਦੀ ਸਥਾਪਤੀ ਦੇ ਇਸ ਕਥਿਤ ਵਿਕਾਸ ਦੇ ਆਲਮ ਵਿਚ ਅਸਲ ਮਸਲੇ ਪੂਰੀ ਤਰ੍ਹਾਂ ਦਰਕਿਨਾਰ ਕਰ ਦਿੱਤੇ ਗਏ ਹਨ। ਸਥਾਪਤੀ ਦੀ ਇਸ ਬੇਮਿਸਾਲ ਸੰਕਟ ਨੂੰ ਹੱਲ ਕਰਨ ਦੀ ਕੋਈ ਮਨਸ਼ਾ ਨਜ਼ਰ ਨਹੀਂ ਆ ਰਹੀ। ਇਸ ਸੂਰਤ ਵਿਚ ਇਕੱਲੀ ਸਵੱਛਤਾ ਜੇ ਸੌ ਫੀਸਦੀ ਮੁਕੰਮਲ ਹੋ ਵੀ ਜਾਵੇ, ਤਾਂ ਵੀ ਸਮਾਜ ਦਾ ਬਹੁਤਾ ਕੁਛ ਨਹੀਂ ਸੰਵਰੇਗਾ।

## ਸਵੱਛ ਭਾਰਤ ਮਿਸ਼ਨ ਦੀਆਂ ਦੋ ਤਸਵੀਰਾਂ...






ਹਰ ਕੋਈ ਚਾਹੇਗਾ ਕਿ ਗੰਦਗੀ ਦੀ ਭਰਮਾਰ ਵਾਲਾ ਸਾਡਾ ਮੁਲਕ ਗੰਦਗੀ ਤੋਂ ਮੁਕਤ ਹੋ ਜਾਵੇ। ਸਮੱਸਿਆ ਹੁਕਮਰਾਨ ਧਿਰ ਦੇ ਦਾਅਵਿਆਂ ਅਤੇ ਸਵੱਛਤਾ ਦੇ ਪੈਮਾਨੇ ਨੂੰ ਲੈ ਕੇ ਹੈ। ਹੁਕਮਰਾਨ ਨੂੰ ਅੱਗਾ ਢਕ ਲੈਣ ਲਈ ਕੌਣ ਕਹੇ, ਜੋ ਕਹੇਗਾ ਉਸ ਨੂੰ 'ਪ੍ਰਧਾਨ ਸੇਵਕ' ਅਤੇ ਰਾਸ਼ਟਰ ਦਾ ਅਕਸ ਵਿਗਾੜਨ ਵਾਲਾ ਰਾਜਧ੍ਰੋਹੀ ਮੰਨ ਲਿਆ ਜਾਵੇਗਾ। ਛੋਟੇ ਕਸਬਿਆਂ ਤੋਂ ਲੈ ਕੇ ਮਹਾਂਨਗਰਾਂ ਵਿਚ ਸਵੇਰੇ-ਸਵੇਰੇ ਰੇਲਵੇ ਲਾਈਨਾਂ ਨੇੜੇ ਜਾਂ ਖਾਲੀ ਥਾਵਾਂ ਉਪਰ ਜੰਗਲ-ਪਾਣੀ ਜਾਣ ਦਾ ਮੰਜ਼ਰ ਬਹੁਤ ਕੁਝ ਬਿਆਨ ਕਰ ਦਿੰਦਾ ਹੈ।

ਰਿਪੋਰਟਾਂ ਅਨੁਸਾਰ ਬਹੁਤ ਸਾਰੇ ਸ਼ਹਿਰਾਂ ਦੀਆਂ ਐਸੀਆਂ ਮਿਊਂਸਪਲ ਕਮੇਟੀਆਂ ਹਨ ਜਿਨ੍ਹਾਂ ਨੂੰ ਸੌ ਫੀਸਦੀ ਮੁਕਤੀ ਦਾ ਸਰਟੀਫੀਕੇਟ ਮਿਲਣਾ ਅਜੇ ਬਾਕੀ ਹੈ। ਸਰਕਾਰੀ ਅੰਕੜਿਆਂ ਦੇ ਬਾਵਜੂਦ ਪਿੰਡਾਂ ਅਤੇ ਸ਼ਹਿਰਾਂ ਵਿਚ ਬਹੁਤ ਸਾਰੇ ਪਰਿਵਾਰ ਮਿਲ ਜਾਣਗੇ ਜੋ ਸਰਕਾਰੀ ਪਖਾਨਿਆਂ ਦਾ ਇੰਤਜ਼ਾਰ ਕਰ ਰਹੇ ਹਨ। ਜੋ ਪਖਾਨੇ ਬਣਾਏ ਗਏ, ਉਨ੍ਹਾਂ ਵਿਚੋਂ ਵੀ ਬਹੁਤ ਸਾਰੇ ਰਿਹਾਇਸ਼ਾਂ ਤੋਂ ਦੂਰ ਹੋਣ ਕਾਰਨ ਅਤੇ ਪਾਣੀ ਦੀ ਸਪਲਾਈ ਅਤੇ ਬਿਜਲੀ ਦੀ ਅਣਹੋਂਦ ਕਾਰਨ ਅਣਵਰਤੇ ਪਏ ਹਨ। ਇਕ ਸਰਵੇਖਣ ਅਨੁਸਾਰ ਕੁਝ ਥਾਵਾਂ ਉਪਰ ਅੱਧੀ ਤੋਂ ਵੀ ਵਧੇਰੇ ਵਸੋਂ ਪਖਾਨੇ ਇਸਤੇਮਾਲ ਨਹੀਂ ਕਰ ਰਹੀ। ਇਸ ਦੀ ਮਿਸਾਲ ਮੁੰਬਈ ਵਰਗੇ ਮਹਾਂਨਗਰਾਂ ਦੀਆਂ ਗਰੀਬ ਬਸਤੀਆਂ ਹਨ।

ਐਸੀਆਂ ਰਿਪੋਰਟਾਂ ਵੀ ਹਨ, ਜਦੋਂ ਪਖਾਨਿਆਂ ਦੀ ਸਹੂਲਤ ਦੀ ਅਣਹੋਂਦ ਵਿਚ ਵਾਂਝੇ ਲੋਕਾਂ ਨੂੰ ਸਰਕਾਰੀ ਅਧਿਕਾਰੀਆਂ ਵਲੋਂ ਖੇਤਾਂ, ਜੰਗਲਾਂ ਵਿਚ ਹਾਜਤ ਲਈ ਜਾਣ ਤੋਂ ਰੋਕਣ ਦੀਆਂ ਮੁਹਿੰਮਾਂ ਚਲਾਈਆਂ ਗਈਆਂ। ਕਾਗਜ਼ਾਂ ਵਿਚ ਟੀਚਾ ਪੂਰਾ ਕਰਨ ਲਈ ਸਰਕਾਰੀ ਭਲਾਈ ਸਕੀਮਾਂ ਰੋਕਣ ਦੀਆਂ ਧਮਕੀਆਂ ਦਾ ਸਹਾਰਾ ਵੀ ਲਿਆ ਗਿਆ। ਇਸ ਜਬਰ ਦੀ ਵਧੇਰੇ ਮਾਰ ਦਲਿਤਾਂ ਤੇ ਹੋਰ ਬੇਜ਼ਮੀਨੇ ਹਿੱਸਿਆਂ ਉਪਰ ਪੈ ਰਹੀ ਹੈ। ਜੂਨ 2017 ਵਿਚ ਰਾਜਸਥਾਨ ਦੇ ਪ੍ਰਤਾਪਗੜ੍ਹ ਕਸਬੇ ਦੇ ਮਿਊਂਸਪਲ ਅਧਿਕਾਰੀਆਂ ਨੇ ਖੱਬੇਪੱਖੀ ਕਾਰਕੁਨ ਜ਼ਫਰ ਹੁਸੈਨ ਨੂੰ ਇਸ ਲਈ ਕੁੱਟ-ਕੁੱਟ ਕੇ ਮਾਰ ਦਿੱਤਾ ਸੀ, ਕਿਉਂਕਿ ਉਸ ਨੇ ਅਧਿਕਾਰੀਆਂ ਨੂੰ ਪਖਾਨੇ ਨਾ ਹੋਣ ਕਾਰਨ ਖੁੱਲ੍ਹੇ ਵਿਚ ਹਾਜਤ ਲਈ ਗਈਆਂ ਔਰਤਾਂ ਦੀਆਂ ਤਸਵੀਰਾਂ ਲੈਣ ਤੋਂ ਰੋਕਣਾ ਚਾਹਿਆ ਸੀ। ਪ੍ਰਤੱਖ ਅਧੂਰੇਪਣ ਵਾਲੀ ਹਾਲਤ ਵਿਚ ਸੌ ਫੀਸਦੀ ਸਵੱਛਤਾ ਦਾ ਢੰਡੋਰਾ ਗੁੰਮਰਾਹਕੁਨ ਹੈ। ਸਾਫ-ਸੁਥਰੀਆਂ ਸੜਕਾਂ ਉਪਰ ਮੀਡੀਆ ਕੈਮਰਿਆਂ ਅੱਗੇ ਝਾੜੂ ਫੜ ਕੇ 'ਸਵੱਛਤਾ ਮੁਹਿੰਮ' ਚਲਾਉਣਾ ਹੋਰ ਗੱਲ ਹੈ, ਗੰਦਗੀ ਦੀ ਸਮਾਜੀ-ਆਰਥਕ ਜੜ੍ਹ ਪੁੱਟਣ ਦਾ ਧੜਵੈਲ ਮਸਲਾ ਪ੍ਰਚਾਰ ਸਟੰਟ ਦੀ ਬਜਾਏ ਠੋਸ ਨੀਤੀ ਦੀ ਮੰਗ ਕਰਦਾ ਹੈ।

ਸਵੱਛਤਾ ਨੂੰ ਸਿਰਫ ਖੁੱਲ੍ਹੇ ਵਿਚ ਪਖਾਨਾ ਜਾਣ ਤਕ ਸੀਮਤ ਕਰ ਦਿੱਤਾ ਗਿਆ ਹੈ। ਮਸਲੇ ਦੇ ਵਧੇਰੇ ਮਹੱਤਵਪੂਰਨ ਪਸਾਰਾਂ ਨੂੰ ਉਕਾ ਹੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਮਿਸਾਲ ਵਜੋਂ ਮੈਲਾ ਢੋਣ ਦਾ ਦਸਤੂਰ ਹੈ। 'ਮੈਲਾ ਢੋਣ ਵਜੋਂ ਰੁਜ਼ਗਾਰ ਦੀ ਮਨਾਹੀ ਅਤੇ ਮੁੜ-ਵਸੇਬਾ ਐਕਟ 2013' ਦੇ ਤਹਿਤ ਇਸ ਘਿਨਾਉਣੇ ਸਮਾਜੀ ਜਬਰ ਨੂੰ ਗੈਰ ਕਾਨੂੰਨੀ ਅਤੇ ਸਜ਼ਾਯੋਗ ਜੁਰਮ ਕਰਾਰ ਦਿੱਤੇ ਜਾਣ ਦੇ ਬਾਵਜੂਦ ਇਸ ਉਪਰ ਕਾਬੂ ਪਾਉਣ ਦੀ ਕੋਈ ਠੋਸ ਯੋਜਨਾ ਨਹੀਂ ਬਣਾਈ ਗਈ। ਪੁਰਾਣੀ ਤਰਜ਼ ਦੇ ਖੁਸ਼ਕ ਪਖਾਨਿਆਂ ਨੂੰ ਦਲਿਤਾਂ, ਖਾਸ ਕਰਕੇ ਔਰਤਾਂ ਤੋਂ ਸਾਫ ਕਰਾਉਣਾ ਅਜੇ ਵੀ ਵੱਡਾ ਮਸਲਾ ਹੈ। ਇਸ ਦੇ ਨਾਲ ਹੀ, ਮੈਲਾ ਢੋਣ ਦੇ ਪੰਜ ਹੋਰ ਰੂਪ ਯੋਜਨਾਬੰਦੀ ਅਤੇ ਇੱਛਾ-ਸ਼ਕਤੀ ਦੇ ਪੱਧਰ 'ਤੇ ਉਚੇਚੀ ਤਵੱਜੋ ਦਿੱਤੇ ਜਾਣ ਦੀ ਮੰਗ ਕਰਦੇ ਹਨ। ਇਹ ਹਨ: ਸੈਪਟਿਕ ਟੈਂਕਾਂ ਦੀ ਸਫਾਈ, ਸੀਵਰਾਂ ਅਤੇ ਨਾਲਿਆਂ ਦੀ ਸਫਾਈ, ਰੇਲਵੇ ਸਟੇਸ਼ਨਾਂ ਦੀਆਂ ਪਟੜੀਆਂ ਉਪਰੋਂ ਮਨੁੱਖੀ ਮੈਲਾ ਚੁੱਕਣ ਦਾ ਮਸਲਾ, ਖੁੱਲ੍ਹੇ ਵਿਚ ਪਖਾਨੇ ਵਾਲੀਆਂ ਥਾਵਾਂ ਦੀ ਸਫਾਈ, ਸੀਵਰ ਅਤੇ ਸੈਪਟਿਕ ਟੈਂਕ ਦੀ ਅਣਹੋਂਦ ਵਾਲੇ ਪਖਾਨੇ ਜਿਨ੍ਹਾਂ ਦਾ ਮੈਲਾ ਸਿੱਧਾ ਨਾਲੀਆਂ ਵਿਚ ਪਾਇਆ ਜਾਂਦਾ ਹੈ। ਇਹ ਸਾਰੇ ਕੰਮ ਹਮੇਸ਼ਾ ਦਲਿਤਾਂ ਤੋਂ ਕਰਵਾਏ ਜਾਂਦੇ ਹਨ।

ਗੈਰ ਸਰਕਾਰੀ ਅਧਿਐਨ ਅਨੁਸਾਰ ਹਰ ਸਾਲ ਸੀਵਰ ਅਤੇ ਸੈਪਟਿਕ ਟੈਂਕਾਂ ਦੀ ਸਫਾਈ ਕਰਦਿਆਂ ਤਕਰੀਬਨ 600 ਸਫਾਈ ਕਾਮੇ ਮਾਰੇ ਜਾਂਦੇ ਹਨ। ਇਹ ਅੰਕੜੇ ਵੀ ਅਧੂਰੇ ਹਨ, 2017 ਵਿਚ ਸਿਰਫ ਛੇ ਰਾਜ ਸਰਕਾਰਾਂ ਨੇ ਹੀ ਐਸੀਆਂ 268 ਮੌਤਾਂ ਦੀ ਜਾਣਕਾਰੀ ਕੇਂਦਰ ਨੂੰ ਭੇਜੀ ਸੀ। ਸਰਕਾਰਾਂ ਦੀ ਇਨ੍ਹਾਂ ਸੰਸਥਈ ਹੱਤਿਆਵਾਂ ਪ੍ਰਤੀ ਬੇਪ੍ਰਵਾਹੀ ਦਾ ਨੋਟਿਸ ਲੈਂਦਿਆਂ ਪਿੱਛੇ ਜਿਹੇ ਸੁਪਰੀਮ ਕੋਰਟ ਨੇ ਵੀ ਸਖਤ ਲਹਿਜੇ ਵਿਚ ਕਿਹਾ ਕਿ ਹੋਰ ਕੋਈ ਐਸਾ ਮੁਲਕ ਨਹੀਂ ਜੋ ਆਪਣੇ ਨਾਗਰਿਕਾਂ ਨੂੰ ਮਰਨ ਲਈ ਗੈਸ ਚੈਂਬਰਾਂ ਵਿਚ ਭੇਜਦਾ ਹੋਵੇ। 'ਸਵੱਛ ਭਾਰਤ ਮੁਹਿੰਮ' ਦੀ ਕਾਮਯਾਬੀ ਦੇ ਜਸ਼ਨ ਮਨਾਏ ਜਾਣ ਦੇ ਮੌਕੇ ਮਸਲੇ ਦੇ ਇਨ੍ਹਾਂ ਪਾਸਾਰਾਂ ਦਾ ਜ਼ਿਕਰ ਨਹੀਂ ਕੀਤਾ ਜਾਂਦਾ, ਖਾਸ ਕਰਕੇ ਇਸ ਨਾਲ ਜੁੜੇ ਜਾਤਪਾਤੀ ਪੱਖ ਦਾ ਅਤੇ ਅਛੂਤ ਹੋਣ ਦੇ ਕਲੰਕ ਦਾ।

'ਗਲੋਬਲ ਗੋਲਕੀਪਰ' ਅਵਾਰਡ ਹਾਸਲ ਕਰਨ ਸਮੇਂ 'ਪ੍ਰਧਾਨ ਸੇਵਕ' ਵਲੋਂ ਇਸ ਟੀਚੇ ਦੀ ਪ੍ਰਾਪਤੀ ਦਾ ਸਿਹਰਾ 130 ਕਰੋੜ ਲੋਕਾਂ ਦੇ ਸਿਰ ਬੰਨ੍ਹਣ ਸਮੇਂ ਇਹ ਨਹੀਂ ਦੱਸਿਆ ਕਿ ਜੋ ਦਲਿਤ ਸਦੀਆਂ ਤੋਂ ਮੁਲਕ ਦੀ ਸਫਾਈ ਦਾ ਬੋਝ ਢੋਅ ਰਹੇ ਹਨ, ਉਨ੍ਹਾਂ ਨੂੰ ਇਸ ਨਾਲ ਜੁੜੇ ਜਾਤਪਾਤ ਦੇ ਸੰਤਾਪ ਤੋਂ ਮੁਕਤ ਕਰਾ ਕੇ ਉਨ੍ਹਾਂ ਦੀ ਜ਼ਿੰਦਗੀ ਵਿਚ ਸਵੱਛਤਾ ਲਿਆਉਣ ਲਈ ਕੀ ਕੀਤਾ ਜਾ ਰਿਹਾ ਹੈ। ਜੋ ਬੇਵਸ ਦਲਿਤ 20-30 ਫੁੱਟ ਡੂੰਘੇ ਮੈਨਹੋਲ ਦੇ ਅੰਦਰ ਉਤਰ ਕੇ ਅਤੇ ਨੰਗੇ ਧੜ ਘਾਤਕ ਸੜਿਆਂਦ ਤੇ ਜਾਨਲੇਵਾ ਗੈਸਾਂ ਨਾਲ ਦਸਤ-ਪੰਜਾ ਲੈਣ ਦਾ ਜੋਖਮ ਉਠਾਉਂਦੇ ਹਨ, ਤੇ ਕਈ ਵਾਰ ਮੌਤ ਦੇ ਮੂੰਹ ਵਿਚ ਜਾ ਪੈਂਦੇ ਹਨ, ਉਨ੍ਹਾਂ ਦੀ ਮੁਕਤੀ ਦਾ ਪ੍ਰੋਗਰਾਮ ਕੀ ਹੈ। ਦਲਿਤ ਭਾਈਚਾਰੇ ਦੇ ਹਿੱਸੇ ਦਾ ਮਨੁੱਖੀ ਸਵੈਮਾਣ ਉਨ੍ਹਾਂ ਨੂੰ ਕਦੋਂ ਮੋੜਿਆ ਜਾਵੇਗਾ?

ਸਵੱਛਤਾ ਦੀ ਗੱਲ ਕਰਦਿਆਂ ਪਦਾਰਥਕ ਸਹੂਲਤਾਂ ਦੇਣਾ ਹੀ ਕਾਫੀ ਨਹੀਂ। ਉਸ ਜਾਤਪਾਤੀ ਸੋਚ ਨੂੰ ਖਤਮ ਕਰਨ ਦੇ ਸਵਾਲ ਨੂੰ ਮੁਖਾਤਬ ਹੋਣਾ ਸਭ ਤੋਂ ਜ਼ਰੂਰੀ ਹੈ ਜਿਸ ਨੇ ਸਮਾਜ ਨੂੰ ਜਾਤਪਾਤੀ ਵਿਵਸਥਾ ਤਹਿਤ ਉਚ-ਨੀਚ ਵਿਚ ਵੰਡ ਕੇ ਸਭ ਤੋਂ ਵੱਧ ਪਲੀਤ ਕੀਤਾ ਹੋਇਆ ਹੈ। ਇਸ ਸਭ ਤੋਂ ਘਿਨਾਉਣੇ ਦਸਤੂਰ ਦੇ ਖਾਤਮੇ ਦਾ ਠੋਸ ਪ੍ਰੋਗਰਾਮ ਉਲੀਕਣ ਦੀ ਇੱਛਾ-ਸ਼ਕਤੀ ਦਿਖਾਏ ਬਗੈਰ ਸਵੱਛਤਾ ਮੁਹਿੰਮਾਂ ਨਾ ਸਿਰਫ ਅਧੂਰੀਆਂ ਹਨ ਸਗੋਂ ਬਨਾਉਟੀ ਰਾਸ਼ਟਰੀ ਗੌਰਵ ਦਾ ਗਰੂਰ ਵਧਾਉਣ ਤੋਂ ਸਿਵਾਏ ਇਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੋ ਸਕਦੀ।

ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਹਿੰਦੂਤਵੀ ਯੁੱਧਨੀਤੀ ਦੇ ਮੱਦੇਨਜ਼ਰ ਇਹ ਸਵਾਲ ਹੋਰ ਵੀ ਅਹਿਮੀਅਤ ਅਖਤਿਆਰ ਕਰ ਜਾਂਦਾ ਹੈ। ਹਾਲ ਹੀ ਵਿਚ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਜ਼ੋਰ ਦੇ ਦੇ ਕਿਹਾ ਹੈ ਕਿ ਭਾਰਤ ਦਾ ਹਿੰਦੂ ਰਾਸ਼ਟਰ ਹੋਣਾ ਜਿਉਂਦਾ-ਜਾਗਦਾ ਤੱਥ ਹੈ, ਬਾਕੀ ਸਭ ਕੁਝ ਬਦਲ ਸਕਦਾ ਹੈ ਲੇਕਿਨ ਇਹ ਹਕੀਕਤ ਨਹੀਂ ਬਦਲੇਗੀ। ਇਸ ਹਕੀਕਤ ਨਾਲ ਖਾਸ ਜਾਤਾਂ ਦੀ ਜਮਾਂਦਰੂ ਜਾਤਪਾਤੀ ਸ਼ੁੱਧਤਾ ਅਤੇ ਭਿੱਟ ਦਾ ਸਵਾਲ ਵੀ ਅਟੁੱਟ ਰੂਪ ਵਿਚ ਜੁੜਿਆ ਹੋਇਆ ਹੈ। ਕੀ ਹਿੰਦੂ ਰਾਸ਼ਟਰ ਦੀ ਇਹ 'ਅਬਦਲ' ਹਕੀਕਤ ਉਸ ਰੂਪ ਵਿਚ ਮੁੜ ਬਹਾਲ ਕੀਤੀ ਜਾਵੇਗੀ ਜਿਸ ਨੂੰ ਵਰਣ ਵਿਵਸਥਾ ਦਾ ਪੁਰਾਤਨ 'ਸੁਨਹਿਰੀ ਯੁਗ' ਕਿਹਾ ਜਾਂਦਾ ਹੈ? ਜਾਂ ਇਸ ਵਿਚ ਕਿਸੇ ਰੱਦੋਬਦਲ ਦੀ ਗੁੰਜਾਇਸ਼ ਰੱਖੀ ਗਈ ਹੈ?

ਜਦੋਂ ਤਕ ਜਾਤਪਾਤ ਦੀ ਬੇਮਿਸਾਲ ਗੰਦਗੀ ਅਤੇ ਇਸ ਦਾ ਪਾਲਣ-ਪੋਸ਼ਣ ਕਰਨ ਵਾਲੀ ਜਾਤ ਹੰਕਾਰੀ ਵਿਚਾਰਧਾਰਾ ਜ਼ਿੰਦਾ ਹੈ, ਉਦੋਂ ਤਕ ਨਾ ਭਾਰਤ ਸਵੱਛ ਹੋ ਸਕਦਾ ਹੈ, ਨਾ ਇਸ ਨੂੰ ਸਵੱਛ ਮੰਨਿਆ ਜਾ ਸਕਦਾ ਹੈ। ਸੱਤਾ ਨੂੰ ਇਸ ਦੀ ਵਿਚਾਰਧਾਰਕ ਪਹੁੰਚ ਅਤੇ ਵਿਹਾਰਕ ਕਾਰਗੁਜ਼ਾਰੀ ਲਈ ਜਵਾਬਦੇਹ ਬਣਾਉਣਾ ਜ਼ਰੂਰੀ ਹੈ। ਮਨੁੱਖੀ ਸਵੈਮਾਣ ਲਈ ਲੜ ਰਹੇ ਦਲਿਤ ਭਾਈਚਾਰੇ ਨੂੰ ਆਪਣੀ ਹੱਕ-ਜਤਾਈ ਲਈ ਧੜੱਲੇ ਨਾਲ ਅੱਗੇ ਆ ਕੇ ਸੱਤਾ ਦੇ ਬਿਰਤਾਂਤ ਦੇ ਐਨ ਬਰਾਬਰ ਆਪਣਾ ਬਿਰਤਾਂਤ ਸਿਰਜਣਾ ਚਾਹੀਦਾ ਹੈ। ਸੱਚੇ ਤਰੱਕੀਪਸੰਦਾਂ ਨੂੰ ਵੀ ਸਮਾਜੀ ਇਨਸਾਫ ਦੇ ਇਸ ਸਭ ਤੋਂ ਮਹੱਤਵਪੂਰਨ ਪੱਖ ਨੂੰ ਲੋਕ ਜਾਗਰੂਕਤਾ ਦਾ ਹਿੱਸਾ ਬਣਾਉਣ ਲਈ ਸੁਚੇਤ ਯਤਨ ਕਰਨੇ ਚਾਹੀਦੇ ਹਨ।

# ਆਰਥਕ ਮੰਦੀ ਬਨਾਮ ਆਰਥਕ ਸੁਸਤੀ

ਅਰਥ ਵਿਵਸਥਾ ਦੇ ਮੋਰਚੇ 'ਤੇ ਭਾਰਤ ਨੂੰ ਇਕ ਤੋਂ ਬਾਅਦ ਇਕ ਝਟਕੇ ਲੱਗ ਰਹੇ ਹਨ। ਸਤੰਬਰ ਦੀ ਉਦਯੋਗਿਕ ਵਿਕਾਸ ਦਰ ਦੇ ਅੰਕੜੇ ਆ ਗਏ ਹਨ, ਇਸ ਮਹੀਨੇ ਵਿਕਾਸ ਦੀ ਦਰ ਨਾਂਹ-ਪੱਖੀ ਰਹੀ ਹੈ; ਭਾਵ, ਵਿਕਾਸ ਹੋਇਆ ਹੀ ਨਹੀਂ ਸਗੋਂ ਇਸ ਦੇ ਉਲਟ ਉਦਯੋਗਾਂ ਵਿਚ ਉਤਪਾਦਨ ਘਟ ਗਿਆ ਹੈ। ਪਿਛਲੇ ਸਾਲ ਸਤੰਬਰ ਵਿਚ ਜਿੰਨਾ ਉਦਯੋਗਿਕ ਉਤਪਾਦਨ ਹੋਇਆ ਸੀ, ਉਸ ਨਾਲੋਂ ਇਸ ਸਤੰਬਰ ਵਿਚ ਇਕ ਫੀਸਦੀ ਤੋਂ ਵੀ ਜ਼ਿਆਦਾ ਘਟ ਗਿਆ ਹੈ। ਇਹ ਦੇਸ਼ ਦੇ ਲਈ

ਉਪਿੰਦਰ ਪ੍ਰਸਾਦ

ਬਹੁਤ ਖੌਫਨਾਕ ਅੰਕੜਾ ਹੈ।

ਜਦੋਂ ਵਿਕਾਸ ਦਰ ਡਿਗ ਰਹੀ ਸੀ, ਉਦੋਂ ਕਿਹਾ ਜਾ ਰਿਹਾ ਸੀ ਕਿ ਇਹ ਮੰਦੀ ਦੀ ਸਥਿਤੀ ਨਹੀਂ ਹੈ ਸਗੋਂ ਇਹ ਸੁਸਤੀ ਦੀ ਸਥਿਤੀ ਹੈ; ਭਾਵ ਆਰਥਿਕ ਵਿਕਾਸ ਹੋ ਰਿਹਾ ਹੈ ਪਰ ਵਿਕਾਸ ਦੀ ਦਰ ਕਮਜ਼ੋਰ ਹੈ। ਨਾਂਹ-ਪੱਖੀ ਵਿਕਾਸ ਦਰ ਦਾ ਭਾਵ ਹੁੰਦਾ ਹੈ ਕਿ ਵਿਕਾਸ ਹੋ ਹੀ ਨਹੀਂ ਰਿਹਾ। ਇਸ ਹਾਲਤ ਨੂੰ ਫਿਰ ਸੁਸਤੀ ਦੀ ਸਥਿਤੀ ਤਾਂ ਨਹੀਂ ਕਿਹਾ ਜਾ ਸਕਦਾ। ਇਹ ਸਿੱਧਾ ਆਰਥਿਕ ਮੰਦੀ ਦਾ ਮਾਮਲਾ ਹੈ ਅਤੇ ਸਰਕਾਰ ਆਰਥਿਕ ਸ਼ਬਦ ਜਾਲ ਵਿਚ ਲੋਕਾਂ ਨੂੰ ਉਲਝਾ ਕੇ ਨਹੀਂ ਰੱਖ ਸਕਦੀ।

ਨਾਂਹ-ਪੱਖੀ ਉਦਯੋਗਿਕ ਵਿਕਾਸ ਦਰ ਦੇ ਅੰਕੜੇ ਆਉਣ ਤੋਂ ਕੁਝ ਸਮਾਂ ਪਹਿਲਾਂ ਹੀ ਆਟੋ ਸੈਕਟਰ ਦੀ ਮੰਦੀ ਦੀ ਖਬਰ ਆਈ ਸੀ। ਦੋ-ਪਹੀਆ ਅਤੇ ਚਾਰ ਪਹੀਆ ਵਾਹਨਾਂ ਦੀ ਵਿਕਰੀ ਵਿਚ ਗਿਰਾਵਟ ਜਾਰੀ ਹੈ। 11 ਮਹੀਨਿਆਂ ਤੋਂ ਵਿਕਰੀ ਲਗਾਤਾਰ ਘਟ ਰਹੀ ਹੈ। ਇਹ ਲੋਕਾਂ ਦੀ ਘਟਦੀ ਕਿਰਿਆ ਸ਼ਕਤੀ ਦਾ ਸੰਕੇਤ ਹੈ। ਸਭ ਤੋਂ ਖਰਾਬ ਗੱਲ ਤਾਂ ਇਹ ਹੈ ਕਿ ਮਾਲ ਢੋਹਣ ਵਾਲੇ ਵਾਹਨਾਂ ਦੀ ਵਿਕਰੀ ਵੀ ਘਟ ਰਹੀ ਹੈ। ਇਨ੍ਹਾਂ ਵਾਹਨਾਂ ਦੀ ਵਿਕਰੀ ਵਿਚ ਕਮੀ ਆਉਣ ਦਾ ਭਾਵ ਇਹ ਹੈ ਕਿ ਮਾਲ ਢੋਹਣ ਦਾ ਦਬਾਅ ਟਰਾਂਸਪੋਰਟਾਂ 'ਤੇ ਘਟ ਰਿਹਾ ਹੈ। ਇਹ ਆਉਣ ਵਾਲੇ ਸਮੇਂ ਦੇ ਲਈ ਮਾੜਾ ਸੰਕੇਤ ਹੈ। ਇਹ ਨਾ ਸਿਰਫ ਆਟੋ ਸੈਕਟਰ ਦੇ ਲਈ ਮਾੜਾ ਹੈ ਸਗੋਂ ਦੇਸ਼ ਦੇ ਉਦਯੋਗ ਅਤੇ ਵਪਾਰਕ ਖੇਤਰ ਲਈ ਵੀ ਚੰਗਾ ਨਹੀਂ। ਆਰਥਿਕ ਸੁਸਤੀ ਦੇ ਕਾਲ ਵਿਚ ਮਾਲ ਦੀ ਢੋਆ-ਢੋਆਈ ਘਟ ਜਾਂਦੀ ਹੈ। ਜ਼ਾਹਰ ਹੈ ਕਿ ਟਰਾਂਸਪੋਰਟਰਾਂ ਨੂੰ ਜ਼ਿਆਦਾ ਕੰਮ ਨਹੀਂ ਮਿਲ ਰਿਹਾ।

ਉਦਯੋਗਿਕ ਵਿਕਾਸ ਦਾ ਨਾਂਹ-ਪੱਖੀ ਰੁਝਾਨ ਅਚਾਨਕ ਨਹੀਂ ਹੋਇਆ, ਇਸ ਦੇ ਸੰਕੇਤ ਕਾਫੀ ਸਮੇਂ ਤੋਂ ਮਿਲ ਰਹੇ ਸਨ। ਜਿਨ੍ਹਾਂ ਵਸਤੂਆਂ ਦੀ ਵਰਤੋਂ ਉਦਯੋਗਿਕ ਇਕਾਈਆਂ ਕਰਦੀਆਂ ਹਨ, ਉਨ੍ਹਾਂ ਦੀ ਵਾਧਾ ਦਰ ਲਗਾਤਾਰ ਘਟ ਰਹੀ ਸੀ; ਜਿਵੇਂ ਸੀਮਿੰਟ ਦੀ ਵਿਕਰੀ 'ਤੇ ਅਸਰ ਪੈ ਰਿਹਾ ਸੀ। ਇਸਪਾਤ ਉਦਯੋਗ ਦਾ ਵੀ ਇਹੀ ਹਾਲ ਸੀ। ਕੋਲਾ ਖੇਤਰ ਵੀ ਖਤਰੇ ਦਾ ਸੰਕੇਤ ਦੇ ਰਿਹਾ ਸੀ। ਕੁਦਰਤੀ ਗੈਸ ਦੀ ਵਾਧਾ ਦਰ ਵੀ ਕਮਜ਼ੋਰ ਹੋ ਰਹੀ ਸੀ ਅਤੇ ਕਈ ਉਦਯੋਗਾਂ ਦੇ ਜੀਵਨ ਦਾਤੇ ਰੀਅਲ ਅਸਟੇਟ ਵਿਚ ਨਿਰਮਾਣ ਲਗਾਤਾਰ ਘਟ ਰਿਹਾ ਸੀ। ਲੱਖਾਂ ਕਰੋੜਾਂ ਰੁਪਏ ਦੇ ਮਕਾਨ ਅਣਵਿਕੇ ਪਏ ਹਨ, ਕੀਮਤਾਂ ਬਹੁਤ ਜ਼ਿਆਦਾ ਹਨ। ਬਾਜ਼ਾਰ ਵਿਚ ਇਸ ਕੀਮਤ 'ਤੇ ਉਨ੍ਹਾਂ ਦੀ ਮੰਗ ਹੈ ਹੀ ਨਹੀਂ ਅਤੇ ਜੇਕਰ ਹੈ ਵੀ ਤਾਂ ਉਹ ਬਹੁਤ ਕਮਜ਼ੋਰ ਹੈ ਪਰ ਭਵਨ ਨਿਰਮਾਤਾ ਉਨ੍ਹਾਂ ਦੀ ਕੀਮਤ ਘੱਟ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਦੇ ਪੈਸੇ ਫਸੇ ਹੋਏ ਹਨ, ਉਨ੍ਹਾਂ ਦੇ ਨਾਲ-ਨਾਲ ਬੈਂਕਾਂ ਦੇ ਪੈਸੇ ਵੀ ਫਸੇ ਹਨ। ਇਸ ਕਾਰਨ ਨਵੇਂ ਭਵਨ ਨਿਰਮਾਣ ਦੀ ਸੰਭਾਵਨਾ ਘਟ ਰਹੀ ਹੈ।

ਸਪਲਾਈ ਵਿਚ ਹੀ ਨਹੀਂ, ਮੰਗ ਵੀ ਵਿਚ ਵੱਡੀ ਸਮੱਸਿਆ ਹੈ। ਆਮਰਪਾਲੀ ਅਤੇ ਜੇ.ਪੀ. ਗਰੁੱਪ ਵਰਗੇ ਵੱਡੇ-ਵੱਡੇ ਬਿਲਡਰਾਂ ਅਤੇ ਕਲੋਨੀ ਨਿਰਮਾਤਾਵਾਂ ਕਾਰਨ ਉਚ-ਮੱਧ ਵਰਗੀ ਅਤੇ ਮੱਧ ਵਰਗੀ ਪਰਿਵਾਰਾਂ ਦੇ ਲੱਖਾਂ ਮਕਾਨ ਸੁਪਰੀਮ ਕੋਰਟ ਦੇ ਆਦੇਸ਼ ਦਾ ਇੰਤਜ਼ਾਰ ਕਰ ਰਹੇ ਹਨ। ਇਨ੍ਹਾਂ ਬਿਲਡਰਾਂ ਨੇ ਘਪਲੇ ਕੀਤੇ ਹਨ। ਗਾਹਕਾਂ ਦੇ ਪੈਸੇ ਹਜ਼ਮ ਕਰ ਲਏ ਅਤੇ ਇਕ ਵੱਡਾ ਹਿੱਸਾ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਨੂੰ ਰਿਸ਼ਵਤ ਵਿਚ ਵੰਡ ਦਿੱਤਾ ਜਿਸ ਦੇ ਕਾਰਨ ਮਕਾਨ ਨਹੀਂ ਬਣ ਸਕੇ। ਸਰਕਾਰ ਨੇ ਗਾਹਕਾਂ ਨੂੰ ਰਾਹਤ ਦੇਣ ਅਤੇ ਉਨ੍ਹਾਂ ਵਿਚ ਵਿਸ਼ਵਾਸ ਪੈਦਾ ਕਰਨ ਦੇ ਲਈ ਕੁਝ ਕਾਨੂੰਨ ਵੀ ਬਣਾਏ ਹਨ ਪਰ ਭਾਰਤ ਕਾਨੂੰਨਾਂ ਦੇ ਪਾਲਣ 'ਤੇ ਨਹੀਂ, ਕਾਨੂੰਨਾਂ ਦੀ ਉਲੰਘਣਾ ਦੇ ਲਈ ਪ੍ਰਸਿੱਧ ਰਿਹਾ ਹੈ। ਇਸ ਕਾਰਨ ਚੰਗੇ ਕਾਨੂੰਨ ਵੀ ਗਾਹਕਾਂ ਵਿਚ ਵਿਸ਼ਵਾਸ ਪੈਦਾ ਨਹੀਂ ਕਰ ਰਹੇ ਪਾ ਰਹੇ ਅਤੇ ਮਕਾਨਾਂ ਦੀ ਮੰਗ ਬਹੁਤ ਕਮਜ਼ੋਰ ਪੈ ਗਈ ਹੈ। ਇਕ ਅੰਦਾਜ਼ੇ ਅਨੁਸਾਰ ਭਵਨ ਨਿਰਮਾਣ ਵਿਚ 600 ਉਦਯੋਗਾਂ ਦੇ ਉਤਪਾਦਾਂ ਦੀ ਵਰਤੋਂ ਹੁੰਦੀ ਹੈ, ਜੇਕਰ ਇਹ ਸੱਚ ਹੈ ਤਾਂ ਇਹ ਮੰਨਣਾ ਹੀ ਪਵੇਗਾ ਕਿ ਉਨ੍ਹਾਂ 600 ਉਦਯੋਗਾਂ ਦੀ ਵਿਕਾਸ ਦਰ ਜ਼ਰੂਰ ਪ੍ਰਭਾਵਿਤ ਹੋਵੇਗੀ। ਮੋਦੀ ਸਰਕਾਰ 'ਅਫੋਰਡੇਬਲ ਹਾਊਸਿੰਗ' 'ਤੇ ਜ਼ੋਰ ਰਹੀ ਹੈ। ਇਸ ਦੇ ਲਈ 10 ਹਜ਼ਾਰ ਕਰੋੜ ਰੁਪਏ ਦਾ ਫੰਡ ਤਿਆਰ ਕਰਨ ਦਾ ਐਲਾਨ ਵੀ ਵਿੱਤ ਮੰਤਰੀ ਨੇ ਕਰ ਦਿੱਤਾ ਹੈ। ਬੈਂਕ ਤੋਂ ਕਰਜ਼ਾ ਵੀ ਸੌਖੀਆਂ ਕਿਸ਼ਤਾਂ 'ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਸਰਕਾਰ ਕਰਜ਼ੇ ਦੇ ਵਿਆਜ 'ਤੇ ਵੀ ਰਿਆਇਤ ਦੇ ਰਹੀ ਹੈ ਪਰ ਇਹ ਵੀ 'ਹਾਊਸਿੰਗ ਪ੍ਰੋਜੈਕਟ' ਵਿਚ ਤੇਜ਼ੀ ਲਿਆਉਣ ਦੇ ਲਈ ਕਾਫੀ ਨਹੀਂ ਜਾਪਦਾ।

ਸਰਕਾਰ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਉਦਯੋਗਪਤੀਆਂ ਨੂੰ ਰਾਹਤ ਦੇ ਰਹੀ ਹੈ ਪਰ ਸਮੱਸਿਆ ਮੁੱਖ ਰੂਪ ਵਿਚ ਮੰਗ ਦੇ ਪੱਧਰ 'ਤੇ ਹੈ ਅਤੇ ਮੰਗ ਉਦੋਂ ਹੀ ਮਜ਼ਬੂਤ ਹੋਵੇਗੀ ਜਦੋਂ ਲੋਕਾਂ ਦੀ ਕਿਰਿਆ ਸ਼ਕਤੀ ਵਧੇਗੀ। ਕਿਰਿਆ ਸ਼ਕਤੀ ਉਦੋਂ ਹੀ ਵਧੇਗੀ, ਜਦੋਂ ਲੋਕਾਂ ਨੂੰ ਰੁਜ਼ਗਾਰ ਮਿਲਦਾ ਅਤੇ ਇਥੇ ਰੁਜ਼ਗਾਰ ਦੇ ਮੌਕੇ ਹੀ ਸੁੰਗੜਦੇ ਜਾ ਰਹੇ ਹਨ। ਲੋਕ ਬੇਰੁਜ਼ਗਾਰ ਹੁੰਦੇ ਜਾ ਰਹੇ ਹਨ ਪਰ ਸਰਕਾਰ ਦਾ ਧਿਆਨ ਇਸ ਪਾਸੇ ਨਹੀਂ ਹੈ। ਆਖਰ ਸਰਕਾਰ ਆਪਣੀ ਕੁੰਭਕਰਨੀ ਨੀਂਦ 'ਚੋਂ ਕਦੋਂ ਜਾਗੇਗੀ?

# 'ਸਿੱਖ ਚੇਤਨਾ ਅਤੇ ਪੰਜਾਬੀ ਸੁਜਗਤਾ' ਵਿਸ਼ੇ 'ਤੇ ਸੈਮੀਨਾਰ

**ਪਟਿਆਲਾ (ਬਿਊਰੋ):** ਇਥੇ ਵਰਲਡ ਪੰਜਾਬੀ ਸੈਂਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਸਿੱਖ ਚੇਤਨਾ ਅਤੇ ਪੰਜਾਬੀ ਸੁਜਗਤਾ' ਵਿਸ਼ੇ 'ਤੇ ਲੰਘੀ 9 ਅਕਤੂਬਰ ਨੂੰ ਸੈਮੀਨਾਰ ਕਰਵਾਇਆ ਗਿਆ।

ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਨੇ ਆਏ ਵਿਦਵਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਿੱਖ ਸਮਾਜ ਦੀ ਪ੍ਰਤੀਨਿਧਤਾ ਧਾਰਮਿਕ ਸ਼੍ਰੇਣੀ ਅਤੇ ਸਿਆਸਤਦਾਨਾਂ ਦੇ ਹੱਥ ਵਿਚ ਜਾਣ ਕਰਕੇ ਸਿੱਖ ਚੇਤਨਾ ਹਾਸ਼ੀਏ 'ਤੇ ਕਿਉਂ ਤੇ ਕਿਵੇਂ ਆ ਗਈ ਹੈ? ਇਸ ਉਤੇ ਵਿਚਾਰ ਕੀਤੇ ਜਾਣ ਦੀ ਲੋੜ ਹੈ। ਸਿੱਖਾਂ ਅਤੇ ਪੰਜਾਬੀਆਂ ਨੂੰ ਗੁਰਮਤਿ ਦੇ ਉਸ ਰੰਗ ਨਾਲ ਜਾਣੂੰ ਕਰਵਾਉਣ ਦੀ ਲੋੜ ਹੈ, ਜਿਸ ਨਾਲ ਜਗਤ ਗੁਰੂ ਬਾਬੇ ਦਾ ਬਿੰਬ ਸਥਾਪਤ ਹੋਇਆ ਸੀ। ਉਨ੍ਹਾਂ ਕਿਹਾ ਕਿ ਇਹ ਯਾਦ ਰਹਿਣਾ ਚਾਹੀਦਾ ਹੈ ਕਿ ਆਲਮੀ ਭਾਈਚਾਰਾ ਹੋ ਗਏ ਸਿੱਖ ਸਮਾਜ ਨੂੰ ਨਾਨਕ ਮਾਡਲ ਦੇ ਦੂਤ ਵਾਂਗ ਵਿਚਰਨ ਦੀ ਲੋੜ ਸਭ ਦੇ ਸਾਹਮਣੇ ਹੈ; ਪਰ ਲਗਦਾ ਹੈ, ਅਸੀਂ ਇਸ ਵਾਸਤੇ ਤਿਆਰ ਨਹੀਂ ਹਾਂ।

ਸੈਮੀਨਾਰ ਦੇ ਮੁੱਖ ਬੁਲਾਰੇ ਪ੍ਰਸਿੱਧ ਵਿਦਵਾਨ ਡਾ. ਗੁਰਿੰਦਰ ਸਿੰਘ ਮਾਨ (ਅਮਰੀਕਾ) ਨੇ ਕਿਹਾ ਕਿ ਉਧਾਰੇ ਮਾਡਲਾਂ ਦੀ ਅਕਾਦਮਕਤਾ ਨਾਲ ਪੈਦਾ ਹੋਈਆਂ ਸਮੱਸਿਆਵਾਂ 'ਚ ਅੰਤਰ-ਧਰਮ ਸੰਵਾਦ ਦਾ ਪੱਛਮੀ ਮਾਡਲ ਅਤੇ ਧਾਰਮਿਕ ਬਹੁਲਵਾਦ ਦੀ ਪੱਛਮੀ ਸਿਧਾਂਤਕੀ ਨੂੰ ਸਾਹਮਣੇ ਰੱਖ ਕੇ ਗੱਲ ਕੀਤੇ ਜਾਣ ਦੀ ਲੋੜ ਹੈ। ਇਸ ਨਾਲ ਵਕਤੀ ਸੰਤੁਸ਼ਟੀ ਦੇਣ ਵਾਲੀ ਸ਼ਬਦਾਵਲੀ ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਕਿਉਂਕਿ ਇਸ ਨੇ ਸਿੱਖਾਂ ਦੇ ਵਿਰਾਸਤੀ ਪ੍ਰਸੰਗ ਨੂੰ ਨੁਕਸਾਨ ਪਹੁੰਚਾਇਆ ਹੈ। ਲੋੜ ਇਹ ਸਮਝਣ ਦੀ ਹੈ ਕਿ 'ਕਿੱਥੋਂ ਤੁਰੇ ਸੀ, ਕਿਧਰ ਤੁਰੇ ਜਾ ਰਹੇ ਹਾਂ?'

ਡਾ. ਮਾਨ ਨੇ ਕਿਹਾ ਕਿ ਸਿੱਖ ਜਿਸ ਤਰ੍ਹਾਂ ਦੇ ਭੰਬਲਭੂਸੇ ਦਾ ਸ਼ਿਕਾਰ ਹੋ ਰਹੇ ਹਨ, ਇਹ ਓਨਾ ਬਾਹਰੀ ਦਖਲ ਕਰਕੇ ਨਹੀਂ ਵਾਪਰਿਆ, ਜਿੰਨਾ ਅੰਦਰੂਨੀ ਕਮਜ਼ੋਰੀਆਂ ਕਰਕੇ ਵਾਪਰੀ ਜਾ ਰਿਹਾ ਹੈ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਬਾਬੇ ਨਾਨਕ ਦੀਆਂ ਸਿਖਿਆਵਾਂ ਨੂੰ ਵਿਸ਼ਵੀਕਰਨ ਤੇ ਪੱਛਮੀਕਰਨ, ਕਿਸੇ ਵੀ ਬਹਾਨੇ ਨਾਲ ਪ੍ਰਭਾਵਿਤ ਕਰਨ ਲੱਗ ਪਿਆ ਹੈ। ਸੋਚਣਾ ਚਾਹੀਦਾ ਹੈ ਕਿ ਸਿੱਖੀ ਵਿਚ ਗੋਤ ਨੂੰ ਧਰਮ ਸਮਝਣ ਦੀ ਵਧੀਕੀ ਕਿਉਂ ਹੋਣ ਲੱਗ ਪਈ ਹੈ? ਡਾ. ਮਾਨ ਨੇ ਯਹੂਦੀਆਂ ਦਾ ਹਵਾਲਾ ਦੇ ਕੇ ਕਿਹਾ ਕਿ ਘਟ-ਗਿਣਤੀਆਂ ਨੂੰ ਆਪਣੇ ਮਾਨਵੀ ਵਸੀਲਿਆਂ ਨੂੰ ਸੁਜਗਤਾ ਨਾਲ ਵਰਤਣਾ ਚਾਹੀਦਾ ਹੈ। ਸਿੱਖ ਤਾਂ ਆਪਣੇ ਅਦਾਰਿਆਂ ਵਿਚ ਨਵੀਂ ਊਰਜਾ ਪੈਦਾ ਕਰਨ ਵਾਲੇ ਰਾਹ ਤੋਂ ਵੀ ਭਟਕੇ ਹੋਏ ਲੱਗਣ ਲੱਗ ਪਏ ਹਨ। ਇਸ ਕਰਕੇ ਯੂਨੀਵਰਸਿਟੀਆਂ ਸਮੇਂ ਦੇ ਹਾਣ ਦਾ ਸ੍ਰੋਤ ਸਾਹਿਤ ਪੈਦਾ ਨਹੀਂ ਕਰ ਰਹੀਆਂ।

ਚਰਚਾ ਨੂੰ ਅੱਗੇ ਤੋਰਦਿਆਂ ਡਾ. ਕੇਹਰ ਸਿੰਘ ਨੇ ਕਿਹਾ ਕਿ ਕੋਈ ਵੀ ਸਮਕਾਲ ਸਮੱਸਿਆਵਾਂ ਤੋਂ ਮੁਕਤ ਨਹੀਂ ਹੁੰਦਾ। ਸਿੱਖ ਅਕਾਦਮਕਤਾ ਬਾਣੀ ਨੂੰ ਲੈ ਕੇ ਪਹਿਲਾਂ ਵੀ ਉਸਰਦੀ ਰਹੀ ਹੈ ਤੇ ਅੱਜ ਵੀ ਉਸਰ ਸਕਦੀ ਹੈ। ਲੋੜ ਹੈ, ਪੱਛਮੀ ਸਿਧਾਂਤਕੀ ਅਤੇ ਪੱਛਮੀ ਪਹੁੰਚ ਨੂੰ ਸਿੱਖ ਅਕਾਦਮਕਤਾ ਦੇ ਹਿੱਤ ਵਿਚ ਵਰਤਣ ਦੀ। ਅਜਿਹਾ ਅਕਾਦਮਕ ਮਜਬੂਰੀਆਂ ਵਿਚੋਂ ਬਾਹਰ ਨਿਕਲ ਕੇ ਹੀ ਹੋ ਸਕਦਾ ਹੈ। ਇਸ ਨੂੰ ਅੱਗੇ ਵਧਾਉਣ ਦਾ ਕੰਮ ਭਾਈ ਵੀਰ ਸਿੰਘ ਮਾਡਲ ਰਾਹੀਂ ਸ਼ਰਧਾ ਤੇ ਸੁਜਗਤਾ ਨੂੰ ਇਕੱਠਿਆਂ ਤੋਰਨ ਨਾਲ ਹੋ ਸਕਦਾ ਹੈ ਤੇ ਪ੍ਰੋ. ਪੂਰਨ ਸਿੰਘ ਮਾਡਲ ਰਾਹੀਂ ਪੱਛਮੀ ਤੇ ਪੂਰਬੀ ਸੁਜਗਤਾ ਨੂੰ ਵਰਤ ਕੇ ਕੀਤਾ ਜਾ ਸਕਦਾ ਹੈ।

ਪ੍ਰਾਪਤ ਅਕਾਦਮਕ ਕੋਸ਼ਿਸ਼ਾਂ ਦੇ ਹਵਾਲੇ ਨਾਲ ਡਾ. ਸਰਬਜਿੰਦਰ ਸਿੰਘ ਨੇ ਕਿਹਾ ਕਿ ਨਵੀਂ ਅਕਾਦਮਕ ਪੀੜ੍ਹੀ ਨੂੰ ਬਜ਼ੁਰਗ ਪੀੜ੍ਹੀ ਵਲੋਂ ਲੋੜੀਂਦਾ ਸਹਿਯੋਗ ਅਤੇ ਮਾਨਤਾ ਨਹੀਂ ਮਿਲ ਰਹੀ। ਡਾ. ਗੁਰਮੀਤ ਸਿੰਘ ਸਿੱਧੂ ਨੇ ਕਿਹਾ ਕਿ ਅਕਾਦਮਕਤਾ ਵਿਚ ਸਿਆਸੀ ਦਖਲਅੰਦਾਜ਼ੀ ਨੇ ਬਹੁਤ ਕੁਝ ਉਥਲ ਪੁਥਲ ਕਰ ਦਿੱਤਾ ਹੈ। ਇਸ 'ਤੇ ਡਾ. ਹਰੀ ਸਿੰਘ ਬੋਪਾਰਾਏ ਦੀ ਟਿੱਪਣੀ ਸੀ ਕਿ ਹੋ ਚੁਕੇ ਨੂੰ ਸੰਭਾਲ ਕੇ ਹੀ ਅੱਗੇ ਤੁਰਿਆ ਜਾ ਸਕਦਾ ਹੈ। ਸ. ਉਜਾਗਰ ਸਿੰਘ ਦੀ ਰਾਇ ਸੀ ਕਿ ਅਕਾਦਮਕਤਾ ਵਿਚੋਂ ਪਰੰਪਰਕ ਹਲੀਮੀ ਗੁਆਚਦੀ ਜਾ ਰਹੀ ਹੈ ਅਤੇ ਇਸ ਨਾਲ ਪੈਦਾ ਹੋਏ ਖਲਾਅ ਵਿਚ ਹਉਮੈ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ।

ਵਿਚਾਰ-ਵਟਾਂਦਰੇ ਵਿਚ ਹਿੱਸਾ ਲੈਂਦਿਆਂ ਡਾ. ਪਰਮਵੀਰ ਸਿੰਘ ਨੇ ਕਿਹਾ ਕਿ ਪਰੰਪਰਕ ਸੰਸਥਾਈ ਜੁਗਤਾਂ ਕਮਜ਼ੋਰ ਪੈਂਦੀਆਂ ਜਾ ਰਹੀਆਂ ਹਨ। ਲੋੜ ਇਹ ਹੈ ਕਿ ਅਕਾਦਮਕਤਾ ਵਿਚ ਆਰਥਕ ਸੱਤਾ ਤੇ ਸਿਆਸੀ ਸੱਤਾ ਦੇ ਦਿਨੋਂ ਦਿਨ ਵਧਦੇ ਦਖਲ ਨੂੰ ਸਮਝ ਕੇ ਆਮ ਚੇਤਨਾ ਉਸਾਰੀਏ ਕਿ ਵਿਰਾਸਤ ਅਤੇ ਪਰੰਪਰਾ ਵਿਚੋਂ ਲੈਣ ਯੋਗ ਨੂੰ ਕਿਵੇਂ ਲੈਣਾ ਹੈ ਅਤੇ ਛੱਡਣ ਯੋਗ ਨੂੰ ਕਿਵੇਂ ਛੱਡਣਾ ਹੈ? ਇਹ ਵੀ ਸੋਚੇ ਜਾਣ ਦੀ ਲੋੜ ਹੈ ਕਿ 1969 ਦੇ ਸ਼ਤਾਬਦੀ ਸਮਾਰੋਹਾਂ ਵਾਲੀ ਅਕਾਦਮਕ ਪਛਾਣ ਕਿਵੇਂ ਹੁੜਕਦੀ ਨਜ਼ਰ ਆ ਰਹੀ ਹੈ? ਇਸ ਦੇ ਕਾਰਨ ਕਿਤੇ ਅਕਾਲੀ ਸਰਕਾਰਾਂ ਦੀ ਦਿਭਤਾ ਦੀ ਸਿਆਸਤ ਦੇ ਪ੍ਰਧਾਨ ਹੋ ਜਾਣ ਕਰਕੇ ਤਾਂ ਨਹੀਂ ਹੈ?

ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਿੱਖ ਅਕਾਦਮਕਤਾ ਵਾਸਤੇ ਵਰਤੀਆਂ ਜਾ ਸਕਣ ਵਾਲੀਆਂ ਲੋੜੀਂਦੀਆਂ ਪਹੁੰਚ ਵਿਧੀਆਂ ਦੀ ਨਿਸ਼ਾਨਦੇਹੀ ਕੀਤੇ ਜਾਣ ਦੀ ਲੋੜ ਹੈ। ਅਜਿਹਾ ਬਾਣੀ ਵੱਲ ਮੁੜਿਆਂ ਹੀ ਸੰਭਵ ਹੋ ਸਕਦਾ ਹੈ। ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਸਿੱਖ ਅਕਾਦਮਕਤਾ ਦੀਆਂ ਸ਼ਾਨਾਂ ਮੱਤੀਆਂ ਪ੍ਰਾਪਤੀਆਂ ਨੂੰ ਨਾਲ ਲੈ ਕੇ ਸਮਕਾਲ ਦੇ ਹਾਣ ਦੀ ਅਕਾਦਮਕਤਾ ਉਸਾਰੇ ਜਾਣ ਦੀ ਲੋੜ ਹੈ। ਗੁਰਮਤਿ ਪ੍ਰਤੀ ਲੋਕ-ਭੁੱਖ ਨਾਲ ਨਜਿੱਠਣ ਲਈ ਲੋੜੀਂਦੇ ਯਤਨ ਨਹੀਂ ਹੋ ਰਹੇ, ਕਿਉਂਕਿ ਕਿਸੇ ਇਕ ਵਿਸ਼ੇ ਨਾਲ ਸਬੰਧਿਤ ਸਿੱਖ ਸਾਹਿਤ ਇਕ ਥਾਂ ਨਹੀਂ ਮਿਲਦਾ। ਸੰਜੀਦਾ ਕੋਸ਼ਿਸ਼ਾਂ ਕੀਤੀਆਂ ਜਾਣ ਤਾਂ ਬਹੁਤ ਕੁਝ ਸੰਭਵ ਹੈ।

ਚਰਚਾ ਨੂੰ ਸਮੇਟਦਿਆਂ ਡਾ. ਚਮਕੌਰ ਸਿੰਘ ਨੇ ਕਿਹਾ ਕਿ ਸਮੱਸਿਆਵਾਂ ਦੀ ਨਿਸ਼ਾਨਦੇਹੀ ਨਾਲ ਸੰਤੁਸ਼ਟ ਹੋਣ ਦੀ ਥਾਂ ਲੋੜੀਂਦੇ ਹੱਲ ਤਲਾਸ਼ੇ ਜਾਣੇ ਚਾਹੀਦੇ ਹਨ। ਇਸ ਖਾਤਰ ਸਿੱਖ ਭਾਈਚਾਰੇ ਦੇ ਵਿਚਾਰਧਾਰਕ ਸਰੋਕਾਰਾਂ ਨੂੰ ਸੂਚਨਾ ਦੇ ਹੜ੍ਹ ਵਿਚ ਰੁੜਨ ਤੋਂ ਬਚਾਏ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋੜ ਤਾਂ ਇਹ ਜਾਣਨ ਦੀ ਵੀ ਪੈਦਾ ਹੋ ਗਈ ਹੈ ਕਿ ਸਿੱਖ ਸਰੋਕਾਰ ਅਤੇ ਸਰਬੱਤ ਦਾ ਭਲਾ ਕਿਧਰੇ ਟਕਰਾਉ ਵਿਚ ਤਾਂ ਨਹੀਂ ਆ ਗਏ? ਉਨ੍ਹਾਂ ਇਹ ਕਹਿ ਕੇ ਗੱਲ ਮੁਕਾਈ ਕਿ ਦੂਜਿਆਂ ਨੂੰ ਸਮਝ ਕੇ, ਸਰਦਾਰੀ ਸਥਾਪਤ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਤਣਾਉ ਦੀ ਥਾਂ ਸਹਿਜ ਸਥਾਪਨ ਦੀਆਂ ਸੰਭਾਵਨਾਵਾਂ ਪੈਦਾ ਹੋ ਸਕਣਗੀਆਂ।

ਡਾ. ਮਲਕਿੰਦਰ ਕੌਰ ਦੀ ਰਾਏ ਸੀ ਕਿ ਸਿੱਖ ਹੋਏ ਬਿਨਾ ਸਿੱਖ ਅਕਾਦਮਕਤਾ ਦੀ ਗੱਲ ਨਹੀਂ ਕੀਤੀ ਜਾ ਸਕਦੀ। ਡਾ. ਕੁਲਵੰਤ ਸਿੰਘ ਗਰੇਵਾਲ ਨੇ ਕਿਹਾ ਕਿ ਬੋਲੀ ਦੇ ਸਾਹਿਤ ਨੇ ਸਿੱਖੀ ਨੂੰ ਅਗਵਾ ਕਰਨ ਵਿਚ ਸਫਲਤਾ ਹਾਸਲ ਕਰ ਲਈ ਹੈ। ਪਿਛੇ ਮੁੜਨ ਲਈ ਸੁਜਗਤਾ ਨੂੰ ਪ੍ਰਚੰਡ ਕਰਨਾ ਪਵੇਗਾ। ਕਿਸੇ ਵੀ ਬੋਲੀ ਨੂੰ ਫਲਣ-ਫੁੱਲਣ ਲਈ ਭਾਸ਼ਾਵਾਂ ਦੇ ਗਿਆਨ ਦੀ ਲੋੜ ਪੈਂਦੀ ਹੈ।

ਡਾ. ਬਲਕਾਰ ਸਿੰਘ ਨੇ ਪੈਨਲਿਸਟਾਂ ਦਾ ਧੰਨਵਾਦ ਕਰਦਿਆਂ ਤਸੱਲੀ ਪ੍ਰਗਟਾਈ ਕਿ ਰਲ ਕੇ ਬਹਿਣ ਨਾਲ ਦਰਪੇਸ਼ ਸਮੱਸਿਆਵਾਂ ਦੀ ਨਿਸ਼ਾਨਦੇਹੀ ਦੇ ਨਾਲ ਨਾਲ ਲੋੜੀਂਦੀ ਸਾਂਝੀ ਸਮਝ ਬਣ ਸਕਣ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਇਹ ਨਹੀਂ ਭੁੱਲਣਾ ਚਾਹੀਦਾ ਕਿ ਜੋ ਧਰਮ ਆਪਣੇ ਸਭਿਆਚਾਰ ਨੂੰ ਨਾਲ ਲੈ ਕੇ ਨਹੀਂ ਤੁਰਦੇ, ਉਹ ਆਪੇ ਕਹਿਣ ਤੇ ਸੁਣਨ ਦੀ ਖਤੋ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਦੀ ਰੌਸ਼ਨੀ ਵਿਚ ਘੱਟੋ ਘੱਟ ਸਹਿਮਤੀ ਦੇ ਆਧਾਰ 'ਤੇ ਸਿੱਖ ਅਕਾਦਮਕ ਲਹਿਰ ਚਲਾਈ ਜਾਵੇ।

# ਪ੍ਰੀਤਲੜੀ ਅਤੇ ਪ੍ਰੀਤਨਗਰ ਦੀ ਗੱਲ

ਨਿੱਕ ਸੁੱਕ




ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਨ੍ਹੀਂ ਦਿਨੀਂ ਆਪਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਜਨਮ ਦੇ 125ਵੇਂ ਵਰ੍ਹੇ ਵਿਚੋਂ ਲੰਘ ਰਹੇ ਹਾਂ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਚ ਦਿਲਚਸਪੀ ਰੱਖਣ ਵਾਲੇ ਉਸ ਨੂੰ ਸਹਿਜ ਪ੍ਰੀਤ ਤੇ ਸੁਪਨਿਆਂ ਦੇ ਸਿਰਜਕ ਵਜੋਂ ਚੇਤੇ ਕਰਦੇ ਹਨ। ਇਹ ਘਟਨਾਕ੍ਰਮ ਅਪਰੈਲ ਮਹੀਨੇ ਆਰੰਭ ਹੋਇਆ ਤੇ ਆਉਂਦੀ ਅਪਰੈਲ ਤੱਕ ਜਾਰੀ ਰਹੇਗਾ। ਗੁਰਬਖਸ਼ ਸਿੰਘ ਦਾ ਜਨਮ ਲਹਿੰਦੇ ਪੰਜਾਬ ਦੇ ਸਿਆਲਕੋਟ ਜਿਲੇ ਵਿਚ ਹੋਇਆ ਤੇ ਉਸ ਨੇ ਅਮਰੀਕਾ ਤੋਂ ਇੰਜੀਨੀਅਰਿੰਗ ਦੀ ਡਿਗਰੀ ਲੈ ਕੇ ਕੁਝ ਸਾਲ ਇੰਡੀਅਨ ਰੇਲਵੇ ਵਿਚ ਨੌਕਰੀ ਵੀ ਕੀਤੀ। ਆਪਣੇ ਜਨਮ ਵਾਲੇ ਪੰਜਾਬ ਵਿਚ ਥੋੜ੍ਹੀ ਦੇਰ ਮਸ਼ੀਨੀ ਖੇਤੀ ਉਤੇ ਹੱਥ ਅਜ਼ਮਾ ਕੇ ਏਧਰਲੇ ਪੰਜਾਬ ਦੀ ਸਰਹੱਦ ਦੇ ਨੇੜੇ ਪ੍ਰੀਤਨਗਰ ਨਾਂ ਦਾ ਕਸਬਾ ਵਸਾ ਕੇ ਨਵੀਂ ਤੇ ਨਰੋਈ ਜ਼ਿੰਦਗੀ ਦਾ ਸੁਪਨਾ ਸਾਕਾਰ ਕਰਨ ਵਾਲਾ ਵੀ ਉਹੀਓ ਸੀ।

ਗੁਰਬਖਸ਼ ਸਿੰਘ ਦੀ 125ਵੀਂ ਵਰੇਗੰਢ ਦੇ ਪ੍ਰੋਗਰਾਮ ਜਾਰੀ ਹਨ। ਹਥਲੇ ਲੇਖ ਦਾ ਮੰਤਵ ਉਨ੍ਹਾਂ ਦੇ ਮਿੱਤਰ ਪਿਆਰਿਆਂ ਤੇ ਮੱਦਾਹਾਂ ਵਲੋਂ ਹੁਣ ਤੱਕ ਨਿਤਾਰੀਆਂ ਗਈਆਂ ਗੱਲਾਂ ਨੂੰ ਪੇਸ਼ ਕਰਨਾ ਹੈ। ਪ੍ਰੀਤਨਗਰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਤੇ ਅਣਵੰਡੇ ਪੰਜਾਬ ਦੀ ਵਪਾਰਕ ਰਾਜਧਾਨੀ ਅੰਮ੍ਰਿਤਸਰ ਤੋਂ ਕਰੀਬ ਇਕੋ ਜਿੰਨੀ ਦੂਰ ਹੋਣ ਸਦਕਾ ਇਸ ਨੂੰ ਪੰਜਾਬੀ ਪਿਆਰਿਆਂ ਨੇ ਆਪਣੀ ਰਿਹਾਇਸ਼ ਲਈ ਹੁਮ ਹਮਾ ਕੇ ਅਪਨਾਇਆ। ਇਨ੍ਹਾਂ ਵਿਚ ਸਿੰਘ ਨਾਨਕ ਸਿੰਘ ਨਾਵਲਕਾਰ ਜਿਹੇ ਉਤਮ ਸਾਹਿਤਕਾਰ ਹੀ ਨਹੀਂ, ਸੋਭਾ ਸਿੰਘ ਚਿੱਤਰਕਾਰ, ਐਕਟਰ, ਡਾਇਰੈਕਟਰ ਬਲਰਾਜ ਸਾਹਨੀ ਜਿਹੇ ਹੋਰ ਵੀ ਸਨ। ਇਸ ਨਗਰੀ ਦੀ ਮਹਿਮਾ ਮਾਣਨ ਵਾਲਿਆਂ ਵਿਚ ਫੈਜ਼ ਅਹਿਮਦ ਫੈਜ਼, ਸਾਹਿਰ ਲੁਧਿਆਣਵੀ, ਉਪਿੰਦਰ ਨਾਥ ਅਸ਼ਕ ਤੇ ਅੰਮ੍ਰਿਤਾ ਪ੍ਰੀਤਮ ਜਿਹੇ ਉਚ ਦੁਮਾਲੜੇ ਸਾਹਿਤਕਾਰ ਹੀ ਨਹੀਂ, ਪੰਡਿਤ ਜਵਾਹਰ ਲਾਲ ਨਹਿਰੂ ਜਿਹੇ ਸਿਆਸਤਦਾਨ ਅਤੇ ਨੌਰਾ ਰਿਚਰਡ ਤੇ ਰਾਬਿੰਦਰ ਨਾਥ ਟੈਗੋਰ ਜਿਹੇ ਨਾਟਕ ਰਸੀਏ ਵੀ ਕਿਸੇ ਨਾ ਕਿਸੇ ਰੂਪ ਵਿਚ ਜੁੜੇ ਰਹੇ। ਨੌਰਾ ਰਿਚਰਡ ਨੇ 1941 ਵਾਲੀ ਫੇਰੀ ਸਮੇਂ ਪ੍ਰੀਤਨਗਰ ਦੀ ਵਿਜ਼ਿਟਰ ਬੁੱਕ ਵਿਚ ਇਥੋਂ ਦੇ ਐਕਟੀਵਿਟੀ ਸਕੂਲ ਨੂੰ ਬਹੁ-ਭਾਂਤੀ ਨਖਲਿਸਤਾਨ (ਮਾਰੂਥਲ ਵਿਚ ਹਰਿਆਵਲ) ਲਿਖਿਆ ਤੇ ਪੰਡਿਤ ਨਹਿਰੂ ਨੇ ਪ੍ਰੀਤਨਗਰ ਨੂੰ ਇਕਸੁਰਤਾ ਤੇ ਇਕਸਾਰਤਾ ਦੀ ਲੋਅ।

ਟੈਗੋਰ ਦੇ ਸਹਿਯੋਗੀ ਗੁਰੂ ਦਿਆਲ ਮਲਿਕ ਨੇ ਆਪਣੀ ਫੇਰੀ ਸਮੇਂ ਇਸ ਨਗਰੀ ਨੂੰ ਸ਼ਾਂਤੀ ਨਿਕੇਤਨ ਦੀ ਭੈਣ ਲਿਖਿਆ। ਇਸ ਨਗਰੀ ਵਿਚ ਸ਼ਾਂਤੀ ਨਿਕੇਤਨ ਜਿਹੀ ਲੋਅ ਵੰਡਣ ਵਿਚ ਗੁਰਬਖਸ਼ ਸਿੰਘ ਦੀ 'ਪ੍ਰੀਤਲੜੀ' ਦਾ ਵਿਸ਼ੇਸ਼ ਯੋਗਦਾਨ ਹੈ, ਜੋ ਦੇਸ਼ ਵੰਡ ਤੋਂ ਪਹਿਲਾਂ ਤੇ ਪਿੱਛੋਂ ਫਾਰਸੀ ਤੇ ਦੇਵਨਾਗਰੀ ਲਿਪੀ ਵਿਚ ਵੀ ਛਪਦੀ ਰਹੀ ਹੈ। ਇੱਕ ਦਾ ਸੰਪਾਦਕ ਸਾਹਿਰ ਲੁਧਿਆਣਵੀ ਸੀ ਤੇ ਦੂਜੀ ਦਾ ਉਪਿੰਦਰ ਨਾਥ ਅਸ਼ਕ।

ਸੰਤਾਲੀ ਦੀ ਦੇਸ਼ ਵੰਡ ਨੇ ਪੰਜਾਬ ਦੀਆਂ ਸਭਿਆਚਾਰਕ ਤੇ ਆਰਥਕ ਕੀਮਤਾਂ ਨੂੰ ਹੀ ਖੇਰੂੰ ਖੇਰੂੰ ਨਹੀਂ ਕੀਤਾ, ਪ੍ਰੀਤਾਂ ਦੀ ਪਹਿਰੇਦਾਰ ਵਜੋਂ ਸਿਰਜੀ ਇਸ ਨਗਰੀ ਨੂੰ ਵੀ ਖੰਡਰ ਬਣਾ ਛੱਡਿਆ। ਪੰਜਾਬ ਦੇ ਟੁਕੜੇ ਕਰਨ ਵਾਲੀ ਸਰਹੱਦੀ ਲਕੀਰ ਪ੍ਰੀਤਨਗਰ ਦੀ ਸਾਹ ਰਗ ਦੇ ਕੋਲੋਂ ਦੀ ਲੰਘਦੀ ਸੀ। ਇਸ ਦੇ ਨਿਰਮਾਤਾ ਗੁਰਬਖਸ਼ ਸਿੰਘ ਨੂੰ ਆਪਣਾ ਸਾਜ਼ੋ ਸਮਾਨ ਲੈ ਕੇ ਕੁਤਬ ਦੀ ਲਾਠ ਵਾਲੀ ਮਹਿਰੌਲੀ ਵਿਚ ਸ਼ਰਨ ਲੈਣੀ ਪਈ ਤੇ ਪ੍ਰੀਤਲੜੀ ਦਾ ਛਾਪਾਖਾਨਾ ਵੀ ਲਾਲ ਕਿਲੇ ਤੇ ਗੁਰਦੁਆਰਾ ਸੀਸ ਗੰਜ ਦੇ ਐਨ ਵਿਚਾਲੇ ਨਵੇਂ ਸਿਰਿਓਂ ਚਾਲੂ ਕਰਨਾ ਪਿਆ। ਸੁਭਾਗਵੱਸ ਦੇਸ਼ ਵੰਡ ਪਿੱਛੋਂ ਦਿੱਲੀ ਦਾ ਨਵਾਂ ਡਿਪਟੀ ਕਮਿਸ਼ਨਰ,




ਪ੍ਰਸਿੱਧ ਪ੍ਰਸ਼ਾਸਕ ਮਹਿੰਦਰ ਸਿੰਘ ਰੰਧਾਵਾ ਨਿਯੁਕਤ ਹੋਇਆ, ਜੋ ਗੁਰਬਖਸ਼ ਸਿੰਘ ਦੀ ਕਰਨੀ, ਕਥਨੀ ਤੇ ਲੇਖਣੀ ਦਾ ਮੱਦਾਹ ਸੀ। ਉਸ ਦੀ ਦਰਿਆਦਿਲੀ ਤੇ ਧੜੱਲੇ ਨੇ ਵਿਰੋਧੀ ਲਹਿਰਾਂ ਦੀ ਸ਼ਿਕਾਰ ਪ੍ਰੀਤਲੜੀ ਨੂੰ ਮਰਨੋਂ ਬਚਾ ਲਿਆ, ਜੋ ਅੱਜ ਵੀ ਸਾਹ ਲੈ ਰਹੀ ਹੈ।

ਇਸ ਪਿੱਛੋਂ ਇਸ ਨਗਰੀ ਨੂੰ ਇੱਕ ਝਟਕਾ ਪੰਜਾਬ ਵਿਚ ਜਨਮੇ ਅਤਿਵਾਦ ਨੇ ਵੀ ਮਾਰਿਆ, ਜਿਸ ਵਿਚ ਗੁਰਬਖਸ਼ ਸਿੰਘ ਦੇ ਪੋਤਰੇ ਸੁਮੀਤ ਸਿੰਘ ਦੀ ਜਾਨ ਵੀ ਲੇਖੇ ਲੱਗੀ। ਪ੍ਰੀਤਲੜੀ ਨੂੰ ਬਣਦੇ ਸਰਦੇ ਸਵਾਸ ਦੇਈ ਰੱਖਣ ਵਿਚ ਗੁਰਬਖਸ਼ ਸਿੰਘ ਦੀ ਪੋਤ-ਨੂੰਹ ਪੂਨਮ ਦਾ ਬੜਾ ਯੋਗਦਾਨ ਹੈ, ਜਿਸ ਨੇ ਸੁਮੀਤ ਦੇ ਭਰਾ ਰਤੀਕਾਂਤ ਨਾਲ ਵਿਆਹ ਹੀ ਨਹੀਂ ਕੀਤਾ, ਪ੍ਰੀਤਲੜੀ ਨੂੰ ਜਾਰੀ ਰੱਖਣ ਵਿਚ ਤਨ, ਮਨ ਲਾ ਰੱਖਿਆ ਹੈ। ਭਾਵੇਂ ਪ੍ਰੀਤਨਗਰ ਨੂੰ ਛੱਡ ਕੇ ਮਹਿਰੌਲੀ ਜਾ ਵੱਸਣ ਵਾਲੇ ਪ੍ਰੀਤਾਂ ਦੇ ਬਹੁਤੇ ਪਹਿਰੇਦਾਰ ਇਸ ਨਗਰੀ ਨਹੀਂ ਪਰਤੇ, ਇਸ ਦਾ ਸਿਰਜਣਹਾਰ ਗੁਰਬਖਸ਼ ਸਿੰਘ ਤੇ ਉਨ੍ਹਾਂ ਦਾ ਛੋਟਾ ਬੇਟਾ ਹਿਰਦੇਪਾਲ ਸਿੰਘ ਦੋ ਕੁ ਸਾਲ ਦੇ ਵਕਫੇ ਪਿਛੋਂ ਪ੍ਰੀਤਨਗਰ ਪਰਤ ਆਏ। ਹਿਰਦੇਪਾਲ ਅੱਜ ਤੱਕ ਉਥੇ ਰਹਿੰਦਾ ਹੈ। ਖੁਸ਼ੀ ਦੀ ਗੱਲ ਹੈ ਕਿ ਉਸ ਦੀ ਜੀਵਨ ਸਾਥਣ ਪ੍ਰਵੀਨਪਾਲ ਸਮੇਂ ਸਮੇਂ ਇਸ ਨਗਰੀ ਦੀਆਂ ਯਾਦਾਂ ਲਿਖ ਕੇ ਇਸ ਦੇ ਚਾਨਣ ਨੂੰ ਬੁਝਣ ਨਹੀਂ ਦੇ ਰਹੀ।

ਹਾਲ ਹੀ ਵਿਚ ਚੰਡੀਗੜ੍ਹ ਸਾਹਿਤ ਅਕਾਦਮੀ ਨੇ ਇਸ ਸਬੰਧੀ ਸੈਮੀਨਾਰ ਰਚਾਇਆ ਤਾਂ ਇਸ ਵਿਚ ਸ਼ਿਰਕਤ ਕਰਕੇ ਉਸ ਨੇ ਪ੍ਰੀਤਲੜੀ, ਪ੍ਰੀਤਨਗਰ ਤੇ ਗੁਰਬਖਸ਼ ਸਿੰਘ ਦੇ ਸਾਰੇ ਪਰਿਵਾਰ ਵਲੋਂ ਮਿਲੇ ਪਿਆਰ ਦੀ ਬਾਤ ਪਾ ਕੇ ਸਰੋਤਿਆਂ ਦੇ ਸਾਹਮਣੇ ਪੌਣੀ ਸਦੀ ਪਹਿਲਾਂ ਜਗੀ ਮਿਸ਼ਾਲ ਦਾ ਚਾਨਣ ਵੀ ਬਿਖੇਰਿਆ। ਇਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਆਏ ਡਾ. ਸੁਰਜੀਤ ਸਿੰਘ ਤੇ 'ਸਿਰਜਣਾ' ਦੇ ਸੰਪਾਦਕ ਰਘਬੀਰ ਸਿੰਘ ਨੇ ਵੀ ਉਨ੍ਹਾਂ ਸਮਿਆਂ ਦੇ ਨਕਸ਼ ਖੂਬ ਉਘਾੜੇ। ਇੱਕ ਸਰੋਤੇ ਨੇ ਪ੍ਰੀਤਨਗਰ ਵਿਚ ਬਿਤਾਏ ਬਚਪਨ ਦੀਆਂ ਗੱਲਾਂ ਕਰਕੇ ਪ੍ਰੀਤਲੜੀ ਦਾ ਮੁੱਖ ਸੰਦੇਸ਼ ਦੁਹਰਾਇਆ, ਜੋ ਗੁਰਬਖਸ਼ ਸਿੰਘ ਨੇ ਖੁਦ ਰਚਿਆ ਸੀ,

ਕਿਸੇ ਦਿਲ ਸਾਂਝੇ ਦੀ ਧੜਕਨ
ਕਿਸੇ ਪ੍ਰੀਤ ਗੀਤ ਦੀ ਲੈਅ,
ਪੰਨੇ ਪ੍ਰੀਤਲੜੀ ਦੇ ਦੱਸਣ
ਇਸ ਵਿਚ ਪ੍ਰੀਤੀ ਸੱਭੇ ਸ਼ੈਅ।

ਜੇ ਮੈਂ ਆਪਣੀ ਗੱਲ ਕਰਨੀ ਹੋਵੇ ਤਾਂ ਮੈਨੂੰ ਇਹ ਦੱਸਣ ਵਿਚ ਖੁਸ਼ੀ ਮਿਲਦੀ ਹੈ ਕਿ ਮੇਰੀ ਜੀਵਨ ਸ਼ੈਲੀ ਨੂੰ ਢਾਲਣ ਵਿਚ ਗੁਰਬਖਸ਼ ਸਿੰਘ ਦੀਆਂ ਲਿਖਤਾਂ ਦਾ ਮੇਰੇ ਮਾਪਿਆਂ ਤੋਂ ਵੀ ਵੱਧ ਹੱਥ ਸੀ, ਜਿਸ ਨੂੰ ਅੱਗੇ ਜਾ ਕੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਕਰਨੀ ਤੇ ਕਥਨੀ ਨੇ ਦ੍ਰਿਸ਼ਟੀ ਪ੍ਰਦਾਨ ਕੀਤੀ ਅਤੇ ਹੋਰ ਪਿਛੋਂ ਕਾਮਰੇਡ ਈ. ਐਮ. ਐਸ. ਨੰਬੂਦਰੀਪਦ ਦੀ ਸੋਚ ਨੇ ਫਲਣ ਲਾਇਆ।

**ਅੰਤਿਕਾ: ਐਸ. ਐਸ. ਮੀਸ਼ਾ**

ਹੈ ਉਵੇਂ ਤ੍ਰਿੰਜਣਾਂ ਦੀ ਰੌਣਕ
ਹੈ ਉਵੇਂ ਪਿੱਪਲਾਂ ਦੀ ਛਾਂ,
ਪਰ ਤੇਰੇ ਬਾਝੋਂ ਇਹ
ਬਸਤੀ ਜਾਪਦੀ ਵੀਰਾਨ ਹੈ।

# ਉਘੀਆਂ ਹਸਤੀਆਂ ਖਿਲਾਫ ਦਰਜ ਕੇਸ ਰੱਦ ਕਰਨ ਦੇ ਹੁਕਮ

**ਮੁਜ਼ੱਫਰਨਗਰ:** ਹਜੂਮੀ ਕਤਲ ਦੀਆਂ ਵਧਦੀਆਂ ਘਟਨਾਵਾਂ ਉਤੇ ਦਖਲ ਦੀ ਮੰਗ ਲਈ ਪ੍ਰਧਾਨ ਮੰਤਰੀ ਨਰਿੰਦਰ ਨੂੰ ਚਿੱਠੀ ਲਿਖਣ ਵਾਲੀਆਂ 50 ਉਘੀਆਂ ਹਸਤੀਆਂ ਖਿਲਾਫ ਦਰਜ ਕੇਸ ਖਤਮ ਕਰਨ ਲਈ ਪੁਲਿਸ ਨੇ ਹੁਕਮ ਜਾਰੀ ਕੀਤੇ ਹਨ। ਐਸ. ਐਸ. ਪੀ. ਮਨੋਜ ਸਿਨਹਾ ਨੇ ਕਿਹਾ ਕਿ ਹੁਣ ਤੱਕ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮਾਂ ਖਿਲਾਫ ਲਾਏ ਗਏ ਦੋਸ਼ ਸ਼ਰਾਰਤਪੂਰਨ ਹਨ ਅਤੇ ਉਨ੍ਹਾਂ ਦਾ ਕੋਈ ਆਧਾਰ ਨਹੀਂ ਹੈ। ਜ਼ਿਕਰਯੋਗ ਹੈ ਕਿ ਸਥਾਨਕ ਐਡਵੋਕੇਟ ਸੁਧੀਰ ਕੁਮਾਰ ਓਝਾ ਦੀ ਪਟੀਸ਼ਨ 'ਤੇ ਚੀਫ ਜਸਟਿਸ ਦੇ ਹੁਕਮਾਂ ਬਾਅਦ ਸਦਰ ਥਾਣੇ ਵਿਚ ਬੀਤੇ ਹਫਤੇ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਪ੍ਰਧਾਨ ਮੰਤਰੀ ਨੂੰ ਲਿਖੀ ਖੁੱਲ੍ਹੀ ਚਿੱਠੀ ਵਿਚ ਫਿਲਮ ਨਿਰਮਾਤਾ ਸ਼ਿਆਮ ਬੇਨੇਗਲ, ਮਣੀ ਰਤਨਮ ਤੇ ਅਨੁਰਾਗ ਕਸ਼ਿਅਪ ਤੋਂ ਇਲਾਵਾ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਦਸਤਖਤ ਕੀਤੇ ਸਨ। ਪ੍ਰਧਾਨ ਮੰਤਰੀ ਨੂੰ ਖੁੱਲ੍ਹੀ ਚਿੱਠੀ ਲਿਖੇ ਜਾਣ ਦੀਆਂ ਰਿਪੋਰਟਾਂ ਆਉਣ ਦੇ ਤੁਰਤ ਬਾਅਦ ਐਡਵੋਕੇਟ ਓਝਾ ਨੇ ਇਸ ਵਰ੍ਹੇ ਜੁਲਾਈ ਵਿਚ ਅਦਾਲਤ ਵਿਚ ਪਟੀਸ਼ਨ ਦਾਖਲ ਕੀਤੀ ਸੀ।

ਚੀਫ ਜਸਟਿਸ ਸੂਰਿਆ ਕਾਂਤ ਤਿਵਾੜੀ ਨੇ ਅਗਸਤ ਵਿਚ ਧਾਰਾ 156(3) ਤਹਿਤ ਪਟੀਸ਼ਨ ਮਨਜ਼ੂਰ ਕਰਦਿਆਂ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ ਜਿਸ ਤੋਂ ਬਾਅਦ 3 ਅਕਤੂਬਰ ਨੂੰ ਮੁਜ਼ੱਫਰਨਗਰ ਵਿਚ 50 ਹਸਤੀਆਂ ਖਿਲਾਫ ਦੇਸ਼ ਧਰੋਹ ਦਾ ਕੇਸ ਦਰਜ ਕੀਤਾ ਗਿਆ ਸੀ। ਦਿਲਚਸਪ ਹੈ ਕਿ ਪਟੀਸ਼ਨਰ ਨੇ ਬੌਲੀਵੁੱਡ ਹਸਤੀਆਂ ਕੰਗਨਾ ਰਣੌਤ, ਮਧੁਰ ਭੰਡਾਰਕਰ ਅਤੇ ਵਿਵੇਕ ਅਗਨੀਹੋਤਰੀ ਨੂੰ ਇਸ ਕੇਸ ਵਿਚ ਗਵਾਹ ਬਣਾਇਆ ਸੀ। ਹਸਤੀਆਂ 'ਤੇ ਕੇਸ ਦਰਜ ਹੋਣ ਬਾਅਦ ਪੂਰੇ ਮੁਲਕ ਵਿਚ ਰੋਸ ਫੈਲ ਗਿਆ ਸੀ ਤੇ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਕਈ ਹਸਤੀਆਂ ਨੇ ਇਸ ਦੀ ਆਲੋਚਨਾ ਕੀਤੀ ਸੀ।

### ਸਮਾਜ 'ਚ ਪਸਰ ਰਹੀ ਨਫਰਤ ਫਿਕਰਮੰਦ ਕਰਨ ਵਾਲੀ: ਨਸੀਰੂਦੀਨ ਸ਼ਾਹ

ਅਦਾਕਾਰ ਨਸੀਰੂਦੀਨ ਸ਼ਾਹ ਦਾ ਕਹਿਣਾ ਹੈ ਕਿ ਹਜੂਮੀ ਕਤਲਾਂ ਦੀਆਂ ਘਟਨਾਵਾਂ ਬਾਰੇ ਉਹ ਆਪਣੇ ਬਿਆਨ 'ਤੇ ਅਡੋਲ ਹਨ ਤੇ ਸਮਾਜ ਵਿਚ 'ਸ਼ਰੇਆਮ ਨਫਰਤ' ਦੇ ਫੈਲਾਅ ਤੋਂ ਬੇਹੱਦ ਪ੍ਰੇਸ਼ਾਨ ਹਨ। ਪਿਛਲੇ ਸਾਲ 69 ਸਾਲਾ ਅਦਾਕਾਰ ਨੇ ਹਿੰਸਕ ਘਟਨਾਵਾਂ ਬਾਰੇ ਕਿਹਾ ਸੀ ਕਿ ਕੁਝ ਥਾਵਾਂ 'ਤੇ ਗਊ ਹੱਤਿਆ ਨੂੰ ਪੁਲਿਸ ਮੁਲਾਜ਼ਮ ਦੀ ਹੱਤਿਆ ਤੋਂ ਵੱਧ ਤਵੱਜੋ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਮਹਿਸੂਸ ਕਰਦੇ ਹਨ, ਉਹ ਕਹਿੰਦੇ ਹਨ ਤੇ ਉਸ 'ਤੇ ਖੜ੍ਹਦੇ ਵੀ ਹਨ। ਸ਼ਾਹ ਨੇ ਕਿਹਾ ਕਿ ਉਨ੍ਹਾਂ ਲੋਕਾਂ ਦੀ ਆਲੋਚਨਾ ਵੀ ਸਹਿਣੀ ਪੈਂਦੀ ਹੈ ਜਿਨ੍ਹਾਂ ਕੋਲ ਸ਼ਾਇਦ ਕਰਨ ਲਈ ਕੁਝ ਹੋਰ ਨਹੀਂ ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ।

### ਖੁੱਲ੍ਹ ਕੇ ਵਿਚਾਰ ਪ੍ਰਗਟਾਉਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ: ਜਾਵੇਦ

ਉਘੇ ਗੀਤਕਾਰ ਤੇ ਲੇਖਕ ਜਾਵੇਦ ਅਖਤਰ ਨੇ ਕਿਹਾ ਕਿ ਲੋਕਤੰਤਰ ਵਿਚ ਲੋਕਾਂ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾਉਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ, ਚਾਹੇ ਉਹ ਸ਼ਾਸਨ ਦੇ ਖਿਲਾਫ ਹੀ ਕਿਉਂ ਨਾ ਹੋਣ। ਸਿਆਸੀ ਤੇ ਸਮਾਜਿਕ ਪੱਖ ਤੋਂ ਵਿਚਾਰ ਰੱਖਣ ਉਚ ਹਮੇਸ਼ਾ ਮੋਹਰੀ ਰਹੇ ਅਖਤਰ ਦਾ ਮੰਨਣਾ ਹੈ ਕਿ ਲੋਕਰਾਜ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੱਬੀ ਨਹੀਂ ਜਾਣੀ ਚਾਹੀਦੀ।

ਉਨ੍ਹਾਂ ਕਿਹਾ 'ਜੇ ਤੁਸੀਂ ਕਿਸੇ ਵਿਅਕਤੀ ਜਾਂ ਸਰਕਾਰ ਨੂੰ ਕੁਝ ਕਹਿੰਦੇ ਹੋ ਤਾਂ ਕੀ ਇਹ ਉਸ ਨੂੰ ਪਸੰਦ ਆਵੇਗਾ? ਮੈਨੂੰ ਨਹੀਂ ਲਗਦਾ ਕਿ ਅਜਿਹੀ ਕੋਈ ਸਰਕਾਰ ਹੋ ਸਕਦੀ ਹੈ ਜਿਸ ਦੀ ਤੁਸੀਂ ਆਲੋਚਨਾ ਕਰੋ ਤੇ ਉਹ ਖੁਸ਼ ਹੋਵੇ।' ਇਸ ਦੇ ਬਾਵਜੂਦ ਲੋਕ ਆਪਣੇ ਵਿਚਾਰ ਖੁੱਲ੍ਹ ਕੇ ਰੱਖਦੇ ਹਨ ਤੇ ਖੁਦ ਨੂੰ ਵਿਅਕਤ ਕਰਦੇ ਹਨ। ਇਸ ਹੱਕ ਨੂੰ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ।

# ਖੁਸ਼ੀਆਂ ਖੇੜਿਆਂ ਦੀ ਫੁਹਾਰ ਲੋਕ ਨਾਚ

ਲੋਕ ਧਾਰਾ



ਸੁਖਦੇਵ ਮਾਦਪੁਰੀ
ਫੋਨ: 91-94630-34472

ਕਿਸੇ ਖੁਸ਼ੀ ਦੇ ਮੌਕੇ ਜਦੋਂ ਸਾਡੇ ਅੰਦਰੋਂ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਮਨ ਵਜਦ ਵਿਚ ਆ ਜਾਂਦਾ ਹੈ ਤੇ ਅਸੀਂ ਆਪਣੇ ਸਰੀਰ ਦੀਆਂ ਹਰਕਤਾਂ ਰਾਹੀਂ ਇਸ ਦਾ ਪ੍ਰਗਟਾਵਾ ਕਰਦੇ ਹਾਂ। ਰਾਗ ਤੇ ਤਾਲ ਦੇ ਸੁਮੇਲ ਨਾਲ ਮਨੁੱਖ ਨੱਚ ਉਠਦਾ ਹੈ। ਇਕੱਲੇ ਮਨੁੱਖ ਦੀ ਖੁਸ਼ੀ ਵਿਚ ਸ਼ਾਮਿਲ ਹੋਣ ਲਈ ਜਦੋਂ ਉਸ ਦੇ ਸਾਥੀ ਉਸ ਨਾਲ ਰਲ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਹ ਸਮੂਹਕ ਨਾਚ ਦਾ ਰੂਪ ਧਾਰ ਲੈਂਦਾ ਹੈ, ਜਿਸ ਨੂੰ ਅਸੀਂ ਲੋਕ ਨਾਚ ਕਹਿੰਦੇ ਹਾਂ।

ਲੋਕ ਨਾਚ ਮਨ ਦੀ ਖੁਸ਼ੀ ਦਾ ਸਰੀਰਕ ਪ੍ਰਗਟਾਵਾ ਹੈ। ਇਹ ਉਹ ਚਸ਼ਮਾ ਹੈ, ਜਿਸ ਵਿਚੋਂ ਖੁਸ਼ੀ ਦੀਆਂ ਫੁਹਾਰਾਂ ਆਪ ਮੁਹਾਰੇ ਹੀ ਵਹਿ ਤੁਰਦੀਆਂ ਹਨ। ਲੋਕ ਨਾਚ ਬਿਨਾ ਕਿਸੇ ਨਿਯਮ ਦੀ ਬੰਧੇਜ਼ ਦੇ ਮੌਜ ਵਿਚ ਨੱਚਿਆ ਜਾਂਦਾ ਹੈ। ਇਸ ਨੂੰ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਨਹੀਂ, ਨਾ ਹੀ ਕਿਸੇ ਵਿਸ਼ੇਸ਼ ਸਿੱਖਿਆ ਦੀ। ਲੋਕ ਨਾਚ ਦੀਆਂ ਮੁਦਰਾਵਾਂ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਾਂਗ ਬੜੀਆਂ ਸਿੱਧੀਆਂ ਤੇ ਸਪੱਸ਼ਟ



ਹੁੰਦੀਆਂ ਹਨ। ਸ਼ਾਸਤਰੀ ਨਾਚ ਸਿੱਖਣ ਲਈ ਪ੍ਰਬੀਨ ਉਸਤਾਦ ਰਾਹੀਂ ਵਿਸ਼ੇਸ਼ ਸਿੱਖਿਆ ਦੀ ਲੋੜ ਪੈਂਦੀ ਹੈ।

ਆਮ ਲੋਕਾਂ ਦੀ ਜ਼ਿੰਦਗੀ ਇਨ੍ਹਾਂ ਨਾਚਾਂ ਵਿਚ ਧੜਕਦੀ ਹੈ। ਇਹ ਸਾਡੇ ਸਭਿਆਚਾਰ ਦਾ ਦਰਪਣ ਹਨ। ਕਿਸੇ ਇਲਾਕੇ ਦੀ ਭੂਗੋਲਕ, ਸਿਆਸੀ ਅਤੇ ਸਮਾਜਕ ਸਥਿਤੀ ਅਨੁਸਾਰ ਹੀ ਲੋਕ ਨਾਚਾਂ ਦੀ ਰੂਪ ਰੇਖਾ ਉਭਰਦੀ ਹੈ। ਪਹਾੜੀ, ਮੈਦਾਨੀ ਤੇ ਸਾਗਰੀ ਇਲਾਕੇ ਦੇ ਲੋਕਾਂ ਅਤੇ ਜੰਗਲੀ ਜੀਵਨ ਜੀਅ ਰਹੇ ਲੋਕਾਂ ਦੇ ਨਾਚਾਂ ਵਿਚ ਫਰਕ ਹੈ। ਕਈ ਇਲਾਕਿਆਂ ਵਿਚ ਮਰਦ-ਤੀਵੀਆਂ ਰਲ ਕੇ ਨੱਚਦੇ ਹਨ, ਕਈ ਥਾਂਈਂ 'ਕੱਠਿਆਂ ਨੱਚਣ ਦੀ ਮਨਾਹੀ ਹੈ।

ਪੰਜਾਬ ਦੇ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਪੰਜਾਬ ਦੀ ਭੂਗੋਲਿਕ ਅਤੇ ਰਾਜਨੀਤਕ ਸਥਿਤੀ ਅਨੁਸਾਰ ਪੰਜਾਬੀਆਂ ਨੂੰ ਮੁੱਢ ਤੋਂ ਹੀ ਹੱਡ-ਭੰਨਵੀਂ ਕਾਰ ਕਰਨ ਪਿਛੋਂ ਵਿਦੇਸ਼ੀ ਹਮਲਾਵਰਾਂ ਨਾਲ ਜੂਝਣਾ ਪਿਆ ਹੈ। ਪੰਜਾਬੀਆਂ ਦੇ ਜੁੱਸੇ ਬੜੇ ਨਰੋਏ ਤੇ ਖੂਬਸੂਰਤ ਹਨ। ਪੰਜਾਬ ਦੀ ਉਪਜਾਊ ਧਰਤੀ, ਇਸ ਦੇ ਮੇਲ੍ਹਦੇ ਦਰਿਆ, ਲਹਿਰਾਉਂਦੀਆਂ ਫਸਲਾਂ ਅਤੇ ਪੈਲਾਂ ਪਾਉਂਦੀਆਂ ਮੁਟਿਆਰਾਂ ਪੰਜਾਬੀਆਂ ਨੂੰ ਸਦਾ ਟੁੰਬਦੀਆਂ ਰਹੀਆਂ ਹਨ। ਪੰਜਾਬੀਆਂ ਦੇ ਸੁਭਾਅ ਅਤੇ ਮਰਦਊਪੁਣੇ ਦੇ ਲੱਛਣ ਪੰਜਾਬ ਦੇ ਲੋਕ ਨਾਚਾਂ ਵਿਚ ਆਮ ਦਿਸ ਪੈਂਦੇ ਹਨ। ਭੰਗੜਾ, ਗਿੱਧਾ, ਝੂੰਮਰ, ਲੁੱਡੀ, ਧਮਾਲ, ਸੰਮੀ ਅਤੇ ਕਿੱਕਲੀ ਆਦਿ ਪੰਜਾਬੀਆਂ ਦੇ ਹਰਮਨ ਪਿਆਰੇ ਨਾਚ ਹਨ।

ਭੰਗੜਾ ਪੰਜਾਬੀ ਗੱਭਰੂਆਂ ਦਾ ਲੋਕਪ੍ਰਿਅ ਨਾਚ ਹੈ। ਪੱਛਮੀ ਪੰਜਾਬ ਦੇ ਜਿਲਿਆਂ-ਸ਼ੇਖੂਪੁਰਾ, ਗੁਜਰਾਵਾਲਾਂ ਅਤੇ ਸਿਆਲਕੋਟ ਵਿਚ ਇਹ ਨਾਚ ਆਮ ਸੀ। ਦੇਸ਼ ਆਜ਼ਾਦ ਹੋਣ ਪਿੱਛੋਂ ਇਸ ਇਲਾਕੇ ਦੇ ਸ਼ਰਨਾਰਥੀ ਪੰਜਾਬ ਦੇ ਦੂਜੇ ਹਿੱਸਿਆਂ ਵਿਚ ਆ ਕੇ ਵਸ ਗਏ ਤੇ ਇਹ ਨਾਚ ਪੂਰਬੀ ਪੰਜਾਬ ਵਿਚ ਪ੍ਰਚਲਿਤ ਹੋ ਗਿਆ। ਜੋਸ਼ ਭਰੇ ਇਸ ਨਾਚ ਨੂੰ ਨੱਚਣ ਲਈ ਨਰੋਏ ਜੁੱਸੇ ਅਤੇ ਫੁਰਤੀਲੇ ਸਰੀਰ ਦੀ ਲੋੜ ਹੈ।

ਅਪਰੈਲ ਮਹੀਨੇ ਜਦੋਂ ਕਿਸਾਨ ਕਣਕ ਦੇ ਸੁਨਹਿਰੀ ਸਿੱਟੇ ਵੇਖਦਾ ਹੈ ਤਾਂ ਉਸ ਦਾ ਮਨ ਹੁਲਾਰੇ ਵਿਚ ਆ ਜਾਂਦਾ ਹੈ। ਉਸ ਦੀ ਖੁਸ਼ੀ ਦਾ ਪ੍ਰਗਟਾਵਾ ਭੰਗੜੇ ਦੇ ਰੂਪ ਵਿਚ ਰੂਪਮਾਨ ਹੁੰਦਾ ਹੈ। ਭੰਗੜਾ ਭਾਵੇਂ ਹਰ ਖੁਸ਼ੀ ਦੇ ਮੌਕੇ ਪਾਇਆ ਜਾਂਦਾ ਹੈ, ਪਰ ਇਸ ਦਾ ਅਟੁੱਟ ਸਬੰਧ ਵਿਸਾਖੀ ਦੇ ਤਿਉਹਾਰ ਨਾਲ ਹੈ।

ਗਿੱਧਾ ਪੰਜਾਬ ਦੇ ਮਾਲਵੇ ਦੇ ਇਲਾਕੇ ਦਾ ਮੁਟਿਆਰਾਂ ਦਾ ਮਨਮੋਹਕ ਨਾਚ ਹੈ। ਗਿੱਧੇ ਦੇ ਨੱਚਣ ਨੂੰ ਗਿੱਧਾ ਪਾਉਣਾ ਆਖਦੇ ਹਨ। ਗਿੱਧਾ ਕਿਸੇ ਵੀ ਖੁਸ਼ੀ ਦੇ ਮੌਕੇ ਪਾਇਆ ਜਾ ਸਕਦਾ ਹੈ। ਮੁੰਡੇ ਦੀ ਛਟੀ, ਲੋਹੜੀ ਅਤੇ ਵਿਆਹ ਸ਼ਾਦੀ ਦੇ ਮੌਕੇ ਵਿਸ਼ੇਸ਼ ਤੌਰ 'ਤੇ ਪਾਇਆ ਜਾਂਦਾ ਹੈ। ਸਾਉਣ ਦੇ ਮਹੀਨੇ ਪੰਜਾਬ ਦੀਆਂ ਸੁਆਉਣੀਆਂ ਇਸ ਨੂੰ ਇੱਕ ਤਿਉਹਾਰ ਦੇ ਰੂਪ ਵਿਚ ਮਨਾਉਂਦੀਆਂ ਹਨ, ਜਿਸ ਨੂੰ ਤੀਆਂ ਆਖਦੇ ਹਨ।

ਗਿੱਧਾ ਪਾਉਣ ਵੇਲੇ ਕੇਵਲ ਨੱਚਿਆ ਹੀ ਨਹੀਂ ਜਾਂਦਾ, ਸਗੋਂ ਮਨ ਦੇ ਭਾਵ ਪ੍ਰਗਟਾਉਣ ਲਈ ਨਾਲ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਗਿੱਧੇ ਦੀਆਂ ਬੋਲੀਆਂ ਆਖਦੇ ਹਨ। ਇਨ੍ਹਾਂ ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨ ਦੇ ਹਾਵ ਭਾਵ ਪ੍ਰਗਟਾਉਂਦੀਆਂ ਹਨ।

ਗਿੱਧਾ ਪਾਉਣ ਵੇਲੇ ਕੁੜੀਆਂ ਇੱਕ ਗੋਲ ਦਾਇਰਾ ਬਣਾ ਕੇ ਖਲੋ ਜਾਂਦੀਆਂ ਹਨ। ਗੱਭੇ ਇੱਕ ਕੁੜੀ ਘੜਾ ਜਾਂ ਢੋਲਕੀ ਲੈ ਕੇ ਬਹਿ ਜਾਂਦੀ ਹੈ। ਢੋਲਕੀ ਵੱਜਦੀ ਹੈ ਤੇ ਇੱਕ ਕੁੜੀ ਆ ਕੇ ਬੋਲੀ ਪਾਉਂਦੀ ਹੈ। ਉਹ ਬੋਲੀ ਪਾਉਣ ਸਮੇਂ ਚਾਰੇ ਪਾਸੇ ਘੁੰਮਦੀ ਹੈ, ਜਦ ਬੋਲੀ ਦਾ ਆਖਰੀ ਟੱਪਾ ਬੋਲਦੀ ਹੈ ਤਾਂ ਪਿੜ ਵਿਚ ਖਲੋਤੀਆਂ ਕੁੜੀਆਂ ਟੱਪਾ ਚੁੱਕ ਲੈਂਦੀਆਂ ਹਨ-ਭਾਵ ਇਸ ਨੂੰ ਉਚੀ-ਉਚੀ ਗਾਉਣ ਲੱਗ ਜਾਂਦੀਆਂ ਹਨ ਤੇ ਨਾਲ ਹੀ ਤਾੜੀਆਂ ਮਾਰ ਕੇ ਤਾਲ ਦਿੰਦੀਆਂ ਹਨ ਤੇ ਦਾਇਰੇ ਵਿਚੋਂ ਨਿਕਲ ਕੇ ਦੋ ਕੁੜੀਆਂ ਪਿੜ ਵਿਚ ਆ ਕੇ ਨੱਚਣ ਲੱਗ ਜਾਂਦੀਆਂ ਹਨ। ਇਹ ਨਾਚ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਬੋਲੀ ਦਾ ਆਖਰੀ ਟੱਪਾ ਕੁੜੀਆਂ ਰਲ ਕੇ ਗਾਉਂਦੀਆਂ ਹਨ। ਨੱਚਣ ਵਾਲੀਆਂ ਕੁੜੀਆਂ ਨੇ ਪੈਰੀਂ ਝਾਂਜਰਾਂ ਪਾਈਆਂ ਹੁੰਦੀਆਂ ਹਨ। ਝਾਂਜਰਾਂ ਦੀ ਛਣਕਾਰ, ਪੈਰਾਂ ਦੀ ਧਮਕ ਅਤੇ ਢੋਲਕੀ ਦੀ ਤਾਲ ਉਤੇ ਵੱਜਦੀ ਤਾੜੀ ਇੱਕ ਅਨੂਠਾ ਸਮਾਂ ਬੰਨ੍ਹ ਦਿੰਦੀ ਹੈ। ਜਦੋਂ ਤੱਕ ਕੁੜੀਆਂ ਬੋਲੀ ਚੁੱਕੀ ਰੱਖਦੀਆਂ ਹਨ, ਨਾਚੀਆਂ ਨੱਚਦੀਆਂ ਰਹਿੰਦੀਆਂ ਹਨ। ਮੁੜ ਨਵੀਂ ਬੋਲੀ ਪਾਈ ਜਾਂਦੀ ਹੈ, ਚੁੱਕੀ ਜਾਂਦੀ ਹੈ ਤੇ ਗਿੱਧਾ ਮਘਦਾ ਰਹਿੰਦਾ ਹੈ।

ਗਿੱਧਾ ਕੇਵਲ ਤੀਵੀਆਂ ਹੀ ਨਹੀਂ ਪਾਉਂਦੀਆਂ, ਮਰਦ ਵੀ ਪਾਉਂਦੇ ਹਨ, ਉਨ੍ਹਾਂ ਦੇ ਗਿੱਧੇ ਦਾ ਰੰਗ ਤੀਵੀਆਂ ਦੇ ਗਿੱਧੇ ਵਰਗਾ ਨਹੀਂ



ਹੁੰਦਾ। ਗਿੱਧਾ ਪਾਉਣ ਦਾ ਢੰਗ ਤਾਂ ਔਰਤਾਂ ਵਾਲਾ ਹੀ ਹੈ, ਪ੍ਰੰਤੂ ਔਰਤਾਂ ਵਾਲੇ ਨਾਚ ਦੀ ਲਚਕ ਮਰਦਾਂ ਵਿਚ ਨਹੀਂ ਹੁੰਦੀ। ਉਨ੍ਹਾਂ ਦਾ ਵੱਧ ਜ਼ੋਰ ਬੋਲੀਆਂ ਉਤੇ ਹੀ ਹੁੰਦਾ ਹੈ। ਜੇ ਮਰਦਾਂ ਦਾ ਗਿੱਧਾ ਵੇਖਣਾ ਹੋਵੇ ਤਾਂ ਛਪਾਰ ਦੇ ਮੇਲੇ 'ਤੇ ਇਸ ਦਾ ਅਨੰਦ ਮਾਣਿਆ ਜਾ ਸਕਦਾ ਹੈ।

ਲੁੱਡੀ ਪੰਜਾਬੀਆਂ ਦਾ ਬੜਾ ਮਨਮੋਹਕ ਨਾਚ ਰਿਹਾ ਹੈ। ਇਹ ਆਮ ਕਰਕੇ ਕਿਸੇ ਜਿੱਤ ਦੀ ਖੁਸ਼ੀ ਵਿਚ ਪਾਈ ਜਾਂਦੀ ਸੀ। ਕਿਸੇ ਨੇ ਮੁਕੱਦਮਾ ਜਿੱਤਿਆ ਹੁੰਦਾ ਜਾਂ ਖੇਡ ਦੇ ਮੈਦਾਨ ਵਿਚ ਮੱਲ ਮਾਰੀ ਹੁੰਦੀ ਤਾਂ ਝੱਟ ਢੋਲੀ ਬੁਲਾ ਕੇ ਜਿੱਤ ਦੀ ਖੁਸ਼ੀ ਦਾ ਪ੍ਰਗਟਾਵਾ ਲੁੱਡੀ ਪਾ ਕੇ ਹੀ ਕੀਤਾ ਜਾਂਦਾ ਸੀ। ਵਿਆਹ ਦੇ ਮੌਕੇ, ਮੁੰਡੇ ਦੀ ਛਟੀ, ਫਸਲ ਦੀ ਵਾਢੀ ਦੇ ਮੌਕੇ ਆਮ ਕਰਕੇ ਅਤੇ ਮੇਲਿਆਂ ਮੁਸਾਵਿਆਂ ਵਿਚ ਖਾਸ ਕਰਕੇ ਲੁੱਡੀ ਪਾਈ ਜਾਂਦੀ ਸੀ।

ਢੋਲੀ ਆਪਣੇ ਢੋਲ 'ਤੇ ਡੱਗਾ ਮਾਰਦਾ ਤੇ ਲੁੱਡੀ ਦਾ ਤਾਲ ਵਜਾਉਂਦਾ ਤਾਂ ਉਸ ਦੀ ਆਵਾਜ਼ ਨਾਲ ਖਚੀਂਦੇ ਗੱਭਰੂ ਢੋਲੀ ਦੇ ਆਲੇ-ਦੁਆਲੇ ਗੋਲ ਦਾਇਰੇ ਵਿਚ ਘੇਰਾ ਘੱਤ ਲੈਂਦੇ। ਉਹ ਅੱਖਾਂ ਮਟਕਾਉਂਦੇ, ਮੋਢੇ ਹਿਲਾਉਂਦੇ, ਲੱਕ ਲਚਕਾਉਂਦੇ ਅਤੇ ਛਾਤੀ ਅੱਗੇ ਤਾੜੀ ਮਾਰਦੇ ਚੱਕਰ ਵਿਚ ਹੌਲੀ ਹੌਲੀ ਮਸਤ ਚਾਲ ਤੁਰਦੇ, ਫੇਰ ਢੋਲੀ ਇਸ਼ਾਰਾ ਕਰਕੇ ਤਾਲ ਬਦਲਦਾ ਤੇ ਤਿੰਨ ਤਾੜੀਆਂ ਵਜਾਈਆਂ ਜਾਂਦੀਆਂ। ਪਹਿਲੀ ਤਾੜੀ ਘੇਰੇ ਦੇ ਅੰਦਰਲੇ ਪਾਸੇ ਝੁੱਕ ਕੇ, ਦੂਜੀ ਛਾਤੀ ਅੱਗੇ ਤੇ ਤੀਜੀ ਫੇਰੇ-ਘੇਰੇ ਦੇ ਬਾਹਰਲੇ ਪਾਸੇ ਝੁਕ ਕੇ ਮਾਰੀ ਜਾਂਦੀ। ਨਾਲੋ ਨਾਲ ਤਾਲ ਤੇਜ਼ ਹੋ ਜਾਂਦੀ। ਇਸ ਪਿਛੋਂ ਢੋਲੀ ਫੇਰ ਤਾਲ ਬਦਲਦਾ, ਉਸ ਦੇ ਇਸ਼ਾਰੇ ਨਾਲ ਪਹਿਲਾਂ ਸੱਜੀ ਬਾਂਹ ਤੇ ਸੱਜੀ ਲੱਤ ਚੁੱਕ ਕੇ ਖੱਬੇ ਪੈਰ ਨਾਲ ਕੁੱਦਿਆ ਜਾਂਦਾ ਤੇ ਫੇਰ ਖੱਬੀ ਬਾਂਹ ਤੇ ਖੱਬੀ ਲੱਤ ਚੁੱਕ ਕੇ ਖੱਬੇ ਸੱਜੇ ਪੈਰ ਨਾਲ ਕੁੱਦਦੇ। ਨਾਲ ਹੀ ਬੱਲੇ ਬੱਲੇ, ਬੱਲੇ ਸ਼ੇਰਾ, ਬੱਲੇ ਓਏ ਬੱਗਿਆ ਸ਼ੇਰਾ ਵਾਰ-ਵਾਰ ਜ਼ੋਰ ਨਾਲ ਬੋਲਦੇ। ਕਦੇ ਕਦੇ ਉਹ ਨੱਚਦਿਆਂ ਇੱਕ ਪੈਰ ਦੇ ਭਾਰ ਬਹਿ ਕੇ ਅੱਧਾ ਚੱਕਰ ਕੱਟਦੇ-ਢੋਲੀ ਡੱਗੇ 'ਤੇ ਡੱਗਾ ਮਾਰੀ ਜਾਂਦਾ ਤੇ ਨਾਚ ਦੀ ਗਤੀ ਤੇਜ਼ ਹੋਈ ਜਾਂਦੀ। ਗੱਭਰੂ ਨੱਚਦੇ ਹੋਏ ਹਾਲੋਂ ਬੇਹਾਲ ਹੋ ਜਾਂਦੇ।

ਪੰਜਾਬ ਦੇ ਪਿੰਡਾਂ ਵਿਚ ਤ੍ਰਕਾਲਾਂ ਸਮੇਂ ਮੋਕਲੇ ਵਿਹੜਿਆਂ ਅਤੇ ਸੰਘਣੀਆਂ ਟਾਹਲੀਆਂ ਹੇਠੋਂ 'ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ' ਦੇ ਬੋਲ ਆਮ ਸੁਣਦੇ ਹਨ। ਇਹ ਬੋਲ ਨਿੱਕੜੀਆਂ ਬੱਚੀਆਂ ਅਤੇ ਜਵਾਨੀ ਦੀਆਂ ਬਰੂਹਾਂ 'ਤੇ ਖਲੋਤੀਆਂ ਉਨ੍ਹਾਂ ਮੁਟਿਆਰਾਂ ਦੇ ਹਨ, ਜੋ ਵਜਦ ਵਿਚ ਆ ਕੇ ਕਿੱਕਲੀ ਦਾ ਨਾਚ ਨੱਚ ਰਹੀਆਂ ਹੁੰਦੀਆਂ ਹਨ। ਕਿੱਕਲੀ ਪੰਜਾਬੀ ਕੁੜੀਆਂ ਦਾ ਹਰਮਨ ਪਿਆਰਾ ਨਾਚ ਹੈ।

ਰੋੜੇ ਖੇਡਦੀਆਂ, ਨਿੱਕੇ ਵੀਰਾਂ-ਭੈਣਾਂ ਨੂੰ ਖਿਡਾਉਂਦੀਆਂ ਅਤੇ ਗੁੱਡੇ-ਗੁੱਡੀਆਂ ਦਾ ਕਾਜ ਰਚਾਉਂਦੀਆਂ ਕੁੜੀਆਂ ਦਾ ਮਨ ਜਦੋਂ ਹੁਲਾਰਾ ਖਾ ਕੇ ਮਸਤੀ ਵਿਚ ਆਉਂਦਾ ਹੈ ਤਾਂ ਉਹ ਜੋਟੇ ਬਣਾ ਕੇ ਇੱਕ ਦੂਜੇ ਦੇ ਹੱਥਾਂ ਨੂੰ ਕੰਘੀਆਂ ਪਾ ਕੇ ਘੁੰਮਣ ਲੱਗ ਜਾਂਦੀਆਂ ਹਨ। ਘੁੰਮਦਿਆਂ ਉਨ੍ਹਾਂ ਨੂੰ ਘੁਮੇਰ ਚੜ੍ਹ ਜਾਂਦੀ ਹੈ ਤੇ ਉਹ ਧਰਤੀ 'ਤੇ ਲੋਟ ਪੋਟ ਹੋ ਕੇ ਡਿੱਗ ਪੈਂਦੀਆਂ ਹਨ।



ਪੰਜਾਬ ਦੇ ਹੋਰ ਨਾਚਾਂ ਵਾਂਗ ਕਿੱਕਲੀ ਪਾਉਣ ਲਈ ਵੀ ਵਿਸ਼ੇਸ਼ ਸਮਾਨ ਅਤੇ ਬੱਝਵੀਂ ਤਕਨੀਕ ਦੀ ਲੋੜ ਨਹੀਂ। ਦੋ-ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਅਤੇ ਖੱਬੇ ਹੱਥ ਨੂੰ ਖੱਬੇ ਹੱਥ ਨਾਲ ਫੜ ਕੇ ਮਧਾਣੀ ਦੇ ਫੁੱਲਾਂ ਵਾਂਗ ਕੰਘੀਆ ਪਾ ਲੈਂਦੀਆਂ ਹਨ। ਇਸ ਪਿਛੋਂ ਉਹ ਆਪੋ ਆਪਣੀਆਂ ਅੱਡੀਆਂ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜਦੀਆਂ ਹਨ ਅਤੇ ਬਾਹਾਂ ਤਣ ਕੇ ਪੈਰਾਂ 'ਤੇ ਚਕਰ ਚੂੰਡੇ ਵਾਂਗ ਘੁੰਮਦੀਆਂ ਗੇੜੇ 'ਤੇ ਗੇੜਾ ਬੰਨ ਦਿੰਦੀਆਂ ਹਨ। ਗੇੜੇ ਦੀ ਰਫਤਾਰ ਨਾਲ ਕਿੱਕਲੀ ਦੇ ਗੀਤਾਂ ਦੇ ਬੋਲ ਵੀ 'ਵਾਵਾਂ ਵਿਚ ਘੁੰਮਦੇ ਹਨ,

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਸੂਰਜ ਲੜਾਈ ਦਾ
ਵੀਰ ਮੇਰਾ ਆਵੇਗਾ
ਭਾਬੋ ਨੂੰ ਲਿਆਵੇਗਾ
ਸਹੇਲੀਆਂ ਸਦਾਵਾਂਗੀ
ਨੱਚਾਂਗੀ ਤੇ ਗਾਵਾਂਗੀ
ਜੰਝ ਚੜ੍ਹੇ ਵੀਰ ਦੀ
ਕਿੱਕਲੀ ਕਲੀਰ ਦੀ।

ਕਿੱਕਲੀ ਵਿਚ ਗਾਏ ਜਾਂਦੇ ਗੀਤ ਗਾਉਣ ਦਾ ਇੱਕ ਹੋਰ ਢੰਗ ਵੀ ਹੈ। ਦੋ ਕੁੜੀਆਂ ਧਰਤੀ 'ਤੇ ਬੈਠ ਕੇ ਜਾਂ ਖੜੋ ਕੇ ਇੱਕ ਦੂਜੀ ਦੇ ਹੱਥਾਂ 'ਤੇ ਤਾੜੀਆਂ ਮਾਰ ਕੇ, ਤਾੜੀਆਂ ਦੇ ਤਾਲ ਨਾਲ ਗੀਤ ਦੇ ਬੋਲ ਬੋਲਦੀਆਂ ਹਨ ਅਤੇ ਅੰਤਲਾ ਟੱਪਾ ਕਿੱਕਲੀ ਪਾਉਂਦੀਆਂ ਦੁਹਰਾਉਂਦੀਆਂ ਹਨ,

ਤੋਤੇ ਵੇ ਤੋਤੜਿਆ
ਤੋਤੜਿਆ ਮਤੋਤੜਿਆ
ਤੋਤਾ ਹੈ ਸਿਕੰਦਰ ਦਾ
ਪਾਣੀ ਪੀਵੇ ਮੰਦਰ ਦਾ
ਸ਼ੀਸ਼ਾ ਵੇਖੇ ਲਹਿਰੇ ਦਾ
ਕੰਮ ਕਰੇ ਦੁਪਹਿਰੇ ਦਾ
ਕਾਕੜਾ ਖੜਾਨੀ ਆਂ
ਚਾਰ ਛੱਲੇ ਪਾਨੀ ਆਂ
ਇੱਕ ਛੱਲਾ ਰੇਤਲਾ
ਰੇਤਲੇ ਦੀ ਤਾਈ ਆਈ
ਨਵੀਂ ਨਵੀਂ ਭਰਜਾਈ ਆਈ
ਖੋਹਲ ਮਾਸੀ ਕੁੰਡਾ
ਜੀਵੇ ਤੇਰਾ ਮੁੰਡਾ
ਮਾਸੀ ਜਾ ਵੜੀ ਕਲਕੱਤੇ
ਉਥੇ ਮੇਮ ਸਾਹਿਬ ਨੱਚੇ
ਸ਼ਾਬੂ ਸੀਟੀਆਂ ਵਜਾਵੇ
ਗੱਡੀ ਛੱਕ-ਛੱਕ ਜਾਵੇ।

ਹਾਸਿਆਂ ਤਮਾਸ਼ਿਆਂ ਭਰੇ ਬੋਲਾਂ ਨਾਲ ਕਿੱਕਲੀ ਪਾਉਂਦੀਆਂ ਕੁੜੀਆਂ ਇੱਕ ਸਮਾਂ ਬੰਨ ਦਿੰਦੀਆਂ ਹਨ।

ਮਸ਼ੀਨੀ ਸੱਭਿਅਤਾ ਦੇ ਵਿਕਾਸ ਕਾਰਨ ਸਾਡੇ ਮਨੋਰੰਜਨ ਦੇ ਸਾਧਨ ਵਧ ਗਏ ਹਨ, ਜਿਸ ਦਾ ਪ੍ਰਭਾਵ ਸਾਡੇ ਨਾਚਾਂ 'ਤੇ ਵੀ ਪਿਆ ਹੈ। ਇਹ ਨਾਚ ਸਾਡੇ ਲੋਕ ਜੀਵਨ ਵਿਚੋਂ ਅਲੋਪ ਹੋ ਰਹੇ ਹਨ। ਜ਼ਿੰਦਗੀ ਦੀ ਦੌੜ ਐਨੀ ਤੇਜ਼ ਹੋ ਗਈ ਹੈ ਕਿ ਲੋਕਾਂ ਵਿਚ ਵਿਹਲ ਹੀ ਨਹੀਂ ਰਹੀ ਕਿ ਉਹ ਸਮੂਹਕ ਰੂਪ ਵਿਚ ਕੋਈ ਨਾਚ ਨੱਚ ਸਕਣ। ਸਕੂਲਾਂ ਅਤੇ ਕਾਲਜਾਂ ਵਿਚ ਭੰਗੜੇ ਅਤੇ ਗਿੱਧੇ ਨੂੰ ਸੁਰਜੀਤ ਕਰਨ ਦੇ ਯਤਨ ਹੋ ਰਹੇ ਹਨ। ਇਨ੍ਹਾਂ ਨਾਚਾਂ ਨੂੰ ਮੁੜ ਸੁਰਜੀਤ ਕਰਨ ਦੀ ਬੇਹੱਦ ਲੋੜ ਹੈ। ਇਹ ਸਾਡੀ ਭਾਈਚਾਰਕ ਸਾਂਝ ਅਤੇ ਧਾਰਮਿਕ ਏਕਤਾ ਦੇ ਪ੍ਰਤੀਕ ਹਨ।



## ਦਰਦ

ਦਰਦਾਂ ਕਿੰਨੇ ਰੰਗ ਬਖੇਰੇ।
ਪਿਆਰਾਂ ਦਿੱਤੇ ਗਮ ਬਥੇਰੇ।
ਕੁਰਲਾਉਂਦੇ ਨੇ ਆਸ਼ਕ ਧਾਹੀਂ।
ਕਿੰਜ ਮਿਲੀਏ ਹੁਸਨਾਂ ਤਾਈਂ?
ਵਿਛੋੜੇ ਦੇ ਅਣਿਆਲੇ ਤੀਰ।
ਕਿੰਜ ਬੰਨ੍ਹਾਵੇ ਕੋਈ ਧੀਰ?
ਖਾਧੇ ਜ਼ਖਮ ਦਿਲਾਂ ਅਵੱਲੇ।
ਬਣੇ ਨਾਸੂਰ ਕਰ ਗਏ ਝੱਲੇ।

ਕਿਤੇ ਮਾਪੇ ਜੀਂਦੇ ਗਏ ਲੁੱਟੇ।
ਪੁੱਤ ਜਿਨ੍ਹਾਂ ਦੇ ਨਸ਼ਿਆਂ ਪੁੱਟੇ।
ਤੱਕਦੇ ਨੇ ਤਿਲ ਤਿਲ ਮਰਦੇ।
ਬੇਵੱਸ ਨੇ ਬੱਸ ਹਉਕੇ ਭਰਦੇ।
ਆਸਾਂ ਦੇ ਇੰਜ ਦੀਵੇ ਬੁਝਦੇ।
ਚੀਸ ਦੇ ਖੰਜਰ ਸੀਨੇ ਖੁਭਦੇ।
ਪਾਟੇ ਕਲੇਜੇ ਦਰਦ ਦੇ ਮਾਰੇ।
ਮੂੰਹ ਲੁਕੋਂਦੇ ਨੇ ਜੱਗ ਤੋਂ ਸਾਰੇ।

ਕਿਧਰੇ ਦਰਦ ਪਾਏ ਬੁਢਾਪੇ।
ਗੋਡਿਆਂ, ਮੋਢੇ ਪਾਏ ਸਿਆਪੇ।
ਖੜ ਖੜ ਕਰਦੇ ਚੀਕੂੰ ਚੀਕੂੰ।
ਕੀਰਤਨ ਕਰਦੇ ਢੀਚੂੰ ਢੀਚੂੰ।
ਲਾਇਲਾਜ ਬੁਢਾਪਾ ਹੋਇਆ।
ਯਾਦ ਜਵਾਨੀ ਕਰਕੇ ਰੋਇਆ।
ਕਿੱਥੇ ਗਏ ਉਹ ਦਿਨ ਪੁਰਾਣੇ?
ਸੌਂਦੇ ਸੀ ਰੱਖ ਬਾਂਹ ਸਰ੍ਹਾਣੇ।

ਕੁਝ ਦਰਦ ਹਨ ਸਭ ਦੇ ਸਾਂਝੇ।
ਮਨੁੱਖ ਨੇ ਮਨੁੱਖ ਰੱਖੇ ਨੇ ਵਾਂਝੇ।
ਹੱਕ ਦੀ ਲੁੱਟ ਦੇ ਢੰਗ ਬਣਾਏ।
ਚਿਹਰੇ ਢਕੇ ਨਕਾਬ ਲਗਾਏ।
ਢਿੱਡੋਂ ਭੁੱਖੇ ਕੱਪੜੇ ਤੋਂ ਆਤੁਰ।
ਲੜ ਰਹੇ ਨੇ ਜਿਉਣ ਖਾਤਿਰ।
ਦਰਦ ਗਰੀਬੀ ਦੇ ਡਾਢੇ ਮਾੜੇ।
ਜਿਉਂਦੇ ਜੀਅ ਦੁੱਖਾਂ ਦੇ ਸਾੜੇ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਗੰਗਾ ਸਾਗਰ

''ਅਤਿ ਭਿਆਨਕ ਸਮੇਂ ਸਾਡੇ ਵਡੇਰੇ ਰਾਏ ਕੱਲ੍ਹਾ ਜੀ ਨੇ ਆਪਣੇ ਖਾਨਦਾਨ 'ਤੇ ਪੈਣ ਵਾਲੀ ਬਿਪਤਾ ਦੀ ਪਰਵਾਹ ਕਰੇ ਬਿਨਾ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਰੱਖਿਅਤ ਠਾਹਰ ਦਿੱਤੀ ਅਤੇ ਨਿਸ਼ਕਾਮ ਸੇਵਾ ਕੀਤੀ। ਉਸ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਗੰਗਾ ਸਾਗਰ ਦੀ ਦਾਤ ਬਖਸ਼ੀ, ਜੋ ਇਨਸਾਨੀਅਤ ਦੇ ਅਜ਼ੀਮ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਹੈ। ਸਾਨੂੰ ਫਖਰ ਹੈ ਕਿ ਸਾਡੇ ਵਡੇਰੇ ਨੇ ਜ਼ਾਲਮਾਂ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਕੁਰਬਾਨੀ ਦਾ ਜਜ਼ਬਾ ਵਿਖਾਇਆ, ਜਦ ਕਿ ਕਈ ਨੇੜਲੇ ਰਾਜੇ ਡਰਦੇ ਮਾਰੇ ਪਿੱਛੇ ਹਟ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਗੰਗਾ ਸਾਗਰ ਦੀ ਥਾਂ ਸਾਨੂੰ ਮਿੱਟੀ ਦਾ ਪਿਆਲਾ ਵੀ ਬਖਸ਼ ਦਿੰਦੇ, ਤਦ ਵੀ ਅਸੀਂ ਏਨੀ ਹੀ ਸ਼ਰਧਾ ਨਾਲ ਸੰਭਾਲ ਕੇ ਰੱਖਣਾ ਸੀ।'' ਇਹ ਕਹਿਣਾ ਹੈ, ਰਾਏ ਕੱਲ੍ਹਾ ਦੇ ਨੌਵੇਂ ਵਾਰਸ ਰਾਏ ਅਜ਼ੀਜ਼ਉਲਾ ਖਾਂ ਦਾ। ਗਜ਼ਟੀਅਰ ਆਫ ਦਾ ਲੁਧਿਆਣਾ ਡਿਸਟ੍ਰਿਕਟ 1888-89 ਦੇ ਪੰਨਾ 112 'ਤੇ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਦਰਜ ਹੈ ਕਿ ਰਾਇਕਿਆਂ ਨੇ ਬਾਦਸ਼ਾਹ ਅਕਬਰ ਨੂੰ ਧੀ ਦਾ ਡੋਲਾ ਦੇਣੋਂ ਨਾਂਹ ਕਰ ਦਿੱਤੀ ਸੀ, ਜਿਸ ਬਦਲੇ ਉਨ੍ਹਾਂ ਦੀ ਰਾਏਕੋਟ ਰਿਆਸਤ ਜ਼ਬਤ ਕਰ ਲਈ ਗਈ ਸੀ। ਪਿੱਛੋਂ ਸ਼ਾਹ ਜਹਾਨ ਨੇ ਰਿਆਸਤ ਮੋੜੀ। ਔਰੰਗਜ਼ੇਬ ਵੇਲੇ ਰਾਏਕਿਆਂ ਦੀ ਸਰਹਿੰਦ ਦੇ ਸੂਬੇਦਾਰ ਨਾਲ ਖੜਕਦੀ ਸੀ। ਉਨ੍ਹਾਂ ਨੇ ਬੰਦਾ ਬਹਾਦਰ ਦੇ ਹਮਲਿਆਂ ਤੋਂ ਪਹਿਲਾਂ ਲੁਧਿਆਣੇ ਤੇ ਫਿਰੋਜ਼ਪੁਰ ਦਾ ਕਾਫੀ ਸਾਰਾ ਇਲਾਕਾ ਰਿਆਸਤ ਰਾਏਕੋਟ ਵਿਚ ਮਿਲਾ ਲਿਆ ਸੀ। 1947 ਤੋਂ ਪਹਿਲਾਂ ਖਾਨ ਬਹਾਦਰ ਰਾਏ ਅਨਾਇਤ ਖਾਂ ਆਨਰੇਰੀ ਮੈਜਿਸਟ੍ਰੇਟ ਸਨ। ਰਾਏਕੋਟ 'ਚ ਜਿਥੇ ਕਚਹਿਰੀ ਲੱਗਦੀ ਸੀ, ਉਥੇ ਹੁਣ ਕੁੜੀਆਂ ਦਾ ਸਕੂਲ ਹੈ।

ਰਾਏ ਅਜ਼ੀਜ਼ਉਲਾ ਖਾਂ ਪਾਕਿਸਤਾਨ ਪਾਰਲੀਮੈਂਟ ਦੇ ਮੈਂਬਰ ਰਹੇ ਹਨ। ਉਹ ਤੇ ਅਜੋਕੇ ਪ੍ਰਧਾਨ ਮੰਤਰੀ ਇਮਰਾਨ ਖਾਨ ਐਟੀਸਨ ਕਾਲਜ, ਲਾਹੌਰ ਵਿਚ 'ਕੱਠੇ ਪੜ੍ਹਦੇ ਤੇ ਹਾਕੀ ਖੇਡਦੇ ਸਨ। 1964 ਵਿਚ ਉਹ ਕਾਲਜ ਦੀ ਜੂਨੀਅਰ ਹਾਕੀ ਟੀਮ ਦੇ ਮੈਂਬਰ ਸਨ। ਉਨ੍ਹਾਂ ਦੀ ਦੋਸਤੀ 55 ਸਾਲਾਂ ਤੋਂ ਬਰਕਰਾਰ ਹੈ। ਇਮਰਾਨ ਖਾਨ ਜਦ ਵੀ ਲਾਹੌਰ ਗੇੜਾ ਮਾਰਦਾ ਹੈ, ਆਪਣੇ ਕਾਲਜੀਏਟ ਦੋਸਤ ਨੂੰ ਜ਼ਰੂਰ ਮਿਲਦਾ ਹੈ। ਇਨ੍ਹੀਂ ਦਿਨੀਂ ਖੁੱਲ੍ਹ ਰਹੇ ਕਰਤਾਰਪੁਰ ਸਾਹਿਬ ਲਾਂਘੇ ਦੇ ਪਿਛੋਕੜ ਵਿਚ ਇਮਰਾਨ ਖਾਨ ਦੇ ਖਿਡਾਰੀ ਦੋਸਤਾਂ ਰਾਏ ਅਜ਼ੀਜ਼ਉਲਾ ਤੇ ਨਵਜੋਤ ਸਿੰਘ ਸਿੱਧੂ ਦਾ ਵਿਸ਼ੇਸ਼ ਰੋਲ ਹੈ। ਰਾਏ ਸਾਹਿਬ ਨੇ ਹੀ ਸਿੱਖਾਂ ਲਈ ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ, ਮੁਸਲਮਾਨਾਂ ਲਈ ਮੱਕੇ ਤੇ ਮਦੀਨੇ ਦੇ ਹੱਜ ਵਾਂਗ ਦੱਸਣ ਦੀ ਦਲੀਲ ਇਮਰਾਨ ਖਾਨ ਨੂੰ ਦਿੱਤੀ ਸੀ। ਰਾਏ ਅਜ਼ੀਜ਼ਉਲਾ ਗੁਰਮੁਖੀ ਪੜ੍ਹ ਲੈਂਦੇ ਹਨ, ਜਿਸ ਕਰਕੇ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੇ ਪੂਰੇ ਜਾਣੂ ਹਨ।




ਡਾ. ਮਨਮੋਹਨ ਸਿੰਘ 'ਗੰਗਾ ਸਾਗਰ' ਦੇ ਦਰਸ਼ਨ ਕਰਦੇ ਹੋਏ

ਮੈਂ ਨਿੱਕਾ ਹੁੰਦਾ ਸੁਣਦਾ ਸਾਂ ਕਿ ਰਾਏ ਕੱਲ੍ਹਾ ਦੇ ਵਾਰਸਾਂ ਕੋਲ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਗੰਗਾ ਸਾਗਰ ਹੈ, ਜੀਹਦੇ 'ਚੋਂ ਰੇਤਾ ਕਿਰ ਜਾਂਦਾ ਹੈ, ਪਾਣੀ ਨਹੀਂ ਡੁਲ੍ਹਦਾ। 1947 ਤੋਂ ਪਹਿਲਾਂ ਰਾਏਕੋਟ ਦੇ ਮੁਖੀ ਖਾਨ ਬਹਾਦਰ ਰਾਏ ਅਨਾਇਤ ਖਾਂ ਆਪਣੀ ਹਵੇਲੀ ਵਿਚ ਹਰ ਸਾਲ 2 ਤੋਂ 4 ਜਨਵਰੀ ਤਕ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਸਨ। ਗੁਰਦੁਆਰਾ ਟਾਹਲੀਆਣਾ ਸਾਹਿਬ ਤੋਂ ਰਾਏਕਿਆਂ ਦੀ ਹਵੇਲੀ ਤਕ ਸੰਗਤਾਂ ਨੰਗੇ ਪੈਰੀਂ ਚੱਲ ਕੇ ਜਾਂਦੀਆਂ। ਅਸੀਂ ਗੰਗਾ ਸਾਗਰ ਦੀਆਂ ਹੈਰਾਨ ਕਰਨ ਵਾਲੀਆਂ ਸਾਖੀਆਂ ਸੁਣਦੇ। ਮੈਂ ਉਦੋਂ ਸੱਤ ਸਾਲ ਦਾ ਸਾਂ। ਮੇਰੇ ਮਨ ਵਿਚ ਗੰਗਾ ਸਾਗਰ ਦੇ ਦਰਸ਼ਨ ਕਰਨ ਦੀ ਰੀਝ ਜਾਗਦੀ। ਆਖਰ ਸੱਠ ਸਾਲਾਂ ਬਾਅਦ ਦਰਸ਼ਨ ਹੋਏ। ਗੰਗਾ ਸਾਗਰ ਨੂੰ ਮੈਂ ਅਦਬ ਨਾਲ ਨੀਝ ਲਾ ਕੇ ਵੇਖਿਆ। ਰਾਏ ਅਜ਼ੀਜ਼ਉਲਾ ਨਾਲ ਗੱਲਾਂ ਕਰਨ ਦੇ ਮੌਕੇ ਮਿਲੇ ਅਤੇ ਉਨ੍ਹਾਂ ਦੀ ਪ੍ਰਾਹੁਣਚਾਰੀ ਮਾਣੀ।

ਅੱਜਕੱਲ੍ਹ ਰਾਏ ਅਜ਼ੀਜ਼ਉਲਾ ਸਰਦੀਆਂ ਵਿਚ ਲਾਹੌਰ ਤੇ ਗਰਮੀਆਂ 'ਚ ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਲਾਹੌਰ ਵੀ ਮਿਲਿਆ ਅਤੇ ਸਰੀ ਤੇ ਟੋਰਾਂਟੋ ਵਿਚ ਵੀ। ਉਹ ਪੰਜਾਬੀ ਲੇਖਕਾਂ ਦੇ ਚੰਗੇ ਵਾਕਫ ਹਨ। ਕਾਲਜ ਪੜ੍ਹਦਿਆਂ ਹਾਕੀ ਖੇਡਦੇ ਸਨ, ਹੁਣ ਗੌਲਫ ਖੇਡਦੇ ਹਨ। ਪਾਕਿਸਤਾਨ ਦੀ ਗੌਲਫ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। 1982 ਵਿਚ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ ਵੇਖਣ ਭਾਰਤ ਆਏ ਸਨ। 2004 ਵਿਚ ਛੋਟੇ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਜੋੜ ਮੇਲੇ ਸਮੇਂ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਗੰਗਾ ਸਾਗਰ ਭਾਰਤ ਲਿਆਏ ਸਨ।

ਚਾਰਟਰਡ ਫਲਾਈਟ ਰਾਹੀਂ ਗੰਗਾ ਸਾਗਰ ਰਾਜਾ ਸਾਂਸੀ ਹਵਾਈ ਅੱਡੇ 'ਤੇ ਪੁੱਜਾ ਤਾਂ ਬੇਸ਼ੁਮਾਰ ਸੰਗਤਾਂ ਉਡੀਕ ਵਿਚ ਖੜ੍ਹੀਆਂ ਸਨ। ਇਕ ਸਿੱਖ ਦੌੜਦਾ ਰਾਏ ਸਾਹਿਬ ਪਾਸ ਪਹੁੰਚਾ ਤੇ ਰੁਮਾਲੇ ਵਿਚ ਲਪੇਟਿਆ ਤੋਹਫਾ ਅਦਬ ਸਹਿਤ ਭੇਟ ਕੀਤਾ। ਖੋਲ੍ਹਿਆ ਤਾਂ ਉਹ ਪਾਕਿ ਕੁਰਾਨ ਸ਼ਰੀਫ ਸੀ। ਉਸ ਮੌਕੇ ਦੋਹਾਂ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਉਮਡ ਆਏ। ਇਹ ਸੀ ਇਕ ਦੂਜੇ ਦੇ ਅਕੀਦੇ ਲਈ ਅਦਬ ਸਤਿਕਾਰ! ਸੰਗਤਾਂ ਦੇ ਭਾਰੀ ਜਲੌਅ ਨਾਲ ਗੰਗਾ ਸਾਗਰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾ। ਫਿਰ ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ, ਆਲਮਗੀਰ ਤੇ ਮੁੱਲਾਂਪੁਰ ਰਾਹੀਂ ਰਾਏਕੋਟ ਲਿਜਾਇਆ ਗਿਆ। ਲੁਧਿਆਣੇ ਤੋਂ ਰਾਏਕੋਟ ਪਹੁੰਚਦਿਆਂ ਸਾਢੇ ਦਸ ਘੰਟੇ ਲੱਗੇ। 1947 ਤੋਂ 57 ਸਾਲ ਬਾਅਦ ਰਾਏਕੋਟ ਲਿਆਂਦੇ ਗਏ ਗੰਗਾ ਸਾਗਰ ਦੇ ਲੱਖਾਂ ਲੋਕਾਂ ਨੇ ਦਰਸ਼ਨ ਕੀਤੇ।

ਗੰਗਾ ਸਾਗਰ ਤਾਂਬੇ ਦਾ ਲੋਟਾਨੁਮਾ ਬਰਤਨ ਹੈ, ਜਿਸ ਵਿਚ 288 ਛੇਕ ਹਨ। ਉਸ ਦੇ ਕਮਾਨੀਦਾਰ ਹੱਥੀ ਤੇ ਕੇਤਲੀ ਵਾਂਗ ਟੂਟੀ ਲੱਗੀ ਹੈ। ਸਦੀਆਂ ਪੁਰਾਣੇ ਬਰਤਨ ਦੀ ਕੁਝ ਮੁਰੰਮਤ ਵੀ ਹੋਈ ਦਿਸਦੀ ਹੈ। ਸੁਰਾਹੀ ਵਰਗੇ ਲੋਟਾਨੁਮਾ ਬਰਤਨ ਦੀ ਲੰਮੀ ਗਰਦਨ 'ਤੇ ਧਾਤ ਦੀ ਜਾਲੀ ਵਾਲਾ ਨਿੱਕਾ ਮੂੰਹ ਹੈ, ਜਿਸ ਉਤੇ ਟੋਪੀਦਾਰ ਢੱਕਣ ਹੈ। ਲੋਟੇ ਦੇ ਪੇਟ ਦੀ ਗੁਲਾਈ ਉਤੇ ਅਤੇ ਥੱਲੇ ਵਿਚ ਦੂਹਰੀਆਂ ਮੋਰੀਆਂ ਹਨ। ਇਨ੍ਹਾਂ ਮੋਰੀਆਂ ਵਿਚੋਂ ਰੇਤ ਕਿਰ ਜਾਂਦੀ ਹੈ, ਜਦ ਕਿ ਤਰਲ ਪਦਾਰਥ ਨਹੀਂ ਡੁੱਲ੍ਹਦਾ। ਦੁੱਧ ਜਾਂ ਪਾਣੀ ਪਾਈਏ ਤਾਂ ਪਹਿਲਾਂ ਕੁਝ ਬੂੰਦਾਂ ਸਿਮਦੀਆਂ ਹਨ, ਜੋ ਬਰਤਨ ਭਰ ਜਾਣ



ਰਾਏ ਅਜ਼ੀਜ਼ਉਲਾ ਖਾਂ 'ਗੰਗਾ ਸਾਗਰ' ਦਿਖਾਉਂਦੇ ਹੋਏ

'ਤੇ ਬੰਦ ਹੋ ਜਾਂਦੀਆਂ ਹਨ। ਇਸ ਦੀ ਚੌੜਾਈ ਅੱਧੇ ਫੁੱਟ ਤੋਂ ਵੱਧ ਤੇ ਉਚਾਈ ਇਕ ਫੁੱਟ ਤੋਂ ਘੱਟ ਹੈ। ਵਜ਼ਨ ਅੱਧਾ ਕੁ ਕਿਲੋਗਰਾਮ ਹੈ। ਗੰਗਾ ਸਾਗਰ ਦੇ ਹਿੰਦੁਤਵੀ ਨਾਂ ਅਤੇ ਇਸਲਾਮੀ ਲੋਟੇ ਦੀ ਬਣਤਰ ਵਾਲੇ ਬਰਤਨ ਦੇ ਨਿੱਕੇ ਨਿੱਕੇ ਛੇਕਾਂ ਵਿਚ ਦੀ ਸਾਰ ਪਾਰ ਦਿਸਦਾ ਹੈ। ਅਜਬ ਕਾਰੀਗਰੀ ਹੈ, ਇਸ ਅਦਭੁੱਤ ਕਰਮੰਡਲ ਦੀ।

ਦਸਮ ਪਾਤਸ਼ਾਹ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਇਹ ਬਰਤਨ ਬਣਤਰ ਅਤੇ ਨਾਂ ਤੋਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਸਾਂਝ ਦਾ ਪ੍ਰਤੀਕ ਹੈ। ਧਰਮਾਂ ਦੇ ਆਪਸੀ ਪਿਆਰ ਦੀ ਨਿਸ਼ਾਨੀ। ਮੁਸਲਮਾਨ ਲੋਟੇ ਨਾਲ ਉਜ਼ੂ ਕਰ ਕੇ ਨਮਾਜ਼ ਅਦਾ ਕਰਦੇ ਹਨ, ਹਿੰਦੂਆਂ ਲਈ ਗੰਗਾ ਸਾਗਰ ਕੁੰਭ ਤੋਂ ਬਾਅਦ ਦੂਜਾ ਵੱਡਾ ਤੀਰਥ ਸਥਾਨ ਹੈ, ਜੋ ਗੰਗਾ ਨਦੀ ਦੇ ਬੰਗਾਲ ਦੀ ਖਾੜੀ ਵਿਚ ਸਮਾਉਣ ਨਾਲ ਟਾਪੂ ਬਣਿਆ ਹੈ। ਉਸ ਟਾਪੂ ਦਾ ਰਕਬਾ 282 ਵਰਗ ਕਿਲੋਮੀਟਰ ਹੈ। ਮਾਘੀ ਮੌਕੇ ਲੱਖਾਂ ਲੋਕ ਗੰਗਾ ਸਾਗਰ ਦਾ ਇਸ਼ਨਾਨ ਕਰਦੇ ਹਨ। ਕਲਕੱਤੇ ਤੋਂ 142 ਕਿਲੋਮੀਟਰ ਦੂਰ ਹੈ। ਸਿੱਖਾਂ ਲਈ ਗੰਗਾ ਸਾਗਰ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਨਿਸ਼ਾਨੀ ਹੈ।

1947 ਦੇ ਉਜਾੜੇ ਵੇਲੇ ਰਾਏ ਕੱਲ੍ਹਾ ਦੇ ਵਾਰਸ ਰਾਏ ਇਨਾਇਤ ਖਾਂ ਬਾਕੀ ਸਾਰਾ ਕੁਝ ਪਿੱਛੇ ਛੱਡ ਕੇ ਗੰਗਾ ਸਾਗਰ ਆਪਣੇ ਨਾਲ ਲਾਹੌਰ ਲੈ ਗਏ ਸਨ। ਰਸਤੇ ਵਿਚ ਮੁਸੀਬਤਾਂ ਸਨ, ਪਰ ਗੰਗਾ ਸਾਗਰ ਦੀ ਸੁਰੱਖਿਆ ਉਨ੍ਹਾਂ ਲਈ ਜਾਨ ਤੋਂ ਪਿਆਰੀ ਸੀ। ਉਨ੍ਹਾਂ ਨੇ ਰਿਹਾਇਸ਼ ਲਾਹੌਰ ਦੇ ਮਾਡਲ ਟਾਊਨ ਵਿਚ ਰੱਖੀ। ਗੰਗਾ ਸਾਗਰ ਪਹਿਲਾਂ ਘਰ ਤੇ ਫਿਰ ਲੰਡਨ ਦੇ ਬੈਂਕ ਲੌਕਰ ਵਿਚ ਰੱਖ ਕੇ ਉਹਦੀ ਕੋਹਿਨੂਰ ਤੋਂ ਵੀ ਵੱਧ ਸੰਭਾਲ ਕੀਤੀ।

1951 ਵਿਚ ਜਨਮੇ ਅਜ਼ੀਜ਼ਉਲਾ ਅਜੇ ਡੇਢ ਸਾਲ ਦੇ ਸਨ ਕਿ ਦਾਦਾ ਰਾਏ ਅਨਾਇਤ ਖਾਂ ਫੌਤ ਹੋ ਗਏ। ਚਾਰ ਸਾਲ ਦੇ ਹੋਏ ਸਨ ਕਿ ਮਾਂ ਚੱਲ ਵਸੀ। ਸਾਢੇ ਛੇ ਸਾਲ ਦੇ ਹੋਏ ਤਾਂ ਵਾਲਦ ਵੀ ਚਲਾਣਾ ਕਰ ਗਏ। ਅਜ਼ੀਜ਼ਉਲਾ ਬਿਰਧ ਦਾਦੀ ਨੇ ਪਾਲਿਆ ਤੇ ਪੜ੍ਹਾਇਆ। ਉਸੇ ਨੇ ਗੰਗਾ ਸਾਗਰ ਦੀ ਅਹਿਮੀਅਤ ਦੱਸੀ। ਉਹ ਚੌਵੀ ਸਾਲ ਦੇ ਹੋਏ ਤਾਂ ਬਿਰਧ ਦਾਦੀ ਵੀ ਚਲਾਣਾ ਕਰ ਗਈ। ਦਾਦੀ ਦੇ ਜਿਉਂਦਿਆਂ ਅਜ਼ੀਜ਼ਉਲਾ ਕੇਵਲ ਦੋ ਵਾਰ ਗੰਗਾ ਸਾਗਰ ਨੂੰ ਛੋਹ ਸਕੇ।

ਅਪਰੈਲ 2001 ਵਿਚ ਆਲਮੀ ਪੰਜਾਬੀ ਕਾਨਫਰੰਸ ਸਮੇਂ ਸਾਨੂੰ ਲਾਹੌਰ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਰਾਏ ਅਜ਼ੀਜ਼ਉਲਾ ਖਾਂ ਨਾਲ ਮੁਲਾਕਾਤ ਹੋ ਗਈ। ਗੱਲਾਂ ਕਰਦਿਆਂ ਗੰਗਾ ਸਾਗਰ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਇਹ ਸਾਂਝ ਵੀ ਨਿਕਲ ਆਈ ਕਿ ਉਨ੍ਹਾਂ ਦਾ ਵਡੇਰਾ ਸ਼ੇਖ ਚਾਚੂ ਸਾਡੇ ਪਿੰਡ ਚਕਰ ਦਾ ਵਾਸੀ ਸੀ। ਇਸ ਸਾਂਝ ਨਾਲ ਅਸੀਂ ਗਰਾਂਈਂ ਬਣ ਗਏ!

ਮੇਰੇ ਨਾਲ ਚਕਰੋਂ ਮਾਸਟਰ ਸ਼ਿੰਗਾਰਾ ਸਿੰਘ ਵੀ ਲਾਹੌਰ ਗਿਆ ਸੀ। ਅਸੀਂ ਸ਼ਾਹਤਾਜ ਹੋਟਲ ਵਿਚ ਠਹਿਰੇ ਸਾਂ। ਅਗਲੇ ਦਿਨ ਸਾਡੇ ਲਈ ਫੋਨ ਆਇਆ। ਅੱਗੋਂ ਰਾਏ ਸਾਹਿਬ ਬੋਲ ਰਹੇ ਸਨ। ਉਨ੍ਹਾਂ ਦਾ ਨਿੱਘਾ ਸੱਦਾ ਸੀ ਕਿ ਸ਼ਾਮੀਂ ਉਨ੍ਹਾਂ ਦੇ ਘਰ ਪਧਾਰੀਏ। ਉਹ ਖੁਦ ਆ ਕੇ ਲੈ ਜਾਣਗੇ। ਆਪਸ ਵਿਚ ਪੇਂਡੂ ਹੋਣ ਦੀ ਸਾਂਝ ਬੜੀ ਵੱਡੀ ਹੁੰਦੀ ਹੈ। ਸੱਦਾ ਪ੍ਰਵਾਨ ਕਰਦਿਆਂ ਸਾਨੂੰ ਮਾਣ ਹੋਇਆ ਕਿ ਲਾਹੌਰ ਵਿਚ ਵੀ ਚਕਰੀਆਂ ਦੀ ਅੰਗਲੀ ਸੰਗਲੀ ਰਲ ਗਈ ਹੈ ਤੇ ਉਹ ਵੀ ਰਾਏ ਅਜ਼ੀਜ਼ਉਲਾ ਖਾਂ ਵਰਗੇ ਮੋਹਤਬਰ ਸੱਜਣ ਨਾਲ!

ਸ਼ਾਮੀਂ ਰਾਏ ਸਾਹਿਬ ਸਾਨੂੰ ਘਰ ਲੈ ਗਏ। ਨਾਲ ਵਰਿਆਮ ਸਿੰਘ ਸੰਧੂ ਵੀ ਸੀ। ਘਰ ਖਾਨ ਦੀ ਭੂਆ, ਬੇਗਮ ਤੇ ਬੱਚੇ ਮੌਜੂਦ ਸਨ। ਖਾਨ ਦੀ ਭੂਆ ਸੱਤਰ ਸਾਲ ਤੋਂ ਵਡੇਰੀ ਹੋਣ ਕਰਕੇ ਰਾਏਕੋਟ ਤੇ ਆਲੇ ਦੁਆਲੇ ਦੇ ਪਿੰਡਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਉਸ ਨੇ ਤਲਵੰਡੀ ਰਾਏ, ਹਲਵਾਰਾ, ਆਂਡਲੂ, ਹਠੂਰ ਤੇ ਚਕਰ ਦਾ ਖਾਸ ਜ਼ਿਕਰ ਕੀਤਾ। ਦੱਸਿਆ ਕਿ ਕਿਵੇਂ ਸ਼ਰਧਾ ਨਾਲ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਤੇ ਸੰਗਤਾਂ ਵਿਚ ਕਿੰਨਾ ਸੇਵਾ ਭਾਵ ਤੇ ਪਿਆਰ ਸਤਿਕਾਰ ਸੀ। ਮੈਂ ਆਪਣੀ ਚਿਰੋਕਣੀ ਰੀਝ ਪੂਰੀ ਕਰਨ ਲਈ ਬੇਨਤੀ ਕੀਤੀ ਕਿ ਅਸੀਂ ਵੀ ਗੰਗਾ ਸਾਗਰ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ। ਰਾਏ ਸਾਹਿਬ ਨੇ ਕਿਹਾ ਕਿ ਇਸ ਵੇਲੇ ਗੰਗਾ ਸਾਗਰ ਲੰਡਨ ਦੇ ਬੈਂਕ ਲੌਕਰ ਵਿਚ ਮਹਿਫੂਜ਼ ਹੈ। ਉਨ੍ਹਾਂ ਨੇ ਗੰਗਾ ਸਾਗਰ ਤੇ ਆਪਣੇ ਪਰਿਵਾਰ ਦੇ ਪਿਛੋਕੜ ਨਾਲ ਸਬੰਧਿਤ ਕੁਝ ਪੜ੍ਹਨ ਸਮੱਗਰੀ ਦਿੱਤੀ।

ਰਾਏ ਸਾਹਿਬ ਨੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣ ਮਾਰੀਆਂ ਸਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਸੀ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਰਾਜਪੂਤ ਜੈਸਲਮੇਰ ਦੇ ਇਲਾਕੇ 'ਚੋਂ ਉਠ ਕੇ ਪੰਜਾਬ ਆਇਆ ਸੀ। ਉਸ ਦੀ ਚੌਥੀ ਪੀੜ੍ਹੀ ਦੇ ਤੁਲਸੀ ਦਾਸ ਨੇ 1323 ਵਿਚ ਪਿੰਡ ਚਕਰ ਦੀ ਮੋਹੜੀ ਗੱਡੀ। ਉਹ ਬਹਾਵਲਪੁਰ ਦੇ 'ਉਚ ਦੇ ਪੀਰ' ਦੇ ਪ੍ਰਭਾਵ ਨਾਲ ਇਸਲਾਮ ਵਿਚ ਆਇਆ ਅਤੇ ਉਸ ਦਾ ਨਾਂ ਸਿਰਾਜਉਦੀਨ ਉਰਫ ਸ਼ੇਖ ਚਾਚੂ ਰੱਖਿਆ ਗਿਆ। ਸ਼ੇਖ ਚਾਚੂ ਦੀ ਛੇਵੀਂ ਪੀੜ੍ਹੀ 'ਚ ਰਾਏ ਕਮਾਲਉਦੀਨ ਪਹਿਲਾ ਤੇ ਸੱਤਵੀਂ ਪੀੜ੍ਹੀ 'ਚ ਰਾਏ ਕੱਲ੍ਹਾ ਪਹਿਲਾ ਹੋਇਆ, ਜਿਸ ਨੂੰ ਸ਼ਹਿਨਸ਼ਾਹ ਅਲਾਉਦੀਨ ਨੇ ਰਾਏਕੋਟ ਦੇ ਆਲੇ ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ 'ਰਾਏ' ਦਾ ਖਿਤਾਬ ਬਖਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆਂ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ, ਜਿਸ ਨੇ 1648 ਵਿਚ ਰਾਏਕੋਟ ਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਦੀ ਮੋਹੜੀ ਗੱਡੀ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਨ-ਨਿਸਾ ਰਾਣੀ ਭਾਗ ਭਰੀ, ਰਾਏ ਇਮਾਮ ਬਖਸ਼, ਰਾਏ ਫੈਜ਼ ਤਲਬ ਖਾਂ, ਰਾਏ ਇਨਾਇਤ ਖਾਂ, ਰਾਏ ਫਕੀਰਉਲਾ ਖਾਂ ਅਤੇ ਰਾਏ ਅਜ਼ੀਜ਼ਉਲਾ ਖਾਂ। ਅਜ਼ੀਜ਼ਉਲਾ ਦਾ ਵਾਰਸ ਹੈ, ਰਾਏ ਮੁਹੰਮਦ ਅਲੀ ਖਾਂ।

ਰਾਏ ਕੱਲ੍ਹਾ ਤੀਜਾ ਰਾਏਕੋਟ ਰਿਆਸਤ ਦਾ ਮਾਲਕ ਸੀ, ਜਦੋਂ ਗੁਰੂ ਗੋਬਿੰਦ ਸਿੰਘ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਨੂੰ ਗਨੀ ਖਾਂ ਤੇ ਨਬੀ ਖਾਂ ਮਿਲੇ, ਜੋ ਘੋੜਿਆਂ ਦੇ ਵਪਾਰੀ ਅਤੇ 'ਉਚ ਦੇ ਪੀਰ' ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ, ਜਿਸ ਕਰਕੇ ਗੁਰੂ ਜੀ ਨੂੰ ਪਛਾਣਦੇ ਸਨ। ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ਉਚ ਦੇ ਪੀਰ ਵਾਲਾ ਵੇਸ ਪੁਆ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਨਿਕਲੇ। ਸੰਭਵ ਹੈ, ਉਥੇ ਉਨ੍ਹਾਂ ਨੇ ਪੀਰੀ ਵੇਸ ਨਾਲ ਰੇਹਲ ਸਮੇਤ ਕੁਰਾਨ ਸ਼ਰੀਫ ਤੇ ਗੰਗਾ ਸਾਗਰ ਵੀ ਦਿੱਤਾ ਹੋਵੇ। ਜੰਗਲਾਂ ਵਿਚੋਂ ਨਿਕਲ ਕੇ ਆਲਮਗੀਰ ਹੁੰਦੇ ਉਹ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗਨੀ ਖਾਂ ਤੇ ਨਬੀ ਖਾਂ ਨੂੰ ਕੁਰਾਨ ਸ਼ਰੀਫ ਦੇ ਕੇ ਵਾਪਸ ਭੇਜ ਦਿੱਤਾ। ਮਹੰਤ ਮੁਗਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ, ਪਰ ਅਸ਼ਕੇ ਜਾਈਏ ਉਸ ਦਲੇਰ ਬੰਦੇ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖਾਨਦਾਨ ਦਾ ਅਜਿਹਾ ਸ਼ੁਭ ਕਰਮ ਸੀ, ਜਿਸ ਨੂੰ ਸਿੱਖ ਕਦੇ



ਅਜ਼ੀਜ਼ਉਲਾ ਖਾਂ ਅਤੇ ਇਮਰਾਨ ਖਾਨ

ਵੀ ਨਹੀਂ ਭੁਲਾ ਸਕਦੇ।

ਸਾਖੀ ਹੈ ਕਿ ਨੂਰਾ ਮਾਹੀ ਮੱਝਾਂ ਚਰਾ ਰਿਹਾ ਸੀ ਜਦੋਂ ਗੁਰੂ ਜੀ ਉਥੇ ਪੁੱਜੇ। ਉਨ੍ਹਾਂ ਨੇ ਜਲ-ਦੁੱਧ ਛਕਣ ਦੀ ਇੱਛਾ ਪ੍ਰਗਟਾਈ। ਨੂਰੇ ਨੇ ਕਿਹਾ ਕਿ ਉਹਦੇ ਕੋਲ ਇਸ ਵੇਲੇ ਜਲ ਨਹੀਂ ਅਤੇ ਦੁੱਧ ਵੀ ਕੋਈ ਮੱਝ ਨਹੀਂ ਲਾਹੇਗੀ, ਕਿਉਂਕਿ ਉਹ ਧਾਰਾਂ ਚੋਅ ਆਇਆ ਹੈ। ਉਸ ਕੋਲ ਬਰਤਨ ਵੀ


(ਬਾਕੀ ਅਗਲੇ ਸਫੇ 'ਤੇ)

# ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ਼ ਗੰਗਾ ਸਾਗਰ

*(ਪਿਛਲੇ ਸਫੇ ਦੀ ਬਾਕੀ)*

ਕੋਈ ਨਹੀਂ ਸੀ। ਤਦ ਗੁਰੂ ਜੀ ਨੇ ਨੂਰੇ ਮਾਹੀ ਨੂੰ ਗੰਗਾ ਸਾਗਰ ਫੜਾਉਂਦਿਆਂ ਆਖਿਆ ਕਿ ਔਸ ਝੋਟੀ ਨੂੰ ਥਾਪੀ ਦੇ ਕੇ ਚੋਣ ਦੀ ਕੋਸ਼ਿਸ਼ ਕਰ। ਨੂਰੇ ਮਾਹੀ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਝੋਟੀ ਨੇ ਦੁੱਧ ਲਾਹ ਲਿਆ ਤੇ ਉਹ ਛੇਕਾਂ ਵਾਲੇ ਬਰਤਨ ਵਿਚੋਂ ਡੁੱਲ੍ਹਿਆ ਵੀ ਨਾ। ਉਹ ਭੱਜਾ ਭੱਜਾ ਆਪਣੇ ਮਾਲਕ ਪਾਸ ਪੁੱਜਾ ਤੇ ਆਖਣ ਲੱਗਾ, ਆਪਣੇ ਕੋਲ ਕੋਈ ਰੱਬ ਦਾ ਬੰਦਾ ਆਇਆ ਹੈ। ਰਾਏ ਕੱਲ੍ਹਾ ਉਸੇ ਵੇਲੇ ਗੁਰੂ ਜੀ ਪਾਸ ਆਇਆ ਅਤੇ ਅਦਬ ਸਤਿਕਾਰ ਨਾਲ ਆਪਣੇ ਪਾਸ ਠਹਿਰਨ ਦੀ ਬੇਨਤੀ ਕੀਤੀ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ ਹੈ? ਗੁਰੂ ਜੀ ਦੇ ਕਹਿਣ ਉਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹਿੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਕੋਈ ਉਘ ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹਿੰਦ ਵਿਆਹੀ ਹੋਈ ਸੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ 'ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ।



*ਪ੍ਰਿੰ. ਸਰਵਣ ਸਿੰਘ (ਐਨ ਸੱਜੇ) ਆਪਣੀ ਪੁਸਤਕ 'ਪੰਜਾਬ ਦੇ ਕੋਹਿਨੂਰ' ਰਾਏ ਅਜ਼ੀਜ਼ਉਲਾ ਖਾਂ ਨੂੰ ਭੇਟ ਕਰਦੇ ਹੋਏ। ਨਾਲ ਖੜ੍ਹੇ ਹਨ ਵਰਿਆਮ ਸਿੰਘ ਸੰਧੂ*

ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰ ਕਰਦਿਆਂ ਸ਼ੁਕਰਾਨੇ ਵਜੋਂ ਉਸ ਨੂੰ ਗੰਗਾ ਸਾਗਰ, ਤਲਵਾਰ ਤੇ ਰੇਹਲ-ਤਿੰਨ ਵਸਤਾਂ ਪ੍ਰੇਮ ਸਹਿਤ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਦੀਆਂ ਬਖਸ਼ੀਆਂ ਇਹ ਵਸਤਾਂ ਅਜ਼ੀਜ਼ਉਲਾ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੀਆਂ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਤਲਵਾਰ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾ ਸਾਗਰ ਹੀ ਮਹਿਫੂਜ਼ ਰਹਿ ਸਕਿਆ, ਜਿਸ ਦੀ ਉਹ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ।

ਗੰਗਾ ਸਾਗਰ ਦੀ ਵਡਿਆਈ ਅਦਭੁੱਤ ਬਰਤਨ ਹੋਣ ਵਿਚ ਨਹੀਂ, ਸਗੋਂ ਗੁਰੂ ਜੀ ਦੇ ਪਵਿਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ। ਅਜ਼ੀਜ਼ਉਲਾ ਦੇ ਵੀ ਅੱਗੋਂ ਇਕੋ ਪੁੱਤਰ ਰਾਏ ਮੁਹੰਮਦ ਅਲੀ ਖਾਂ ਤੇ ਚਾਰ ਧੀਆਂ ਹਨ। ਚਾਰੇ ਧੀਆਂ ਵਿਆਹੁਣ ਪਿੱਛੋਂ ਜੁਲਾਈ 2019 ਵਿਚ ਅਲੀ ਖਾਂ ਦਾ ਵੀ ਵਿਆਹ ਕਰ ਦਿੱਤਾ ਹੈ, ਜਿਸ ਦੀ ਪਾਰਟੀ 'ਤੇ ਅਸੀਂ ਸਰੀ ਜਾ ਕੇ ਆਏ ਹਾਂ।

1947 ਦੇ ਉਜਾੜੇ ਤੋਂ 47 ਸਾਲਾਂ ਬਾਅਦ 1994 ਵਿਚ ਇੰਗਲੈਂਡ ਦੀ ਸੰਗਤ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ ਸਨ। ਹਫਤਾਵਾਰ 'ਦੇਸ ਪ੍ਰਦੇਸ' ਦੇ 10 ਜੂਨ 1994 ਦੇ ਮੋਮੀ ਟਾਈਟਲ ਉਤੇ ਗੰਗਾ ਸਾਗਰ ਦੀ ਰੰਗੀਨ ਤਸਵੀਰ ਛਾਪੀ ਗਈ ਸੀ, ਜੋ ਸ਼ਰਧਾਲੂਆਂ ਨੇ ਫਰੇਮ ਕਰਾ ਕੇ ਘਰੋ ਘਰੀ ਸਜਾ ਲਈ। ਉਦੋਂ ਤੋਂ ਅਜ਼ੀਜ਼ਉਲਾ ਇੰਗਲੈਂਡ, ਮਲੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਭਾਰਤ, ਹਾਂਗਕਾਂਗ, ਅਮਰੀਕਾ ਤੇ ਕੈਨੇਡਾ ਆਦਿ ਮੁਲਕਾਂ ਵਿਚ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਆ ਰਹੇ ਹਨ। 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਮਲੇਸ਼ੀਆ ਸਰਕਾਰ ਨੇ ਗੰਗਾ ਸਾਗਰ ਅਤੇ ਅਜ਼ੀਜ਼ਉਲਾ ਦੀ ਤਸਵੀਰ ਵਾਲੀ ਵਿਸ਼ੇਸ਼ ਡਾਕ ਟਿਕਟ ਜਾਰੀ ਕੀਤੀ। ਰਾਏਕੋਟ ਵਿਖੇ ਗੰਗਾ ਸਾਗਰ ਪਾਰਕ ਬਣਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਅਜਾਇਬ ਘਰ ਵਿਚ ਗੰਗਾ ਸਾਗਰ ਨਾਲ ਸਬੰਧਿਤ ਚਿੱਤਰ ਸਜਾਏ ਗਏ। ਤਲਵੰਡੀ ਰਾਏ ਵਿਚ ਗੁਰਦੁਆਰਾ ਗੰਗਾ ਸਾਗਰ ਸੁਭਾਏਮਾਨ ਹੈ।

1971 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਰਾਏਕੋਟ ਦੇ ਸਰਵੇ ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਉਸ ਸਮੇਂ 85 ਸਾਲਾ ਉਤਮ ਚੰਦ ਵੋਹਰਾ, ਜੋ ਰਾਣੀ ਭਾਗ ਭਰੀ ਦੇ ਅਹਿਲਕਾਰ ਲਾਲਾ ਦੂਨੀ ਚੰਦ ਵੋਹਰਾ ਦਾ ਅੱਠਵਾਂ ਵਾਰਸ ਸੀ, ਨੇ ਦੱਸਿਆ ਕਿ ਰਾਵਲਪਿੰਡੀ ਦੇ ਸਿੱਖਾਂ ਨੇ 1947 ਤੋਂ ਪਹਿਲਾਂ ਰਾਏ ਅਨਾਇਤ ਖਾਂ ਨੂੰ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਸੀ, ਪਈ ਗੰਗਾ ਸਾਗਰ ਸਾਨੂੰ ਸੌਂਪ ਦਿੱਤਾ ਜਾਵੇ। ਰਾਏ ਸਾਹਿਬ ਦਾ ਜਵਾਬ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਬਖਸ਼ਿਸ਼ ਅਨਮੋਲ ਹੈ, ਜਿਸ ਦੀ ਅਸੀਂ ਸਦਾ ਸ਼ਰਧਾ ਨਾਲ ਸੰਭਾਲ ਕਰਦੇ ਰਹਾਂਗੇ। ਜੋ ਖੁਸ਼ੀ ਹਰ ਸਾਲ ਪੰਜਾਹ ਹਜ਼ਾਰ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾ ਕੇ ਮਿਲਦੀ ਹੈ, ਉਹ ਦੁਨਿਆਵੀ ਦੌਲਤਾਂ ਤੋਂ ਕਿਤੇ ਉਤੇ ਹੈ।



*ਅਜ਼ੀਜ਼ਉਲਾ ਖਾਂ ਆਪਣੇ ਪੁੱਤਰ ਅਲੀ ਖਾਂ ਨਾਲ*

ਅਜ਼ੀਜ਼ਉਲਾ ਇਮਰਾਨ ਖਾਨ ਦੀ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਦੇ ਅੰਬੈਸਡਰ ਬਣਨ ਦੀਆਂ ਕਿਆਸ ਅਰਾਈਆਂ ਹਨ। ਉਹ ਨਿਮਰ, ਮਿਠਬੋਲੜੇ, ਮਿਲਾਪੜੇ ਤੇ ਦਾਨੇ ਇਨਸਾਨ ਹਨ। ਮੈਂ ਉਨ੍ਹਾਂ ਨੂੰ ਪੁਸਤਕ 'ਪੰਜਾਬ ਦੇ ਕੋਹੇਨੂਰ' ਭੇਟ ਕੀਤੀ ਤਾਂ ਮਨ 'ਚ ਆਇਆ ਕਿ ਉਨ੍ਹਾਂ ਦਾ ਰੇਖਾ ਚਿੱਤਰ ਵੀ ਉਲੀਕਾਂ ਅਤੇ ਅਗਲੇ ਭਾਗ ਵਿਚ ਸ਼ਾਮਲ ਕਰਾਂ। ਤਦ ਤਕ ਉਹ ਆਪਣੇ ਵਡੇਰਿਆਂ ਦੇ ਵਸਾਏ ਪਿੰਡ ਚਕਰ ਦੀ ਫੇਰੀ ਵੀ ਪਾ ਚੁਕੇ ਹੋਣਗੇ। ਉਨ੍ਹਾਂ ਦੀ ਮਨਸ਼ਾ ਹੈ ਕਿ ਉਹ ਗੰਗਾ ਸਾਗਰ ਮੁੜ ਰਾਏਕੋਟ ਲੈ ਕੇ ਜਾਣ, ਆਪਣੇ ਦਾਦੇ ਵਾਂਗ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਵਾਉਣ ਅਤੇ ਆਪਣੇ ਵਡੇਰਿਆਂ ਦੇ ਵਸਾਏ ਪਿੰਡਾਂ ਵਿਚ ਵੀ ਜਾਣ। ਭਾਰਤ ਸਰਕਾਰ, ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ ਰਾਏ ਅਜ਼ੀਜ਼ਉਲਾ ਖਾਂ ਨੂੰ ਉਚੇਚਾ ਸੱਦਾ ਦੇ ਸਕਦੀ ਹੈ। ਉਹ ਹਿੰਦ-ਪਾਕਿ ਦੇ ਸਾਂਝੇ ਸਲਾਹਕਾਰ-ਅੰਬੈਸਡਰ ਹੋ ਸਕਦੇ ਹਨ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਲ ਵਿਚ ਰਾਏ ਸਾਹਿਬ ਦੀ ਬੜੀ ਕਦਰ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਹੁੰਦਿਆਂ ਰਾਏ ਸਾਹਿਬ ਨੂੰ ਉਚੇਚਾ ਆਪਣੇ ਘਰ ਬੁਲਾਇਆ ਸੀ ਤੇ ਸ਼ਰਧਾ ਨਾਲ ਗੰਗਾ ਸਾਗਰ ਦੇ ਦਰਸ਼ਨ ਕੀਤੇ ਸਨ।

ਗੰਗਾ ਸਾਗਰ ਦੀ ਵਡਿਆਈ ਇਸ ਦੇ ਚਮਤਕਾਰੀ ਬਰਤਨ ਹੋਣ ਵਿਚ ਨਹੀਂ, ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਰਕਮਲਾਂ ਨਾਲ ਵਰੋਸਾਈ, ਮਜ਼ਹਬਾਂ, ਨਸਲਾਂ, ਜਾਤਾਂ, ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਉਪਰ ਉਠੀ, ਇਨਸਾਨੀ ਹਮਦਰਦੀ ਤੇ ਮੁਹੱਬਤ ਦੀ ਮੁਤਬਰਕ ਨਿਸ਼ਾਨੀ ਹੋਣ ਵਿਚ ਹੈ। ਗੰਗਾ ਸਾਗਰ ਅਤੇ ਕਰਤਾਰਪੁਰ ਲਾਂਘਾ ਹਿੰਦ-ਪਾਕਿ ਰਿਸ਼ਤਿਆਂ ਵਿਚਕਾਰ ਇਨਸਾਨੀਅਤ ਤੇ ਮੁਹੱਬਤ ਦੇ ਪੁਲ ਬਣ ਸਕਦੇ ਹਨ।

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ




ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***

# ਲਾਹੌਰ ਵਿਚ ਜੁੰਮੇ ਵਾਲੀ 'ਸੰਗਤ'



ਕਲਾ ਪਰਿਕਰਮਾ

ਹਰਪ੍ਰੀਤ ਸਿੰਘ ਕਾਹਲੋਂ

ਨਜਮ ਹੁਸੈਨ ਸੱਯਦ ਲਾਹੌਰ ਵੱਸਦੇ ਮਕਬੂਲ ਅਦੀਬ ਹਨ। ਉਨ੍ਹਾਂ ਦਾ ਰਚਿਆ ਨਾਟਕ 'ਤਖਤ ਲਾਹੌਰ' ਪੰਜਾਬੀਅਤ ਦਾ ਕੀਮਤੀ ਸਿਰਨਾਵਾਂ ਹੈ। ਸੂਫੀਆਂ ਨੂੰ ਸਮਝਣਾ ਹੋਵੇ ਤਾਂ ਇਹ ਨਾਟਕ ਦੇਖਣਾ ਜ਼ਰੂਰੀ ਹੈ। ਇਸ ਨਾਟਕ ਵਿਚ ਲੇਖਕ ਸੂਫੀਆਂ ਅਤੇ ਬਾਗੀਆਂ ਦਾ ਰਿਸ਼ਤਾ ਸਮਝਾਉਂਦਾ ਹੈ। ਪੰਜਾਬ ਦਾ ਲੋਕ ਨਾਇਕ ਦੁੱਲਾ ਭੱਟੀ ਅਤੇ ਪੰਜਾਬ ਦੇ ਸੂਫੀ ਸ਼ਾਇਰ ਸ਼ਾਹ ਹੁਸੈਨ ਇੱਕੋ ਮਦਰੱਸੇ ਵਿਚ ਪੜ੍ਹੇ; ਇੱਕ ਨੇ ਬੰਦੂਕ ਚੁੱਕੀ, ਇੱਕ ਨੇ ਕਲਮ; ਪਰ ਦੋਵਾਂ ਦੀ ਇਬਾਦਤ ਸਾਂਝੀ ਲੋਕਾਈ ਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਨਾਸਰੀ ਰਾਗ ਦਾ ਸਫਾ 661 'ਤੇ ਸ਼ਬਦ ਦਰਜ ਹੈ:

ਜਬ ਲਗ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥

ਕੁਝ ਅਜਿਹਾ ਹੀ ਸਿਲਸਿਲਾ ਲਾਹੌਰ ਵਿਚ ਨਜਮ ਹੁਸੈਨ ਸੱਯਦ ਨੇ ਸ਼ੁਰੂ ਕੀਤਾ। ਜੁੰਮੇ (ਸ਼ੁੱਕਰਵਾਰ) ਦੀ ਹਰ ਸ਼ਾਮ ਨੂੰ ਨਜਮ ਹੁਸੈਨ ਸੱਯਦ ਦੇ ਘਰ ਲੋਕਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ। ਇਹਨੂੰ ਨਜਮ ਹੁਸੈਨ ਸੱਯਦ ਨੇ ਨਾਮ ਦਿੱਤਾ- ਸੰਗਤ।

ਨਜਮ ਹੁਸੈਨ ਸੱਯਦ ਦਾ ਪਿਛੋਕੜ ਬਟਾਲੇ ਦਾ ਹੈ। ਉਥੇ ਉਨ੍ਹਾਂ ਦੇ ਪਰਿਵਾਰ ਵਿਚ ਪੀਰਾਂ ਦਾ ਸਿਲਸਿਲਾ ਪੀਰ ਫਜ਼ਲ ਸ਼ਾਹ ਤੋਂ ਤੁਰਦਾ ਆਇਆ ਹੈ। 1947 ਦੀ ਵੰਡ ਤੋਂ ਬਾਅਦ ਨਜਮ ਹੁਸੈਨ ਸੱਯਦ ਲਾਹੌਰ ਦੇ ਵਸਨੀਕ ਬਣੇ। ਇਸ ਲਿਹਾਜ਼ ਤੋਂ ਵੀ ਸੰਗਤ ਦੀ ਆਪਣੀ ਮਹੱਤਤਾ ਹੈ ਕਿ ਵੰਡ ਦੇ ਬਾਵਜੂਦ ਅਦਬ ਦਾ ਇਹ ਸਿਲਸਿਲਾ ਸੰਗਤ ਕਰਦਿਆਂ ਸੰਵਾਦ ਦੀ ਰਵਾਇਤ ਸੰਗ ਬਾਬਾ ਸ਼ੇਖ ਫਰੀਦ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ, ਬਾਬਾ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਮੀਆਂ ਮੁਹੰਮਦ ਬਖਸ਼ ਨੂੰ ਚੇਤੇ ਕਰ ਰਿਹਾ ਹੈ।

ਨਜਮ ਦੀ ਸ਼ਾਗਿਰਦ ਅਤੇ ਲਾਹੌਰ ਯੂਨੀਵਰਸਿਟੀ ਦੀ ਪ੍ਰੋਫੈਸਰ ਅਸਮਾ ਕਾਦਰੀ ਕਹਿੰਦੀ ਹੈ, "ਇਸ ਸੰਗਤ ਵਿਚ ਅਸੀਂ ਗੈਰ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕੀਤੇ। ਇਸ ਸੰਗਤ ਵਿਚ ਅਸੀਂ ਗੈਰ ਸਿੱਖਾਂ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੋ ਵਾਰ ਪੜ੍ਹੀਆਂ। ਇਹ ਪੰਜਾਬੀਅਤ ਦੀ ਸੰਗਤ ਸੀ। ਇਸ ਵਿਚ ਅਸੀਂ ਬਾਬਾ ਸ਼ੇਖ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗ੍ਰੰਥ ਸਾਹਿਬ, ਪੰਜਾਬ ਦੇ ਕਿੱਸੇ, ਪੰਜਾਬ ਦੀਆਂ ਵਾਰਾਂ, ਪੰਜਾਬ ਦੇ ਸੂਫੀ, ਭਾਵ ਪੰਜਾਬ ਦੇ ਅਦਬ ਨੂੰ ਆਪਣੀ ਚੇਤਨਾ ਵਿਚ ਮਾਣਿਆ ਅਤੇ ਆਪਣੀ ਸੁਰਤ ਵਿਚ ਸਮਝਿਆ।"

'ਸੰਗਤ' ਦਾ ਵਿਚਾਰ ਸੀ ਕਿ ਕੋਈ ਅਜਿਹਾ ਮੇਲਾ ਲੱਗੇ, ਜਿੱਥੇ ਪੰਜਾਬੀ ਅਦਬ ਨੂੰ ਵਿਚਾਰ ਸਕੀਏ, ਗਾ ਸਕੀਏ। ਨਜਮ ਹੁਸੈਨ ਸੱਯਦ ਕਹਿੰਦੇ ਸਨ ਕਿ ਰਲ-ਮਿਲ ਕੇ ਬੈਠੀਏ, ਕੋਈ ਵਿਚਾਰ ਕਰੀਏ, ਪੰਜਾਬੀ ਅਦਬ ਲਈ ਇਹ ਬੂਹਾ ਖੁੱਲ੍ਹਾ ਹੈ। ਸੋ, 1972 ਦੇ ਸਾਲਾਂ ਵਿਚ ਇਹ ਸੰਗਤ ਸ਼ੁਰੂ ਕੀਤੀ ਗਈ ਅਤੇ ਅੱਜ ਦੀ ਤਾਰੀਖ ਤੱਕ ਬਿਨਾ ਨਾਗਾ ਇਹ ਸੰਗਤ ਇਸੇ ਤਰ੍ਹਾਂ ਸਜ ਰਹੀ ਹੈ।

ਨਜਮ ਹੁਸੈਨ ਸੱਯਦ ਦੀ ਸੰਗਤ ਦਾ ਵਿਚਾਰ ਇਸ ਦੌਰ ਅੰਦਰ ਕਰਨਾ ਜ਼ਰੂਰੀ ਕਿਉਂ ਹੈ? ਇਹ ਆਮ ਲੋਕਾਂ ਦੀ ਬਣਾਈ ਬੈਠਕ ਹੈ ਜਿਸ ਵਿਚ ਆਮ ਲੋਕਾਂ ਨੇ ਆਪਣੇ ਉਦਮ ਨਾਲ ਰਲ-ਮਿਲ-ਬਹਿ ਸੰਵਾਦ ਦੀ ਪਰੰਪਰਾ ਨੂੰ ਜਿਉਂਦਾ ਰੱਖਿਆ, ਬਰਕਰਾਰ ਰੱਖਿਆ। ਆਧੁਨਿਕ ਦੌਰ ਅੰਦਰ ਬੰਦੇ ਅਦਬ ਤੋਂ ਉਂਜ ਹੀ ਉਦਾਸੀਨ ਹਨ, ਅਜਿਹਾ ਨਜ਼ਰੀਆ ਅਕਸਰ ਸਾਡੇ ਸਾਹਮਣੇ ਆਉਂਦਾ ਰਹਿੰਦਾ ਹੈ। ਇਸ ਸੂਰਤ ਵਿਚ 'ਸੰਗਤ' ਦੀ ਬਹੁਤ ਜ਼ਰੂਰਤ ਹੈ। ਲਾਹੌਰ ਅੰਦਰ ਗੈਰ ਸਿੱਖਾਂ ਨੇ ਇਸ ਸੰਗਤ ਦੇ ਮਾਰਫਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਅਤੇ ਵਿਚਾਰਿਆ। ਇੰਜ ਇਹ ਕਿਸੇ ਖਾਸ ਧਰਮ ਜਾਂ ਇੱਕ ਤਬਕੇ ਦੀ ਨਿਸ਼ਾਨਦੇਹੀ ਨਹੀਂ ਕਰਦਾ, ਇਹ ਸਾਂਝੀਵਾਲਤਾ ਦਾ ਦਸਤਾਵੇਜ਼ ਬਣ ਜਾਂਦਾ ਹੈ। ਡਾ. ਅਸਮਾ ਕਾਦਰੀ ਕਹਿੰਦੀ ਹੈ ਕਿ ਇਸ ਸੰਗਤ ਵਿਚ ਕਦੀ ਪੰਜ ਜਣੇ ਹੁੰਦੇ ਹਨ ਅਤੇ ਕਦੀ ਪੰਜਾਹ ਜਣੇ ਵੀ ਇਕੱਠੇ ਹੋ ਜਾਂਦੇ ਹਨ। ਇਸ ਸੰਗਤ ਵਿਚ ਵਿਦਿਆਰਥੀ, ਡਾਕਟਰ, ਲਾਹੌਰ ਦੇ ਲੋਕ, ਕਲਰਕ, ਭਾਰਤ ਤੋਂ ਆਏ ਹੋਏ ਪ੍ਰਾਹੁਣੇ, ਪੁਲਿਸ ਮੁਲਾਜ਼ਮ, ਕਲਾ-ਸੰਗੀਤ ਜਗਤ ਨਾਲ ਜੁੜੇ ਲੋਕਾਂ ਤੋਂ ਲੈ ਕੇ ਹਰ ਉਮਰ ਦੇ ਜੀਅ ਸ਼ਾਮਲ ਹੁੰਦੇ ਰਹੇ ਹਨ ਅਤੇ ਹੁੰਦੇ ਰਹਿੰਦੇ ਹਨ।

ਸੰਗਤ ਸੰਵਾਦ ਦਾ ਰੂਪ ਹੈ। ਇਸੇ ਸੰਵਾਦ ਨੂੰ, ਇਸੇ ਪਰੰਪਰਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਵਿਚ ਅਹਿਮੀਅਤ ਦਿੱਤੀ ਸੀ।

ਤਰਕਾਲਾਂ ਵੇਲੇ ਸੂਰਜ ਢਲਣ ਨਾਲ ਸੰਗਤ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਵਿਚ ਨਜਮ ਹੁਸੈਨ ਸੱਯਦ ਪਰਚਾ ਤਿਆਰ ਕਰਦੇ ਹਨ। ਮਸਲਨ, ਗੁਰੂ ਗ੍ਰੰਥ ਸਾਹਿਬ ਨੂੰ ਚੌਥੀ ਵਾਰ ਵਿਚਾਰਿਆ ਜਾ ਰਿਹਾ ਹੈ। ਇਹ ਸਿਲਸਿਲਾ ਦੋ ਸਾਲ ਚੱਲੇ, ਤਿੰਨ ਜਾਂ ਚਾਰ ਸਾਲ, ਇਸ ਵਿਚ ਮੁਕੰਮਲ ਅਧਿਐਨ ਕੀਤਾ ਜਾਂਦਾ ਹੈ। ਸੰਗਤ ਵਿਚ ਸ਼ਾਮਲ ਲੋਕ ਇਹ ਪਰਚਾ ਪੜ੍ਹਦੇ ਹਨ, ਵਿਚਾਰਦੇ ਹਨ ਅਤੇ ਫਿਰ ਪੂਰਾ ਇੱਕ ਘੰਟਾ ਸਬੰਧਤ ਰਚਨਾਵਾਂ ਦੀ ਚਰਚਾ ਵਿਆਖਿਆ ਸਹਿਤ ਕੀਤੀ ਜਾਂਦੀ ਹੈ। ਜਦੋਂ ਰਚਨਾ ਦਾ ਵਿਚਾਰ ਸਭ ਨੂੰ ਸਮਝ ਆ ਜਾਂਦਾ ਹੈ, ਉਸ ਤੋਂ ਬਾਅਦ ਇਸ ਨੂੰ ਮਿਲ-ਬਹਿ ਕੇ ਗਾਇਆ ਜਾਂਦਾ ਹੈ। ਗਾਈ ਰਚਨਾ ਦੀ ਧੁਨ ਨਜਮ ਹੁਸੈਨ ਸੱਯਦ ਆਪ ਤਿਆਰ ਕਰਦੇ ਹਨ ਅਤੇ ਇਸ ਨੂੰ ਸਮੀਨਾ ਹਸਨ ਸੱਯਦ ਗਾਉਂਦੇ ਸਨ। ਸਮੀਨਾ, ਨਜਮ ਹੁਸੈਨ ਦੀ ਬੇਗਮ ਸੀ ਜਿਹੜੀ ਦੋ ਸਾਲ ਪਹਿਲਾਂ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ ਸੀ। ਹੁਣ ਸੰਗਤ ਵਿਚ ਵੱਖ-ਵੱਖ ਗਵੱਈਏ ਰਚਨਾਵਾਂ ਗਾਉਂਦੇ ਹਨ। ਸੰਗਤ ਦੀ ਖੂਬਸੂਰਤੀ ਇਹ ਹੈ ਕਿ ਗੈਰ ਸਿੱਖ ਸਮੀਨਾ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਬਾ ਸ਼ੇਖ ਫਰੀਦ ਅਤੇ ਹੋਰ ਪੰਜਾਬੀ ਅਦੀਬਾਂ ਨੂੰ 45 ਸਾਲ ਗਾਉਂਦੇ ਰਹੇ। ਉਸ ਨੇ ਜੋ ਗਾਇਆ, ਉਹ ਸਾਊਂਡ ਕਲਾਊਡ 'ਤੇ ਪਿਆ ਹੈ।

ਡਾ. ਅਸਮਾ ਕਾਦਰੀ ਕਹਿੰਦੀ ਹੈ- "ਸੰਗਤ ਦੀ ਖੂਬਸੂਰਤੀ ਦਾ ਅੰਦਾਜ਼ਾ ਤੁਸੀਂ ਇਥੋਂ ਹੀ ਲਾ ਸਕਦੇ ਹੋ ਕਿ ਇਸ ਸੰਗਤ ਵਿਚ ਅਸੀਂ ਅਮੀਰ-ਗਰੀਬ, ਊਚ-ਨੀਚ, ਹਰ ਜਾਤ, ਹਰ ਧਰਮ-ਰੰਗ-ਨਸਲ ਤੋਂ ਉਪਰ ਉਠ ਕੇ ਸਾਂਝੀਵਾਲਤਾ ਦੇ ਜਸ਼ਨ ਮਨਾਏ ਹਨ। ਇਹ ਬਾਬਾ ਸ਼ੇਖ ਫਰੀਦ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਹੋਈ ਰਵਾਇਤ ਹੈ ਜਿਹੜੀ ਇਸ ਦੌਰ ਤੱਕ ਪਹੁੰਚਦੀ ਹੈ। ਇਸ ਤੋਂ ਪਿਆਰੀ ਗੱਲ ਹੋਰ ਕੀ ਹੋਵੇਗੀ ਕਿ ਮੈਂ ਗੁਰੂ ਗ੍ਰੰਥ ਸਾਹਿਬ ਇਸੇ ਸੰਗਤ ਵਿਚ ਸੁਣਿਆ ਅਤੇ ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਦੀਆਂ ਕਾਵਿਕ ਛੋਹਾਂ ਬਾਰੇ ਪੀ.ਐਚ.ਡੀ ਕੀਤੀ।"

ਸੰਗਤ ਦੇ ਅਖੀਰ ਵਿਚ ਲੰਗਰ ਤਿਆਰ ਕੀਤਾ ਜਾਂਦਾ ਹੈ। ਇਸ ਲੰਗਰ ਵਿਚ ਦਾਲ ਰੋਟੀ ਅਤੇ ਕੜਾਹ ਪ੍ਰਸ਼ਾਦ ਹੁੰਦਾ ਹੈ। ਲੰਗਰ ਪੰਗਤ ਵਿਚ ਬਹਿ ਕੇ ਸਭ ਰਲ ਕੇ ਖਾਂਦੇ ਹਨ ਅਤੇ ਇੰਜ ਵੱਖ-ਵੱਖ ਧਰਮਾਂ ਦੇ ਲੋਕ, ਵੱਖ-ਵੱਖ ਰਵਾਇਤਾਂ ਦੀ ਸਮਝ ਸੰਗਤ ਦੇ ਰੂਪ ਦੇ ਵਿਚ ਸਾਂਝੀਵਾਲਤਾ ਨੂੰ ਵਿਚਾਰਦੀ ਹੋਈ, ਪੰਜਾਬੀ ਅਦਬ ਦੇ ਬਹਾਨੇ ਸਿੱਖੀ-ਇਸਲਾਮ ਅਤੇ ਸੂਫੀ ਪਰੰਪਰਾ ਦੇ ਦਰਸ਼ਨ ਕਰਦੀ ਹੈ। ਡਾ. ਅਸਮਾ ਕਾਦਰੀ ਮੁਤਾਬਿਕ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੰਗਤ ਦੀ ਇਸ ਰਵਾਇਤ ਦੇ ਰੂ-ਬ-ਰੂ ਹੋਣਾ ਵੀ ਸਾਂਝੀਵਾਲਤਾ ਦੀ ਗਵਾਹੀ ਹੈ।

ਸੰਗਤ ਦੀ ਅਜਿਹੀ ਮਿਸਾਲੀ ਕਹਾਣੀ ਨਾਲ ਆਓ ਅਸੀਂ ਵੀ ਨਿੱਕੀਆਂ-ਨਿੱਕੀਆਂ ਸੰਗਤਾਂ ਆਪਣੇ ਘਰਾਂ, ਮੁਹੱਲਿਆਂ ਵਿਚ ਸ਼ੁਰੂ ਕਰੀਏ। ਮਨੁੱਖੀ ਮਨ ਅੰਦਰ ਗੁਰਬਾਣੀ, ਰੂਹਾਨੀਅਤ ਅਤੇ ਇੰਜ ਦਾ ਅਦਬ ਜਿਊਂਦਾ ਰਹੇਗਾ ਤਾਂ ਕਦਰਾਂ-ਕੀਮਤਾਂ, ਅਹਿਸਾਸ, ਸੂਹਜ ਪੁੰਗਰਦਾ ਰਹੇਗਾ। ਇਸ ਦੌਰ ਅੰਦਰ ਅਜਿਹੇ ਸੰਵਾਦ ਦੀ ਬਹੁਤ ਲੋੜ ਹੈ। ਇਹ ਗੁਰੂ ਨਾਨਕ ਦੀ ਸੰਵਾਦ ਪਰੰਪਰਾ ਹੋਵੇਗੀ ਜੋ ਬਾਬਾ ਸ਼ੇਖ ਫਰੀਦ ਦੀ ਬਾਰ੍ਹਵੀਂ ਸਦੀ ਤੋਂ ਤੁਰਦੀ ਹੋਈ ਇਸ ਦੌਰ ਤੱਕ ਪਹੁੰਚ ਰਹੀ ਹੈ।



ਆਪਣੇ ਘਰੇ ਨਜਮ ਹੁਸੈਨ ਸੱਯਦ (ਐਨ ਖੱਬੇ)।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਅਕਤੂਬਰ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-400



*ਛੱਤ ਉਤੇ ਮੰਜੇ ਸੀ ਜੋੜ-ਜੋੜ ਡਾਹੁੰਦੇ,*
*ਗਿਣਦੇ ਸੀ ਤਾਰੇ, ਕਦੇ ਬਾਤਾਂ ਸੁਣਾਉਂਦੇ।*
*ਆ ਗਏ ਬੈਡ, ਚੁੱਕ ਨੁੱਕਰੇ ਖੜ੍ਹਾ'ਤੇ,*
*ਬੁਣਨ, ਚੁੱਕਣ, ਧਰਨ ਦੇ ਸਭ ਕੰਮ ਮੁਕਾ'ਤੇ।*

## ਕੈਪਸ਼ਨ ਮੁਕਾਬਲਾ-398



ਕੁੱਛੜ ਬੱਚਾ, ਹੱਥ ਵਿਚ ਠੂਠਾ,
ਕੁੱਖ, ਭੁੱਖ ਹੱਥੋਂ ਹੋਈ ਲਾਚਾਰ।
ਰੱਜਿਆਂ ਲਈ ਲੰਗਰ, ਭੰਡਾਰੇ
ਕੋਈ ਨਾ ਲੈਂਦਾ ਇਨ੍ਹਾਂ ਦੀ ਸਾਰ।
ਪਸੂਆਂ ਵਰਗੀ ਜੂਨ ਹੰਢਾਵਣ,
ਭੋਗਣ, ਲਿਖਿਆ ਜੋ ਕਰਤਾਰ।
*-ਦਵਿੰਦਰ ਕੌਰ*

---

ਲਿਬੜੇ ਤਿਬੜੇ ਜਿਸਮਾਂ ਦੇ ਸੰਗ
ਭੁੱਖੀ ਰਹਿ ਕੇ ਜੂਨ ਹੰਢਾਵੇ।
ਹੱਡੀਆਂ ਝਾਕਣ ਤਨ ਤੋਂ ਬਾਹਰ
ਫਿਰ ਵੀ ਇਹ ਇਨਸਾਨ ਕਹਾਵੇ।
ਮਮਤਾ ਬੜੀ ਮਹਾਨ ਹੈ ਯਾਰੋ
ਦਿਲ ਦਾ ਟੁਕੜਾ ਦਿਲ ਨਾਲ ਲਾਵੇ।
ਸ਼ਰਮ ਨਾ ਖਾਵਣ ਸਾਡੇ ਰਹਿਬਰ
ਲੱਖ ਲਾਹਣਤਾਂ ਦੁਨੀਆਂ ਪਾਵੇ।
*-ਜਗਮੀਤ ਸਿੰਘ ਪੰਧੇਰ, ਕੈਨੇਡਾ*
*ਫੋਨ: 1-431-897-7222*

---

ਸੋਚਾਂ ਦੇ ਵਿਚ ਡੁੱਬੀ ਮਾਂ ਨੇ,
ਪੁੱਤਰ ਸੀਨੇ ਲਾਇਆ।
ਭੁੱਖ ਨੰਗ ਨੇ ਮਾਂ ਪੁੱਤਰ ਦਾ,
ਮੰਦੜਾ ਹਾਲ ਬਣਾਇਆ।
ਦੇਸ਼ ਅਜ਼ਾਦ ਬੇਸ਼ੱਕ ਹੋ ਗਿਆ,
ਗਰੀਬ ਨੇ ਅਜੇ ਗੁਲਾਮ।
ਜ਼ੁਬਾਨ ਇੱਥੇ ਕੋਈ ਖੋਲ੍ਹ ਨ੍ਹੀਂ ਸਕਦਾ,
ਅਮੀਰਾਂ ਹੱਥ ਲਗਾਮ।
*-ਮਾਸਟਰ ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਕੋਈ ਵੀ ਸਤਰ ਉਣਨ ਤੋਂ ਪਹਿਲਾਂ
ਚੱਲ ਉਨ੍ਹਾਂ ਨੂੰ ਪਾਣੀ ਦੇਈਏ।
ਗੁੱਲੀ, ਕੁੱਲੀ ਜੇ ਦੇ ਸਕੀਏ
ਜੁੱਲੀ ਅੱਧੋਰਾਣੀ ਦੇਈਏ।
ਹਉਕੇ ਲੈ ਕੇ ਜਿੰਦ ਸੌਂ ਗਈ
ਅੱਖੀਆਂ ਵਿਚ ਉਮੀਦ ਸਿਸਕਦੀ,
ਅਸ਼ਰਫ ਉਲ ਮਖਲੂਕ ਨਾ ਬਣੀਏ
ਕੁਝ ਤੇ ਜਾਣ ਨਿਮਾਣੀ ਦੇਈਏ।
*-ਸਰਬਜੀਤ ਮਹਿਬੂਬ, ਨਵਾਂਸ਼ਹਿਰੀ*
*ਫੋਨ: 732-773-0604*

---

ਕੀ ਹੁੰਦੀ ਹੈ ਗਰੀਬੀ, ਦੱਸੇ ਇਹ ਤਸਵੀਰ।
ਪਾਟੇ ਲੀੜੇ ਢਿੱਡੋਂ ਭੁੱਖੇ ਪਰ ਰੁੱਸੀ ਤਕਦੀਰ।
ਕੁੱਛੜ ਚੁੱਕ ਮਾਂ ਬੈਠੀ, ਨਾ ਕੋ ਬੰਨ੍ਹਾਵੇ ਧੀਰ।
ਹੱਥ ਅੱਡੇ ਸੱਭ ਅੱਗੇ, ਮਾਂ ਮਮਤਾ ਅਖੀਰ।
*-ਸੇਵਾ ਸਿੰਘ ਨੂਰਪੁਰੀ*

---

ਸਾਧਨਹੀਣ ਲੋਕ ਹਾਂ ਅਸੀਂ
ਜੰਮੀਏ ਤੇ ਮਰ-ਮੁੱਕ ਜਾਈਏ।
ਸੇਧ ਕੋਈ ਨਾ ਦਿੰਦਾ ਸਾਨੂੰ
ਕਿਵੇਂ ਰੋਜ਼ੀ-ਰੋਟੀ ਕਮਾਈਏ।
ਅਰਮਾਨ ਮਰ ਚੁਕੇ, ਪਰ ਮਮਤਾ ਬਾਕੀ
ਠੂਠੇ ਫੜ ਕੇ ਹੁਣ
ਕਿਹਦੇ ਦਰ 'ਤੇ ਜਾਈਏ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਹੋਣ ਕਬਾਇਲੀ ਜਾਂ ਟੱਪਰੀਵਾਸ
ਗਦੀਲੇ ਜਾਂ ਗੱਡੀਆਂ ਵਾਲੇ
ਘਰ ਨਹੀਂ, ਘਾਟ ਨਹੀਂ
ਰਹਿ ਕੁੱਲੀਆਂ 'ਚ ਜੀਵਨ ਬਸਰ ਕਰਦੇ
ਅੱਜ ਇਥੇ ਕੱਲ ਨੂੰ ਹੋਰ ਕਿਤੇ।
'ਸਰਕਾਰਾਂ ਦੇ ਲਾਰੇ ਰਹੇ ਕੁਆਰੇ'
ਕਹਾਵਤ ਸੱਚ ਬੋਲਦੀ ਹੈ।
ਮਿਹਨਤ ਪੇਰਿਆ ਕਰ, ਮੰਗ
ਜਾਂ ਛੋਟਾ-ਮੋਟਾ ਕੰਮ ਕਰ
ਡੁੱਬ ਝੁਲਕਾ ਲੈ ਲੈਂਦੇ।
ਮਰਹੂਮ ਕਵੀ ਲਾਲ ਸਿੰਘ ਦਿਲ
ਹੱਲ ਦੱਸ ਗਿਆ ਹੈ,
'ਜਾ ਰਿਹਾ ਇਕ ਲੰਮਾ ਲਾਰਾ
ਮੋਢਿਆਂ 'ਤੇ ਬਾਂਸ ਚੁੱਕੀ
ਬਾਂਸਾਂ 'ਤੇ ਪਤੀਲੇ ਹਨ
ਪਤੀਲਿਆਂ ਵਿਚ ਬੱਚੇ ਹਨ
ਦੇ ਰਿਹਾ ਸੰਦੇਸ਼ ਹੈ
ਐ ਡੱਕੇ ਚੁਗਣ ਵਾਲਿਓ ਖਿਆਲ ਚੁਗੋ।'
*-ਦਰਸ਼ਨਪਾਲ ਦੋਸਾਂਝ*

# ਕੈਨੇਡਾ ਦਾ ਚੋਣ ਦੰਗਲ




**ਡਾ. ਬਲਜਿੰਦਰ ਸਿੰਘ ਸੇਖੋਂ**

21 ਅਕਤੂਬਰ 2019 ਨੂੰ ਕੈਨੇਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕੌਮਨ (ਲੋਕ ਸਭਾ) ਦੇ ਮੈਂਬਰਾਂ, ਸੰਸਦ ਮੈਂਬਰਾਂ ਦੀ ਚੋਣ ਲਈ ਵੋਟਾਂ ਪੈਣੀਆਂ ਹਨ। ਇਸ ਚੋਣ ਵਿਚ ਬੇਸ਼ਕ ਛੇ ਪਾਰਟੀਆਂ-ਕੰਜ਼ਰਵੇਟਿਵ, ਲਿਬਰਲ, ਐਨ. ਡੀ. ਪੀ., ਬਲਾਕ ਕਿਊਬਕਵਾ, ਗਰੀਨ ਪਾਰਟੀ ਤੇ ਪੀਪਲਜ਼ ਪਾਰਟੀ ਆਫ ਕੈਨੇਡਾ (ਕੈਨੇਡਾ ਦੇ ਲੋਕਾਂ ਦੀ ਪਾਰਟੀ) ਆਪਣੇ ਉਮੀਦਵਾਰ ਖੜ੍ਹੇ ਕੀਤੇ ਹਨ, ਪਰ ਅਸਲ ਵਿਚ ਮੁਕਾਬਲਾ ਪਹਿਲੀਆਂ ਦੋ ਪਾਰਟੀਆਂ ਵਿਚਾਲੇ ਹੀ ਹੈ। ਮੁਕਾਬਲਾ ਫਸਵਾਂ ਹੋਣ ਕਾਰਨ ਇਹ ਵੀ ਹੋ ਸਕਦਾ ਹੈ ਕਿ ਦੋਹਾਂ ਵਿਚੋਂ ਕਿਸੇ ਨੂੰ ਵੀ ਬਹੁਮੱਤ ਨਾ ਮਿਲੇ ਅਤੇ ਐਨ. ਡੀ. ਪੀ. ਦੇ ਹੱਥ ਰਾਜਾ ਚੁਣਨ ਦੀ ਤਾਕਤ ਆ ਜਾਵੇ, ਕਿਉਂਕਿ ਜਿਸ ਪਾਰਟੀ ਨੂੰ ਉਹ ਸਮਰਥਨ ਦੇਵੇਗੀ, ਸਰਕਾਰ ਉਸੇ ਦੀ ਬਣੇਗੀ।

ਕੈਨੇਡਾ ਦੀ ਸਰਕਾਰੀ ਟੀ. ਵੀ., ਰੇਡੀਓ ਕਾਰਪੋਰੇਸ਼ਨ, ਸੀ. ਬੀ. ਸੀ., ਜੋ ਸਾਰੇ ਸਰਵੇਖਣਾਂ ਦੇ ਅੰਕੜਿਆਂ ਨੂੰ ਮਿਲਾ ਕੇ ਔਸਤ ਕੱਢਦੀ ਹੈ, ਮੁਤਾਬਕ 6 ਅਕਤੂਬਰ 2019 ਨੂੰ ਲਿਬਰਲ ਅਤੇ ਕੰਜ਼ਰਵੇਟਿਵ ਪਾਰਟੀਆਂ ਵੋਟਰਾਂ ਦੀ ਚੋਣ ਵਿਚ ਕਰੀਬ ਬਰਾਬਰ (ਲਿਬਰਲ 34.0% ਅਤੇ ਕੰਜ਼ਰਵੇਟਿਵ 33.8%) ਚਲ ਰਹੀਆਂ ਸਨ, ਐਨ. ਡੀ. ਪੀ. 14.3% ਅਤੇ ਗਰੀਨ ਪਾਰਟੀ ਦਾ ਸਮਰਥਨ 9.6% ਸੀ। ਕੈਨੇਡਾ ਭਰ ਵਿਚੋਂ ਸੀਟਾਂ ਜਿੱਤਣ ਦੀ ਸੰਭਾਵਨਾ ਲਿਬਰਲ 163 (107 ਤੋਂ 222), ਕੰਜ਼ਰਵੇਟਿਵ 135 ( 91 ਤੋਂ 181) ਅਤੇ ਐਨ. ਡੀ. ਪੀ. ਦੀ 19 (2 ਤੋਂ 47) ਦੱਸੀ ਜਾ ਰਹੀ ਹੈ। ਚੋਣਾਂ ਦੇ ਐਲਾਨ ਤੋਂ ਬਾਅਦ ਇਹ ਅੰਕੜੇ ਵਧਦੇ- ਘਟਦੇ ਰਹੇ ਹਨ ਅਤੇ ਕੈਨੇਡਾ ਦੀਆਂ ਚੋਣਾਂ ਦੇ ਇਤਿਹਾਸ ਨੂੰ ਵੇਖਦਿਆਂ, ਇਹ ਅੰਕੜੇ ਚੋਣ ਦੇ ਅਖੀਰਲੇ ਦਿਨ ਤੱਕ ਬਦਲਦੇ ਰਹਿਣਗੇ। ਚੋਣ ਬਾਅਦ ਸਰਕਾਰ ਉਸੇ ਪਾਰਟੀ ਦੀ ਬਣੇਗੀ, ਜਿਸ ਨੂੰ 21 ਅਕਤੂਬਰ ਨੂੰ ਵੱਧ ਸੀਟਾਂ ਹਾਸਲ ਹੋਣਗੀਆਂ।

ਕੈਨੇਡਾ ਵਿਚ ਲੀਡਰ ਇਕੱਠੇ ਇੱਕ ਥਾਂ ਬਹਿਸ ਕਰਨ ਲਈ ਸੱਦੇ ਜਾਂਦੇ ਹਨ, ਜਿਸ ਦਾ ਪ੍ਰਸਾਰਨ ਬਹੁਤ ਸਾਰੇ ਟੈਲੀਵਿਜ਼ਨ ਅਤੇ ਰੇਡੀਓ ਚੈਨਲਾਂ 'ਤੇ ਨਾਲੋ ਨਾਲ ਕੀਤਾ ਜਾਂਦਾ ਹੈ। ਇਸ ਨੂੰ ਕਰੋੜਾਂ ਲੋਕ ਵੇਖਦੇ ਹਨ ਅਤੇ ਕਈ ਵਾਰ ਬਹਿਸ ਵਿਚ ਬੋਲੀ ਇੱਕ ਅੱਧ ਟੂਕ ਦਾ ਵੱਡਾ ਪ੍ਰਭਾਵ ਪੈਂਦਾ ਹੈ। ਇਸ ਬਹਿਸ ਵਿਚ, 7 ਅਕਤੂਬਰ 2019 ਨੂੰ, ਜੋ ਅੰਗਰੇਜੀ ਵਿਚ ਆਖਰੀ ਸੀ, 6 ਲੀਡਰਾਂ, ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਕੰਜ਼ਰਵੇਟਿਵ ਪਾਰਟੀ ਦੇ ਐਂਡਰੀਊ ਸ਼ੀਅਰ, ਐਨ. ਡੀ. ਪੀ. ਦੇ ਜਗਮੀਤ ਸਿੰਘ, ਗਰੀਨ ਪਾਰਟੀ ਦੀ ਅਲਿਜ਼ਾਬੈਥ ਮੇਅ, ਬਲਾਕ ਕਿਊਬਕਵਾ ਦੇ ਹੀਸ-ਫਰੈਂਕਵਾ ਬਲੈਂਚੈਟ ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਮੈਕਸਿਮ ਬਰਨੀਏ ਨੇ ਹਿੱਸਾ ਲਿਆ। ਪਹਿਲੀਆਂ ਬਹਿਸਾਂ ਵਿਚ ਕੰਜ਼ਰਵੇਟਿਵ ਪਾਰਟੀ ਨਾਲੋਂ ਵੱਖ ਹੋ ਕੇ ਨਵੀਂ ਬਣੀ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਲੀਡਰ ਮੈਕਸਿਮ ਬਰਨੀਏ ਨੂੰ ਸੱਦਾ ਨਹੀਂ ਸੀ ਦਿੱਤਾ ਗਿਆ, ਪਰ ਇਸ ਬਹਿਸ ਵਿਚ ਉਹ ਵੀ ਸ਼ਾਮਿਲ ਹੋਏ। ਇਹ ਬਹਿਸ ਕਿਊਬਕ ਦੇ ਗਾਟਿਨਿਊ ਸ਼ਹਿਰ ਵਿਚ ਕਰਵਾਈ ਗਈ। ਦੋ ਘੰਟੇ ਚੱਲੀ ਬਹਿਸ ਵਿਚ ਬੇਸ਼ੱਕ ਕੋਈ ਵੀ ਸਪਸ਼ਟ ਜੇਤੂ ਨਹੀਂ ਕਿਹਾ ਜਾ ਸਕਦਾ, ਪਰ ਜਗਮੀਤ ਸਿੰਘ ਸਹਿਜ ਸੁਭਾ ਬੋਲਣ ਅਤੇ ਹਾਜ਼ਰ ਜੁਆਬੀ ਵਿਚ ਆਪਣਾ ਅਕਸ ਬਣਾ ਗਏ। ਟਰੂਡੋ ਨੇ ਜਗਮੀਤ ਨੂੰ ਦੋ ਵਾਰ ਮਿਸਟਰ ਸ਼ੀਅਰ ਕਰਕੇ ਸੱਦਿਆ, ਜਿਸ ਦੇ ਜਵਾਬ ਵਿਚ ਜਗਮੀਤ ਦਾ ਕਹਿਣਾ ਸੀ ਕਿ ਉਹ ਮਿਸਟਰ ਸ਼ੀਅਰ ਨਾਲੋ ਬਹੁੱਤ ਵੱਖਰੇ ਹਨ, ਇਸ ਨਾਲ ਉਹ ਆਪਣੇ ਅਤੇ ਸ਼ੀਅਰ ਦੀ ਪਾਰਟੀ ਵਿਚਲੇ ਵਿਚਾਰਾਂ ਦੇ ਵਖਰੇਵੇਂ ਨੂੰ ਉਜਾਗਰ ਕਰ ਗਏ। ਜਦ ਸੰਚਾਲਕ ਨੇ ਵੀ ਉਸ ਨੂੰ ਸ਼ੀਅਰ ਕਰਕੇ ਸੰਬੋਧਨ ਕੀਤਾ ਤਾਂ ਹਾਲ ਵਿਚ ਹਾਸਾ ਪੈ ਗਿਆ, ਜਿਸ 'ਤੇ ਜਗਮੀਤ ਨੇ ਕਿਹਾ ਕਿ ਅਜ ਮੈਨੂੰ ਬੜੇ ਲੋਕ ਹੋਰ ਸਮਝ ਰਹੇ ਹਨ, ਆਪਣੇ ਆਪ ਦੀ ਪਛਾਣ ਸੌਖੀ ਕਰਨ ਵਾਸਤੇ ਸਗੋਂ ਅੱਜ ਮੈਂ ਸੰਤਰੀ ਪੱਗ ਬੰਨ੍ਹੀ ਸੀ।

ਮੈਕਸਿਮ ਬਰਨੀਏ, ਕੰਜ਼ਰਵੇਟਿਵ ਪਾਰਟੀ ਦਾ ਲੀਡਰ ਬਣਨਾ ਚਾਹੁੰਦਾ ਸੀ, ਪਰ ਲੀਡਰਸ਼ਿਪ ਦੀ ਚੋਣ ਵਿਚ ਐਂਡਰੀਊ ਸ਼ੀਅਰ ਕੋਲੋਂ ਹਾਰ ਗਿਆ। ਉਸ ਪਿਛੋਂ ਉਸ ਨੇ ਵਖਰੀ ਪਾਰਟੀ ਬਣਾ ਲਈ ਅਤੇ ਆਪਣੇ ਆਪ ਨੂੰ ਧੁਰ ਸੱਜੇ ਵਿਚਾਰਾਂ ਵੱਲ ਲੈ ਗਿਆ। ਉਸ ਦੇ ਵਿਚਾਰ ਕੰਜ਼ਰਵੇਟਿਵ ਵਾਲੇ ਹੀ ਹਨ, ਬੱਸ ਕੁਝ ਹੋਰ ਸੱਜੇ ਪੱਖੀ, ਜਿਵੇਂ ਉਸ ਦਾ ਕਹਿਣਾ ਹੈ ਕਿ ਕੈਨੇਡਾ ਦੇ 49% ਲੋਕ ਇਮੀਗਰੇਸ਼ਨ ਘਟਾਉਣ ਜਾਂ ਰੋਕਣ ਦੇ ਪੱਖ ਵਿਚ ਹਨ, ਸੋ ਇਹ ਬੰਦ ਹੋਣੀ ਚਾਹੀਦੀ ਹੈ ਅਤੇ ਉਹ ਬਹੁਸਭਿਆਚਾਰ ਦਾ ਵਿਰੋਧ ਕਰਦਾ ਹੈ, ਸਗੋਂ ਇਕੋ ਕੈਨੇਡੀ ਸਭਿਆਚਾਰ ਦਾ ਮੁੱਦਈ ਹੈ। ਸਟੀਫਨ ਹਾਰਪਰ ਦੀ ਸਰਕਾਰ ਵਿਚ ਮੰਤਰੀ ਹੁੰਦਿਆਂ ਉਹ ਬੜੇ ਸੰਵੇਦਨਸ਼ੀਲ ਪੇਪਰ ਆਪਣੀ ਪ੍ਰੇਮਿਕਾ ਦੇ ਘਰ ਭੁੱਲ ਆਇਆ ਸੀ।



ਗਰੀਨ ਪਾਰਟੀ ਦਾ ਆਧਾਰ ਨੌਜਵਾਨਾਂ ਵਿਚ ਬਣਦਾ ਜਾ ਰਿਹਾ ਹੈ, ਉਹ ਮੁੱਖ ਤੌਰ 'ਤੇ ਵਾਤਾਵਰਣ ਬਚਾਉਣ ਵਾਲੀਆਂ ਨੀਤੀਆਂ 'ਤੇ ਪਹਿਰਾ ਦੇਣ ਵਾਲੀ ਪਾਰਟੀ ਹੈ ਤੇ ਮੂਲ ਨਿਵਾਸੀਆਂ ਦੇ ਇਲਾਕਿਆਂ ਵਿਚੋਂ ਉਨ੍ਹਾਂ ਦੀ ਮਰਜ਼ੀ ਬਿਨਾ ਗੈਸ ਪਾਈਪ ਲਾਈਨਾਂ ਲਿਜਾਣ ਦੇ ਵਿਰੁਧ ਹੈ।

ਐਨ. ਡੀ. ਪੀ. ਵੀ ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰਦੀ ਹੈ। ਜਗਮੀਤ ਸਿੰਘ ਨੇ ਇਸ 'ਤੇ ਬਹਿਸ ਦੌਰਾਨ ਟਿੱਪਣੀ ਕਰਦਿਆਂ ਕਿਹਾ ਕਿ ਵਾਤਾਵਰਣ ਦੇ ਮੁੱਦੇ 'ਤੇ ਲਿਬਰਲ ਅਤੇ ਕੰਜ਼ਰਵੇਟਿਵ-ਦੋਵੇਂ ਆਨਾਕਾਨੀ ਕਰਦੀਆਂ ਹਨ। ਉਸ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਨੂੰ ਮਿਸਟਰ ਦੇਰੀ ਅਤੇ ਮਿਸਟਰ ਮੁਕਰਨਵਾਲੇ-ਦੋਹਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਉਸ ਦਾ ਇਸ਼ਾਰਾ ਸ਼ੀਅਰ, ਜਿਸ ਦੀ ਪਾਰਟੀ ਵਾਤਾਵਰਣ ਬਦਲਾਅ ਨੂੰ ਨਹੀਂ ਮੰਨਦੀ ਅਤੇ ਟਰੂਡੋ, ਜੋ ਵਾਤਾਵਰਣ ਠੀਕ ਰੱਖਣ ਵਾਲੀਆਂ ਨੀਤੀਆਂ ਲਾਗੂ ਕਰਨ ਵਿਚ ਦੇਰੀ ਕਰਦੇ ਹਨ, ਵੱਲ ਸੀ। ਇਹ ਪਾਰਟੀ ਅਮੀਰਾਂ 'ਤੇ ਵੱਧ ਟੈਕਸ ਲਾ ਕੇ ਗਰੀਬਾਂ ਲਈ ਹੋਰ ਸਹੂਲਤਾਂ ਜਿਵੇਂ ਮੁਫਤ ਡਾਕਟਰੀ ਸਹੂਲਤਾਂ ਦੇ ਨਾਲ ਮੁਫਤ ਦਵਾਈਆਂ ਦੇਣ ਦੀ ਗੱਲ ਕਰਦੀ ਹੈ। ਮੁਫਤ ਉਚ ਵਿਦਿਆ ਵੀ ਇਸ ਦਾ ਵਾਅਦਾ ਹੈ। ਜੈਕ ਲੇਅਟਨ 2003 ਤੋਂ 2011 ਤੱਕ ਐਨ. ਡੀ. ਪੀ. ਦੇ ਲੀਡਰ ਰਹੇ। ਉਨ੍ਹਾਂ ਦੀ ਰਹਿਨੁਮਾਈ ਵਿਚ ਪਾਰਟੀ ਨੇ ਬੜੀ ਤਰੱਕੀ ਕੀਤੀ। ਲੋਕਾਂ ਨੂੰ ਉਮੀਦ ਸੀ ਕਿ ਅਗਲੇ ਪ੍ਰਧਾਨ ਮੰਤਰੀ ਉਹ ਹੋਣਗੇ, ਪਰ ਲੇਅਟਨ ਦੀ ਕੈਂਸਰ ਕਾਰਨ ਘੱਟ ਉਮਰੇ ਮੌਤ ਨੇ ਇਸ ਪਾਰਟੀ ਨੂੰ ਵੱਡਾ ਧੱਕਾ ਲਾਇਆ। ਬੇਸ਼ੱਕ ਜਗਮੀਤ ਸਿੰਘ ਚੰਗੇ ਲੀਡਰ ਹਨ, ਪਰ ਕੈਨੇਡਾ ਦੇ ਬਹੁਤ ਸਾਰੇ ਲੋਕ ਉਨ੍ਹਾਂ ਦੀ ਦਿੱਖ ਤੋਂ ਉਚਾਟ ਲਗਦੇ ਹਨ। ਇੱਕ ਵਿਅਕਤੀ ਨੇ ਤਾਂ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੂੰ ਇਹ ਕਹਿ ਦਿੱਤਾ ਕਿ ਆਪਣੀ ਪੱਗ ਕੱਟ ਦੇ (ਲਾਹ ਦੇ) ਤੇ ਕੈਨੇਡੀਅਨ ਲੱਗ। ਜਗਮੀਤ ਸਿੰਘ ਨੇ ਬੜੇ ਪ੍ਰੇਮ ਨਾਲ ਜਵਾਬ ਦਿੱਤਾ, ਵਖਰੇਵਾਂ ਹੀ ਕੈਨੇਡਾ ਦੀ ਪਛਾਣ ਹੈ। ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੈਨੇਡਾ ਵਿਚ ਵਸਦੇ ਯੂਰਪੀ ਮੂਲ ਦੇ ਬਹੁਤ ਲੋਕਾਂ ਨੂੰ ਪ੍ਰਧਾਨ ਮੰਤਰੀ ਦੇ ਤੌਰ 'ਤੇ ਗੁਰਸਿੱਖ ਮਨਜੂਰ ਨਹੀਂ।

ਕੰਜ਼ਰਵੇਟਿਵ ਪਾਰਟੀ ਮੁੱਖ ਤੌਰ 'ਤੇ ਵੱਡੀਆਂ ਕੰਪਨੀਆਂ ਅਤੇ ਵਪਾਰੀਆਂ ਨੂੰ ਟੈਕਸਾਂ ਵਿਚ ਛੋਟ, ਸਰਕਾਰੀ ਮਹਿਕਮਿਆਂ ਵਿਚ ਕਟੌਤੀਆਂ, ਘੱਟ ਖਰਚ ਅਤੇ ਕੈਨੇਡਾ ਸਿਰ ਚੜ੍ਹੇ ਕਰਜ਼ੇ ਨੂੰ ਛੇਤੀ ਖਤਮ ਕਰਨ ਦੀ ਗੱਲ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਅਮੀਰਾਂ ਨੂੰ ਵੱਧ ਸਹੂਲਤਾਂ ਦੇਣ ਨਾਲ ਉਹ ਵੱਧ ਪੈਸੇ ਕਮਾ ਕੇ ਕੈਨੇਡਾ ਵਿਚ ਹੀ ਹੋਰ ਕਾਰੋਬਾਰ ਚਲਾ ਕੇ ਵੱਧ ਨੌਕਰੀਆਂ ਪੈਦਾ ਕਰਨਗੇ, ਜਿਸ ਨਾਲ ਸਭ ਨੂੰ ਫਾਇਦਾ ਹੋਵੇਗਾ, ਪਰ ਜੋ ਲੋਕ ਗਰੀਬੀ ਵਿਚ ਜਾ ਡਿਗਦੇ ਹਨ, ਉਨ੍ਹਾਂ ਬਾਰੇ ਇਸ ਪਾਰਟੀ ਨੂੰ ਘੱਟ ਹੀ ਫਿਕਰ ਹੈ।

ਲਿਬਰਲ ਪਾਰਟੀ ਦੀਆਂ ਨੀਤੀਆਂ ਐਨ. ਡੀ. ਪੀ. ਅਤੇ ਕੰਜ਼ਰਵੇਟਿਵ ਪਾਰਟੀ ਦੇ ਵਿਚ-ਵਿਚਾਲੇ ਹਨ। ਉਹ ਮੱਧ ਵਰਗ ਦੀ ਗਿਣਤੀ ਵਧਾਉਣ ਦੀ ਗੱਲ ਕਰਦੀ ਹੈ। ਵਾਤਾਵਰਣ ਬਚਿਆ ਰਹੇ ਪਰ ਜੇ ਵੱਧ ਵਿਤੀ ਫਰਕ ਪੈਂਦਾ ਹੈ ਤਾਂ ਕੁਝ

## ਸਰਵੇਖਣ

ਖਤਰਾ ਵੀ ਮੁੱਲ ਲੈ ਲਿਆ ਜਾ ਸਕਦਾ ਹੈ, ਜਿਵੇਂ ਬਹੁਤ ਸਾਰੇ ਲੋਕਾਂ ਅਤੇ ਮੂਲ ਨਿਵਾਸੀਆਂ ਵਲੋਂ ਪੜਚੋਲ ਦੇ ਬਾਵਜੂਦ ਅਲਬਰਟਾ ਦੇ ਕੱਚੇ ਤੇਲ ਨੂੰ ਬੀ. ਸੀ. ਦੇ ਸਮੁੰਦਰੀ ਤੱਟ ਤੱਕ ਪਹੁੰਚਾਉਣ ਲਈ ਤੇਲ ਪਾਈਪ ਪਾਉਣ ਲਈ ਬਜ਼ਿੱਦ ਹੈ।

ਇਨ੍ਹਾਂ ਚੋਣਾਂ ਵਿਚ 30 ਤੋਂ ਵੱਧ ਹਲਕਿਆਂ ਵਿਚ ਭਾਰਤੀ ਜਾਂ ਪਾਕਿਸਤਾਨੀ ਮੂਲ ਦੇ ਉਮੀਦਵਾਰ ਚੋਣ ਲੜ ਰਹੇ ਹਨ। ਇਨ੍ਹਾਂ ਵਿਚ 18 ਪੰਜਾਬੀ ਔਰਤਾਂ ਅਤੇ 50 ਤੋਂ ਵੱਧ ਪੰਜਾਬੀ ਮਰਦ ਚੋਣ ਮੈਦਾਨ ਵਿਚ ਹਨ। ਉਮੀਦ ਹੈ, ਇਸ ਵਾਰ 2015 ਦੇ ਮੁਕਾਬਲੇ ਸੰਸਦ ਵਿਚ ਵੱਧ ਪੰਜਾਬੀ ਹੋਣ।

ਕੈਨੇਡਾ ਵਿਚ ਪੰਜਾਬੀਆਂ ਦੇ ਗੜ੍ਹ ਬਰੈਂਪਟਨ ਦੀਆਂ ਪੰਜੇ ਸੀਟਾਂ 'ਤੇ ਪ੍ਰਮੁੱਖ ਪਾਰਟੀਆਂ ਦੇ 15 ਵਿਚੋਂ 11 ਉਮੀਦਵਾਰ ਪੰਜਾਬੀ ਹਨ। ਇਸ ਵਿਚ 2015 ਦੀਆਂ ਚੋਣਾਂ ਵਿਚ ਸਾਰੇ ਉਮੀਦਵਾਰ-ਰਾਜ ਗਰੇਵਾਲ, ਸੋਨੀਆ ਸਿੱਧੂ, ਕਮਲ ਖਹਿਰਾ, ਰਾਮੇਸ਼ ਸੰਘਾ ਅਤੇ ਰੂਬੀ ਸਹੋਤਾ ਲਿਬਰਲ ਪਾਰਟੀ ਦੀ ਟਿਕਟ 'ਤੇ ਚੋਣਾਂ ਜਿੱਤੇ ਸਨ। ਇਨ੍ਹਾਂ ਵਿਚੋਂ ਰਾਜ ਗਰੇਵਾਲ ਨੂੰ ਛੱਡ ਕੇ ਬਾਕੀ ਇਸ ਵਾਰ ਵੀ ਲਿਬਰਲ ਪਾਰਟੀ ਵਲੋਂ ਉਮੀਦਵਾਰ ਹਨ। ਰਾਜ ਗਰੇਵਾਲ ਨੂੰ ਕੁਝ ਨਿੱਜੀ ਮੁਸ਼ਕਿਲਾਂ ਕਰਕੇ ਪਾਰਟੀ ਵਿਚੋਂ ਬਾਹਰ ਜਾਣਾ ਪਿਆ ਅਤੇ ਇਸ ਵਾਰ ਉਹ ਚੋਣ ਨਹੀਂ ਲੜ ਰਹੇ। ਇਸ ਸੀਟ 'ਤੇ ਲਿਬਰਲ ਪਾਰਟੀ ਦੇ ਮਨਿੰਦਰ ਸਿੱਧੂ ਉਮੀਦਵਾਰ ਹਨ।

ਮਿਸੀਸਾਗਾ ਮਾਲਟਨ ਤੋਂ ਉੱਘੇ ਲਿਬਰਲ ਆਗੂ ਤੇ ਮੰਤਰੀ ਨਵਦੀਪ ਬੈਂਸ ਦਾ ਮੁਕਾਬਲਾ ਗੈਰ ਪੰਜਾਬੀ ਟੋਮ ਵਰਗੀਜ਼ ਨਾਲ ਹੈ, ਬਰੈਂਪਟਨ ਸੈਂਟਰ ਤੋਂ ਵਕੀਲ ਰਮੇਸ਼ ਸੰਘਾ ਜੋ ਪਿਛਲੀ ਵਾਰ ਮੰਤਰੀ ਰਹੇ, ਬੱਲ ਗੋਸਲ ਕੰਜ਼ਰਵੇਟਿਵ ਨੂੰ ਹਰਾ ਕੇ ਆਏ ਸਨ, ਦਾ ਮੁਕਾਬਲਾ ਪਵਨਜੀਤ ਗੋਸਲ ਕੰਜ਼ਰਵੇਟਿਵ ਨਾਲ, ਬਰੈਂਪਟਨ ਵੈਸਟ ਤੋਂ ਲਿਬਰਲ ਕਮਲ ਖਹਿਰਾ ਦਾ ਕੰਜ਼ਰਵੇਟਿਵ ਮੁਰਾਰੀ ਲਾਲ ਥਾਪਿਆਲ ਨਾਲ ਅਤੇ ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ ਲਿਬਰਲ ਦਾ ਰਮਨਦੀਪ ਬਰਾੜ ਕੰਜ਼ਰਵੇਟਿਵ ਨਾਲ ਹੋਵੇਗਾ। ਕਿਚਨਰ ਸੈਂਟਰ ਤੋਂ ਰਾਜ ਸੈਣੀ ਲਿਬਰਲ, ਈਟੋਬੀਕੋ ਉਤਰੀ ਤੋਂ ਸਰਬਜੀਤ ਕੌਰ ਕੰਜ਼ਰਵੇਟਿਵ, ਡੋਵਾਲ-ਲੇਚਿਨ-ਲਾਸੇਲ ਤੋਂ ਅੰਜੂ ਢਿੱਲੋਂ ਉਮੀਦਵਾਰ ਹਨ।

ਅਲਬਰਟਾ ਵਿਚ ਮੰਤਰੀ ਅਮਰਜੀਤ ਸੋਹੀ ਲਿਬਰਲ, ਟਿਮ ਉਪਲ ਕੰਜ਼ਰਵੇਟਿਵ ਦਾ ਮੁਕਾਬਲਾ ਕਰਨਗੇ। ਬੀ. ਸੀ. ਵਿਚ ਦੇਵ ਵਿਰਦੀ, ਜਟੀ ਸਿੱਧੂ, ਰਨਦੀਪ ਸਿੰਘ ਸਰਾਏ, ਸੁੱਖ ਧਾਲੀਵਾਲ, ਨੀਲਮ ਬਰਾੜ ਅਤੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਲਿਬਰਲ ਵਲੋਂ ਅਤੇ ਟੀਨਾ ਬੈਂਸ, ਹਰਪ੍ਰੀਤ ਸਿੰਘ ਕੰਜ਼ਰਵੇਟਿਵ ਪਾਰਟੀ ਵਲੋਂ ਚੋਣ ਮੈਦਾਨ ਵਿਚ ਹਨ। ਬੀ. ਸੀ. ਵਿਚ ਐਨ. ਡੀ. ਵਲੋਂ ਸਰਜੀਤ ਸਿੰਘ ਸਰਾਂ, ਹਰਜੀਤ ਸਿੰਘ ਗਿੱਲ ਅਤੇ ਪ੍ਰਧਾਨ ਮੰਤਰੀ ਲਈ ਉਮੀਦਵਾਰ ਜਗਮੀਤ ਸਿੰਘ ਵੀ ਪਾਰਲੀਮੈਂਟ ਵਿਚ ਪਹੁੰਚਣ ਲਈ ਜੋਰ ਲਾ ਰਹੇ ਹਨ। (ਦੇਖੋ ਸਾਰਨੀ)

ਕਿਊਬਿਕ ਦੀ ਖੇਤਰੀ ਪਾਰਟੀ ਬਲਾਕ ਕਿਊਬਕਵਾ ਦੇ ਉਥੇ 22.3% ਲੋਕ ਹਮਾਇਤੀ ਹਨ ਅਤੇ 16 ਦੇ ਕਰੀਬ ਉਮੀਦਵਾਰ ਚੋਣ ਜਿੱਤ ਸਕਦੇ ਹਨ। ਗਰੀਨ ਪਾਰਟੀ, ਜਿਸ ਨੂੰ 9.6% ਵੋਟਰਾਂ ਦੇ ਵੋਟ ਮਿਲ ਸਕਦੇ ਹਨ, ਨੂੰ 1 ਤੋਂ 7 ਸੀਟਾਂ ਆਉਣ ਦਾ ਅਨੁਮਾਨ ਹੈ।

### ਸਾਰਨੀ: ਕੈਨੇਡਾ ਪੱਧਰ ਤੇ ਪ੍ਰਮੁੱਖ ਪਾਰਟੀਆਂ ਦੇ ਪੰਜਾਬੀ ਅਤੇ ਦੱਖਣ ਏਸ਼ੀਆ ਨਾਲ ਸਬੰਧਿਤ ਉਮੀਦਵਾਰ

| ਹਲਕਾ | ਲਿਬਰਲ | ਕੰਸਰਵਟਿਵ | ਐਨ ਡੀ ਪੀ |
|---|---|---|---|
| ਬਰੈਪਟਨ ਪੂਰਬੀ | ਮਨਿੰਦਰ ਸਿੱਧੂ | ਰਾਮੋਨਾ ਸਿੰਘ | ਸਰਨਜੀਤ ਸਿੰਘ |
| ਬਰੈਂਪਟਨ ਪੱਛਮੀ | ਕਮਲ ਖਹਿਰਾ | ਮੁਰਾਰੀਲਾਲ ਥਾਪਿਆਲ | ਨਵਜੀਤ ਕੌਰ |
| ਬਰੈਂਪਟਨ ਉਤਰੀ | ਰੂਬੀ ਸਹੋਤਾ | ਅਰਪਨਾ ਖੰਨਾ | ਮਲੀਸਾ ਐਡਵਾਰਡਜ |
| ਬਰੈਂਪਟਨ ਸੈਂਟਰ | ਰਾਮੇਸ਼ ਸੰਘਾ | ਪਵਨਜੀਤ ਗੋਸਲ | ਜੌਰਡਨ ਬੋਸਵੈਲ |
| ਬਰੈਂਪਟਨ ਦੱਖਣੀ | ਸੋਨੀਆਂ ਸਿੱਧੂ | ਰਮਨਦੀਪ ਬਰਾੜ | ਮਨਦੀਪ ਕੌਰ |
| ਮਿਸੀਸਾਗਾ ਸਟਰੀਟਵਿਲ | ਗਗਨ ਸਿਕੰਦ | ਘੰਡਾ ਮਲੀਕ | ਸਮੀਰ ਗਿਰਗੀਜ |
| ਮਿਸੀਸਾਗਾ ਐਰਿਨ ਮਿਲਜ਼ | ਇਕਰਾ ਖਾਲਿਦ | ਹਾਨੀ ਟਾਫਿਲਜ | ਸਲਮਾਨ ਤਾਰਿਕ |
| ਮਿਸੀਸਾਗਾ-ਮਾਲਟਨ | ਨਵਦੀਪ ਬੈਂਸ | ਟੌਮ ਵਰਗੀਜ਼ | ਨਿੱਕੀ ਕਲਾਰਕ |
| ਮਿਸੀਸਾਗਾ ਸੈਂਟਰ | ਓਮਾਰ ਅਲਘਾਬਰਾ | ਮਿਲਾਦ ਮਾਈਕਲ | ਸਰਾਹ ਵਾਲਜੀ |
| ਸਕਾਰਬਰੋ ਉਤਰੀ | ਸ਼ੌਨ ਚੈੱਨ | ਡੇਵਿਡ ਕੌਂਗ | ਯਾਨ ਚੈਂਨ |
| ਸਕਾਰਬਰੋ ਰੋਗ ਪਾਰਕ | ਗੈਰੀ ਆਨੰਦਸਾਂਗਰੀ | ਬੌਬੀ ਸਿੰਘ | ਕਿੰਗਸਲੇ ਕਵੌਂਕ |
| ਸਕਾਰਬਰੋ ਸੈਂਟਰ | ਸਲਮਾਨ ਜਾਹਿਦ | ਇਰਸ਼ਾਦ ਚੌਧਰੀ | ਫੇਜ਼ ਕਮਲ |
| ਓਕਵਿਲ | ਅਨੀਤਾ ਆਨੰਦ | ਟਰੈਂਸ ਯੰਗ | ਜੀਰੋਮ ਅਡਾਮੋ |
| ਈਟੋਬੀਕੋ ਉਤਰੀ | ਕਰਿਸਟੀ ਡੰਕਨ | ਸਰਬਜੀਤ ਕੌਰ | ਨਾਲੀਮਾ ਫਰਾਹ |
| ਗਲਫ਼ | ਲਲੌਇਡ ਲੌਂਗਫੀਲਡ | ਅਸ਼ੀਸ਼ ਸਚਨ | ਅਇਸ਼ਾ ਜਹਾਂਗੀਰ |
| ਕਿਚਨਰ ਸੈਂਟਰ | ਰਾਜ ਸੈਨੀ | ਸਟੀਫਨ ਵੁਡਵਰਥ | ਐਂਡਰਿਊ ਮੋਰਾਗਾ |
| ਹਮਿਲਟਨ ਪੂਰਬੀ- ਸਟੋਨੀ ਕਰੀਕ | ਬੌਬ ਬਰੇਟਿਨਾ | ਨਿੱਕੀ ਕੌਰ | ਨਿੱਕ ਮਲੈਨੋਵਿੱਕ |
| ਯੋਰਕ ਦੱਖਣੀ- ਵੈਸਟਨ | ਅਹਿਮਦ ਹੁਸੈਨ | ਜਸਵੀਨ ਰਤਨ | ਯਾਫੇਟ ਟਵੈਲਡ |
| ਨੇਪੀਅਨ | ਚੰਦਰ ਆਰੀਆ | ਬਰਾਇਨ ਲਿਉਸ | ਜੇਫ ਅਨਸਾਰੀ |
| ਓਟਵਾ ਪੱਛਮੀ-ਨੇਪੀਅਨ | ਅਨੀਤਾ ਵੈਂਡਨਬੈਲਡ | ਅਬਦੁੱਲ ਆਬਦੀ | ਐਂਜਲਾ ਮੈਕਈਵਨ |
| ਡੋਵਾਲ-ਲੇਚਿਨ-ਲਾਸੇਲ | ਅੰਜੂ ਢਿਲੋਂ | ਸਲੀਨ ਲੇਕਿਉਰੇ | ਲੋਰੀ ਮੌਰੀਸਨ |
| ਪੀਅਰਫੌਂਡਜ-ਡੋਲਾਰਡ | ਸਮੀਰ ਜ਼ੂਬੇਰੀ | ਮਰੀਅਮ ਇਸ਼ਾਕ | ਬਰੂਨੋ ਇਬਰਾਹੀਮ ਅਲ ਖੌਰੀ |
| ਐਡਮਿੰਨਟਨ ਮਿਲ ਵੂਡਜ਼ | ਅਮਰਜੀਤ ਸੋਹੀ | ਟਿਮ ਉਪਲ | ਨਿਗਿਲ ਲੋਗਾਂ |
| ਐਡਮਿੰਟਨ ਮੈਨਿੰਗ | ਕਮਲ ਕਾਦਰੀ | ਜਿਆਦ ਅਬੂਲਟੈਫ | ਚਰਮੇਨ ਜਰਮੇਨ |
| ਕੈਲਗਰੀ ਫੋਰੈਸਟ ਲਾਅਨ | ਜੈਗ ਆਨੰਦ | ਜਸਰਾਜ ਸਿੰਘ ਹਾਲਾਂ | ਜੋ ਪਿਮਲੋਟ |
| ਕੈਲਗਰੀ ਸਕਾਈ ਵਿਊ | ਨਿਰਮਲਾ ਨਾਇਡੂ | ਜੈਗ ਸਹੋਤਾ | ਗੁਰਿੰਦਰ ਸਿੰਘ ਗਿੱਲ |
| ਸਕੀਨਾ ਬਲਕਲੇ ਵੈਲੀ | ਦੇਵ ਬਿਰਦੀ | ਕਲੈਅਰ ਰੇਟੀ | ਟੇਅਲਰ ਬਚਰੈਚ |
| ਕਲੋਵਰਡੇਲ-ਲੈਂਗਲੇ ਸਿੱਟੀ | ਜੌਹਨ ਐਲਡਾਗ | ਤਮਾਰਾ ਜੈਨਸਨ | ਰਾਏ ਬਨਵਾਰੀ |
| ਮਿਸ਼ਨ-ਮੇਟਸਕਿਉਈ-ਫਰੇਸ਼ਰ ਕੇਨੀਓਨ | ਜਟੀ ਸਿੱਧੂ | ਬਰੈਡ ਵਿਸ | ਮਾਇਕਲ ਨੈਨ |
| ਸਰੀ ਸੈਂਟਰਲ | ਰਨਦੀਪ ਸਿੰਘ ਸਰਾਏ | ਟੀਨਾ ਬੈਂਸ | ਸਰਜੀਤ ਸਿੰਘ ਸਰਾਂ |
| ਸਰੀ ਨਿਊਟਨ | ਸੁੱਖ ਧਾਲੀਵਾਲ | ਹਰਪ੍ਰੀਤ ਸਿੰਘ | ਹਰਜੀਤ ਸਿੰਘ ਗਿੱਲ |
| ਬਰਨਬੀ ਦੱਖਣ | ਨੀਲਮ ਬਰਾੜ | ਜੇਅ ਸ਼ਿਨ | ਜਗਮੀਤ ਸਿੰਘ |
| ਵੈਨਕੂਵਰ ਦੱਖਣ | ਹਰਜੀਤ ਸਿੰਘ ਸਜਣ | ਵਾਈ ਯੰਗ | ਸ਼ੀਨ ਮੈਕਕਿਊਲੇਨ |
| ਓਨਟਾਰੀਓ ਵਿਚ ਪਾਰਟੀਆ ਨੂੰ ਸਮਰਥਨ (%) | 38.9 | 33.6 | 15.5 |
| ਬ੍ਰਿਟਿਸ਼ ਕੋਲੰਬੀਆ ਵਿਚ ਪਾਰਟੀਆ ਨੂੰ ਸਮਰਥਨ (%) | 32.1 | 29.3 | 20.4 |
| ਕਿਊਬਿਕ ਵਿਚ ਪਾਰਟੀਆ ਨੂੰ ਸਮਰਥਨ (%) | 36.9 | 18.9 | 10.9 |
| ਕੈਨੇਡਾ ਭਰ ਵਿਚ ਪਾਰਟੀਆਂ ਨੂੰ ਸਮਰਥਨ (%) | 34.0 | 33.8 | 14.3 |
| ਕੈਨੇਡਾ ਭਰ ਵਿਚੋਂ ਸੀਟਾਂ ਜਿਤਣ ਦੀ ਸੰਭਾਵਨਾ | 163 (107 ਤੋਂ 222) | 135 ( 91 ਤੋਂ 181) | 19 (2 ਤੋਂ 47) |

# ਸਾਹਿਤਕਾਰ ਦੀ ਮਨੋਦਸ਼ਾ

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 5 ਅਕਤੂਬਰ 2019 ਵਾਲੇ ਅੰਕ ਵਿਚ 'ਖੱਟੀਆਂ ਮਿੱਠੀਆਂ' ਕਾਲਮ ਹੇਠ ਪ੍ਰੋ. ਅਵਤਾਰ ਸਿੰਘ ਦਾ ਲੇਖ 'ਸੁਹਿਰਦ, ਸਹਿਰਦ ਤੇ ਸਿਆਸੀ ਛੁਣਛੁਣਾ' ਪੜ੍ਹਿਆ। ਲੇਖ ਵਿਚ ਉਨ੍ਹਾਂ ਬਹੁਤ ਵਧੀਆ ਵਿਚਾਰ ਪੇਸ਼ ਕੀਤੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤਕਾਰ ਬਹੁਤ ਭਾਵੁਕ ਹੁੰਦਾ ਹੈ ਅਤੇ ਉਸ ਦੇ ਮਨ ਉਤੇ ਕਿਸੇ ਚੀਜ਼ ਦਾ ਪ੍ਰਭਾਵ ਬਹੁਤ ਛੇਤੀ ਪੈਂਦਾ ਹੈ, ਪਰ ਉਨ੍ਹਾਂ ਨੇ ਸਾਹਿਤਕਾਰ ਦੀ ਜੋ ਮਨੋਦਸ਼ਾ ਵਰਣਨ ਕੀਤੀ ਹੈ, ਇਹ ਦਸ਼ਾ ਹਰ ਸਾਹਿਤਕਾਰ ਦੀ ਨਹੀਂ ਹੁੰਦੀ। ਕਈ ਸਾਹਿਤਕਾਰ ਤਾਂ ਸ਼ਰਾਬੀ-ਕਬਾਬੀ ਵੀ ਮਿਲਣਗੇ ਅਤੇ ਚਰਿਤਰਹੀਣ ਵੀ ਹੁੰਦੇ ਹਨ।

ਗੱਲ ਤਾਂ ਸੁੱਚੇ-ਸੱਚੇ ਕਿਰਦਾਰ ਵਾਲੇ ਮਨੁੱਖ ਦੀ ਹੁੰਦੀ ਹੈ, ਭਾਵ ਕੋਈ ਮਨੁੱਖ ਕਿੰਨਾ ਵਧੀਆ ਹੈ। ਸਾਹਿਤਕਾਰ ਤੋਂ ਬਿਨਾ ਵੀ ਜਿਸ ਮਨੁੱਖ ਵਿਚ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ, ਭਾਵਨਾਵਾਂ, ਜਜ਼ਬਾਤ, ਅਹਿਸਾਸ, ਗੈਰਤ, ਜ਼ਮੀਰ ਤੇ ਨੈਤਿਕਤਾ ਹੋਵੇ, ਉਹ ਮਨੁੱਖ ਹੀ ਦੂਜੇ ਦੇ ਦੁੱਖ ਨੂੰ ਆਪਣਾ ਸਮਝਦਾ ਹੈ ਅਤੇ ਸੁੱਖ ਦੀ ਨੀਂਦ ਸੌਂ ਨਹੀਂ ਸਕਦਾ। ਅਜਿਹੇ ਮਨੁੱਖ ਨੂੰ ਨਾ ਦਿਨੇ ਚੈਨ ਅਤੇ ਨਾ ਰਾਤੀਂ ਆਰਾਮ ਮਿਲਦਾ ਹੈ।

*-ਮਾਸਟਰ ਨਿਰਮਲ ਸਿੰਘ ਲਾਲੀ*

# ਕੈਨੇਡਾ ਵਿਚ ਪੰਜਾਬੀ ਬੋਲੀ ਅਤੇ ਚੋਣਾਂ

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਦੇ ਭਵਿੱਖ ਦਾ ਅਸਲੀ ਫੈਸਲਾ ਤਾਂ ਪੰਜਾਬ (ਭਾਰਤ ਅਤੇ ਪਾਕਿਸਤਾਨ) ਵਿਚ ਰਹਿੰਦੇ ਲੋਕਾਂ ਨੇ ਹੀ ਕਰਨਾ ਹੈ, ਪਰ ਇਨ੍ਹਾਂ ਦੋਹਾਂ ਪੰਜਾਬਾਂ ਤੋਂ ਬਾਹਰ ਵਸਣ ਵਾਲੇ ਪੰਜਾਬੀਆਂ ਵਿਚ ਵੀ ਬਹੁਤ ਲੋਕ ਹਨ, ਜੋ ਪੰਜਾਬੀ ਬਾਰੇ ਫਿਕਰਮੰਦ ਹਨ। ਦੁਨੀਆਂ 'ਚ ਵੱਖ ਵੱਖ ਥਾਂਈਂ ਵਸਦੇ ਪੰਜਾਬੀਆਂ ਵਾਂਗ ਕੈਨੇਡਾ ਦੇ ਪੰਜਾਬੀ ਵੀ ਆਪਣੀ ਮਾਂ-ਬੋਲੀ ਬਾਰੇ ਫਿਕਰਮੰਦ ਹਨ। ਪੰਜਾਬੀ ਬੋਲੀ ਲਈ ਕੁਝ ਜ਼ਿਕਰਯੋਗ ਪ੍ਰਾਪਤੀਆਂ ਵੀ ਹੋਈਆਂ ਹਨ, ਖਾਸ

ਸਾਧੂ ਬਿਨਿੰਗ, ਕੈਨੇਡਾ
ਫੋਨ: 778-773-1886
sadhu.binning@gmail.com

ਕਰ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਵਿਚ, ਜਿੱਥੇ ਪਿਛਲੀ ਸਦੀ ਦੇ ਸ਼ੁਰੂ ਵਿਚ ਪੰਜਾਬੀ ਆ ਕੇ ਵਸਣੇ ਸ਼ੁਰੂ ਹੋਏ। ਇਸ ਸੂਬੇ ਵਿਚ ਸਾਲ 1994 ਦੌਰਾਨ ਪੰਜ ਹੋਰ ਭਾਸ਼ਾਵਾਂ-ਫਰਾਂਸੀਸੀ, ਚੀਨੀ, ਜਪਾਨੀ, ਸਪੇਨੀ ਅਤੇ ਜਰਮਨ ਦੇ ਨਾਲ ਪੰਜਾਬੀ ਬੋਲੀ ਨੂੰ ਵੀ ਦੂਜੀ ਭਾਸ਼ਾ ਵਜੋਂ ਸਕੂਲਾਂ ਵਿਚ ਪੜ੍ਹਾਏ ਜਾਣ ਦੀ ਮਾਨਤਾ ਮਿਲ ਗਈ ਸੀ। ਇਸ ਵੇਲੇ ਸਕੂਲਾਂ ਦੇ ਨਾਲ ਨਾਲ ਬੀ. ਸੀ. ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਵੀ ਪੰਜਾਬੀ ਪੜ੍ਹਾਈ ਜਾਂਦੀ ਹੈ।

ਅਲਬਰਟਾ ਵਿਚ ਵੀ ਪੰਜਾਬੀ ਬੋਲੀ ਪੜ੍ਹਾਏ ਜਾਣ ਦਾ ਹੱਕ ਹਾਸਲ ਹੈ। ਦੂਜੇ ਸੂਬਿਆਂ ਵਿਚ ਵੀ, ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਰਹਿ ਰਹੇ ਹਨ, ਉਨ੍ਹਾਂ ਨੇ ਆਪਣੀ ਅਗਲੀ ਪੀੜ੍ਹੀ ਨੂੰ ਪੰਜਾਬੀ ਨਾਲ ਜੋੜੀ ਰੱਖਣ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ। ਪੰਜਾਬੀ ਦੀ ਪ੍ਰਫੁਲਤਾ ਲਈ ਹੋਰ ਵੀ ਬਹੁਤ ਸਾਰੇ ਖੇਤਰਾਂ ਵਿਚ ਕੋਸ਼ਿਸ਼ਾਂ ਹੁੰਦੀਆਂ ਰਹਿੰਦੀਆਂ ਹਨ।

ਕੈਨੇਡਾ ਵਿਚ ਪੰਜਾਬੀ ਮੀਡੀਆ-ਅਖਬਾਰਾਂ, ਰੇਡੀਓ, ਟੈਲੀਵਿਜ਼ਨ ਤੇ ਇੰਟਰਨੈਟ ਇਸ ਵੇਲੇ ਕਾਫੀ ਲੋਕਾਂ ਦੀ ਰੋਜ਼ੀ ਰੋਟੀ ਦਾ ਜ਼ਰੀਆ ਬਣਿਆ ਹੋਇਆ ਹੈ। ਹਰ ਪੱਧਰ ਦੀਆਂ ਸਰਕਾਰਾਂ ਲੋਕਾਂ ਨਾਲ ਜ਼ਰੂਰੀ ਜਾਣਕਾਰੀ ਸਾਂਝੀ ਕਰਨ ਲਈ ਉਸ ਨੂੰ ਦੂਜੀਆਂ ਬੋਲੀਆਂ ਵਿਚ, ਸਣੇ ਪੰਜਾਬੀ ਦੇ, ਅਨੁਵਾਦ ਕਰਵਾਉਂਦੀਆਂ ਹਨ। ਇਸ ਨਾਲ ਬਹੁਤ ਸਾਰੇ ਪੰਜਾਬੀਆਂ ਨੂੰ ਰੁਜ਼ਗਾਰ ਪ੍ਰਾਪਤ ਹੁੰਦਾ ਹੈ।

ਪੰਜਾਬੀ ਦੇ ਇਸ ਵਿਕਾਸ ਦੇ ਬਾਵਜੂਦ ਇਕ ਖੇਤਰ ਵਿਚ ਅਜੇ ਤੱਕ ਕੋਈ ਪ੍ਰਾਪਤੀ ਨਹੀਂ ਹੋ ਸਕੀ, ਤੇ ਉਹ ਹੈ, ਕੈਨੇਡਾ ਦੀ ਫੈਡਰਲ (ਕੇਂਦਰੀ) ਸਰਕਾਰ ਵਲੋਂ ਇਸ ਨੂੰ ਕੋਈ ਮਾਨਤਾ ਨਾ ਮਿਲਣਾ। ਹੁਣ ਇਹ ਮਸਲਾ ਉਠਾਉਣ ਦਾ ਸਹੀ ਸਮਾਂ ਹੈ, ਜਦੋਂ ਫੈਡਰਲ ਚੋਣਾਂ ਹੋ ਰਹੀਆਂ ਹਨ।

21 ਅਕਤੂਬਰ 2019 ਨੂੰ ਹੋਣ ਵਾਲੀਆਂ ਫੈਡਰਲ ਚੋਣਾਂ ਲਈ ਹਰ ਪਾਸੇ ਚੋਣ ਪ੍ਰਚਾਰ ਹੋ ਰਿਹਾ ਹੈ। ਇਹ ਵਧੀਆ ਗੱਲ ਹੈ ਕਿ ਹਮੇਸ਼ਾ ਵਾਂਗ ਪੰਜਾਬੀ ਭਾਈਚਾਰੇ ਦੇ ਲੋਕ ਵੀ ਪੂਰੀ ਸਰਗਰਮੀ ਨਾਲ ਇਸ ਵਿਚ ਜੁਟੇ ਹੋਏ ਹਨ। ਕੈਨੇਡਾ ਦੀ ਕਰੀਬ ਹਰ ਪਾਰਟੀ ਵਲੋਂ ਚੋਣ ਲੜ ਰਹੇ ਪੰਜਾਬੀ ਉਮੀਦਵਾਰਾਂ ਦੀ ਗਿਣਤੀ ਕਈ ਦਰਜਨ ਹੈ। ਜਿੱਥੇ ਜਿੱਥੇ ਵੀ ਪੰਜਾਬੀਆਂ ਦੀ ਜ਼ਿਕਰਯੋਗ ਗਿਣਤੀ ਹੈ, ਉਥੇ ਉਹ ਜਾਂ ਤਾਂ ਕਿਸੇ ਪੰਜਾਬੀ ਉਮੀਦਵਾਰ ਨੂੰ ਜਿਤਾਉਣ ਦੇ ਆਹਰ ਵਿਚ ਹਨ ਜਾਂ ਪੰਜਾਬੀ ਭਾਈਚਾਰੇ ਨਾਲ ਨੇੜਤਾ ਰੱਖਣ ਵਾਲੇ ਕਿਸੇ ਹੋਰ ਉਮੀਦਵਾਰ ਨੂੰ।

ਪੰਜਾਬੀ ਫੰਡ ਇਕੱਠੇ ਕਰ ਰਹੇ ਹਨ, ਸੜਕਾਂ 'ਤੇ ਉਮੀਦਵਾਰਾਂ ਦੇ ਬੋਰਡ ਲਾ ਰਹੇ ਹਨ, ਲੋਕਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਵੋਟ ਪਾਉਣ ਲਈ ਕਹਿ ਰਹੇ ਹਨ, ਫੋਨ ਕਰ ਰਹੇ ਹਨ, ਲਿਸਟਾਂ ਬਣਾ ਰਹੇ ਹਨ। ਭਾਈਚਾਰੇ ਦੀਆਂ ਅਖਬਾਰਾਂ, ਰੇਡੀਓ ਅਤੇ ਟੀ. ਵੀ. ਰਾਹੀਂ ਚੋਣ ਸਬੰਧੀ ਹਰ ਕਿਸਮ ਦੀ ਜਾਣਕਾਰੀ ਪੇਸ਼ ਹੋ ਰਹੀ ਹੈ। ਇਸ ਸਭ ਲਈ ਪੰਜਾਬੀ ਬੋਲੀ ਦੀ ਵੀ ਵਰਤੋਂ ਹੋ ਰਹੀ ਹੈ। ਸਰੀ ਦੇ ਕਈ ਚੋਣ ਹਲਕਿਆਂ ਵਿਚ, ਜਿੱਥੇ ਹਰ ਪਾਸੇ ਪੰਜਾਬੀ ਉਮੀਦਵਾਰ ਖੜ੍ਹੇ ਹਨ, ਪੰਜਾਬੀ ਬੋਲੀ ਦੀ ਵਰਤੋਂ ਸ਼ਾਇਦ ਅੰਗਰੇਜ਼ੀ ਨਾਲੋਂ ਕਿਤੇ ਵੱਧ ਹੋ ਰਹੀ ਹੋਵੇ। ਚੋਣਾਂ ਦੌਰਾਨ ਪੰਜਾਬੀ ਬੋਲੀ ਸਬੰਧੀ ਇਸ ਵਾਰ ਇਕ ਗੱਲ ਪਹਿਲਾਂ ਦੇ ਮੁਕਾਬਲੇ ਵਧੀਆ ਤੇ ਵੱਖਰੀ ਇਹ ਹੋ ਰਹੀ ਹੈ ਕਿ ਸਿਆਸੀ ਲੀਡਰਾਂ ਦੀ ਟੀ. ਵੀ. 'ਤੇ ਹੋਣ ਵਾਲੀ ਬਹਿਸ ਪੰਜਾਬੀ ਵਿਚ ਵੀ ਸੁਣੀ ਜਾ ਸਕੇਗੀ; ਪਰ ਇਹ ਸਭ ਕੁਝ ਦੇ ਬਾਵਜੂਦ ਅਸਲੀਅਤ ਇਹ ਹੈ ਕਿ ਪੰਜਾਬੀ ਕੈਨੇਡਾ ਵਿਚ ਇਕ ਵਿਦੇਸ਼ੀ ਬੋਲੀ ਹੈ।

ਕੈਨੇਡਾ ਦੀ ਸਭ ਤੋਂ ਵੱਡੀ ਸਿਫਤ ਇਥੇ ਸਾਰੇ ਸਭਿਆਚਾਰਕ ਨੂੰ ਮਿਲਦਾ ਸਤਿਕਾਰ ਹੈ। ਕੈਨੇਡਾ ਦਾ ਬਹੁ-ਸਭਿਆਚਾਰਕ ਢਾਂਚਾ ਦੁਨੀਆਂ ਭਰ ਵਿਚ ਇਕ ਮਾਡਲ ਵਜੋਂ ਦੇਖਿਆ ਜਾਂਦਾ ਹੈ, ਪਰ ਅਸਲੀਅਤ ਇਹ ਹੈ ਕਿ ਕੈਨੇਡਾ ਦਾ ਬਹੁ-ਸਭਿਆਚਾਰਵਾਦ ਪਿਛਲੇ ਕਈ ਦਹਾਕਿਆਂ ਦੌਰਾਨ ਇਕ ਵਿਸ਼ੇਸ਼ ਹੱਦ ਤੋਂ ਅੱਗੇ ਨਹੀਂ ਸਰਕਿਆ। ਇਸ ਤੱਥ ਦੇ ਬਾਵਜੂਦ ਕਿ ਕੋਈ ਵੀ ਸਭਿਆਚਾਰ ਉਸ ਦੀ ਭਾਸ਼ਾ ਤੋਂ ਬਿਨਾ ਜ਼ਿੰਦਾ ਨਹੀਂ ਰਹਿ ਸਕਦਾ, ਕੈਨੇਡਾ ਦਾ ਬਹੁ-ਸਭਿਆਚਾਰਕ ਢਾਂਚਾ ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾ ਕਿਸੇ ਵੀ ਹੋਰ ਭਾਸ਼ਾ ਨੂੰ ਸਰਕਾਰੀ ਤੌਰ 'ਤੇ ਕੈਨੇਡੀਅਨ ਭਾਸ਼ਾ ਮੰਨਣ ਤੋਂ ਇਨਕਾਰੀ ਹੈ। ਦੂਜੀਆਂ ਬੋਲੀਆਂ ਦੀ ਤਾਂ ਗੱਲ ਇਕ ਪਾਸੇ ਰਹੀ, ਅੰਗਰੇਜ਼ੀ ਦੇ ਪੈਰੋਕਾਰ ਫਰਾਂਸੀਸੀ ਨੂੰ ਅਤੇ ਫਰਾਂਸੀਸੀ ਦੇ ਪੈਰੋਕਾਰ ਅੰਗਰੇਜ਼ੀ ਨੂੰ ਕਈ ਵਾਰੀ ਬਰਾਬਰ ਦਾ ਦਰਜਾ ਦੇਣ ਤੋਂ ਇਨਕਾਰੀ ਹੋ ਜਾਂਦੇ ਹਨ।

ਪਿਛਲੇ ਕਈ ਵਰ੍ਹਿਆਂ ਤੋਂ ਪੰਜਾਬੀ ਕੈਨੇਡਾ ਵਿਚ ਅੰਗਰੇਜ਼ੀ ਅਤੇ ਫਰਾਂਸੀਸੀ ਪਿਛੋਂ ਤੀਜੇ ਨੰਬਰ




'ਤੇ ਹੈ। ਪਿਛਲੇ ਕਰੀਬ ਸਵਾ ਸੌ ਸਾਲ ਤੋਂ ਇਸ ਦੀ ਇਥੇ ਹੋਂਦ ਹੈ ਅਤੇ ਇਸ ਨੇ ਕੈਨੇਡਾ ਦੇ ਵਿਕਾਸ ਵਿਚ ਲਗਾਤਾਰ ਆਪਣਾ ਹਿੱਸਾ ਪਾਇਆ ਹੈ। ਪੰਜਾਬੀ ਬੋਲੀ ਦੇ ਯੋਗਦਾਨ ਨੂੰ ਅੱਖੋਂ ਓਹਲੇ ਕਰਨਾ ਅਤੇ ਇਸ ਨੂੰ ਇਕ ਕੈਨੇਡੀਅਨ ਬੋਲੀ ਨਾ ਮੰਨਣਾ ਭਾਸ਼ਾਈ ਵਿਤਕਰਾ ਹੈ। ਇਹ ਵੀ ਸੱਚ ਹੈ ਕਿ ਇਹ ਵਿਤਕਰੇ ਵਾਲਾ ਵਰਤਾਓ ਸਿਰਫ ਪੰਜਾਬੀ ਨਾਲ ਹੀ ਨਹੀਂ ਹੋ ਰਿਹਾ, ਦੋ ਸਰਕਾਰੀ ਬੋਲੀਆਂ ਤੋਂ ਬਿਨਾ ਬਾਕੀ ਸਭ ਬੋਲੀਆਂ ਨੂੰ ਵਿਦੇਸ਼ੀ ਹੀ ਸਮਝਿਆ ਜਾਂਦਾ ਹੈ। ਇਹ ਬੇਹੱਦ ਪੇਚੀਦਾ ਸਵਾਲ ਹੈ, ਜੋ ਕਰਨੋਂ ਹਰ ਕੋਈ ਡਰਦਾ ਹੈ, ਖਾਸ ਕਰ ਸਿਆਸੀ ਲੋਕ।

ਦੂਜੀਆਂ ਬੋਲੀਆਂ ਦੇ ਮੁਕਾਬਲੇ ਪੰਜਾਬੀ ਦੀ ਸਥਿਤੀ ਵੱਖਰੀ ਹੈ ਅਤੇ ਇਸ ਦੀਆਂ ਵੱਖਰੀਆਂ ਲੋੜਾਂ ਹਨ। ਆਪਣੇ ਮੁਢਲੇ ਮੁਲਕਾਂ ਵਿਚ ਸਰਕਾਰੀ ਬੋਲੀਆਂ ਹੋਣ ਕਾਰਨ ਦੂਜੀਆਂ ਬਹੁਤੀਆਂ ਬੋਲੀਆਂ ਨੂੰ ਹਰ ਕਿਸਮ ਦੀ ਲੋੜੀਂਦੀ ਇਮਦਾਦ ਹਾਸਲ ਹੈ। ਉਨ੍ਹਾਂ ਬੋਲੀਆਂ ਨੂੰ ਬੋਲਣ ਵਾਲੇ ਲੋਕ ਕੈਨੇਡਾ ਵਿਚ ਵੀ ਆਪਣੀਆਂ ਬੋਲੀਆਂ ਦੇ ਵਿਕਾਸ ਲਈ ਬੇਸ਼ੁਮਾਰ ਵਸੀਲੇ ਲਾਉਂਦੇ ਹਨ। ਉਨ੍ਹਾਂ ਲਈ ਮੁਕਾਬਲਤਨ ਇਹ ਗੱਲ ਇੰਨੀ ਅਹਿਮ ਨਹੀਂ ਕਿ ਉਨ੍ਹਾਂ ਦੀ ਬੋਲੀ ਨੂੰ ਕੈਨੇਡਾ ਵਿਚ ਮਾਨਤਾ ਮਿਲਦੀ ਹੈ ਕਿ ਨਹੀਂ? ਉਹ ਖੁਦ ਆਪਣੀ ਬੋਲੀ ਨੂੰ ਸਰਕਾਰੀ ਮਾਨਤਾ ਨਾਲੋਂ ਕਿਤੇ ਵੱਧ ਮਾਣ ਸਤਿਕਾਰ ਦਿੰਦੇ ਹਨ ਅਤੇ ਉਸ ਦੇ ਵਿਕਾਸ ਲਈ ਲੋੜੀਂਦਾ ਹਰ ਵਸੀਲਾ ਮੁਹੱਈਆ ਕਰਦੇ ਹਨ; ਪਰ ਪੰਜਾਬੀ ਦੀ ਸਥਿਤੀ ਵੱਖਰੀ ਹੈ। ਇਹ ਦੁਨੀਆਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿਚ ਵੀ 10ਵੇਂ ਜਾਂ 11ਵੇਂ ਥਾਂ ਹੈ ਅਤੇ ਦੁਨੀਆਂ ਦੇ 125 ਤੋਂ ਵੱਧ ਮੁਲਕਾਂ ਵਿਚ ਇਹ ਬੋਲੀ ਬੋਲਣ ਵਾਲੇ ਲੋਕਾਂ ਦੀ ਗਿਣਤੀ 150 ਮਿਲੀਅਨ ਤੋਂ ਵੀ ਵੱਧ ਹੈ। ਇਸ ਦੇ ਬਾਵਜੂਦ ਇਸ ਬੋਲੀ ਪਿਛੇ ਸਹੀ ਅਰਥਾਂ ਵਿਚ ਕਿਸੇ ਸਟੇਟ ਦੀ ਤਾਕਤ ਨਹੀਂ ਹੈ, ਜੋ ਇਸ ਦੇ ਵਿਕਾਸ ਦਾ ਫਿਕਰ ਕਰੇ। ਇਸ ਨੂੰ ਬੋਲਣ ਵਾਲੇ ਲੋਕ ਇਸ ਨੂੰ ਪਿਆਰ ਤਾਂ ਕਰਦੇ ਹਨ, ਪਰ ਸਭਿਆਚਾਰ ਲਈ ਉਹ ਇਸ ਦੀ ਓਨੀ ਮਹੱਤਤਾ ਨਹੀਂ ਸਮਝਦੇ, ਜਿੰਨੀ ਉਹ ਧਰਮ ਦੀ ਸਮਝਦੇ ਹਨ। ਇਕ ਭਾਈਚਾਰੇ ਵਜੋਂ ਅਸੀਂ ਅਜੇ ਵੀ ਦਿਮਾਗੀ ਤੌਰ 'ਤੇ ਬਸਤੀਵਾਦੀ ਸੋਚ ਤੋਂ ਪਿੱਛਾ ਨਹੀਂ ਛੁਡਾ ਸਕੇ ਅਤੇ ਸਭਿਆਚਾਰ ਲਈ ਬੋਲੀ ਜਿਹੀ ਅਹਿਮ ਚੀਜ਼ ਨੂੰ ਬੇਲੋੜਾ ਸਮਝਿਆ ਜਾ ਰਿਹਾ ਹੈ। ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨੂੰ ਕੈਨੇਡਾ ਵਿਚ ਵਿਕਾਸ ਕਰਨ ਲਈ ਬਾਹਰੀ ਮਦਦ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਨੂੰ ਇਥੇ ਸਰਕਾਰੀ ਤੌਰ 'ਤੇ ਮਾਨਤਾ ਮਿਲੇ। ਇਸ ਤਰ੍ਹਾਂ ਹੋਣ ਨਾਲ ਪੰਜਾਬੀਆਂ ਦੇ ਮਨਾਂ 'ਚ ਵੀ ਇਸ ਦਾ ਸਤਿਕਾਰ ਵਧੇਗਾ ਅਤੇ ਉਹ ਇਸ ਲਈ ਹੋਰ ਯਤਨਸ਼ੀਲ ਹੋਣਗੇ। ਨਾਲ ਹੀ ਕੈਨੇਡਾ ਦੀ ਸਰਕਾਰ ਵੀ ਇਸ ਦੇ ਵਿਕਾਸ ਵਾਸਤੇ ਕੁਝ ਹੱਦ ਤੱਕ ਜ਼ਿੰਮੇਵਾਰ ਹੋਵੇਗੀ। ਬੀ. ਸੀ. ਵਿਚ 1994 ਤੋਂ ਪੰਜਾਬੀ ਬੋਲੀ ਨੂੰ ਮਾਨਤਾ ਮਿਲਣ ਕਾਰਨ ਇਸ ਦੇ ਸਕੂਲਾਂ ਵਿਚ ਪੜ੍ਹਾਏ ਜਾਣ ਦੇ ਨਾਲ ਇਸ ਦੇ ਵਿਕਾਸ ਲਈ ਹੋਰ ਕਈ ਰਾਹ ਬਣੇ ਹਨ। ਜੇ ਇਸ ਨੂੰ ਕੌਮੀ ਪੱਧਰ 'ਤੇ ਮਾਨਤਾ ਮਿਲੇ ਤਾਂ ਇਸ ਦੇ ਵਿਕਾਸ ਲਈ ਅਨੇਕਾਂ ਸੰਭਾਵਨਾਵਾਂ ਬਣਨਗੀਆਂ।

ਪੰਜਾਬੀ ਬੋਲੀ ਨੂੰ ਕੈਨੇਡਾ ਵਿਚ ਮਾਨਤਾ ਦਿਵਾਉਣ ਦੇ ਮੌਕੇ ਸਾਡੇ ਹੱਥੋਂ ਹੌਲੀ ਹੌਲੀ ਖਿਸਕ ਰਹੇ ਹਨ। ਸਾਲ 2015 ਵਿਚ ਹੋਈ ਫੈਡਰਲ ਚੋਣ ਵਿਚ ਵੀਹ ਤੋਂ ਵੱਧ ਪੰਜਾਬੀ ਪਿਛੋਕੜ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਵਿਚੋਂ ਕਈ ਮੈਂਬਰ ਵੱਡੀਆਂ ਤਾਕਤਵਰ ਮਨਿਸਟਰੀਆਂ 'ਤੇ ਵੀ ਕਾਬਜ਼ ਰਹੇ, ਪਰ ਅਫਸੋਸ! ਉਨ੍ਹਾਂ ਵਿਚੋਂ ਕਿਸੇ ਨੇ ਵੀ ਪੰਜਾਬੀ ਬੋਲੀ ਦੀ ਮਾਨਤਾ ਦਾ ਮਸਲਾ ਉਠਾਉਣ ਦਾ ਹੌਸਲਾ ਨਹੀਂ ਕੀਤਾ। ਹੁਣ ਸਾਨੂੰ ਫੈਡਰਲ ਚੋਣਾਂ ਵਿਚ ਖੜ੍ਹੇ ਪੰਜਾਬੀ ਪਿਛੋਕੜ ਵਾਲੇ ਉਮੀਦਵਾਰਾਂ ਅੱਗੇ ਹਰ ਹਾਲ ਇਹ ਸਵਾਲ ਪਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਨੂੰ ਮਾਨਤਾ ਦਿਵਾਉਣ ਲਈ ਕੀ ਕਰਨਗੇ? ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੀਆਂ ਚੋਣ ਮੁਹਿੰਮਾਂ ਦੌਰਾਨ ਪੰਜਾਬੀ ਬੋਲੀ ਦੀ ਵਰਤੋਂ ਕਰ ਰਹੇ ਹਨ। ਇਸ ਕਰਕੇ ਉਨ੍ਹਾਂ ਦੀ ਵੀ ਇਸ ਦੇ ਬੋਲੀ ਦੇ ਵਿਕਾਸ ਵੱਲ ਜ਼ਿੰਮੇਵਾਰੀ ਹੈ। ਇਹ ਵੀ ਅਸਲੀਅਤ ਹੈ ਕਿ ਸਿਆਸੀ ਲੋਕ ਉਸੇ ਗੱਲ ਦੀ ਜ਼ਿੰਮੇਵਾਰੀ ਸਮਝਦੇ ਹਨ, ਜਿਸ ਬਾਰੇ ਉਨ੍ਹਾਂ ਦੀ ਮਦਦ ਕਰਨ ਵਾਲੇ ਲੋਕ ਉਨ੍ਹਾਂ ਨੂੰ ਮਜਬੂਰ ਕਰਨ। ਇਹ ਕੰਮ ਉਦੋਂ ਕੀਤਾ ਜਾ ਸਕਦਾ ਹੈ, ਜਦੋਂ ਉਮੀਦਵਾਰ ਵੋਟ ਮੰਗਣ ਤੁਹਾਡੇ ਕੋਲ ਆਉਣ। ਸਵਾਲ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਕੈਨੇਡਾ ਵਿਚ ਪੰਜਾਬੀ ਨੂੰ ਮਾਨਤਾ ਦਿਵਾਉਣ ਲਈ ਕੀ ਉਪਰਾਲੇ ਕਰਨਗੇ? ਵੋਟ ਪਾਉਣ ਵੇਲੇ ਜਵਾਬ ਨੂੰ ਚੇਤੇ ਰੱਖਿਆ ਜਾਵੇ।

ਇਹ ਕੋਈ ਏਨੀ ਸੌਖੀ ਗੱਲ ਨਹੀਂ, ਪਰ ਇਸ ਸਮੇਂ ਇਸ ਮਸਲੇ ਨੂੰ ਕਿਸੇ ਏਜੰਡੇ 'ਤੇ ਤਾਂ ਲਿਆਂਦਾ ਜਾਵੇ। ਪੰਜਾਬੀ ਬੋਲੀ ਨੂੰ ਵੀ ਕਿਸੇ ਨਾ ਕਿਸੇ ਪੱਧਰ 'ਤੇ ਕੈਨੇਡਾ ਦੀ ਕੁਝ ਲੱਗਦੀ ਮੰਨਿਆ ਜਾਵੇ ਅਤੇ ਇਸ ਦੀ ਸਿਹਤ ਵਾਸਤੇ ਵੀ ਟੈਕਸ ਦੇ ਪੈਸਿਆਂ ਵਿਚੋਂ ਕੁਝ ਖਰਚਿਆ ਜਾਵੇ।

ਸਾਨੂੰ ਇਸ ਦੇਸ਼ ਵਿਚ ਵੱਸਦਿਆਂ ਸਵਾ ਸੌ ਸਾਲ ਹੋ ਗਿਆ ਹੈ। ਅਸੀਂ ਕਾਮਾਗਾਟਾ ਮਾਰੂ ਦੇ ਸਮੇਂ ਤੋਂ ਲੈ ਕੇ ਬੜਾ ਲੰਮਾ ਸਫਰ ਤੈਅ ਕੀਤਾ ਹੈ। ਇਥੇ ਰਹਿੰਦਿਆਂ ਅਸੀਂ ਆਪਣਾ ਬੜਾ ਕੁਝ ਬਣਾ ਲਿਆ ਹੈ, ਪਰ ਸਾਡੀ ਮਾਂ ਬੋਲੀ ਨੂੰ ਕੈਨੇਡਾ ਦੇ ਕੇਂਦਰੀ ਢਾਂਚੇ 'ਚ ਕੋਈ ਥਾਂ ਪ੍ਰਾਪਤ ਨਹੀਂ ਹੈ। ਸਾਨੂੰ ਆਪਣੀ ਮਾਂ (ਬੋਲੀ) ਨੂੰ ਵੀ ਇਸ ਮੁਲਕ 'ਚ ਪੱਕੀ ਕਰਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

2004 ਦੀਆਂ ਫੈਡਰਲ ਚੋਣਾਂ ਸਮੇਂ ਇਹ ਗੱਲ ਕੀਤੀ ਗਈ ਸੀ। ਜਿਥੋਂ ਤੱਕ ਕੈਨੇਡਾ ਵਿਚ ਕੇਂਦਰੀ ਪੱਧਰ 'ਤੇ ਪੰਜਾਬੀ ਨੂੰ ਮਾਨਤਾ ਦੇਣ ਦਾ ਸਵਾਲ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਵਾਪਰੀ। ਭਾਈਚਾਰੇ ਵਿਚੋਂ ਸਮੇਂ ਸਮੇਂ ਅਤੇ ਖਾਸ ਕਰ ਚੋਣਾਂ ਵੇਲੇ ਇਹ ਮਸਲਾ ਉਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ, ਜੋ ਜਾਰੀ ਰਹਿਣੀ ਚਾਹੀਦੀ ਹੈ। ਆਸ ਹੈ, ਇਸ ਮਾਣਮੱਤੇ ਬਹੁਸਭਿਆਚਾਰਕ ਮੁਲਕ ਦੀ ਸਰਕਾਰ ਇਕ ਦਿਨ ਜ਼ਰੂਰ ਭਾਸ਼ਾ ਦੀ ਮਹੱਤਤਾ ਵੱਲ ਧਿਆਨ ਦੇਵੇਗੀ।

# ਖਾਲੀ ਹੁੰਦੇ ਪੰਜਾਬ ਦਾ ਕੌਣ ਜਿੰਮੇਵਾਰ?

ਪੰਜ+ਆਬ ਜਿਸ ਨੂੰ ਪੰਜ ਪਾਣੀਆਂ ਦੀ ਧਰਤੀ ਆਖਿਆ ਜਾਂਦਾ ਸੀ, ਦੇ ਲੋਕਾਂ ਦੀ ਭਾਈਚਾਰਕ ਸਾਂਝ ਪੰਜਾਬ ਦੀ ਸ਼ਾਨ ਨੂੰ ਚਾਰ ਚੰਨ ਲਾਉਂਦੀ ਸੀ। ਸਮੇਂ ਦੇ ਨਾਲ ਨਾਲ ਪੰਜਾਬ ਦੀ ਧਰਤੀ ਦੀ ਸਿਆਸੀ ਲਾਲਸਾ ਕਾਰਨ ਵੰਡ ਹੁੰਦੀ ਗਈ। ਪੰਜ ਤੋਂ ਦੋ ਦਰਿਆਵਾਂ ਦੀ ਧਰਤੀ ਰਹਿ ਜਾਣਾ, ਪਹਾੜੀ ਇਲਾਕੇ ਨੂੰ ਪੰਜਾਬ ਤੋਂ ਅਲੱਗ ਕਰਨਾ, ਅੰਤ ਹਰਿਆਣੇ ਨੂੰ ਵੀ ਪੰਜਾਬ ਤੋਂ ਅਲੱਗ ਕਰ ਦਿੱਤੇ ਜਾਣਾ; ਇਸ ਤਰ੍ਹਾਂ ਇਸ ਦੀਆਂ

ਪ੍ਰੋ. ਗੁਰਵੀਰ ਸਿੰਘ ਸਰੌਦ
ਫੋਨ: 91-94179-71451

ਭੂਗੋਲਿਕ ਸੀਮਾਵਾਂ ਤਾਂ ਘਟਾ ਦਿੱਤੀਆਂ ਗਈਆਂ, ਪਰ ਪੰਜਾਬੀ ਬੋਲਦੇ ਲੋਕਾਂ ਦੀ ਭਾਸ਼ਾ ਨੂੰ ਕਿਸੇ ਕਿਸਮ ਦੀ ਰੁਕਾਵਟ ਨਾ ਆਈ, ਜਿਸ ਨਾਲ ਪੰਜਾਬੀ ਬੜੇ ਜੋਸ਼ ਨਾਲ ਵਧੀ ਫੁੱਲੀ। ਪੰਜਾਬੀ ਸ਼ੁਰੂ ਤੋਂ ਹੀ ਸਿਰੜੀ ਰਹੇ ਹਨ, ਜਿਨ੍ਹਾਂ ਆਪਣੀ ਮਿਹਨਤ ਸਦਕਾ ਪੂਰੀ ਦੁਨੀਆਂ ਵਿਚ ਆਪਣੀ ਪਛਾਣ ਬਣਾਈ ਹੈ।

ਅਜੋਕੇ ਪੰਜਾਬ ਦੀ ਸਥਿਤੀ ਦੀ ਗੱਲ ਕਰੀਏ ਤਾਂ ਇਸ ਦਾ ਅੰਦਾਜ਼ਾ ਇਥੋਂ ਦੇ ਮੁੱਖ ਧੰਦੇ ਖੇਤੀਬਾੜੀ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪੰਜਾਬ ਨੇ ਦੇਸ਼ ਦੇ ਅੰਨ ਭੰਡਾਰ ਨੂੰ ਤਾਂ ਸੁਰੱਖਿਅਤ ਕਰ ਲਿਆ, ਪਰ ਇਸ ਦਾ ਵਾਤਾਵਰਣ ਬਹੁਤ ਪ੍ਰਦੂਸ਼ਿਤ ਹੋ ਚੁਕਾ ਹੈ, ਜਿਸ ਕਾਰਨ ਭਿਆਨਕ ਬਿਮਾਰੀਆਂ ਜਨਮ ਲੈ ਰਹੀਆਂ ਹਨ; ਖਾਸ ਕਰ ਮਾਲਵਾ ਖੇਤਰ ਨੂੰ ਤਾਂ ਕੈਂਸਰ ਬੈਲਟ ਆਖਿਆ ਜਾਣ ਲੱਗ ਪਿਆ ਹੈ, ਕਿਉਂਕਿ ਉਥੇ ਬਹੁਤ ਵੱਡੀ ਗਿਣਤੀ ਵਿਚ ਲੋਕ ਕੈਂਸਰ, ਕਾਲੇ ਪੀਲੀਏ, ਗੁਰਦਿਆਂ ਅਤੇ ਸ਼ੂਗਰ ਦੀਆਂ ਬੀਮਾਰੀਆਂ ਤੋਂ ਪੀੜਤ ਹਨ। ਇਸ ਸਭ ਦਾ ਕਾਰਨ ਖੇਤੀਬਾੜੀ ਵਿਚ ਗੈਰ-ਕੁਦਰਤੀ ਤਰੀਕੇ ਨਾਲ ਅੰਨ੍ਹੇਵਾਹ ਕੀਤੀ ਗਈ ਰਸਾਇਣਾਂ ਦੀ ਵਰਤੋਂ ਹੈ।

ਭਾਰਤ ਵਿਚ 1988 ਵਿਚ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਦੀ ਸਥਾਪਨਾ ਹੋਈ, ਜਿਸ ਦਾ ਮੁੱਖ ਮੰਤਵ ਪੇਂਡੂ ਖੇਤਰ ਵਿਚ ਉਦਯੋਗ ਲਾਉਣ ਅਤੇ ਕਿਸਾਨਾਂ ਦੀ ਫਸਲਾਂ ਦੀ ਸਾਂਭ-ਸੰਭਾਲ ਨਵੀਨ ਕਰਕੇ ਕਿਸਾਨਾਂ ਦੇ ਭਲੇ ਲਈ ਉਸ ਦਾ ਨਿਰਯਾਤ ਕਰਨ ਤੱਕ ਦਾ ਇੰਤਜ਼ਾਮ ਕਰਨਾ, ਖੇਤੀ ਦੀ ਰਹਿੰਦ-ਖੂੰਹਦ ਦੀ ਸਹੀ ਵਰਤੋਂ, ਫਸਲਾਂ ਦਾ ਵੱਧ ਤੋਂ ਵੱਧ ਮੁੱਲ ਲੈਣ ਲਈ ਯੋਗ ਕਦਮ ਪੁੱਟਣਾ ਸੀ। ਇਹ ਖਾਸ ਕਰ ਪੰਜਾਬ ਵਿਚ ਸਿਰਫ ਯਤਨਸ਼ੀਲ ਹੈ, ਪਰ ਆਪਣੇ ਉਦੇਸ਼ ਤੋਂ ਦਿਸ਼ਾਹੀਣ ਹੈ।

ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (ਐਨ. ਐਸ. ਓ.) ਦੇ ਅੰਕੜਿਆਂ ਅਨੁਸਾਰ ਦੇਸ਼ ਦੇ 52 ਫੀਸਦੀ ਕਿਸਾਨ ਪਰਿਵਾਰਾਂ 'ਤੇ ਕਰਜਾ ਹੈ। ਅਜਿਹੇ 'ਚ ਜੇ ਆਮਦਨ ਨਹੀਂ ਵਧਦੀ ਤਾਂ ਆਉਣ ਵਾਲੇ ਦਿਨ ਉਨ੍ਹਾਂ ਲਈ ਹੋਰ ਪ੍ਰੇਸ਼ਾਨੀ ਵਾਲੇ ਹੋ ਸਕਦੇ ਹਨ। ਕਰਜਾ ਮੁਕਤੀ ਵੀ ਕਿਸਾਨੀ ਸੰਕਟ ਦਾ ਸਥਾਈ ਹੱਲ ਨਹੀਂ ਹੈ।

ਜ਼ਮੀਨ ਪਾਣੀ ਸਰੋਤ ਸੰਭਾਲ ਖੋਜ ਸੰਸਥਾ ਤੇ ਟਰੇਨਿੰਗ ਕੇਂਦਰ ਦੇਹਰਾਦੂਨ ਅਨੁਸਾਰ ਭਾਰਤ ਵਿਚ ਪਿਛਲੇ ਕੁਝ ਸਾਲਾਂ ਵਿਚ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਕਾਰਨ ਹਰ ਸਾਲ 53.40 ਕਰੋੜ ਟਨ ਮਿੱਟੀ ਖਤਮ ਹੋ ਰਹੀ ਹੈ। ਔਸਤ 16.4 ਟਨ ਪ੍ਰਤੀ ਹੈਕਟੇਅਰ ਉਪਜਾਊ ਮਿੱਟੀ ਹਰ ਸਾਲ ਖਤਮ ਹੋ ਰਹੀ ਹੈ। ਇਸ 'ਤੇ ਰੋਕ ਲਾਉਣ ਦੀ ਥਾਂ ਰਸਾਇਣਾਂ ਦੀ ਵਰਤੋਂ ਦਿਨੋ-ਦਿਨ ਵੱਧ ਰਹੀ ਹੈ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ ਸੰਸਥਾ ਨੇ 10 ਦਸੰਬਰ 2015 ਤੋਂ ਪੰਜਾਬ ਸਮੇਤ ਕੌਮੀ ਰਾਜਧਾਨੀ ਖੇਤਰ ਵਿਚ ਫਸਲਾਂ ਦੀ ਰਹਿੰਦ-ਖੂੰਹਦ (ਪਰਾਲੀ ਆਦਿ) ਨੂੰ ਅੱਗ ਲਾਉਣ 'ਤੇ ਪੂਰੀ ਪਾਬੰਦੀ ਲਾਈ ਹੋਈ ਹੈ, ਪਰ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਹੀਂ ਕੀਤਾ ਗਿਆ, ਜਿਸ ਵਿਚ ਰਾਜ ਸਰਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ, ਰੋਕ ਲਾਉਣ ਦੀ ਥਾਂ ਵੋਟ ਬੈਂਕ ਨੂੰ ਪੱਕਾ ਕੀਤਾ ਗਿਆ ਹੈ।

ਸਾਲਾਨਾ ਰਾਜ ਸਿਖਿਆ ਰਿਪੋਰਟ 2017 ਮੁਤਾਬਕ ਕਿਸਾਨਾਂ ਦੇ 14 ਤੋਂ 18 ਸਾਲ ਤੱਕ ਦੇ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਤੀਬਾੜੀ ਵਿਚ ਹੱਥ ਵੰਡਾਉਂਦੇ ਹਨ, ਪਰ ਇਨ੍ਹਾਂ 'ਚੋਂ ਸਿਰਫ 1.2% ਫੀਸਦੀ ਮੁੰਡੇ ਹੀ ਹਨ, ਜੋ ਭਵਿੱਖ 'ਚ ਆਪਣੇ ਕਿਸਾਨੀ ਧੰਦੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਪੜ੍ਹੇ-ਲਿਖੀ ਨੌਜਵਾਨ ਪੀੜ੍ਹੀ ਦਾ ਮਨੋਬਲ ਕਮਜ਼ੋਰ ਪੈ ਰਿਹਾ ਹੈ। ਰੁਜ਼ਗਾਰ ਲਈ ਉਹ ਸੂਬੇ ਨੂੰ ਛੱਡ ਰਹੇ ਹਨ ਜਾਂ ਬੇਸਿਕ ਸਿੱਖਿਆ ਪ੍ਰਾਪਤੀ ਤੋਂ ਬਾਅਦ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ, ਕਿਉਂਕਿ ਇੱਥੇ ਉਨ੍ਹਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ। ਬਾਕੀ ਬਚੀ ਜਵਾਨੀ ਨਸ਼ੇ ਨੂੰ ਗਲ ਲਾ ਰਹੀ ਹੈ।

ਅਜਿਹੀ ਸਥਿਤੀ ਦੇ ਅਸਰ ਪੰਜਾਬ ਦੇ ਅਰਥਚਾਰੇ 'ਤੇ ਪੈਣੇ ਸ਼ੁਰੂ ਹੋ ਚੁਕੇ ਹਨ, ਕਿਉਂਕਿ ਖੇਤੀ ਅੱਜ ਮਹਿੰਗਾ ਧੰਦਾ ਬਣ ਚੁਕਾ ਹੈ। ਛੋਟੇ ਕਿਸਾਨਾਂ ਕੋਲ ਇੰਨਾ ਆਰਥਕ ਢਾਂਚਾ ਨਹੀਂ ਕਿ ਉਹ ਮਹਿੰਗੇ ਸੰਦ ਖਰੀਦ ਸਕਣ। ਜੇ ਕਣਕ-ਝੋਨੇ ਦੇ ਚੱਕਰ 'ਚੋਂ ਨਿਕਲ ਕੇ ਖੇਤੀ ਵਿਭਿੰਨਤਾ ਨੂੰ ਅਪਨਾਉਂਦੇ ਹਨ ਤਾਂ ਵਾਜਬ ਮੁੱਲ ਨਾ ਮਿਲਣ ਕਾਰਨ ਖਰਚਾ ਆਮਦਨ ਤੋਂ ਵੱਧ ਹੋ ਜਾਂਦਾ ਹੈ।

ਰੁਜ਼ਗਾਰ ਦੀ ਘਾਟ ਤੇ ਸਿੱਖਿਆ ਨੀਤੀ ਸਹੀ ਤਰੀਕੇ ਨਾਲ ਲਾਗੂ ਨਾ ਹੋਣ ਕਾਰਨ ਨੌਜਵਾਨ ਸੁਨਹਿਰੀ ਭਵਿੱਖ ਦੀ ਭਾਲ ਵਿਚ ਵਿਦੇਸ਼ਾਂ ਨੂੰ ਜਾ ਰਹੇ ਹਨ। ਜਿਨ੍ਹਾਂ ਮਾਪਿਆਂ ਦੇ ਬੱਚੇ ਅੱਜ ਵਿਦੇਸ਼ ਜਾ ਰਹੇ ਹਨ, ਉਨ੍ਹਾਂ ਵਾਪਸ ਨਹੀਂ ਆਉਣਾ, ਸਗੋਂ ਮਾਪੇ ਵੀ ਵਿਦੇਸ਼ ਪੱਕੇ ਹੋਣ ਨੂੰ ਹੀ ਚੰਗਾ ਸਮਝਦੇ ਹਨ। ਸੂਬੇ ਦੇ ਸਿਰਮੌਰ ਕਾਲਜਾਂ ਵਿਚ ਵੀ ਵਿਦਿਆਰਥੀਆਂ ਦੀ ਗਿਣਤੀ ਘੱਟਣੀ ਸ਼ੁਰੂ ਹੋ ਚੁਕੀ ਹੈ। ਪ੍ਰਾਈਵੇਟ ਕਾਲਜਾਂ ਵਿਚ ਦਾਖਲਾ ਲਭਾਊ ਸਕੀਮਾਂ ਰਾਹੀਂ ਹੋ ਰਿਹਾ ਹੈ। ਬਹੁਗਿਣਤੀ ਕਾਲਜ ਬੰਦ ਹੋਣ ਦੀ ਕਗਾਰ 'ਤੇ ਖੜ੍ਹੇ ਹਨ। ਸੂਬੇ ਵਿਚ 30 ਦੇ ਕਰੀਬ (ਸਰਕਾਰੀ, ਪ੍ਰਾਈਵੇਟ ਡੀਮਡ ਤੇ ਪੰਜਾਬ ਯੂਨੀਵਰਸਿਟੀ ਸਮੇਤ) ਯੂਨੀਵਰਸਿਟੀਆਂ ਅਤੇ ਇਨ੍ਹਾਂ ਨਾਲ ਸਬੰਧਤ ਸੈਂਕੜੇ ਹੀ ਕਾਲਜ ਸਿੱਖਿਆ ਦੇ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਜੇ ਪ੍ਰਾਈਵੇਟ ਕਾਲਜਾਂ ਦੀ ਆਰਥਕ ਸਥਿਤੀ ਵਿਗੜਦੀ ਹੈ ਤਾਂ ਨਿਸ਼ਚੇ ਹੀ ਇਸ ਦਾ ਅਸਰ ਕਾਲਜਾਂ ਵਿਚ ਨੌਕਰੀ ਕਰ ਰਹੇ ਅਸਿਸਟੈਂਟ ਪ੍ਰੋਫੈਸਰਾਂ 'ਤੇ ਵੀ ਪਵੇਗਾ, ਜੋ ਬਹੁਤ ਥੋੜੀ ਤਨਖਾਹ 'ਤੇ ਕੰਮ ਕਰਨ ਲਈ ਮਜ਼ਬੂਰ ਹਨ।

ਅਕਸਰ ਵਰਤਮਾਨ ਹੀ ਭਵਿੱਖ ਨੂੰ ਜਨਮ ਦਿੰਦਾ ਹੈ ਤਾਂ ਇੱਥੇ ਅਤਿਕਥਨੀ ਨਹੀਂ ਕਿ ਆਉਣ ਵਾਲਾ ਸਮਾਂ ਪੰਜਾਬ ਲਈ ਨੌਜਵਾਨੀ ਤੋਂ ਸੱਖਣਾ ਹੋ ਜਾਣ ਅਤੇ ਪੰਜਾਬ ਵਿਚ ਉਚ ਨੌਕਰੀਆਂ ਕਰਨ ਵਾਲੇ ਮੁਲਾਜ਼ਮ ਵੀ ਦੂਜੇ ਸੂਬਿਆਂ ਤੋਂ ਹੀ ਆਉਣ ਦੀ ਸੰਭਾਵਨਾ ਵੀ ਪ੍ਰਬਲ ਹੋ ਸਕਦੀ ਹੈ। ਅਸਲ ਵਿਚ ਪਰਵਾਸ ਕੋਈ ਨਵੀਨ ਸ਼ੈਲੀ ਨਹੀਂ ਹੈ, ਵਿਦੇਸ਼ ਜਾਣ ਦਾ ਰੁਝਾਨ ਸਦੀਆਂ ਪੁਰਾਣਾ ਹੈ। ਖਾਲੀ ਹੋ ਰਹੇ ਪੰਜਾਬ ਪਿੱਛੇ ਕੁਝ ਨਾ ਕੁਝ ਤੱਥ ਜ਼ਰੂਰ ਲੁਕੇ ਹੋਏ ਹਨ, ਜੋ ਅਜਿਹੇ ਮਾਹੌਲ ਨੂੰ ਜਨਮ ਦੇ ਰਹੇ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਕੁਦਰਤੀ ਵਾਤਾਵਰਣ ਨਾਲ ਪੰਜਾਬੀਆਂ ਦਾ ਲਗਾਉ ਦਾ ਘਟਣਾ, ਸਰਕਾਰ ਦੀਆਂ ਗੈਰ-ਜ਼ਿੰਮੇਵਾਰਾਨਾ ਨੀਤੀਆਂ, ਆਮਦਨ ਘਟਣਾ-ਖਰਚਾ ਵਧਣਾ, ਭ੍ਰਿਸ਼ਟਾਚਾਰ, ਸਿਹਤ ਤੇ ਸਿੱਖਿਆ ਸਹੂਲਤਾਂ ਦੀ ਕਮੀ ਸ਼ਾਮਲ ਹਨ। ਜੇ ਅਸੀਂ ਸੱਚਮੁੱਚ ਪੰਜਾਬ ਨੂੰ ਮੁੜ ਉਸੇ ਸਥਿਤੀ 'ਤੇ ਲਿਆਉਣਾ ਚਾਹੁੰਦੇ ਹਾਂ ਤਾਂ ਸਾਨੂੰ ਸ਼ੁਰੂਆਤ ਆਪਣੇ ਆਪ ਤੋਂ ਹੀ ਕਰਨੀ ਹੋਵੇਗੀ।

ਮੁੱਖ ਤੌਰ 'ਤੇ ਖੇਤੀ ਤੇ ਖੇਤੀ ਨਾਲ ਸਬੰਧਤ ਉਦਯੋਗਾਂ ਨੂੰ ਪ੍ਰਫੁਲਿਤ ਕਰਨ ਦੀ ਲੋੜ ਹੈ। ਪੰਜਾਬ ਵਿਚ ਫਸਲਾਂ, ਸ਼ਬਜੀਆਂ, ਫਲਾਂ ਨਾਲ ਸਬੰਧਤ ਉਦਯੋਗ ਲੱਗਣ, ਸਿੱਖਿਆ ਨੀਤੀ ਵਿਚ ਸੁਧਾਰ ਹੋਵੇ, ਸਿੱਖਿਆ ਨੂੰ ਕਿੱਤਾ-ਮੁਖੀ ਕੋਰਸਾਂ ਵੱਲ ਉਤਸ਼ਾਹਤ ਕੀਤਾ ਜਾਵੇ ਤਾਂ ਕਿ ਨੌਜਵਾਨੀ ਆਪਣੇ ਕੰਮ ਪ੍ਰਤੀ ਗਿਆਨ ਤੇ ਤਜਰਬਾ ਹਾਸਲ ਕਰਨ ਅਤੇ ਆਪਣੇ ਭਵਿੱਖ ਦੀ ਭਾਲ ਆਪਣੀ ਜਨਮ ਭੂਮੀ ਵਿਚ ਹੀ ਭਾਲਣ, ਨਾ ਕਿ ਸਿਰਫ ਪਰਵਾਸ ਬਾਰੇ ਹੀ ਸੋਚਦੇ ਰਹਿਣ। ਪੈਦਾਵਾਰ ਭਾਵੇਂ ਥੋੜੀ ਹੋਵੇ ਪਰ ਮੌਜੂਦਾ ਸਮੇਂ ਵਰਤੇ ਜਾ ਰਹੇ ਖਤਰਨਾਕ ਰਸਾਇਣਾਂ 'ਤੇ ਪੂਰਨ ਪਾਬੰਦੀ ਲਾ ਦਿੱਤੀ ਜਾਵੇ। ਸੁਰਜੀਤ ਪਾਤਰ ਦੀਆਂ ਸਤਰਾਂ ਹਨ:

ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ ਏਹਦੇ ਸਿਰ ਤੋਂ ਵਾਰੋ।
ਸਿਰ ਤੋਂ ਵਾਰੋ, ਵਾਰ ਕੇ ਅੱਗ ਵਿਚ ਸਾੜੋ,
ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜ਼ਰ ਉਤਾਰੋ।

# ਸੁਪਨ-ਸੰਧਾਰਾ ਵਣਜਦਿਆਂ...

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰੂਹ-ਜ਼ੀਤ ਦੀ ਗੱਲ ਕਰਦਿਆਂ ਕਿਹਾ ਸੀ, "ਰੂਹ-ਜ਼ੀਤ, ਰੌਸ਼ਨੀ ਦੀ ਕਾਤਰ ਜਿਹੀ ਹੁੰਦੀ, ਜੋ ਆਪਣੀ ਹੋਂਦ ਨੂੰ ਲਟਕਦੇ ਕਣਾਂ ਦੀ ਚਮਕ ਵਿਚੋਂ ਸਾਬਤ ਕਰਦੀ। ਕਣਾਂ ਤੋਂ ਬਿਨਾ ਕਾਤਰ ਦੀ ਹੋਂਦ ਨਹੀਂ ਹੁੰਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੁਪਨਿਆਂ ਦਾ ਸੁਪਨਾ ਲੈਂਦਿਆਂ ਕਿਹਾ ਹੈ, "ਸੁਪਨਿਆਂ ਦਾ ਨਾ ਆਉਣਾ ਬਹੁਤ ਦਰਦੀਲਾ। ਸੁਪਨਿਆਂ ਨੂੰ ਅਗਵਾ ਕਰਨਾ, ਘੋਰ ਅਪਰਾਧ; ਪਰ ਜਦ ਸੁਪਨਿਆਂ ਨੂੰ ਕਤਲ ਕਰ ਦਿਤਾ ਜਾਵੇ ਅਤੇ ਖਾਲੀ ਨੈਣਾਂ ਵਿਚ ਸੁਪਨਿਆਂ ਦੀ ਕਬਰ ਉਗ ਆਵੇ ਤਾਂ ਇਹ ਵਕਤ ਦਾ ਸਭ ਤੋਂ ਵੱਡਾ ਸਰਾਪ।" ਸਵਾਲ ਇਹ ਹੈ ਕਿ ਅੱਜ ਰੋਜ਼ਾਨਾ ਜੀਵਨ ਵਿਚ ਬੱਚਿਆਂ ਨੂੰ ਮੀਡੀਆ ਰਾਹੀਂ ਦਿਤੇ ਜਾ ਰਹੇ ਸੁਪਨਿਆਂ ਨੂੰ ਕੀ ਅਰਥ ਦੇਵੋਗੇ, ਜਿਨ੍ਹਾਂ ਵਿਚ ਜਿਹਨੀ ਕਮੀਨਗੀ, ਸੋਚ-ਨੀਚਤਾ, ਜਿਸਮ-ਪ੍ਰਦਰਸ਼ਨੀ, ਨਸ਼ਿਆਂ ਅਤੇ ਬੰਦੂਕਾਂ ਤੋਂ ਇਲਾਵਾ ਦੇਣ ਲਈ ਸ਼ਾਇਦ ਕੁਝ ਨਹੀਂ ਬਚਿਆ? ਉਹ ਕਹਿੰਦੇ ਹਨ, ਜਿਹੋ ਜਿਹੇ ਸੁਪਨੇ ਨਵੀਂ ਪੀੜ੍ਹੀ ਨੂੰ ਦਿਤੇ ਜਾਣਗੇ, ਉਹੋ ਜਿਹੇ ਸਿੱਟਿਆਂ ਦੀ ਸੰਭਾਵਨਾ ਹੁੰਦੀ। -ਸੰਪਾਦਕ***

ਸੁਪਨਿਆਂ ਦੀ ਰੁੱਤ ਬੇਵਾ ਹੋ ਗਈ ਏ। ਦੀਦਿਆਂ ਵਿਚ ਸੁਪਨੇ ਨਹੀਂ ਧਰਦੀ। ਸੁਪਨਿਆਂ ਨੂੰ ਨਾਕਾਰਾਤਮਕਤਾ ਸਿਉਂਕ ਰਹੀ ਏ। ਇਸ ਸਿਉਂਕ ਨੇ ਸੁਪਨਹੀਣ ਮਨੁੱਖ ਦੀ ਨਸਲ ਪੈਦਾ ਕੀਤੀ ਏ, ਜੋ ਆਪਣਾ ਮਰਸੀਆ ਪੜ੍ਹਨ ਲਈ ਮਜਬੂਰ ਏ। ਸੁਪਨਿਆਂ ਦਾ ਮਾਤਮ ਆਲੇ-ਦੁਆਲੇ ਛਾਇਆ ਏ ਤੇ ਇਸ ਮਾਤਮ ਵਿਚ ਮਾਤਮ ਬਣਿਆ ਮਨੁੱਖ ਸਿਰਫ ਅਲਾਹੁਣੀਆਂ ਪੜ੍ਹ ਰਿਹਾ ਏ। ਸੁਪਨਹੀਣ ਲੋਕ ਕਿਵੇਂ ਸੁਪਨ-ਦਾਨ ਕਰ ਸਕਦੇ? ਕਿਵੇਂ ਆਸਵੰਦ ਦੀ ਝੋਲੀ ਵਿਚ ਆਸ-ਸੁਪਨਾ ਧਰ ਸਕਦੇ? ਕਿਵੇਂ ਖਾਲੀ ਪੇਟ ਦੇ ਟੁੱਕਰ ਲਈ ਉਦਮ-ਆਸਥਾ ਹੋ ਸਕਦੇ?

ਸੁਪਨੇ ਤਾਂ ਸੁਪਨਸ਼ੀਲ ਲੋਕ ਹੀ ਦੇ ਸਕਦੇ। ਕਿਸੇ ਲਈ ਭਵਿੱਖ ਦਾ ਸੰਦਲਾ ਰੂਪ ਹੋ ਸਕਦੇ। ਉਮੀਦਾਂ ਦੀ ਪੂਰਨਤਾ ਹੋ ਸਕਦੇ ਜਾਂ ਕਿਸੇ ਨੂੰ ਚਾਵਾਂ ਦੀ ਪੂਰਤੀ ਵੰਨੀਂ ਤੋਰ ਸਕਦੇ। ਸੁਪਨੇ ਜਦ ਅਗਵਾ ਕਰ ਲਏ ਜਾਣ, ਉਨ੍ਹਾਂ ਦੀ ਅੰਤਰ-ਆਤਮਾ ਨੂੰ ਮਲੀਨ ਕਰ ਦਿੱਤਾ ਜਾਵੇ ਜਾਂ ਸੁਪਨੇ ਲੈਣ ਤੋਂ ਹੀ ਵਰਜ ਦਿਤਾ ਜਾਵੇ ਤਾਂ ਸੁਪਨਾ ਸੋਗ ਬਣ ਜਾਂਦਾ। ਅਜਿਹਾ ਕਰਨ ਵਾਲੇ ਲੋਕਾਂ ਨੂੰ ਸਮਾਂ ਕਦੇ ਵੀ ਮੁਆਫ ਨਹੀਂ ਕਰਦਾ।

ਸੁਪਨਿਆਂ ਦਾ ਨਾ ਆਉਣਾ ਬਹੁਤ ਦਰਦੀਲਾ। ਸੁਪਨਿਆਂ ਨੂੰ ਅਗਵਾ ਕਰਨਾ, ਘੋਰ ਅਪਰਾਧ; ਪਰ ਜਦ ਸੁਪਨਿਆਂ ਨੂੰ ਕਤਲ ਕਰ ਦਿਤਾ ਜਾਵੇ ਅਤੇ ਖਾਲੀ ਨੈਣਾਂ ਵਿਚ ਸੁਪਨਿਆਂ ਦੀ ਕਬਰ ਉਗ ਆਵੇ ਤਾਂ ਇਹ ਵਕਤ ਦਾ ਸਭ ਤੋਂ ਵੱਡਾ ਸਰਾਪ। ਇਸ ਵਿਚ ਗਰਕ ਜਾਂਦੀਆਂ ਨੇ ਕਈ ਸਦੀਆਂ।

ਸਾਡੇ ਵਿਹੜਿਆਂ ਵਿਚ ਅੱਜ ਕੱਲ ਕੇਹੀ ਰੁੱਤ ਉਤਰੀ ਹੈ ਕਿ ਬੱਚਿਆਂ ਨੂੰ ਕੱਟੜਤਾ, ਕਰੋਧ, ਕਰੂਣਾ ਅਤੇ ਕੁਹਜ ਦੇ ਸੁਪਨਿਆਂ ਦਾ ਦੰਭ ਦਿਖਾਇਆ ਜਾ ਰਿਹਾ। ਬੱਚਿਆਂ ਦੇ ਦੀਦਿਆਂ ਵਿਚ ਤ੍ਰਿਸੂਲ, ਤਲਵਾਰਾਂ, ਨੇਜ਼ੇ, ਬਰਛਿਆਂ ਤੇ ਬੰਦੂਕਾਂ ਨੂੰ ਪਰੋਸਿਆ ਜਾ ਰਿਹਾ ਹੈ, ਜੋ ਮਨੁੱਖੀ ਲਹੂ ਦੇ ਤ੍ਰਿਹਾਏ ਨੇ। ਇਸ ਖੂਨ ਦੀ ਹੋਲੀ ਵਿਚ ਨਿੱਜੀ ਮੁਫਾਦ ਦੀ ਪੂਰਤੀ ਕੀਤੀ ਜਾ ਰਹੀ ਏ ਅਤੇ ਰਾਜਸੀ ਲਾਲਸਾ ਲਈ ਪੌੜੀਆਂ ਬਣਾਇਆ ਜਾ ਰਿਹਾ ਹੈ। ਮਜਹਬੀ ਫਿਰਕੂਪੁਣੇ ਨਾਲ ਨਫਰਤੀ ਵਲਗਣਾਂ ਪੈਦਾ ਕਰਕੇ ਧਾਰਮਿਕ ਅਕੀਦੇ ਨੂੰ ਕਲੰਕਿਤ ਕੀਤਾ ਜਾ ਰਿਹਾ ਹੈ। ਧਰਮ ਦੇ ਨਾਂ 'ਤੇ ਅਧਰਮ ਫੈਲਾਉਣ ਵਾਲੇ ਇਹ ਲੋਕ ਕੇਹੇ ਸੁਪਨ-ਵਪਾਰੀ ਕਿ ਜਿਨ੍ਹਾਂ ਦੀਆਂ ਬਗਲੀਆਂ ਵਿਚ ਨਾਗ, ਨੂੰਹੇਂ ਜਾਂ ਸਪੋਲੀਏ ਹੀ ਪਲ ਰਹੇ। ਸਮਾਜਕ ਵਰਤਾਰੇ ਵਿਚ ਜ਼ਹਿਰ ਪਰੋਸਣਾ ਇਨ੍ਹਾਂ ਦਾ ਗੋਰਖ ਧੰਦਾ।

ਰੋਜ਼ਾਨਾ ਜੀਵਨ ਵਿਚ ਬੱਚਿਆਂ ਨੂੰ ਮੀਡੀਆ ਰਾਹੀਂ ਦਿਤੇ ਜਾ ਰਹੇ ਸੁਪਨਿਆਂ ਨੂੰ ਕੀ ਅਰਥ ਦੇਵੋਗੇ, ਜਿਨ੍ਹਾਂ ਵਿਚ ਜਿਹਨੀ ਕਮੀਨਗੀ, ਸੋਚ-ਨੀਚਤਾ, ਜਿਸਮ-ਪ੍ਰਦਰਸ਼ਨੀ, ਨਸ਼ਿਆਂ ਅਤੇ ਬੰਦੂਕਾਂ ਤੋਂ ਇਲਾਵਾ ਦੇਣ ਲਈ ਸ਼ਾਇਦ ਕੁਝ ਨਹੀਂ ਬਚਿਆ? ਕਿਹੋ ਜਿਹੀ ਹੋਵੇਗੀ ਅਗਲੀ ਨਸਲ ਦੀ ਮਾਨਸਿਕਤਾ? ਇਸ ਮਾਨਸਿਕਤਾ ਵਿਚੋਂ ਕਿਹੜੀਆਂ ਪ੍ਰਾਪਤੀਆਂ ਮਨੁੱਖਤਾ ਦੇ ਲੇਖੇ ਲੱਗਣਗੀਆਂ?

ਜਰਾ ਉਸ ਬੱਚੇ ਦੇ ਨੈਣਾਂ ਵਿਚਲੀ ਭਿਆਨਕਤਾ 'ਚੋਂ ਉਗਮੇ ਕਰੂਰ ਅਤੇ ਜ਼ਾਲਮ ਸੁਪਨੇ ਨੂੰ ਕਿਆਸਣਾ, ਜੀਹਦੇ ਸਾਹਵੇਂ ਉਸ ਦੇ ਮਾਪਿਆਂ ਦਾ ਸਿਰ ਕਲਮ ਕੀਤਾ ਜਾਵੇ, ਜਿਹਦੇ ਸਾਹਵੇਂ ਉਸ ਦੀ ਮਾਂ-ਭੈਣ ਦਾ ਜਿਸਮਾਨੀ ਸ਼ੋਸ਼ਣ ਕਰਕੇ ਜਲੀਲ ਕੀਤਾ ਗਿਆ ਹੋਵੇ। ਚੌਰਾਹੇ ਵਿਚ ਜੋਰ-ਜਬਰੀ ਨਿਲਾਮ ਕੀਤੀ ਜਾ ਰਹੀ ਬੇਹਯਾਈ, ਬੇਗਾਨਗੀ ਅਤੇ ਮਾਸੂਮੀਅਤ ਵਿਚ ਉਗੇ ਦਰਦ ਨੂੰ ਸਮਿਆਂ ਦੇ ਵਰਕੇ ਵੀ ਜਦ ਜਗ੍ਹਾ ਦੇਣ ਤੋਂ ਮੁਨਕਰ ਹੋ ਜਾਣ ਤਾਂ ਸੁਪਨਿਆਂ ਦਾ ਸਿਵਾ ਅੱਖਾਂ ਵਿਚ ਧੁਖਦਾ। ਜਦ ਇਹ ਇਕ ਲਾਵਾ ਬਣ ਕੇ ਫੁੱਟਦਾ ਤਾਂ ਬਹੁਤ ਕੁਝ ਦਾ ਨਾਸ ਹੋ ਜਾਂਦਾ।

ਸਾਡਾ ਸਮਾਜ ਕਿਹੋ ਜਿਹਾ ਹੋਵੇ, ਇਸ ਦੀ ਬਿਹਤਰੀ ਲਈ ਕੀ ਕੀਤਾ ਜਾਵੇ, ਇਸ ਦੀਆਂ ਕਦਰਾਂ-ਕੀਮਤਾਂ ਦੀ ਵਿਲੱਖਣਤਾ ਕੀ ਹੋਵੇ ਜਾਂ ਇਸ ਦੀਆਂ ਨਵੀਆਂ ਤਰਜੀਹਾਂ ਕੀ ਹੋਣ, ਜਿਨ੍ਹਾਂ ਵਿਚੋਂ ਨਵੀਆਂ ਤਰਕੀਬਾਂ ਰਾਹੀਂ ਨਿਵੇਕਲੀ ਤਕਦੀਰ ਸਿਰਜੀ ਜਾ ਸਕੇ, ਇਹ ਬੱਚਿਆਂ ਦੇ ਨੈਣਾਂ ਵਿਚ ਧਰੇ ਜਾ ਰਹੇ ਸੁਪਨੇ ਹੀ ਨਿਰਧਾਰਤ ਕਰਦੇ। ਜਿਹੋ ਜਿਹੇ ਸੁਪਨੇ ਨਵੀਂ ਪੀੜ੍ਹੀ ਨੂੰ ਦਿਤੇ ਜਾਣਗੇ, ਉਹੋ ਜਿਹੇ ਸਿੱਟਿਆਂ ਦੀ ਸੰਭਾਵਨਾ ਹੁੰਦੀ।

ਲੋੜ ਹੈ, ਕੋਮਲ-ਭਾਵੀ ਬੱਚਿਆਂ ਦੇ ਸੁਪਨਿਆਂ ਵਿਚ ਫੁੱਲਾਂ ਤੇ ਤਿੱਤਲੀਆਂ ਦੀ ਆਪਸੀ ਰਾਗਣੀ ਗੂੰਜੇ। ਨੈਣਾਂ ਵਿਚ ਫੁੱਲ-ਪੱਤੀਆਂ ਦਾ ਸੰਵਾਦ, ਪੱਤਿਆਂ ਦੀ ਰੁਮਕਣੀ ਦਾ ਨਾਦ ਹੋਵੇ। ਬਿਰਖਾਂ ਦਾ ਇਕ ਦੂਜੇ ਦੇ ਗਲੇ ਲੱਗ ਕੇ ਸਹਾਰਾ ਬਣਨ ਦੀ ਲੋਚਾ ਹੋਵੇ। ਆਲ੍ਹਣੇ ਵਿਚ ਚਹਿਕਦੇ ਪਰਿੰਦਿਆਂ ਦੀ ਬੋਲ-ਬਾਣੀ ਅਤੇ ਜਾਨਵਰਾਂ ਤੇ ਪੰਛੀਆਂ ਨਾਲ ਗਾਏ ਜਾ ਰਹੇ ਪਿਆਰੇ ਜਿਹੇ ਨਗਮੇ ਹੋਣ। ਨਿਰਛੱਲ ਤੇ ਮਲੂਕ ਸੋਚ 'ਚ ਚਾਅ ਹੋਣ। ਮੋਹ ਦੀਆਂ ਮੁਰਕੀਆਂ ਮੁਸਕਾਉਣ। ਉਨ੍ਹਾਂ ਦੇ ਸੁਪਨ-ਅੰਬਰ ਵਿਚ ਚੰਦ-ਮਾਮਾ ਹੱਸੇ, ਤਾਰਿਆਂ ਦੀ ਮਹਿਫਿਲ ਸਜੇ ਅਤੇ ਚਾਨਣੀ ਗੁਨਗੁਣਾਵੇ। ਬਾਬਿਆਂ ਦੀਆਂ ਬਾਤਾਂ ਅਤੇ ਦਾਦੀਆਂ ਦੀ ਬੁੱਕਲ ਵਿਚੋਂ ਉਨ੍ਹਾਂ ਨੂੰ ਸੁਮੱਤ ਤੇ ਸਿਆਣਪ ਦਾ ਸ਼ਗਨ ਨਸੀਬ ਹੋਵੇ, ਜਿਸ ਨਾਲ ਉਨ੍ਹਾਂ ਦਾ ਵਿਅਕਤੀਗਤ ਵਿਕਾਸ ਹੋਵੇ। ਮੂਲ ਨਾਲ ਜੁੜਿਆਂ ਆਧੁਨਿਕਤਾ ਨੂੰ ਅਪਨਾ ਕੇ ਨਵੇਂ ਕੀਰਤੀਮਾਨ ਜਿਥੇ ਜੱਗ ਦੀ ਸੋਭਾ ਬਣਦੇ, ਉਥੇ ਮਨੁੱਖ ਨੂੰ ਆਪਣੇ ਵਿਰਸੇ ਨਾਲ ਜੁੜਨ ਦਾ ਮਾਣ ਵੀ ਪ੍ਰਾਪਤ ਹੁੰਦਾ। ਇਹ ਮਾਣ ਆਪਣੀ ਵੱਖਰੀ ਪਛਾਣ ਸਿਰਜਦਾ ਤਾਂ ਇਸ ਦਾ ਸਰਫ ਉਸ ਦੇ ਦੀਦਿਆਂ ਵਿਚ ਧਰੇ ਹੋਏ ਸੁਪਨਿਆਂ ਨੂੰ ਹੀ ਜਾਂਦਾ।

ਸੁਪਨੇ ਨਿੱਕੇ ਜਾਂ ਛੋਟੇ ਨਹੀਂ ਹੋਣੇ ਚਾਹੀਦੇ, ਸੁਪਨੇ ਵੱਡੇ ਲਓ। ਆਪਣੀ ਸੋਚ ਤੇ ਸਮਰੱਥਾ ਨੂੰ ਇਨ੍ਹਾਂ ਦਾ ਹਾਣੀ ਬਣਾਓ। ਸੁਪਨਿਆਂ ਦਾ ਹਾਸਲ ਤੁਹਾਡੀ ਸਫਲਤਾ ਦੀ ਹਾਮੀ ਭਰੇਗਾ। ਮਹਾਨ ਵਿਅਕਤੀਆਂ ਦੀਆਂ ਪ੍ਰਾਪਤੀਆਂ ਪਿੱਛੇ ਉਨ੍ਹਾਂ ਦੇ ਅਵਚੇਤਨ ਵਿਚ ਲਿਆ ਸੁਪਨਾ ਹੀ ਸੀ, ਜਿਸ ਲਈ ਉਨ੍ਹਾਂ ਨੇ ਇਕਸਾਰਤਾ, ਨਿਰੰਤਰਤਾ, ਸਿਰੜ ਅਤੇ ਸਮਰਪਣ ਨਾਲ ਖੁਦ ਨੂੰ ਅਰਪਿਤ ਕੀਤਾ ਅਤੇ ਸੁਪਨਿਆਂ ਦਾ ਸੱਚ ਆਪਣੇ ਨਾਮ ਕੀਤਾ।

ਕੁਝ ਲੋਕ ਸਿਰਫ ਖਿਆਲੀ ਸੁਪਨੇ ਹੀ ਲੈਂਦੇ। ਸਿਰਫ ਸੁਪਨੇ ਲੈਣ ਅਤੇ ਸੁਪਨਿਆਂ ਨਾਲ ਜੀਅ ਪਰਚਾਉਣ ਲਈ। ਅਜਿਹੇ ਲੋਕਾਂ ਨੂੰ ਕੁਝ ਨਹੀਂ ਹਾਸਲ ਹੁੰਦਾ। ਸਿਰਫ ਸੁਪਨੇ ਲੈਣ ਤੀਕ ਹੀ ਉਨ੍ਹਾਂ ਦੀ ਜੀਵਨ-ਯਾਤਰਾ ਖਤਮ ਹੋ ਜਾਂਦੀ।

ਸੁਪਨਿਆਂ ਦੀ ਤਾਸੀਰ, ਆਲਾ-ਦੁਆਲਾ, ਸੰਗਤ ਅਤੇ ਚੇਤਨ-ਅਵਚੇਤਨ ਵਿਚੋਂ ਵੀ ਪੈਦਾ ਹੁੰਦੀ, ਪਰ ਨਿਰੰਤਰ ਘਾਲਣਾ ਵਿਚੋਂ ਸੁਪਨੇ ਨੂੰ ਪੂਰਨਤਾ ਨਸੀਬ ਹੁੰਦੀ। ਆਪਣੀ ਅੱਖ ਵਿਚ ਉਹ ਸੁਪਨਾ ਧਰੋ, ਜੋ ਤੁਹਾਨੂੰ ਸੌਣ ਨਾ ਦੇਵੇ। ਰਾਤ ਨੂੰ ਨੀਂਦ ਵਿਚ ਆਉਣ ਵਾਲੇ ਜਾਂ ਦਿਨ ਦੇ ਸੁਪਨੇ ਸੱਚ ਤੋਂ ਕੋਹਾਂ ਦੂਰ।

ਕੋਈ ਵੀ ਸੁਪਨਾ ਛੋਟਾ/ਵੱਡਾ ਨਹੀਂ ਹੁੰਦਾ, ਸਿਰਫ ਸੁਪਨੇ ਵਿਚਲੀ ਸੋਚ ਤੇ ਧਾਰਨਾ ਹੀ ਇਸ ਨੂੰ ਛੋਟਾ ਜਾਂ ਵੱਡਾ ਬਣਾਉਂਦੀ। ਵੱਡੀ ਤੇ ਨੇਕ ਸੋਚ ਵਾਲੇ ਲੋਕ ਵਿਸ਼ਾਲ ਸੋਚਦੇ ਅਤੇ ਵੱਡੇ ਸੁਪਨਿਆਂ ਦਾ ਸੱਚ ਹੁੰਦੇ।

ਸੁਪਨਾ, ਸਹਿਯੋਗ, ਸਫਰ ਅਤੇ ਸਾਧਨਾ ਜਿੰਨੀ ਛੇਤੀ ਹੋ ਸਕੇ ਜੀਵਨ ਵਿਚ ਸ਼ੁਰੂ ਕਰੋਗੇ ਤਾਂ ਉਨੀ ਜਲਦੀ ਹੀ ਉਹ ਤੁਹਾਡਾ ਹਾਸਲ ਬਣ ਕੇ, ਜੀਵਨ ਨੂੰ ਨਵੀਆਂ ਬੁਲੰਦੀਆਂ ਬਖਸ਼ਣਗੇ।

ਕੋਈ ਵੀ ਸੁਪਨਾ ਅਸੰਭਵ ਨਹੀਂ ਹੁੰਦਾ। ਇਹ ਤਾਂ ਮਨੁੱਖ ਦੇ ਇਰਾਦੇ, ਹੌਸਲੇ, ਹਿੰਮਤ ਅਤੇ ਸਮਰੱਥਾ ਨੂੰ ਪਰਖਦਾ। ਅਸੰਭਵ ਨੂੰ ਸੰਭਵ ਕਰਨ ਵਾਲੇ ਲੋਕਾਂ ਨੂੰ ਸੁਪਨੇ ਵੀ ਸਲਾਮਾਂ ਕਰਦੇ।

ਕੋਈ ਵੀ ਕਦਮ ਉਠਾਉਣ, ਕੁਝ ਪ੍ਰਾਪਤ ਕਰਨ ਜਾਂ ਹਾਸਲ ਕਰਨ ਲਈ ਸੁਪਨਾ ਜਰੂਰੀ। ਸੁਪਨੇ ਤੋਂ ਬਿਨਾ ਮੰਜ਼ਿਲ-ਮਾਰਗ ਅਤੇ ਮਨ ਨੂੰ ਕਿਹੜੀ ਦਿਸ਼ਾ-ਨਿਰਦੇਸ਼ ਦੇਵੋਗੇ? ਰਾਹ-ਸਿਰਨਾਵਾਂ ਪਤਾ ਹੋਵੇ ਤਾਂ ਮੰਜ਼ਿਲ ਮਿਲ ਹੀ ਜਾਂਦੀ ਆ।

ਸੁਪਨਿਆਂ ਦਾ ਸਬੰਧ ਇਸ 'ਤੇ ਵੀ ਨਿਰਭਰ ਕਿ ਕੌਣ ਸੁਪਨੇ ਵੰਡ ਰਿਹਾ? ਇਨ੍ਹਾਂ ਸੁਪਨਿਆਂ ਦੀ ਅਸਲੀ ਮਨਸ਼ਾ ਕੀ ਏ? ਸੁੱਚੇ ਮਨ ਅਤੇ ਸੱਚੀ ਸੋਚ ਨਾਲ ਸੁਪਨਿਆਂ ਦੀ ਸੌਦਾਗਰੀ ਕਰਨ ਵਾਲੇ ਹੀਰਿਆਂ ਦੇ ਵਪਾਰੀ ਹੁੰਦੇ, ਕਿਉਂਕਿ ਉਹ ਸੁਪਨਾ ਲੋਚਣ ਵਾਲੇ ਦੀ ਸਮਰੱਥਾ, ਸ਼ੌਕ ਅਤੇ ਨਿਸ਼ਠਾ ਨੂੰ ਸਿਆਣ ਤੇ ਸਮਝ ਕੇ ਹੀ ਉਸ ਦੀ ਝੋਲੀ ਵਿਚ ਸੁਪਨ-ਸੰਧਾਰਾ ਪਾਉਂਦੇ। ਅਜਿਹਾ ਸੁਪਨਾ ਭਵਿੱਖ ਨੂੰ ਰੌਸ਼ਨ ਕਰਨ ਦੇ ਨਾਲ-ਨਾਲ ਸਮੇਂ ਨੂੰ ਵੀ ਆਪਣੀ ਆਭਾ ਨਾਲ ਰੁਸ਼ਨਾਉਂਦਾ।

ਸੁਪਨੇ ਸਿਰਫ ਬੱਚਿਆਂ ਨੂੰ ਹੀ ਵਣਜੇ ਜਾਂਦੇ, ਕਿਉਂਕਿ ਉਨ੍ਹਾਂ ਦੀ ਪਾਕ, ਅਣਭਿੱਜ ਅਤੇ ਮਨ ਦੀ ਕੋਰੀ ਸਲੇਟ 'ਤੇ ਉਕਰੇ ਸੁਪਨ-ਸ਼ਬਦ ਨੇ ਸਦੀਵ ਰਹਿਣਾ। ਉਹ ਸੁਪਨ-ਪ੍ਰਾਪਤੀ ਨੂੰ ਜੀਵਨ-ਮਕਸਦ ਬਣਾਉਂਦੇ। ਜੇ ਅਸੀਂ ਬੱਚਿਆਂ ਨੂੰ ਸੁਪਨੇ ਦੇ ਕੇ, ਸਾਰਥਕਤਾ ਨੂੰ ਸਮਝਾ, ਉਨ੍ਹਾਂ ਦੀ ਸੋਚ-



ਜੂਹ ਵਿਚ ਟਿਕਾਵਾਂਗੇ ਤਾਂ ਉਨ੍ਹਾਂ ਨੇ ਆਪਣੀ ਮਿਹਨਤ ਅਤੇ ਦ੍ਰਿੜਤਾ ਨਾਲ ਸੁਪਨਿਆਂ ਨੂੰ ਜ਼ਰੂਰ ਹੀ ਹਾਸਲ ਬਣਾ ਲੈਣਾ।

ਜਦ ਸੁਪਨਾ ਤਿੜਕਦਾ ਤਾਂ ਬਹੁਤ ਕੁਝ ਤਿੜਕ ਜਾਂਦਾ। ਇਸ ਦੀ ਤਿੜਕ ਹਾਵੇ ਵੀ ਬਣਦੀ, ਹੰਝੂ, ਹਉਕੇ ਅਤੇ ਹੇਰਵਾ ਵੀ। ਇਸ ਤਿੜਕਣ ਨੂੰ ਹੰਢਾਉਣ ਤੋਂ ਬਿਨਾ ਇਸ ਦੀ ਚੀਸ ਨੂੰ ਸਮਝਣਾ ਅਸੰਭਵ। ਇਸ ਪੀੜਾ ਵਿਚੋਂ ਨਿਕਲਣਾ ਮਨ ਤੇ ਤਨ ਦੀ ਲੰਮੇਰੀ ਜਦੋ-ਜਹਿਦ। ਸੁਪਨਾ ਟੁੱਟਦਾ ਤਾਂ ਹੰਝੂਆਂ ਦੀ ਨੈਅ ਖੁਦ ਨੂੰ ਖੋਰਦੀ। ਖੁਰਿਆ ਮਨੁੱਖ ਬਹੁਤ ਦੇਰ ਤੀਕ ਤਾਬ ਵਿਚ ਨਹੀਂ ਆਉਂਦਾ।

ਸੁਪਨੇ ਜਦ ਸਾੜ ਦਿੱਤੇ ਜਾਣ, ਸੁਪਨ-ਸੁਆਹ, ਨਜ਼ਰ ਨੂੰ ਧੁੰਦਲਾ ਦੇਵੇ, ਸੁਪਨ-ਅਰਥੀ ਨੂੰ ਮੋਢੇ 'ਤੇ ਉਠਾਉਣ ਦੀ ਨੌਬਤ ਆ ਜਾਵੇ ਜਾਂ ਸੁਪਨ-ਕਬਰ ਸਾਹਵੇਂ ਬਹਿ ਕੇ ਰੋਣਾ ਪੈ ਜਾਵੇ ਤਾਂ ਸੁਪਨ-ਸੇਕ ਕਣ ਕਣ ਹੋ ਕੇ ਅੰਤਰੀਵ ਵਿਚ ਰਚ ਜਾਂਦਾ। ਫਿਰ ਇਕ ਕਸਮ ਰੂਹ ਵਿਚੋਂ ਉਠ, ਲਲਕਾਰ ਬਣ, ਸੁਪਨ-ਰਾਹਾਂ ਦਾ ਮਾਰਗ-ਦਰਸ਼ਨ ਕਰਦੀ ਅਤੇ ਆਖਰ ਨੂੰ ਤੁਹਾਡੀ ਪ੍ਰਾਪਤੀ ਦਾ ਸਿਰਲੇਖ ਬਣਦੀ। ਸਿਰਫ ਇਕ ਪਲ ਹੀ ਟੁੱਟੇ ਹੋਏ ਸੁਪਨੇ ਦੀ ਪੂਰਨਤਾ ਵੰਨੀਂ ਪੁਲਾਂਘ ਬਣ ਜਾਂਦਾ। ਪ੍ਰੈਪ ਵਿਚੋਂ ਫੇਲ੍ਹ ਹੋਣ 'ਤੇ ਬਾਪ ਦੀਆਂ ਅੱਖਾਂ ਵਿਚ ਉਤਰੀ ਨਮੀ ਨੇ, ਬਾਪ ਵਲੋਂ ਮੇਰੇ ਨੈਣਾਂ ਵਿਚ ਧਰੇ ਸੁਪਨਿਆਂ ਨੂੰ ਅਜਿਹੇ ਪਰ ਬਖਸ਼ੇ ਕਿ ਹਰ ਮੋੜ 'ਤੇ ਸੁਪਨਿਆਂ ਦਾ ਸੱਚ ਮੇਰਾ ਹਾਸਲ ਬਣਦਾ ਰਿਹਾ। ਸਿਰਫ ਖੁਦ ਨੂੰ ਟੀਚੇ ਵੰਨੀਂ ਕੇਂਦ੍ਰਿਤ ਕਰਨ, ਖੁਦ ਨੂੰ ਸਾਧਣ ਤੇ ਲਗਨ ਰਾਹੀਂ ਬਾਪ ਦੀ ਨੈਣ-ਨਮੀ ਨੂੰ ਸੁਕਾਉਣ ਦੀ ਅਜਿਹੀ ਤੀਬਰਤਾ ਪੈਦਾ ਹੋਈ, ਜੋ ਹੁਣ ਤੀਕ ਵੀ ਜਾਰੀ ਏ।

ਸੁਪਨ-ਸੰਧਾਰਾ ਉਡੀਕਦਾ ਹੈ, ਇਸ ਨੂੰ ਪ੍ਰਾਪਤ ਕਰਨ ਵਾਲਿਆਂ ਨੂੰ, ਜੋ ਇਸ ਦੀ ਗੁਣਵਤਾ 'ਚੋਂ ਜੀਵਨ ਨੂੰ ਨਵੀਂ ਸੇਧ ਦੇ ਸਕਣ ਅਤੇ ਉਸ ਦੇ ਹੇਰਵੇ ਵਿਚ ਕਲਮ ਕੂਕਦੀ,

ਰੋਹੀਆਂ ਦੇ ਵਿਚ ਫਿਰੇ ਭਟਕਦੀ
ਸੱਧਰ ਸੁਪਨ-ਸੰਧਾਰੇ ਦੀ
ਮੁੱਖ 'ਤੇ ਜੰਮੀਆਂ ਬਣੀ ਘਰਾਲ
ਹਸਰਤ ਹਾਕ-ਹੁੰਗਾਰੇ ਦੀ
ਪੌਣ ਨੇ ਪੀੜ ਦਾ ਕੱਜਣ ਪਹਿਨਿਆ
ਪੱਛੀ ਦਰਦ-ਕੁਆਰੇ ਦੀ
ਅੰਬਰ ਅਰਥੀ ਚੁੱਕੀ ਫਿਰਦਾ
ਟੁੱਟੇ ਹੋਏ ਤਾਰੇ ਦੀ
ਸਮੇਂ ਕਦੇ ਵੀ ਵਾਤ ਨਾ ਪੁੱਛੀ
ਵਰਕੀਂ ਹੰਝੂ ਖਾਰੇ ਦੀ
ਸੋਚ-ਜੁਗਤ ਨੇ ਬਹੁਤ ਹਲੂਣਿਆ
ਖੁੱਲ੍ਹੀ ਨਾ ਅੱਖ ਵਿਚਾਰੇ ਦੀ
ਕਿਸ ਸੀ ਬਣਨਾ ਰੂਹ ਦੀ ਬਗਲੀ
ਹੰਭੇ, ਕਿਸਮਤ-ਹਾਰੇ ਦੀ।

ਕਦੇ ਕਦਾਈਂ ਤਾਂ
ਵਕਤ ਬਣ ਕੇ ਵਖਤ-ਵੰਗਾਰ
ਬੰਦਿਆ ਪਰਖਣਾ ਚਾਹਵੇ
ਮਨ 'ਚ ਬੈਠੀ ਭਰਮ-ਭਾਵਨਾ
ਜਦ ਦੰਭੀ ਰੂਪ ਵਟਾਵੇ
ਤਾਂ ਕਿ
ਆਪਣੇ ਕੀਕਣ ਬਣਨ ਬੇਗਾਨੇ
ਤੈਨੂੰ ਸਮਝ ਆ ਜਾਵੇ
ਪੱਬੀਂ ਉਕਰੀ ਪੈੜਚਾਲ ਵੀ
ਕਿਤੇ ਖਤਾ ਨਾ ਖਾਵੇ
ਮਤਾਂ ਹਿਰਦਾ-ਹਰਫ ਹਰਖ ਕੇ
ਅੱਥਰੂ ਜੂਨ ਹੰਢਾਵੇ
ਤੇ ਵਰਕਿਆਂ ਦੇ ਕੋਰੇਪਣ 'ਤੇ
ਅਰਥ-ਅਰਥੀ ਧਰ ਜਾਵੇ।

ਵੇ ਮਨਾਂ!
ਐਵੇਂ ਨਾ ਤੂੰ ਕਦਮ ਡੋਲਾਵੀਂ
ਇਹੀ ਜੱਗ ਵਰਤਾਰਾ
ਡੁੱਬਿਆ ਸੂਰਜ ਫਿਰ ਉਗਮਣਾ
ਬਣ ਸਰਘੀ-ਲਿਸ਼ਕਾਰਾ
ਉਜੜੇ ਬਾਗਾਂ ਨੇ ਬਣ ਜਾਣਾ
ਰੰਗ, ਮਹਿਕ-ਪਸਾਰਾ
ਤਿਤਲੀਆਂ ਨੇ ਵੀ ਫੁੱਲ ਫਿਜ਼ਾ 'ਚ
ਸਿਰਜਣਾ ਅਜਬ ਨਜ਼ਾਰਾ
ਤੇ ਧੁੰਦਲੇ ਰਾਹਾਂ ਪੈੜਾਂ ਬਣਨਾ
ਹੋ ਮਸਤਕ ਉਜਿਆਰਾ।

ਯਾਦ ਰੱਖੀਂ
ਵੇ ਰੂਹ ਪਰਿੰਦਿਆ!
ਪੱਤਹੀਣ ਜਾਂ ਬਿਰਖ ਕੋਈ ਵੀ
ਬਿਰਖ ਦੇ ਗੱਲ ਲੱਗ ਰੋਵੇ
ਤਾਂ ਬਿਰਖ ਦੇ ਲੱਗਰ-ਨੈਣ ਵੀ
ਸੁਪਨ-ਸੁਹਜ ਸੰਜੋਵੇ
ਅੱਧ-ਅੰਬਰਾਂ 'ਚ ਆਲ੍ਹਣਾ-ਜੂਹ ਵੀ
ਜ਼ਿੰਦਗੀ-ਨਾਦ ਅਲੋਵੇ
ਕਾਇਨਾਤ ਦਾ ਕਿਣਕਾ ਕਿਣਕਾ
ਬਗਲਗੀਰ ਫਿਰ ਹੋਵੇ
ਤੇ ਸੁਪਨ-ਸਾਂਝ ਦੀ ਸੁੱਚੀ ਸਰਗਮ
'ਵਾਵਾਂ ਭਾਗੀਂ ਹੋਵੇ।

ਸੁਪਨੇ ਉਹ ਸੰਭਾਵਨਾਵਾਂ ਹੁੰਦੇ, ਜਿਨ੍ਹਾਂ ਨੇ ਸਮਰੱਥਾ ਤੇ ਸਾਧਨਾ ਰਾਹੀਂ ਮੰਜ਼ਿਲ-ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ। ਸੰਭਾਵਨਾਵਾਂ ਤਾਂ ਸਭ ਵਿਚ ਹੁੰਦੀਆਂ, ਸਿਰਫ ਇਸ ਨੂੰ ਸੱਚ ਕਰਨ ਲਈ ਸੁਪਨਾ ਲੈਣਾ ਅਤਿ-ਜਰੂਰੀ।

ਸੁਪਨ-ਸੰਧਾਰਾ ਵਣਜਦਿਆਂ, ਇਸ 'ਚ ਕਿਤਾਬ, ਰਬਾਬ, ਗੁਲਾਬ ਤੇ ਅਦਾਬ ਦਾ ਖੁਆਬ ਧਰੋ। ਪੂਰਨੇ, ਪਹਾੜੇ, ਪਾਠ, ਪੁਸਤਕ ਅਤੇ ਪਿਆਰ ਦਾ ਪੈਗਾਮ ਫੁਰਮਾਓ। ਆਸ, ਵਿਸ਼ਵਾਸ, ਧਰਵਾਸ, ਹੁਲਾਸ ਤੇ ਮਿਠਾਸ ਦੀ ਅਰਦਾਸ ਕਰੋ। ਕਿਰਤ, ਕੀਰਤੀ, ਕਲਾ, ਕਲਾਕਾਰੀ ਅਤੇ ਕਰਮਯੋਗਤਾ ਦੀਆਂ ਕਲਮਾਂ ਲਾਓ। ਸਹਿਜ, ਸੂਝ, ਸਿਆਣਪ, ਸੋਚ ਅਤੇ ਸਿਦਕ-ਸਾਧਨਾ ਦਾ ਜਾਗ ਲਾਓ। ਫਿਰ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਦੀ ਚਿੰਤਾ ਕਰਨ ਦੀ ਕੋਈ ਲੋੜ ਹੀ ਨਹੀਂ ਰਹੇਗੀ। ਸਗੋਂ ਉਹ ਬਜ਼ੁਰਗਾਂ ਦੀ ਬਿਹਤਰੀ ਬਾਰੇ ਜਰੂਰ ਫਿਕਰਮੰਦ ਹੋਣਗੇ।

ਕਈ ਵਾਰ ਬੀਤੇ ਸਮੇਂ ਦਾ ਸੁਪਨਾ ਤੁਹਾਡੀ ਨੀਂਦ ਹੰਘਾਲਣ ਲੱਗ ਪਵੇ ਜਾਂ ਤੁਹਾਡੀ ਸੋਚ-ਦਹਿਲੀਜ਼ ਵਿਚ ਪਾਣੀ ਤਰੌਂਕੇ ਤਾਂ ਮਨ ਉਸ ਬੀਤੇ ਨੂੰ ਮੁੜ ਜਿਉਣ ਲਈ ਲੋਚਦਾ ਜਦ ਸੁਪਨਿਆਂ ਦੇ ਸੱਚ ਲਈ ਕਰੜੀ ਘਾਲਣਾ ਹੀ ਜੀਵਨ ਦਾ ਮਕਸਦ ਸੀ। ਅਜਿਹੇ ਪਲਾਂ ਵਿਚ ਹਰਫ ਹੁੰਗਾਰਾ ਬਣ ਕੇ ਕੰਨਾਂ ਵਿਚ ਰਸ ਘੋਲਦੇ,

ਮਾਂ ਦੇ ਦਾਜ ਦੀ ਕੁਰਸੀ ਦਾ ਚੇਤਾ
ਨਿੱਤ ਸੁਪਨੇ ਵਿਚ ਆਏ
ਜਿਸ 'ਤੇ ਬਹਿ ਕੇ ਅੱਖਰ-ਲੋਚਾ
ਗਿਆਨ-ਚਿਰਾਗ ਜਗਾਏ
ਸੁਪਨੇ 'ਚ ਆਉਂਦਾ ਬਾਪ ਦਾ ਗੱਡਾ
ਤੇ ਬਲਦਾਂ ਦੀ ਜੋੜੀ
ਜਿਸ ਨੇ ਗੱਡੀ ਮਨ ਦੀ ਜੂਹੇ
ਸੁਪਨ-ਸਿਰੜ ਦੀ ਮੋਹੜੀ
ਆਉਂਦਾ ਚਾਰੇ ਪਸ਼ੂਆਂ ਦਾ ਸੁਪਨਾ
ਤੇ ਤਰਿਆ ਬਹੁਤ ਬਿਆਸ
ਜਿਸ ਬੰਨੀ ਸੀ ਵਾਗੀ ਪੱਲੇ
ਕੁਝ ਕਰ ਗੁਜ਼ਰਨ ਦੀ ਆਸ
ਪਹਿਲੀ ਉਮਰ ਦੇ ਬਿਖੜੇ ਪੈਂਡੇ
ਜਦ ਸੀ ਕਦਮਾਂ ਨੇ ਮੱਲੇ
ਤਾਂ ਨੈਣੀਂ ਸੀ ਮਾਪਿਆਂ ਦਾ ਸੁਪਨਾ
ਤੇ ਸਿਦਕ-ਸਬੂਰੀ ਪੱਲੇ
ਵਕਤੀ ਵਖਤ ਨਾ ਆਢਾ ਲਾਉਂਦਿਆਂ
ਸੁਪਨ-ਸਾਧਨਾ ਨਾ ਹਾਰੀ
ਇਕ ਸੁਪਨੇ ਦੀ ਪੂਰਤੀ ਪਿੱਛੋਂ
ਦੂਸਰਾ ਹੋਇਆ ਤਾਰੀ
ਸੁਪਨਿਆਂ ਦਾ ਇਹ ਸਫਰ ਅਵੱਲਾ
ਜੇ ਮਨ-ਮਸਤੀ ਬਣ ਜਾਵੇ
ਤਾਂ ਸਾਹਾਂ ਦੀ ਕੋਰੀ ਤਖਤੀ
ਸੁੱਚਾ ਰੂਪ ਹੰਢਾਵੇ।

ਸੁਪਨ-ਸੰਧਾਰੇ 'ਚ ਵਿਛੜਿਆਂ ਦਾ ਮਿਲਾਪ, ਪਰਦੇਸੀਆਂ ਦੀ ਜਨਮ-ਭੋਂ ਵੱਲ ਉਡਾਣ, ਮਿਲਣ ਦੀ ਤ੍ਰਿਪਤੀ, ਕੰਧਾਂ ਨੂੰ ਘਰ ਬਣਨ ਦਾ ਚਾਅ ਜਾਂ ਬਨੇਰਿਆਂ ਤੋਂ ਪੋਲੇ ਪੋਲੇ ਉਤਰਦੀ ਸੰਦਲੀ ਜਿਹੀ ਭਾਅ ਹੋਵੇ ਤਾਂ ਸੰਧਾਰੇ ਨੂੰ ਭਾਗ ਲੱਗ ਜਾਂਦੇ। ਸੁਪਨ-ਸੰਧਾਰੇ ਵਿਚ ਆਪਸੀ ਸੁਗਮ-ਸੰਵਾਦ, ਰੂਹ-ਰੰਗਾ ਨਾਦ ਅਤੇ ਵਿਗਸਿਆ ਵਿਸਮਾਦ ਹੋਵੇ ਤਾਂ ਜੀਵਨ-ਜੁਗਤ ਨੂੰ ਮਿਲਦਾ ਨਵਾਂ ਹੁਲਾਰ।

ਸੁਪਨ-ਸੰਧਾਰਾ ਵਣਜਣਾ ਮਨੁੱਖ ਦੀ ਆਦਿ ਰੀਤ। ਇਕ ਪੀੜ੍ਹੀ ਦੀ ਦੂਜੀ ਸੰਗ ਗਾੜ੍ਹੀ ਪ੍ਰੀਤ, ਜਿਸ ਵਿਚੋਂ ਉਪਜਦਾ ਏ ਹਰ ਸਦੀ ਦਾ ਸਾਂਝ-ਸੰਗੀਤ।

ਮਨੁੱਖੀ-ਮਨ ਦੀ ਸੁਪਨ-ਯਾਤਰਾ ਹੀ ਮਨੁੱਖ ਦਾ ਵਿਕਾਸ। ਇਸ ਦੀ ਨਿਰੰਤਰਤਾ ਤੇ ਕਾਰਜਸ਼ੀਲਤਾ 'ਚੋਂ ਹੀ ਪਰਤ-ਦਰ-ਪਰਤ ਖੁੱਲ੍ਹਦੀਆਂ ਨਵੀਆਂ ਪਰਤਾਂ। ਮਨੁੱਖੀ ਖੋਜਾਂ ਅਤੇ ਸਿਰਜੇ ਗਏ ਨਵੀਨਤਮ ਧਰਾਤਲਾਂ ਦਾ ਮੂਲ ਅਧਾਰ ਮਨੁੱਖੀ ਮਨ ਵਿਚ ਅੰਗੜਾਈਆਂ ਭਰਦੇ ਸੁਪਨੇ ਹੀ ਹਨ, ਜਿਨ੍ਹਾਂ ਨੇ ਮਨੁੱਖ ਨੂੰ ਪਰ, ਪਰਵਾਜ਼ ਅਤੇ ਪਹਿਲਕਦਮੀਆਂ ਦੇ ਕੇ ਪ੍ਰਾਪਤੀਆਂ ਦਾ ਸਿਰਨਾਵਾਂ ਬਣਾਇਆ। ਖੜੋਤ ਕਾਰਨ ਸੁਪਨੇ ਵੀ ਯੱਖ ਹੋ ਜਾਂਦੇ। ਇਸ ਲਈ ਸੁਪਨਸ਼ੀਲਤਾ ਮਹਿਕਦੀ ਮਨੁੱਖੀ ਸ਼ਖਸੀਅਤ ਦਾ ਅਨਮੋਲ ਤੇ ਅਨਿੱਖੜਵਾਂ ਅੰਗ ਹੈ।

ਸੁਪਨਾ ਸੱਚਾ, ਸੁਗੰਧਤ, ਸਰਬ-ਭਾਵੀ, ਸੰਵੇਦਨਸ਼ੀਲ ਅਤੇ ਸੁੰਦਰ ਹੋਵੇ ਤਾਂ ਮਨੁੱਖ ਦਾ ਸਮੁੱਚ ਮਹਿਕੇਗਾ, ਜੋ ਆਲੇ-ਦੁਆਲੇ ਨੂੰ ਵੀ ਮਹਿਕਾਵੇਗਾ। ਅਜਿਹਾ ਸੁਪਨਾ ਵਣਜਣਾ ਵੀ ਚਾਹੀਦਾ ਅਤੇ ਲੈਣਾ ਵੀ ਜਰੂਰੀ। ਫਿਰ ਦੇਰ ਕਾਹਦੀ?

ਗੁਰਮਤਿ

# ਮਨ ਨੀਵਾ ਮਤਿ ਉਚੀ

ਗੁਰੂ ਨਾਨਕ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰ ਦੇਣ ਵਾਲੀ ਬੁੱਧੀ ਦੇ ਮਾਲਕ ਸਨ। ਅਜਿਹਾ ਕਰਨ ਵੇਲੇ ਉਹ ਕਿਸੇ ਦਾ ਲਿਹਾਜ਼ ਨਹੀਂ ਸਨ ਕਰਦੇ, ਭਾਵੇਂ ਰਾਜਾ ਹੋਵੇ ਜਾਂ ਰੰਕ। ਮੰਨੂਵਾਦੀ, ਮੌਲਾਣੇ ਤੇ ਨਾਥ-ਤਿੰਨੇ ਉਨ੍ਹਾਂ ਦੇ ਨਿਸ਼ਾਨੇ 'ਤੇ ਸਨ। ਸਮਾਜ ਦੀ ਐਸੀ ਕਿਰਤੀ ਵਿਵਸਥਾ ਹੋਵੇਗੀ, ਜਿਸ ਨੂੰ ਉਨ੍ਹਾਂ ਨੇ ਆਪਣੀਆਂ ਠੋਸ ਦਲੀਲਾਂ ਦੇ ਕੇ ਤਰਕਹੀਣ ਨਹੀਂ ਦੱਸਿਆ, ਪਰ ਜਿੰਨੀ ਨਿਖੇਧੀ ਉਨ੍ਹਾਂ ਨੇ ਭੇਡੂ ਕਿਸਮ ਦੇ, ਲਾਈਲੱਗ, ਦੱਬੂ, ਮੂੰਹ ਵਿਚ ਘੁੰਗਣੀਆਂ ਪਾ ਕੇ ਦੂਜਿਆਂ ਦੇ ਪਿੱਛੇ ਲਗਣ ਵਾਲੇ, ਬੇਈਮਾਨ, ਬੇਅਕਲ ਤੇ ਪਖੰਡੀ ਇਨਸਾਨਾਂ ਦੀ ਕੀਤੀ ਹੈ, ਇੰਨੀ ਸ਼ਾਇਦ ਕਿਸੇ ਹੋਰ ਦੀ ਨਾ ਕੀਤੀ ਹੋਵੇਗੀ।

ਪਰ ਪ੍ਰਸ਼ੰਸਾ ਦੇ ਖੇਤਰ ਵਿਚ ਉਨ੍ਹਾਂ ਨੇ ਹੱਥ ਖੁਲ੍ਹ ਕੇ ਨਹੀਂ ਵਰਤਿਆ ਕਿਉਂਕਿ ਹੁਣ ਵਾਂਗ ਪ੍ਰਸ਼ੰਸਾਲਾਇਕ ਇੱਥੇ ਬਹੁਤਾ ਕੁਝ ਹੈ ਹੀ ਨਹੀਂ ਸੀ। ਉਨ੍ਹਾਂ ਨੇ ਆਪਣੀ ਸੋਚ ਦੇ ਮੁੱਦੇ 'ਕਰਤਾਰ' ਤੋਂ ਬਿਨਾ ਕੇਵਲ ਦੋ ਚੀਜ਼ਾਂ ਦੀ ਹੀ ਪ੍ਰਸ਼ੰਸਾ ਕੀਤੀ, ਜਿਨ੍ਹਾਂ ਵਿਚੋਂ ਇਕ ਹੈ, ਮਨੁੱਖੀ ਕਿਰਤ ਅਤੇ ਦੂਜਾ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-991-4249

ਹੈ, ਸੱਚਖੰਡ। ਮਨੁੱਖੀ ਕਿਰਤ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਲਿਖਿਆ ਹੈ, "ਸਰਮ ਖੰਡ ਕੀ ਬਾਣੀ ਰੂਪੁ॥ ਤਿਥੈ ਘਾੜਤ ਘੜੀਐ ਬਹੁਤੁ ਅਨੂਪੁ॥" ਇਸ ਦੀ ਹੋਰ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਲਿਖਿਆ, "ਤਿਥੈ ਘੜੀਐ ਸੁਰਤਿ ਮਤਿ ਮਨ ਬੁਧਿ॥"

ਇਸ ਦਾ ਸਿੱਧਾ ਅਰਥ ਹੈ ਕਿ ਸਰਮ ਭਾਵ ਕਿਰਤ ਮਨੁੱਖ ਦੀ ਸੁਰਤ, ਮਤ, ਮਨ ਤੇ ਬੁਧੀ ਨੂੰ ਵੀ ਤਰਾਸ਼ਦੀ ਹੈ। ਇਸ ਕਥਨ ਦੀ ਪ੍ਰਮਾਣਿਕਤਾ ਦੇ ਹੱਕ ਵਿਚ ਕਈ ਵਿਗਿਆਨਕ ਹਵਾਲੇ ਦਿੱਤੇ ਜਾ ਸਕਦੇ ਹਨ, ਪਰ ਲੋੜ ਨਹੀਂ, ਕਿਉਂਕਿ ਇਹ ਗੱਲ ਸਵੈ-ਪ੍ਰਤੱਖ ਵੀ ਹੈ। ਲੋੜ ਹੈ, ਇਸ ਬਾਰੇ ਮੁੱਢਲੀ ਜਾਣਕਾਰੀ ਦੀ। ਅਜੋਕੇ ਰਾਗੀ, ਢਾਡੀ ਤੇ ਪ੍ਰਚਾਰਕ ਅਤੇ ਉਨ੍ਹਾਂ ਪਿੱਛੇ ਲੱਗੇ ਸਭ ਸਿੱਖ ਵਿਦਵਾਨ ਤੇ ਸ਼ਰਧਾਲੂ ਇਨ੍ਹਾਂ ਸ਼ਬਦਾਂ (ਸੁਰਤਿ ਮਤਿ ਮਨ ਬੁਧਿ ਆਦਿ) ਦੀ ਇਕੋ ਰੱਸੇ ਬੰਨ ਕੇ ਵਿਆਖਿਆ ਕਰਦੇ ਹਨ। ਅਜਿਹਾ ਠੀਕ ਨਹੀਂ, ਕਿਉਂਕਿ ਇਹ ਸਦੀਆਂ ਤੋਂ ਚਲੇ ਆ ਰਹੇ ਵਿਸ਼ੇਸ਼ ਅਰਥਾਂ ਵਾਲੇ ਸੰਕਲਪ ਹਨ, ਜਿਨ੍ਹਾਂ ਨੂੰ ਸਹੀ ਪਛਾਣ ਕਰ ਕੇ ਹੀ ਵਰਤਣਾ ਚਾਹੀਦਾ ਹੈ।

ਇਨ੍ਹਾਂ ਨੂੰ ਆਸਾਨੀ ਨਾਲ ਸਮਝਣ ਲਈ ਇਕ ਨਵ-ਜਨਮੇ ਬੱਚੇ ਦੀ ਮਿਸਾਲ ਲਾਭਕਾਰੀ ਰਹੇਗੀ। ਪੈਦਾ ਹੋਣ ਤੋਂ ਪਹਿਲਾਂ ਬੱਚੇ ਕੋਲ ਨਾ ਸੁਰਤ ਹੁੰਦੀ ਹੈ, ਨਾ ਮਨ; ਨਾ ਮਤ ਤੇ ਨਾ ਬੁਧੀ। ਜੌਨ ਲਾਕ ਦੇ ਕਹਿਣ ਅਨੁਸਾਰ ਉਸ ਦਾ ਮਨ ਇਕ ਸਾਫ ਸਲੇਟ ਵਾਂਗ ਹੁੰਦਾ ਹੈ। ਜਨਮ ਪਿਛੋਂ ਸਭ ਤੋਂ ਪਹਿਲਾਂ ਉਸ ਨੂੰ ਸੁਰਤ (Consciousness) ਆਉਂਦੀ ਹੈ ਤੇ ਉਹ ਬਾਹਰਲੇ ਵਾਤਾਵਰਣ ਨੂੰ ਅਨੁਭਵ ਕਰਦਾ ਹੈ। ਉਹ ਰੋ ਕੇ ਦੱਸਦਾ ਹੈ ਕਿ ਉਹ ਸੰਸਾਰ ਵਿਚ ਆ ਗਿਆ ਹੈ ਤੇ ਸਰੀਰਕ ਤੌਰ 'ਤੇ ਦੁੱਖ-ਸੁੱਖ ਅਨੁਭਵ ਕਰਦਾ ਹੈ। ਸੁਰਤ (Cognition) ਦਾ ਭਾਵ ਜਿਉਂਦੇ ਹੋਣ ਦੀ ਅਵਸਥਾ ਵਿਚ ਹੋ ਕੇ ਜੀਵਨ ਸੰਕੇਤ ਦੇਣਾ ਹੈ। ਇਹ ਜੀਵ ਦੀ ਕਿਸੇ ਵੀ ਕਾਰਕੀ ਕ੍ਰਿਆ ਪ੍ਰਤੀ ਜਾਨਵਰੀ ਪ੍ਰਤੀਕਰਮ ਦਾ ਨਾਂ ਹੈ। ਜਦੋਂ ਬੀਮਾਰ ਅੱਖਾਂ ਦੀਆਂ ਪੁਤਲੀਆਂ ਫੇਰਦਾ ਹੈ ਜਾਂ ਕਿਸੇ ਨੂੰ ਪਛਾਣਦਾ ਹੈ ਤਾਂ ਡਾਕਟਰ ਮੰਨਦੇ ਹਨ ਕਿ ਇਸ ਨੂੰ ਸੁਰਤ ਹੈ।

ਸੁਰਤ ਤੋਂ ਬਾਅਦ ਉਸ ਅੰਦਰਲੇ ਵਲਵਲੇ ਜਾਂ ਹਾਵ ਭਾਵ ਪ੍ਰਗਟ ਹੋਣੇ ਸ਼ੁਰੂ ਹੁੰਦੇ ਹਨ। ਦੁਆਲੇ ਚੀਜ਼ਾਂ ਵੇਖ ਕੇ ਉਹ ਵਿਚਲਿਤ ਹੁੰਦਾ ਹੈ ਤੇ ਉਨ੍ਹਾਂ ਨੂੰ ਫੜਨਾ ਜਾਂ ਦੂਰ ਕਰਨਾ ਚਾਹੁੰਦਾ ਹੈ। ਇਨ੍ਹਾਂ ਅਧੀਨ ਉਹ ਖਾਂਦਾ, ਪੀਂਦਾ ਤੇ ਰੋਂਦਾ ਹੈ। ਕਈ ਵਾਰ ਇੱਲਤ ਤੇ ਅੜਵਾਈ ਵੀ ਕਰਦਾ ਹੈ। ਇਹ ਸਭ ਉਸ ਦੇ ਮਨ ਦੀਆਂ ਪ੍ਰਕ੍ਰਿਆਵਾਂ ਹਨ, ਜੋ ਸੋਚ ਦੀ ਅਣਹੋਂਦ ਕਾਰਨ ਉਸ ਅੰਦਰ ਆਪ ਮੁਹਾਰੇ ਚਲਦੀਆਂ ਰਹਿੰਦੀਆਂ ਹਨ।

ਮਨ ਚੰਚਲ ਤੇ ਪਰਿਵਰਤਨਸ਼ੀਲ ਹੈ। ਇਸ ਵਿਚ ਉਤਾਰ ਚੜਾਅ ਚਲਦੇ ਰਹਿੰਦੇ ਹਨ, ਜੋ ਉਸ ਦੇ ਵਿਹਾਰ ਦੀ ਅਗਵਾਈ ਕਰਦੇ ਹਨ। ਇਹੀ ਚੰਚਲਤਾ ਅੱਗੇ ਚਲ ਕੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਜਿਹੇ ਮਨੋਵੇਗਾਂ ਵਿਚ ਤਬਦੀਲ ਹੋ ਜਾਂਦੀ ਹੈ। ਜੋ ਇਨ੍ਹਾਂ ਵਿਚ ਉਲਝ ਜਾਂਦੇ ਹਨ, ਉਹ ਉਲਾਰ ਅਵਸਥਾ ਵਿਚ ਪੈ ਜਾਂਦੇ ਹਨ। ਇਨ੍ਹਾਂ ਵਿਕਾਰਾਂ 'ਚੋਂ ਨਿਕਲਣ ਲਈ ਤਰਕ ਤੇ ਵਿਵੇਕ ਦੀ ਲੋੜ ਪੈਂਦੀ ਹੈ, ਜੋ ਪੱਛੜ ਕੇ ਆਉਂਦੇ ਹਨ। ਇਨ੍ਹਾਂ ਦੀ ਅਣਹੋਂਦ ਵਿਚ ਜ਼ਮੀਰ ਕੰਮ ਕਰਦੀ ਹੈ। ਇਹ ਮਨ ਦੀ ਹੀ ਇਕ ਸਹਾਇਕ ਪਰ ਲੇਟ ਆਉਣ ਵਾਲੀ ਸਮਰੱਥਾ ਹੈ, ਜਿਸ ਨੂੰ ਅੰਤਹਕਰਣ ਵੀ ਕਹਿੰਦੇ ਹਨ। ਇਹ ਬੁੱਧੀ ਨਹੀਂ ਹੁੰਦੀ ਸਗੋਂ ਮਨ ਦੀ ਹੀ ਨਿਜੀ ਸਲਾਹਕਾਰ (Alter-ego) ਹੁੰਦੀ ਹੈ। ਇਸ ਲਈ ਇਹ ਕਦੇ ਮਨੁੱਖ ਦੇ ਸਵਾਰਥ ਤੋਂ ਸੁਤੰਤਰ ਨਹੀਂ ਹੋ ਸਕਦੀ। ਮਨ ਨਾਲ ਜੁੜੀ ਹੋਣ ਕਰਕੇ ਇਸ ਦੀ ਪਹੁੰਚ ਵੀ ਦੁਰਾਡੀ ਨਹੀਂ ਹੁੰਦੀ। ਇਸ ਲਈ ਇਸ ਦੇ ਪ੍ਰਭਾਵ ਹੇਠ ਮਨੁੱਖ ਆਪੇ ਤੋਂ ਬਾਹਰ ਨਿਕਲਦਾ ਤਾਂ ਹੈ, ਪਰ ਅੰਨੇ ਬੰਦੇ ਵਾਂਗ ਆਪਣਿਆਂ ਨੂੰ ਹੀ ਮੁੜ ਘਿੜ, ਰਿਓੜੀਆਂ ਵੰਡੀ ਜਾਂਦਾ ਹੈ। ਇਸ ਤਰ੍ਹਾਂ ਸੁਰਤ, ਮਨ ਤੇ ਅੰਤਹਕਰਣ ਨਾਲ ਮਨੁੱਖ ਚੀਜ਼ਾਂ, ਵਸਤਾਂ, ਲੋਭ, ਲਾਲਚ, ਹਿਰਸ, ਗੁੱਸਾ, ਕਾਮ ਤੇ ਅਭਿਮਾਨ ਸਬੰਧੀ ਸਰਗਰਮੀਆਂ ਵਿਚ ਵਿਚਰਦਾ ਰਹਿੰਦਾ ਹੈ।

ਅਗਲੀ ਵਾਰੀ ਬੁਧਿ ਜਾਂ ਬੁੱਧੀ ਦੀ ਹੈ, ਜੋ ਤਰਕ ਦਾ ਭੰਡਾਰ ਹੈ। ਜੌਨ ਲਾਕ ਕਹਿੰਦਾ ਹੈ, ਬੁੱਧੀ ਦਾ ਚਿਰਾਗ ਹਰ ਮਨੁੱਖ ਦੇ ਮਨ ਵਿਚ ਕੁਦਰਤ ਵਲੋਂ ਜਗਿਆ ਹੁੰਦਾ ਹੈ। ਇਸ ਦਾ ਕੰਮ ਮਨੁੱਖ ਨੂੰ ਰੋਸ਼ਨੀ ਦੇ ਕੇ ਸਹੀ ਰਾਹ ਦਿਖਾਉਣਾ ਹੈ। ਇਸ ਦੀ ਵਰਤੋਂ ਨਾਲ ਉਹ ਆਲੇ-ਦੁਆਲੇ ਦਾ ਸਹੀ ਨਿਰੀਖਣ ਕਰ ਕੇ ਜ਼ਮੀਰ ਤੋਂ ਅੱਗੇ ਦੇਖ ਸਕਦਾ ਹੈ। ਇਸ ਨਾਲ ਉਹ ਲੋੜੀਂਦੀਆਂ ਵਸਤਾਂ ਦਾ ਮੁਲਾਂਕਣ ਕਰ ਕੇ ਇਨ੍ਹਾਂ ਨੂੰ ਘੱਟ ਤੋਂ ਘੱਟ ਦੇਰੀ, ਕੀਮਤ, ਜੋਖਮ ਤੇ ਹਿੰਸਾ ਨਾਲ ਪ੍ਰਾਪਤ ਕਰਦਾ ਹੈ। ਬੁੱਧ-ਵਿਵੇਕ ਹਿਸਾਬੀ-ਕਿਤਾਬੀ ਕਾਰਜ ਹੈ, ਜੋ ਮਨੁੱਖ ਨੂੰ ਵਿਸ਼ਲੇਸ਼ਣ ਰਾਹੀਂ ਸੋਚ-ਵਿਚਾਰ, ਘਾਟਾ-ਵਾਧਾ, ਚੰਗਾ-ਮੰਦਾ ਆਦਿ ਦਾ ਗਿਆਨ ਦਿੰਦਾ ਹੈ। ਮਨੁੱਖ ਅਕਲ ਵਰਤਦਾ ਹੈ, ਤਰਕ ਫੜਦਾ ਹੈ, ਦਲੀਲਾਂ ਘੜਦਾ ਹੈ ਅਤੇ ਆਪਣੀ ਸੁਰੱਖਿਆ ਤੇ ਸਵਾਰਥ ਪ੍ਰਤੀ ਕਾਰਜਾਂ ਨੂੰ ਸਮਾਜਕ ਪੱਧਰ 'ਤੇ ਲੈ ਜਾਂਦਾ ਹੈ ਤੇ ਲਾਭਕਾਰੀ ਢੰਗ ਨਾਲ ਅੱਗੇ ਤੋਰਦਾ ਹੈ। ਚੁਫੇਰੇ ਧਿਆਨ ਮਾਰੀਏ ਤਾਂ ਰੋਟੀ, ਮਕਾਨ ਤੇ ਕੰਮਾਂ-ਕਾਰਾਂ ਦੇ ਚੱਕਰ ਵਿਚ ਉਲਝੀ ਅੱਜ ਦੀ 99.99% ਜਾਂ ਇਸ ਤੋਂ ਵੀ ਵੱਧ ਆਬਾਦੀ ਇਸੇ ਪੱਧਰ 'ਤੇ ਜੀਅ ਰਹੀ ਹੈ। ਮਤਿ ਦੀ ਅਵਸਥਾ ਇਸ ਤੋਂ ਉਪਰਲੀ ਹੈ।

ਮਤਿ ਦਾ ਭਾਵ ਹੈ-ਸਹੂਰ, ਦਿਸ਼ਾ, ਤਰੀਕਾ, ਇਲਮ, ਸਿੱਖਿਆ, ਆਲਮੀ ਸੋਚ-ਸੰਦਰਭ ਜਾਂ ਅਤਿ-ਉਤਮ ਵਿਚਾਰ, ਸਿਸ਼ਟਾਚਾਰ, ਤੇ ਇਨ੍ਹਾਂ ਪ੍ਰਤੀ ਧਾਰੀ ਪੱਕੀ ਸੋਚ। ਮਤਿ ਜਾਂ ਸੱਚੀ ਮੱਤ ਵਿਚੋਂ ਮਾਨਵਤਾ, ਪ੍ਰਮਾਰਥ, ਜਨ-ਕਲਿਆਣ, ਸਰਬਪੱਖੀ ਵਿਕਾਸ ਤੇ ਸੁਹਜ ਵਾਲੇ ਵਿਚਾਰਾਂ ਨਾਲ ਪੱਕੀ ਪ੍ਰਤੀਬੱਧਤਾ ਤੇ ਚੜ੍ਹਦੀ ਕਲਾ ਦੀ ਰੌਂਅ ਵਾਲੇ ਕਈ ਭਾਵ ਉਮਡਦੇ ਹਨ। ਇਸ ਦਾ ਕੰਮ ਮਨੁੱਖ ਨੂੰ ਪਸ਼ੂ ਭਾਵ ਹੇਠਲੇ ਬੌਧਿਕ ਪੱਧਰ ਤੋਂ ਉਤਲੇ ਬੌਧਿਕ ਪੱਧਰ 'ਤੇ ਲੈ ਜਾਣਾ ਹੈ। ਜੌਨ ਲਾਕ ਨੇ ਇਸ ਬਾਰੇ ਕੁਝ ਨਹੀਂ ਲਿਖਿਆ ਕਿਉਂਕਿ ਉਸ ਦਾ ਮਨੋਰਥ ਬੜਾ ਸੀਮਤ ਸੀ, ਪਰ ਅਰਸਤੂ ਨੇ ਇਸ ਬਾਰੇ ਕਿਹਾ ਹੈ ਕਿ ਉਚਤਮ ਬੌਧਿਕਤਾ ਦੀ ਅਵਸਥਾ ਪ੍ਰਾਪਤ ਕਰਨਾ ਹੀ ਮਨੁੱਖ ਦੇ ਜੀਵਨ ਦਾ ਅੰਤਿਮ ਉਦੇਸ਼ ਹੈ।

ਮਾਰਕਸ ਨੇ ਕਿਹਾ ਹੈ ਕਿ ਵਸਤ ਆਧਾਰਤ ਮੁਢਲੀਆਂ ਲੋੜਾਂ ਦੀ ਪੂਰਤੀ ਤੋਂ ਬਾਅਦ ਹੀ ਮਨੁੱਖ ਸਹੀ ਤੇ ਸੁਤੰਤਰ ਸੋਚ ਸਹਾਰੇ ਗਿਆਨ-ਵਿਗਿਆਨ ਦੇ ਖੇਤਰ ਵਿਚ ਪ੍ਰਵੇਸ਼ ਕਰ ਸਕੇਗਾ। ਭੁੜ ਤੋਂ ਮੁਕਤੀ ਤੇ ਸੁਤੰਤਰ ਵਿਚਾਰਾਂ ਨੂੰ ਉਸ ਨੇ ਸਭਿਆ ਜੀਵਨ ਦੀ ਸਿਖਰ ਮੰਨਿਆ ਹੈ। ਇਸ ਤਰ੍ਹਾਂ ਸੰਸਾਰ ਪੱਧਰ ਦੇ ਸਾਰੇ ਫਿਲਾਸਫਰਾਂ ਅਨੁਸਾਰ ਮਨੁੱਖੀ ਮਤਿ ਦਾ ਵਿਕਾਸ ਵਸਤਾਂ ਤੋਂ ਵਿਚਾਰਾਂ ਵਲ ਚਲਦਾ ਹੈ।

ਪਰ ਗੁਰੂ ਨਾਨਕ ਹੀ ਇਕ ਅਜਿਹਾ ਸਿਧਾਂਤਕਾਰ ਹੈ, ਜਿਸ ਨੇ ਬੁੱਧੀ ਨੂੰ ਧਨਾਤਮਕ ਸਿੱਖਿਆ ਨਾਲ ਜੋੜ ਕੇ ਮਤਿ ਦਾ ਸੰਕਲਪ ਦਿੱਤਾ। ਉਨ੍ਹਾਂ ਨੇ ਬੁੱਧੀ ਨੂੰ 'ਗੁਰ' ਦਾ ਸਹਾਰਾ ਦੇ ਕੇ ਗੁਰਮਤਿ ਦੀ ਕਲਪਨਾ ਕੀਤੀ ਤੇ ਇਸ ਨੂੰ ਸਾਕਾਰਾਤਮਕ ਖੋਜ ਅਤੇ ਗਿਆਨ ਦੇ ਗਲਿਆਰਿਆਂ ਵਿਚ ਲਿਆਂਦਾ। ਉਨ੍ਹਾਂ ਨੇ ਮਨੁੱਖ ਦਾ ਧਿਆਨ ਵਸਤਾਂ ਤੇ ਵਿਅਕਤੀਆਂ ਅਤੇ ਵਿਕਾਰਾਂ ਤੋਂ ਹਟਾ ਕੇ ਵਿਚਾਰਾਂ ਵਾਲੇ ਪਾਸੇ ਘੁਮਾਇਆ ਤੇ ਉਸ ਨੂੰ ਖੋਜ ਦਾ ਵਿਵੇਕੀ ਕਾਰਜ ਸੰਭਾਲਿਆ। ਉਨ੍ਹਾਂ ਅਨੁਸਾਰ ਮਨੁੱਖੀ ਬੁੱਧੀ ਦਾ ਮੁੱਖ ਕਾਰਜ-ਖੇਤਰ ਪਸ਼ੂ-ਬਿਰਤੀਆਂ ਦੀ ਪੂਰਤੀ ਤੋਂ ਉਪਰ ਉਠ ਕੇ ਉਤਲੇ ਪੱਧਰ ਦੇ ਪ੍ਰਸ਼ਨਾਂ ਦੇ ਤਰਕ-ਸੰਗਤ ਸਮਾਧਾਨ ਨਾਲ ਦੋ ਚਾਰ ਹੋਣਾ ਹੈ।

ਉਨ੍ਹਾਂ ਦੇ ਮਤਿ ਅਨੁਸਾਰ ਮਨੁੱਖ ਨੂੰ ਆਪਣੀ ਬੁੱਧੀ ਦੀ ਵਰਤੋਂ ਕੁਦਰਤ ਤੇ ਕੁਦਰਤ ਦੀ ਸੰਚਾਲਨ ਕ੍ਰਿਆ ਦੇ ਭੇਦਾਂ ਦੇ ਅਧਿਐਨ ਲਈ ਕਰਨੀ ਚਾਹੀਦੀ ਹੈ, ਕਿਉਂਕਿ ਇਹ ਉਸੇ ਦਾ ਹੀ ਕਾਰਜ ਬਣਦਾ ਹੈ, ਕਿਸੇ ਹੋਰ ਜੀਵ ਜੰਤੂ ਦਾ ਨਹੀਂ। ਇਸ ਤਰ੍ਹਾਂ ਗੁਰੂ ਨਾਨਕ ਨੇ 'ਬੁਧ' ਤੋਂ ਉਤਲੀ ਅਵਸਥਾ 'ਮਤਿ' ਦੀ ਪਛਾਣ ਕਰਵਾ ਕੇ ਆਪਣੇ ਸਿੱਖਾਂ ਨੂੰ ਇਸ ਵਿਚ ਪ੍ਰਵੇਸ਼ ਕਰਨ ਲਈ ਉਤਸ਼ਾਹਿਤ ਕੀਤਾ। ਸਿੱਖ-ਮੱਤ ਦਾ ਮੁੱਢ ਬੰਨ੍ਹ ਕੇ ਉਨ੍ਹਾਂ ਨੇ ਸੱਚ ਮੁੱਚ ਹੀ ਮਨੁੱਖ ਨੂੰ ਉਸ ਦਾ ਸਹੀ ਸਥਾਨ ਦਿਖਾਇਆ ਤੇ ਮਾਨਵ ਤੋਂ ਦੇਵਤੇ ਦੇ ਪੱਧਰ 'ਤੇ ਪਹੁੰਚਾਇਆ।


ਗੁਰੂ ਨਾਨਕ ਨੇ ਸਿੱਖੀ ਦੀ ਮੱਤ ਸਮਝਾ ਕੇ ਸਿੱਖਾਂ ਨੂੰ ਸਵਾਰਥ ਤੇ ਵਿਕਾਰਾਂ ਦੇ ਦਾਇਰੇ ਤੋਂ ਉਪਰ ਚੁੱਕ ਕੇ ਬ੍ਰਹਿਮੰਡੀ ਪਸਾਰੇ ਦੀ ਖੋਜ ਦਾ ਕਾਰਜ-ਕਰਮ ਦਿੱਤਾ। ਸਤਿਨਾਮ ਦੀ ਖੋਜ ਨਾਲ ਜੁੜਿਆ ਹੋਣ ਕਰ ਕੇ ਉਨ੍ਹਾਂ ਨੇ ਇਸ ਸਮੁੱਚੇ ਕਾਰਜ ਨੂੰ ਨਾਮ ਧਿਆਉਣ ਜਾਂ ਨਾਮ ਜਪਣ ਦੀ ਸੰਗਿਆ ਦਿਤੀ, ਪਰ ਬ੍ਰਾਹਮਣਵਾਦੀ ਪਰੰਪਰਾਵਾਂ ਦੇ ਪ੍ਰਭਾਵ ਅਨੁਸਾਰ ਸਿੱਖ-ਸ਼ਰਧਾਲੂ ਇਸ ਨੂੰ ਤੋਤਾ-ਰਟ ਸਮਝ ਬੈਠੇ। ਉਨ੍ਹਾਂ ਨੇ ਹਿੰਦੂ ਸ਼ਰਧਾਲੂਆਂ ਵਾਂਗ ਗੁਰੂ ਦੀ ਬਾਣੀ ਨੂੰ ਮੰਤਰਾਂ ਵਾਂਗ ਰਟ ਕੇ ਪੜ੍ਹਨਾ ਅਰੰਭ ਦਿਤਾ ਤੇ ਇਸ ਦੇ ਅਰਥਾਂ ਨੂੰ ਸਮਝਣ ਤੇ ਜੋਰ ਨਾ ਦਿਤਾ। ਹਿੰਦੂਆਂ ਦੀ ਦੇਖਾ-ਦੇਖੀ ਉਹ ਆਪਣੇ ਵਿਗਿਆਨਕ ਮੱਤ ਨੂੰ ਸਿੱਖ ਧਰਮ ਦੱਸ ਕੇ ਆਪਣੀ ਧਾਰਮਿਕ ਕਟੱੜਤਾ ਮਜ਼ਬੂਤ ਕਰਦੇ ਰਹੇ। ਸਿੱਟੇ ਵਜੋਂ ਅੱਜ ਗੁਰੂ ਨਾਨਕ ਦਾ ਸਿੱਖ-ਮੱਤ ਸਾਰੀ ਦੁਨੀਆਂ ਵਿਚ ਦੂਜੇ ਸਭ ਧਰਮਾਂ ਵਾਂਗ ਇਕ ਧਰਮ ਹੀ ਮੰਨਿਆ ਜਾਂਦਾ ਹੈ।

ਇਸ ਨਾਲ ਗੁਰੂ ਨਾਨਕ ਦੀ ਅੱਦੁਤੀ ਪ੍ਰਤਿਭਾ ਨਾਲ ਬਹੁਤ ਅਨਿਆਂ ਹੋਇਆ ਹੈ। ਹਿੰਦੂ-ਧਰਮ, ਈਸਾਈ-ਮੱਤ, ਇਸਲਾਮ ਆਦਿ ਮਿੱਥਿਆ-ਆਧਾਰਤ ਧਰਮਾਂ ਦੀ ਤਾਂ ਗੱਲ ਹੀ ਛੱਡੋ, ਗੁਰੂ ਨਾਨਕ ਦੀ ਵਿਵੇਕੀ ਪਹੁੰਚ ਸੁਕਰਾਤ, ਪਲੈਟੋ, ਸੇਂਟ ਐਕੁਆਨਸ, ਦਾਂਤੇ, ਹਾਬਜ਼ ਲਾਕ ਰੂਸੋ, ਕਾਂਤ, ਹੀਗਲ, ਮਾਰਕਸ, ਗੈਲੀਲੀਓ ਨਿਊਟਨ ਤੇ ਆਈਨਸਟੀਨ ਜਿਹੇ ਸਾਰੇ ਵਿਸ਼ਵ-ਪ੍ਰਸਿੱਧ ਦਾਰਸ਼ਨਿਕਾਂ ਤੇ ਵਿਗਿਆਨੀਆਂ ਤੋਂ ਵੀ ਕਿਤੇ ਉਚੇਰੀ ਹੈ। ਇਕ ਤਰ੍ਹਾਂ ਨਾਲ ਸੰਸਾਰ ਦੇ ਇਹ ਸਾਰੇ ਹੀ ਬੁੱਧੀਜੀਵੀ ਬਾਬੇ ਨਾਨਕ ਦੇ ਗੁਰ-ਮੰਤਰ 'ਤੇ ਚਲਦਿਆਂ ਉਨ੍ਹਾਂ ਦੀ ਸਿੱਖੀ ਸੋਚ 'ਤੇ ਪਹਿਰਾ ਦਿੰਦੇ ਜਾਪਦੇ ਹਨ! ਇਹ ਇਸ ਲਈ ਕਿ ਜਿਸ ਵਿਗਿਆਨ-ਵਿਵੇਕੀ ਰੱਥ ਨੂੰ ਇਨ੍ਹਾਂ ਵਿਦਵਾਨਾਂ ਨੇ ਵਾਹਿਆ, ਉਸ ਦੀ ਵਿਧੀਵੱਤ ਰੂਪ-ਰੇਖਾ ਸਭ ਤੋਂ ਪਹਿਲਾਂ ਬਾਬੇ ਨਾਨਕ ਨੇ ਆਪਣੀ ਵਿਲੱਖਣ 'ਨਦਰ' ਨਾਲ ਆਪ ਤਿਆਰ ਕੀਤੀ ਸੀ। ਇਹ ਗੱਲ ਵੱਖਰੀ ਹੈ ਕਿ ਗਿਆਨ ਦੇ ਵਿਕਾਸ ਵਿਚ ਉਨ੍ਹਾਂ ਦਾ ਬਣਦਾ ਸਥਾਨ ਉਨ੍ਹਾਂ ਨੂੰ ਦਿਵਾਉਣ ਲਈ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ, ਕਿਉਂਕਿ ਉਨ੍ਹਾਂ ਦੇ ਆਪਣੇ ਹੀ 'ਸਿੱਖ' ਉਨ੍ਹਾਂ ਨੂੰ ਇਕ ਧਾਰਮਿਕ ਆਗੂ ਤੋਂ ਵੱਧ ਕੁਝ ਹੋਰ ਨਾ ਦੇਖ ਸਕੇ।

ਗੁਰੂ ਨਾਨਕ ਨੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਜਿਹੇ ਬਾਧਾਕੁਨ ਵਲਵਲਿਆਂ ਤੋਂ ਉਪਰ ਉਠ ਕੇ ਉਚੀ ਮਤਿ ਨਾਲ ਕੁਦਰਤ ਘੋਖਣ ਦੀ ਸਿੱਖਿਆ ਦਿੱਤੀ। ਹੁਣ ਸ਼ਰਧਾਵਾਨ ਪਾਠਕ ਆਪ ਹੀ ਅੰਦਾਜ਼ਾ ਲਾਉਣ ਕਿ 'ਮਨ ਨੀਵਾਂ ਮਤਿ ਉਚੀ' ਦਾ ਹੋਕਾ ਦੇਣ ਵਾਲਾ ਅਜੋਕਾ ਸਿੱਖ ਪਿਛਲੇ ਸਾਢੇ ਪੰਜ ਸੌ ਸਾਲਾਂ ਵਿਚ ਕਿੰਨਾ ਕੁ ਮਾਨਵ ਤੋਂ ਦੇਵਤਾ ਬਣਿਆ ਹੈ? ਉਹ ਦੇਖਣ ਕਿ ਕਿੰਨੇ ਕੁ ਸਿੱਖ ਵਿਦਵਾਨ, ਪ੍ਰਚਾਰਕ, ਰਾਗੀ, ਢਾਡੀ, ਪਾਠੀ ਤੇ ਪ੍ਰਬੰਧਕ ਚੀਜ਼ਾਂ-ਵਸਤਾਂ, ਗੋਲਕਾਂ ਤੇ ਵੋਟਾਂ ਦੇ ਦਾਇਰੇ 'ਚੋਂ ਨਿਕਲ ਕੇ ਵਿਚਾਰ, ਖੋਜ, ਗਿਆਨ ਤੇ ਵਿਗਿਆਨ ਦੀ ਗੱਲ ਕਰਦੇ ਹਨ? ਉਹ ਇਹ ਵੀ ਦੇਖਣ ਕਿ ਕਿੰਨੇ ਕੁ ਸਿੱਖ ਸ਼ਰਧਾਲੂ ਚੌਧਰਾਂ, ਮੈਂਬਰੀਆਂ, ਮੈਨੇਜਰੀਆਂ ਤੇ ਸਿਰੋਪਾਓ ਜਿਹੇ ਮਾਨਾਂ-ਸਨਮਾਨਾਂ ਦਾ ਮੋਹ ਤਿਆਗ ਕੇ ਗੁਰਮਤਿ ਅਨੁਸਾਰ ਨੀਵੇਂ ਮਨ ਦੇ ਧਾਰਨੀ ਹੋ ਕੇ ਸੇਵਾ ਨਾਲ ਜੁੜਦੇ ਹਨ ਤੇ ਉਚੀ ਮਤਿ ਨਾਲ ਕੁਦਰਤ ਦੇ ਭੇਦ ਫਰੋਲਦੇ ਹਨ। ਬਾਕੀ ਗੱਲਾਂ ਵੀ ਉਹ ਆਪ ਹੀ ਦੇਖਣ, ਕਿਉਂਕਿ ਹੁਣ ਨਾਨਕੀ ਸੋਚ ਦੇ ਮਾਪ ਦੰਡ ਤਾਂ ਉਹ ਸਮਝ ਹੀ ਗਏ ਹਨ।

# ਮਰਦਾਨਿਆ! ਕਾਈ ਨਾਨਕ ਦੀ ਖਬਰ ਆਖਿ...

ਤਲਵੰਡੀ (ਰਾਇ-ਭੋਇ) ਦੇ ਗਲੀ-ਮੁਹੱਲਿਆਂ 'ਚ ਖੇਲਣ-ਵਿਚਰਨ ਵਾਲੇ ਬਾਬੇ ਨਾਨਕ ਅਤੇ ਭਾਈ ਮਰਦਾਨੇ ਦੇ ਲੰਮੇ ਸਾਥ ਪਿੱਛੇ ਅਲੌਕਿਕ ਖਿੱਚ ਸੀ। ਸੰਗੀਤ ਦੀ ਮੁਹਾਰਤ ਰੱਖਣ ਵਾਲੇ ਤਾਂ ਉਸ ਵੇਲੇ ਬਹੁਤ ਹੋਣਗੇ, ਪਰ ਗੁਰੂ ਸਾਹਿਬ ਨੇ ਸੰਗੀਤਕ ਪ੍ਰਤਿਭਾ ਦੇ ਨਾਲ ਨਾਲ ਭਾਈ ਮਰਦਾਨੇ ਵਿਚ ਹੀ ਕੋਈ ਇਲਾਹੀ ਬਾ-ਬਰਕਤ, ਫਜ਼ੀਲਤ ਜਾਣੀ। ਇਸੇ ਕਰਕੇ



ਗੱਜਣਵਾਲਾ ਸੁਖਮਿੰਦਰ ਸਿੰਘ
ਰੀਸਰਚ ਸਕਾਲਰ
ਵਟਸਐਪ ਨੰ. 91-99151-06449

ਉਹ ਆਪਣੇ ਦੀਨ ਵਿਚ ਰਹਿ ਕੇ ਬਿਖੜੇ ਪੈਂਡੇ-ਲੰਮੀਆਂ ਰਾਹਾਂ ਦੀਆਂ ਤਕਲੀਫਦੇਹ ਚੁਣੌਤੀਆਂ ਝੱਲਦਾ ਗੁਰੂ-ਆਸ਼ੇ 'ਤੇ ਪੂਰਾ ਖਰਾ ਉਤਰਿਆ।

ਬੇਸ਼ੁਕ ਭਾਈ ਮਰਦਾਨੇ ਦਾ ਇਕ ਗਰੀਬ ਪੱਛੜੇ ਘਰਾਣੇ ਨਾਲ ਸਬੰਧ ਸੀ, ਪਰ ਉਸ ਦਾ ਹਿਰਦਾ ਰੱਬੀ ਰਮਜ਼ਾਂ ਦੀਆਂ ਬਾਰੀਕ ਪਰਤਾਂ ਦੀ ਸਮਝ ਤੋਂ ਮਨਫੀ ਨਹੀਂ ਸੀ। ਉਸ ਦੇ ਧੁਰ-ਮਨ ਅੰਦਰ ਸ਼ੁਰੂ ਵਿਚ ਹੀ ਇਸ ਗੱਲ ਦੀ ਵਸਾਈ ਹੋ ਗਈ ਸੀ ਕਿ ਇਹ ਗੁਰੂ ਬਾਬਾ ਕੋਈ ਆਮ ਪੁਰਖਾ ਨਹੀਂ, ਕੋਈ ਉਚ-ਮੰਡਲਾਂ ਦਾ ਵਾਸੀ ਹੈ, ਕੋਈ ਬ੍ਰਹਿਮੰਡੀ ਗਿਆਤਾ ਹੈ। ਉਸ ਦਾ ਜਵਾਨੀ ਬੁਢੇਪਾ ਅਤੇ ਉਮਰ ਦਾ ਅੰਤਲਾ ਪਹਿਰ ਗੁਰੂ ਸਾਹਿਬ ਦੇ ਲੇਖੇ ਲੱਗ ਜਾਣਾ ਇਸ ਦੀ ਗਵਾਹੀ ਭਰਦਾ ਹੈ। ਇਤਿਹਾਸ ਦੇ ਪੱਤਰੇ ਦਸਦੇ ਹਨ ਕਿ ਭਾਈ ਮਰਦਾਨਾ ਗੁਰੂ ਸਾਹਿਬ ਤੋਂ ਉਮਰ ਵਿਚ ਦਸ ਸਾਲ ਵੱਡਾ ਸੀ। ਪਹਿਲੀ ਉਦਾਸੀ 'ਤੇ ਜਾਣ ਵੇਲੇ ਭਾਈ ਮਰਦਾਨਾ 41 ਸਾਲਾਂ ਦਾ ਸੀ। ਉਸ ਦੀ ਗੁਰੂ ਬਾਬੇ ਦੇ ਨਿਰੰਤਰ ਸਾਥ ਦੀ ਚਾਹਤ ਪੂਰੀ ਹਯਾਤੀ ਮਨ-ਮਸਤਕ ਅੰਦਰ ਐਸੀ ਛਾਈ ਰਹੀ ਕਿ ਉਹ ਵਾਰ ਵਾਰ ਗੁਰੂ ਸਾਹਿਬ ਅੱਗੇ ਫਰਿਆਦ ਕਰਦਾ ਸੁਣੀਂਦਾ, ਬਾਬਾ! ਮੈਂ ਇਕ ਹੋਰ ਦਾਨ ਦੀ ਭਿਖਿਆ ਮੰਗਦਾ ਹਾਂ ਕਿ ਮੈਂ ਸਦਾ ਤੁਹਾਡੇ ਨਾਲ ਰਹਾਂ। 'ਕਬਹੂੰ ਨ ਤਜੀਏ ਦਯਾਲ। ਸਦਾ ਰਾਖ ਚਰਨਨ ਨਾਲ।'

ਗੁਰੂ ਸਾਹਿਬ ਨਾਲ ਵਰ੍ਹਿਆਂ ਬੱਧੀ ਸੰਗ ਕਰਦਿਆਂ ਭਾਈ ਮਰਦਾਨਾ ਤਲਵੰਡੀ ਵਾਲਾ ਗਰੀਬ ਡੂਮ ਨਹੀਂ ਸੀ ਰਿਹਾ, ਉਹ ਵੀ ਰੁਹਾਨੀਅਤ ਦੀ ਖਾਸ ਮੰਜ਼ਿਲ ਨੂੰ ਹਾਸਲ ਹੋ ਗਿਆ ਸੀ। ਬਾਰਾਂ ਵਰਿਆਂ ਦੇ ਵੱਡੇ ਭ੍ਰਮਣ ਪਿਛੋਂ ਇਕ ਵਾਰ ਜਦੋਂ ਦੋਵੇਂ-ਗੁਰੂ ਬਾਬਾ ਤੇ ਭਾਈ ਮਰਦਾਨਾ ਵਾਪਸ ਤਲਵੰਡੀ ਪਹੁੰਚੇ ਤਾਂ ਉਹ ਨਗਰ ਤੋਂ ਬਾਹਰ ਦੋ ਤਿੰਨ ਕੋਹ ਪਿੱਛੇ ਹੀ ਬੈਠ ਗਏ। ਤਦ ਭਾਈ ਮਰਦਾਨਾ ਆਖਦਾ, "ਬਾਬਾ ਜੀ! ਹੁਕਮੁ ਹੋਵੈ ਤਾਂ ਮੈਂ ਘਰ ਵਲੋਂ ਫਿਰਿ ਆਵਾਂ, ਜਾ ਕੇ ਵੇਖਾਂ ਮਾਣੂ (ਮਨੁੱਖ) ਮੁਏ ਗਏ, ਕੀ ਹਾਲ ਹੋਇਆ ਹੋਵੇਗਾ ਓਨਾਂ ਦਾ।" ਤਾਂ ਗੁਰੂ ਬਾਬੇ ਆਖਿਆ, "ਮਰਦਾਨੇ! ਤੂੰ ਚਲਾ ਜਾਹ, ਪਰ ਮੇਰਾ ਨਾਉਂ ਨਾਂਹ ਲਈਂ। ਜੇ ਕੋਈ ਆਇ ਆ ਕੇ ਤੈਨੂੰ ਪੁੱਛੇ ਕਿ ਨਾਨਕ ਦੀ ਕਾਈ ਖਬਰ? ਤਾਂ ਈਵੈ (ਇਵੇਂ) ਆਖੀਂ, ਮੈਂ ਜਾਣਦਾ ਨਾਹੀਂ, ਜਿਦੋਕਣਾ (ਜਦ ਦਾ) ਸੁਲਤਾਨਪੁਰਹੁ ਡੇਰਾ ਲੁਟਾਇ ਨਿਕਲਿਆ ਤਿਦੋਕਣਾ (ਤਦ ਦਾ) ਮੈਂ ਤਾਂ ਉਸ ਦਾ ਨਾਉ ਜਪਦਾ ਫਿਰਦਾ ਹਾਂ। ਪਤਾ ਨਹੀਂ ਕਿਥੇ ਚਲਾ ਗਇਆ। ਤੂੰ ਈਵੈ ਆਖੀਂ।"

ਭਾਈ ਮਰਦਾਨਾ ਗੁਰੂ ਸਾਹਿਬ ਨੂੰ ਪਿੰਡ ਤਲਵੰਡੀ ਤੋਂ ਬਾਹਰ ਉਥੇ ਹੀ ਬੈਠਾ ਕੇ ਆਪ ਅਬਾਦ



ਭਾਈ ਮਰਦਾਨੇ ਦਾ ਇਕ ਚਿੱਤਰ

ਘਰਾਂ ਵਿਚ ਚਲਾ ਗਿਆ। ਉਸ ਨੂੰ ਵੇਖ ਕੇ ਲੋਕ ਇਕੱਠੇ ਹੋਣ ਲੱਗੇ। ਲੋਕ ਆਖਣ ਲੱਗੇ, 'ਮਰਦਾਨਾ ਡੂਮ ਆਇਆ, ਮਰਦਾਨਾ ਡੂਮ ਆਇਆ ਜੋ ਨਾਨਕ ਨਾਲ ਗਇਆ ਸਾ।' ਸਭਿ ਆ ਆ ਉਸ ਦੇ ਪੈਰੀਂ ਪਈ ਜਾਣ, ਮੱਥਾ ਟੇਕੀ ਜਾਣ। ਇਕ ਦੂਜੇ ਨਾਲ ਘੁਸਰ ਮੁਸਰ ਜਿਹੀ ਕਰਦੇ ਆਖੀ ਜਾਣ, ਇਸ ਉਪਰ ਵੀ ਬਾਬੇ ਦੇ ਨਾਲ ਦਾ ਹੀ ਪਰਤਾਪ ਹੈ। ਇਹ ਪਹਿਲਾਂ ਵਾਲਾ ਮਰਦਾਨਾ ਨਹੀਂ ਰਿਹਾ, ਇਸ ਦੇ ਸਿਰ 'ਤੇ ਵੀ ਉਸ ਬਾਬੇ ਨਾਨਕ ਦਾ ਹੀ ਸਾਇਆ ਹੈ। ਇਸ ਤਰ੍ਹਾਂ ਸੁਣ ਸੁਣ ਸਾਰੇ ਨਗਰ ਦੇ ਲੋਕ ਆਈ ਜਾਣ ਤੇ ਚਰਨ ਬੰਦਨਾ ਕਰੀ ਜਾਣ।

ਫਿਰ ਭਾਈ ਮਰਦਾਨਾ ਆਪਣੇ ਸਕੇ ਸਹੋਦਰਿਆਂ ਨੂੰ ਮਿਲ ਕੇ ਛੇਤੀ ਛੇਤੀ ਗੁਰੂ ਬਾਬੇ ਦੇ ਘਰ ਚਲਾ ਗਿਆ। ਮਾਤਾ ਤ੍ਰਿਪਤਾ ਨੇ ਅਚਾਨਕ ਚਿਰਾਂ ਤੋਂ ਵਿਛੜੇ ਮਰਦਾਨੇ ਨੂੰ ਵੇਖਿਆ ਤਾਂ ਉਹ ਉਸ ਡੂਮ ਦੇ ਗਲੇ ਚਿੰਬੜ ਗਈ ਛੱਡੇ ਹੀ ਨਾ। ਫਿਰ ਮਾਤਾ ਨੇ ਮੁੱਖੋਂ ਆਖਿਆ, "ਮਰਦਾਨਿਆ ਕਾਈ ਨਾਨਕ ਦੀ ਖਬਰ ਆਖਿ!" ਤਾਂ ਭਾਈ ਮਰਦਾਨੇ ਨੇ ਕਿਹਾ, "ਜਿਦੋਕਣਾ ਸੁਲਤਾਨਪੁਰੋਂ ਡੇਰਾ ਲੁਟਾਇ ਨਿਕਲਿਆ ਤਿਦੋਕਣਾ ਕਿਹੁ ਨਾ ਜਾਪੀ ਉਹ ਕਿਥੇ ਗਇਆ, ਹਉ (ਮੈਂ) ਭੀ ਉਸ ਦਾ ਨਾਮ ਜਪਦਾ ਫਿਰਦਾ ਹਾਂ। ਉਹ ਕਿਥਾਊਂ (ਕਿਥੇ) ਹੈ ਸੁ, ਉਹ ਜਾਣੇ।" ਪਰ ਮਾਤਾ ਜਾਣ ਗਈ ਸੀ, ਉਸ ਦੇ ਚਿਹਰੇ ਮੋਹਰੇ ਤੋਂ ਭਾਪ ਗਈ ਕਿ ਉਸ ਦਾ ਇਹ ਪੱਕਾ ਮਿੱਤਰ ਮਰਦਾਨਾ, ਨਾਨਕ ਨੂੰ ਛੱਡ ਕੇ ਇਕੱਲਾ ਨਹੀਂ ਆ ਸਕਦਾ। ਨਾਨਕ ਜਰੂਰ ਇਸ ਦੇ ਨਾਲ ਹੀ ਹੋਵੇਗਾ। ਜਦ ਭਾਈ ਮਰਦਾਨਾ ਮਿਲ ਕੇ ਪਿੰਡੋਂ ਬਾਹਰ ਨਿਕਲਿਆ ਤਾਂ ਮਾਤਾ ਕੁਝ ਮਿਠਾਈ ਵਗੈਰਾ ਨਾਲ ਲੈ ਕੇ ਉਸ ਦੀ ਪੈੜ ਦੱਬ ਕੇ ਉਸ ਦੇ ਮਗਰ ਮਗਰ ਚੱਲ ਪਈ। ਉਸ ਵੇਖਿਆ ਬਾਬਾ ਨਾਨਕ ਬਾਹਰ ਉਜਾੜ 'ਚ ਬੈਠਾ ਸੀ।

ਛੋਟੇ ਹੁੰਦਿਆਂ ਭਾਈ ਮਰਦਾਨਾ ਜਦ ਆਪਣੇ ਕਸਬ ਹਿਤ ਘਰੋਂ ਬਾਹਰ ਨਿਕਲਦਾ ਤਾਂ ਪਿੰਡ 'ਚ ਚਲਦਿਆਂ ਚਲਦਿਆਂ ਉਸ ਦੇ ਕਦਮ ਸੁਭਾਵਕ ਹੀ ਬਾਬੇ ਦੇ ਘਰ ਦੇ ਦਰ ਅੱਗੇ ਆ ਕੇ ਰੁਕ ਜਾਂਦੇ। ਉਥੇ ਰੁਕ ਕੇ ਉਹ ਰਬਾਬ ਵਜਾਉਣ ਲੱਗ ਪੈਂਦਾ। ਉਹ ਉਸ ਸਮੇਂ ਦੇ ਨਾਮਵਰ ਭਗਤਾਂ ਦੇ ਪਦੇ ਗਾਉਂਦਾ, ਜਾਣੋ ਉਸ ਕੋਲ ਸੰਗੀਤ ਦੀ ਹੀ ਕਿਰਤ ਨਹੀਂ ਸੀ ਸਗੋਂ ਭਗਤੀ ਭਾਵ ਦਾ ਗਿਆਨ ਵੀ ਸੀ। ਇਕ ਦਿਨ ਭਾਈ ਮਰਦਾਨਾ ਰਬਾਬ ਵਜਾ ਰਿਹਾ ਸੀ ਅਤੇ ਕੋਈ ਪ੍ਰਸਿੱਧ ਵਾਰ ਗਾ ਰਿਹਾ ਸੀ ਤਾਂ ਗੁਰੂ ਬਾਬੇ ਨੇ ਉਸ ਨੂੰ ਪੁੱਛਿਆ, "ਮਰਦਾਨੇ! ਤੂੰ ਰਬਾਬ ਬੜੀ ਸੋਹਣੀ ਵਜਾਉਂਦਾ ਹੈਂ। ਰਬਾਬ ਸੁਣ ਕੇ ਪਰਤੀਤ ਹੁੰਦਾ ਤੈਨੂੰ ਤਾਂ ਰਾਗਾਂ ਦੀ ਬੜੀ ਸੋਝੀ ਹੈ, ਕਿੰਨਾ ਚੰਗਾ ਹੋਵੇ ਜੇ ਤੂੰ ਉਸ ਸੁਆਮੀ ਦੀ ਉਸਤਤ 'ਚ ਰੱਬੀ ਬਾਣੀ ਨੂੰ ਸੁਰ ਦੇ ਕੇ ਸਰਸ਼ਾਰ ਕਰੇਂ।"

ਰਚੀਆਂ ਸਾਖੀਆਂ ਕਥਾਵਾਂ ਨੂੰ ਵਾਚਦਿਆਂ ਇੰਜ ਲਗਦਾ ਹੈ ਕਿ ਸਾਡੇ ਇਤਿਹਾਸਕਾਰਾਂ, ਵਿਖਿਆਨਕਾਰਾਂ ਅਤੇ ਪ੍ਰਚਾਰਕਾਂ ਨੇ ਬਹੁਤੇ ਥਾਂਈਂ ਭਾਈ ਮਰਦਾਨੇ ਨੂੰ ਪਛੜੀ ਜਾਤ ਦਾ ਕਹਿ ਕੇ ਇਕ ਭੁੱਖੜ ਬਿਰਤੀ ਵਾਲੇ ਦੀ ਹੀ ਅਕਸ ਉਘਾੜਿਆ ਹੈ। ਭਾਈ ਮਰਦਾਨੇ ਨੂੰ ਇਕ ਲਾਗੀ, ਡੂਮ ਕਹਿ ਕੇ ਕਥਾਨਕ ਨੂੰ ਲੁਭਾਉਣਾ ਤੇ ਰੌਚਕ ਬਣਾਉਣ ਦੇ ਰੂਪ ਵਿਚ ਹੀ ਸਿਰਜਿਆ ਹੈ। ਗੁਰੂ ਬਾਬਾ ਜਿਨ੍ਹਾਂ ਵੇਲੇ ਸਾਰਾ ਸਮਾਜ ਸਭ ਪੱਖਾਂ ਤੋਂ ਨਿਘਰ ਚੁਕਾ ਸੀ, ਅਲੂਦਗੀ ਦਾ ਪਸਾਰਾ ਸੀ, ਇਖਲਾਕੀ ਕਦਰਾਂ ਕੀਮਤਾਂ ਵਿਸਰ ਗਈਆਂ ਸਨ, ਭੋਲੇ ਭਾਲੇ ਲੋਕਾਂ ਦੀ ਕਿਰਤ ਨਾਲ ਲੁੱਟ-ਖਸੁੱਟ ਜੋਰਾਂ 'ਤੇ ਸੀ, ਉਚ-ਨੀਚ ਤੇ ਜਾਤ-ਪਾਤ ਦਾ ਸਿਖਰ ਸੀ। ਫਿਰ ਉਹ ਗੁਰੂ ਬਾਬਾ ਜਿਨ੍ਹਾਂ ਨੇ ਇਸ ਸਭ ਮਨਫੀ ਵਰਤਾਰੇ ਨੂੰ ਦੂਰ ਕਰਨ ਹਿਤ ਨਵੀਂ ਮਾਨਵੀ

(ਬਾਕੀ ਅਗਲੇ ਸਫੇ 'ਤੇ)

# ਭਾਈ ਬਾਲਾ ਅਤੇ ਭਾਈ ਮਰਦਾਨਾ

ਨਾਨਕ ਨਾਮ ਲੇਵਾ ਸ਼ਰਧਾਲੂਆਂ ਦੇ ਮਨਾਂ ਵਿਚ ਭਾਈ ਬਾਲਾ ਅਤੇ ਭਾਈ ਮਰਦਾਨਾ ਵਿਸ਼ੇਸ਼ ਸਤਿਕਾਰ ਦੇ ਪਾਤਰ ਹਨ। ਦੋਵੇਂ ਸ਼ਖ਼ਸੀਅਤਾਂ ਗੁਰੂ ਜੀ ਦੇ ਨਾਲ ਸਾਰੀ ਉਮਰ ਦੇਸ਼-ਵਿਦੇਸ਼ ਵਿਚ ਉਨ੍ਹਾਂ ਦੇ ਅੰਗ-ਸੰਗ ਰਹੀਆਂ। ਜਿੱਥੇ ਗੁਰੂ ਜੀ ਪਹੁੰਚੀ ਹੋਈ ਅਵੱਸਥਾ ਦੇ ਮਾਲਕ ਸਨ, ਉਥੇ ਇਹ ਦੋਵੇਂ ਕਈ ਗੁਣਾਂ ਦੇ ਬਾਵਜੂਦ ਜਨਮ ਸਾਖੀਆਂ ਵਿਚ ਜਨ-ਸਾਧਾਰਣ ਤੇ ਕਮਜ਼ੋਰ ਇਨਸਾਨਾਂ ਵਜੋਂ ਪੇਸ਼ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਕਈ ਵਾਰ ਕਿਸੇ ਖਾਸ ਮੰਤਵ-ਅਧੀਨ ਹਾਸੇ-ਮਖੌਲ ਦਾ ਪਾਤਰ ਵੀ ਬਣਾਇਆ ਜਾਂਦਾ ਹੈ। ਅਜਿਹਾ ਆਮ ਬੰਦੇ ਦੀ ਮਾਨਸਿਕਤਾ ਉਜਾਗਰ ਕਰਨ ਲਈ ਕੀਤਾ ਜਾਂਦਾ ਹੈ। ਗੁਰੂ ਜੀ ਅਧਿਆਤਮਵਾਦ ਦੀ ਅਖੀਰਲੀ ਪੌੜੀ 'ਤੇ ਪਹੁੰਚੇ ਹੋਏ ਵੀ ਇਨ੍ਹਾਂ ਦੋਹਾਂ ਨਾਲ ਅਥਾਹ ਪਿਆਰ ਕਰਦੇ ਸਨ। ਸਿੱਖ-ਚਿੱਤਰਾਂ ਵਿਚ ਮਰਦਾਨਾ ਰਬਾਬੀ ਦੇ ਤੌਰ 'ਤੇ ਨਜ਼ਰ ਆਉਂਦਾ ਹੈ, ਜਦੋਂ ਕਿ ਬਾਲਾ ਚੌਰ-ਬਰਦਾਰ ਦੇ ਤੌਰ 'ਤੇ।

ਮੌਜੂਦਾ ਵਿਦਵਾਨਾਂ, ਖੋਜੀਆਂ ਅਤੇ ਇਤਿਹਾਸਕਾਰਾਂ ਦੇ ਸਥਾਪਤ ਕਰਨ ਦੇ ਬਾਵਜੂਦ ਕਿ ਬਾਲਾ ਨਾਂ ਦਾ ਕੋਈ ਵਿਅਕਤੀ ਗੁਰੂ ਜੀ ਦੇ ਨਾਲ ਨਹੀਂ ਸੀ, ਸਿੱਖ ਮਾਨਸਿਕਤਾ ਇਹ ਮੰਨਣ

**ਡਾ. ਆਸਾ ਸਿੰਘ ਘੁੰਮਣ**
ਨਡਾਲਾ, ਕਪੂਰਥਲਾ।
ਫੋਨ: 91-97798-53245

ਨੂੰ ਤਿਆਰ ਨਹੀਂ। ਅਜਿਹੀਆਂ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਜੋ ਸਾਬਤ ਕਰਦੀਆਂ ਹਨ ਕਿ ਭਾਈ ਬਾਲੇ ਬਾਰੇ ਨਿਸ਼ਚਿਤ ਤੌਰ 'ਤੇ ਕੁਝ ਕਹਿ ਸਕਣਾ ਕਰੀਬ ਅਸੰਭਵ ਹੈ। ਸਾਡੇ ਕੋਲ ਗੁਰੂ ਨਾਨਕ ਦੇਵ ਜੀ ਬਾਰੇ ਜਾਣਨ ਲਈ ਜਾਂ ਤਾਂ ਜਨਮ ਸਾਖੀਆਂ ਹਨ ਜਾਂ ਭਾਈ ਗੁਰਦਾਸ ਦੀਆਂ ਵਾਰਾਂ। ਗੁਰੂ ਜੀ ਦੀ ਆਪਣੀ ਰਚਨਾ ਵਿਚ ਇਤਿਹਾਸਕ ਜਾਂ ਨਿਜੀ ਹਵਾਲੇ ਬਹੁਤ ਘੱਟ ਮਿਲਦੇ ਹਨ। ਜਨਮ ਸਾਖੀ ਸਾਹਿਤ ਵਿਚ ਬਾਲੇ ਵਾਲੀ ਜਨਮ ਸਾਖੀ ਮੁਤਾਬਕ ਭਾਈ ਬਾਲਾ ਭਾਈ ਮਰਦਾਨੇ ਵਾਂਗ ਹੀ ਗੁਰੂ ਨਾਨਕ ਦੇਵ ਜੀ ਦਾ ਗਰਾਈਂ ਸੀ। ਉਸ ਦਾ ਜਨਮ ਚੰਦਰਭਾਨ ਸੰਧੂ ਜੱਟ ਦੇ ਘਰ 1466 ਵਿਚ ਹੋਇਆ। ਭਾਵ ਉਹ ਗੁਰੂ ਜੀ ਤੋਂ ਤਿੰਨ ਕੁ ਸਾਲ ਵੱਡਾ ਸੀ। ਇਸ ਜਨਮ-ਸਾਖੀ ਅਨੁਸਾਰ ਭਾਈ ਬਾਲਾ ਭਾਈ ਮਰਦਾਨੇ ਵਾਂਗ ਹਮੇਸ਼ਾ ਗੁਰੂ ਜੀ ਦੇ ਨਾਲ ਰਿਹਾ। ਗੁਰੂ ਅੰਗਦ ਦੇਵ ਨੇ ਉਸ ਤੋਂ ਗੁਰੂ ਨਾਨਕ ਦੇਵ ਦੀ ਜੀਵਨ-ਕਥਾ ਲਿਖਵਾਈ, ਜੋ ਭਾਈ ਬਾਲੇ ਵਾਲੀ ਜਨਮ ਸਾਖੀ ਅਖਵਾਉਂਦੀ ਹੈ। ਉਸ ਸਮੇਂ ਗੁਰੂ ਅੰਗਦ ਦੇਵ ਖਡੂਰ ਸਾਹਿਬ ਸਨ। ਭਾਈ ਬਾਲੇ ਦਾ ਦਿਹਾਂਤ ਵੀ ਖਡੂਰ ਸਾਹਿਬ ਵਿਖੇ ਹੋਇਆ ਦੱਸਿਆ ਜਾਂਦਾ ਹੈ। ਉਹ ਗੁਰੂ ਜੀ ਤੋਂ ਪੰਜ ਕੁ ਸਾਲ ਪਿਛੋਂ ਭਾਵ 1544 ਵਿਚ ਪੂਰਾ ਹੋਇਆ। ਖਡੂਰ ਸਾਹਿਬ ਵਿਖੇ ਗੁਰਦੁਆਰਾ ਤਪਿਆਣਾ ਸਾਹਿਬ ਵਿਚ ਤਲਾ ਦੇ ਕੰਢੇ ਇਕ ਥੜ੍ਹਾ ਨੁਮਾ ਸਮਾਰਕ ਉਸ ਦੀ ਮ੍ਰਿਤੂ-ਜਗ੍ਹਾ ਦੱਸੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਬਿਨਾ ਹੋਰ ਕਿਸੇ ਵੀ ਜਨਮ ਸਾਖੀ ਵਿਚ ਭਾਈ ਬਾਲੇ ਦਾ ਵੇਰਵਾ ਨਹੀਂ ਮਿਲਦਾ, ਹਾਲਾਂਕਿ ਬਾਕੀ ਜਨਮ ਸਾਖੀਆਂ ਭਾਈ ਬਾਲੇ ਵਾਲੀ ਜਨਮ ਸਾਖੀ ਤੋਂ ਪੁਰਾਤਨ ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਜਨਮ ਸਾਖੀਆਂ ਵਿਚ ਮਿਹਰਬਾਨ ਸੋਢੀ ਵਾਲੀ ਜਨਮ ਸਾਖੀ ਵੀ ਸ਼ਾਮਲ ਹੈ, ਜੋ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦੀ ਲਿਖੀ ਦੱਸੀ ਜਾਂਦੀ ਹੈ। ਸਭ ਤੋਂ ਵੱਡਾ ਸਬੂਤ ਭਾਈ ਗੁਰਦਾਸ ਦੀਆਂ ਵਾਰਾਂ ਹਨ, ਜਿਨ੍ਹਾਂ ਵਿਚ ਮਰਦਾਨੇ ਸਮੇਤ ਹੋਰ ਕਈ ਗੁਰ-ਭਗਤਾਂ ਦਾ ਜ਼ਿਕਰ ਹੈ। ਜੇ ਭਾਈ ਬਾਲਾ ਗੁਰੂ ਜੀ ਦਾ ਏਨਾ ਨਜ਼ਦੀਕੀ ਹੁੰਦਾ ਤਾਂ ਉਸ ਦਾ ਜ਼ਿਕਰ ਭਾਈ ਗੁਰਦਾਸ ਨੇ ਜ਼ਰੂਰ ਕਰਨਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ "ਬੀ-40 ਗੁਰੂ ਬਾਬਾ ਨਾਨਕ ਜਨਮ ਸਾਖੀ ਚਿਤਰਾਵਲੀ" ਵਿਚ ਛਾਪੇ ਗਏ ਚਿੱਤਰਾਂ ਵਿਚ ਭਾਈ ਬਾਲਾ ਨਜ਼ਰ ਨਹੀਂ ਆਉਂਦਾ। ਹਾਲਾਂਕਿ ਇਹ ਜਨਮ ਸਾਖੀ ਬੜੀ ਪ੍ਰਮਾਣਿਤ ਹੈ, ਜਿਸ ਦਾ ਹੱਥ ਲਿਖਤ ਖਰੜਾ ਬ੍ਰਿਟਿਸ਼ ਮਿਊਜ਼ੀਅਮ ਵਿਚੋਂ ਪ੍ਰਾਪਤ ਹੋਇਆ ਹੈ।

ਸਿੱਖ ਸੰਗਤਾਂ ਵਿਚ ਭਾਈ ਬਾਲੇ ਦੇ ਹਰਮਨ ਪਿਆਰੇ ਹੋਣ ਦਾ ਸਭ ਤੋਂ ਵੱਡਾ ਕਾਰਨ ਹੈ ਭਾਈ ਬਾਲੇ ਵਾਲੀ ਜਨਮ ਸਾਖੀ, ਜਿਸ ਵਿਚ ਭਾਈ ਬਾਲਾ ਆਪਣੇ ਆਪ ਨੂੰ ਗੁਰੂ ਜੀ ਦਾ ਨਜ਼ਦੀਕੀ ਦਰਸਾ ਕੇ ਗੁਰੂ ਜੀ ਦੀ ਜੀਵਨ ਲੀਲਾ ਬਿਆਨ ਕਰਦਾ ਹੈ। ਇਸ ਜਨਮ ਸਾਖੀ ਦੀ ਭਾਸ਼ਾ ਸਾਡੀ ਅਜੋਕੀ ਭਾਸ਼ਾ ਦੇ ਨਜ਼ਦੀਕ ਹੋਣ ਕਰਕੇ ਅਤੇ ਘਟਨਾਵਾਂ ਨੂੰ ਰੌਚਕ ਤੇ ਕਾਲਪਨਿਕ ਬਣਾਉਣ ਦੀ ਕਲਾ ਕਰਕੇ ਇਹ ਜਨਮ ਸਾਖੀ ਗੁਰਦੁਆਰਿਆਂ ਵਿਚ ਸਵੇਰ-ਸ਼ਾਮ ਦੇ ਕਥਾ-ਪਾਠ ਵਜੋਂ ਬਹੁਤ ਮਕਬੂਲ ਹੋ ਗਈ, ਭਾਵੇਂ ਹੁਣ ਵਿਦਵਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਜਨਮ ਸਾਖੀ ਨਾ ਤਾਂ ਗੁਰੂ ਅੰਗਦ ਦੇਵ ਨੇ ਲਿਖਵਾਈ ਅਤੇ ਨਾ ਹੀ ਕੋਈ ਬਾਲੇ ਨਾਂ ਦਾ ਐਸਾ ਵਿਅਕਤੀ ਹੋਇਆ ਹੈ, ਜੋ ਗੁਰੂ ਜੀ ਦਾ ਮਰਦਾਨੇ ਵਾਂਗ ਲੰਬੀ ਦੇਰ ਸਾਥੀ ਰਿਹਾ ਹੋਵੇ।

ਰਤਨ ਸਿੰਘ ਜੱਗੀ ਅਨੁਸਾਰ ਨਵੀਂ ਖੋਜ ਇਸ ਦਿਸ਼ਾ ਵੱਲ ਸੰਕੇਤ ਕਰਦੀ ਹੈ ਕਿ ਭਾਈ ਬਾਲਾ ਹੰਦਾਲ ਦਾ ਪੁੱਤਰ ਅਤੇ ਬਿਧੀ ਚੰਦ ਦਾ ਵੱਡਾ ਭਰਾ ਸੀ। "ਜਨਮ ਸਾਖੀ ਬਾਬੇ ਹੰਦਾਲ ਕੀ" ਅਤੇ "ਪ੍ਰਚੀ ਬਾਬਾ ਹੰਦਾਲ" ਵਿਚ ਇਸ ਦਾ ਨਾਂ ਬਾਲ ਚੰਦ ਹੈ; ਜਦੋਂ ਕਿ ਸਾਖੀਆਂ 'ਤੇ ਪੀ.ਐਚਡੀ. ਕਰਨ ਵਾਲੇ ਪ੍ਰਸਿੱਧ ਵਿਦਵਾਨ ਡਬਲਿਯੂ. ਐਚ. ਮੈਕਲੌਡ ਮੰਨਦਾ ਹੈ ਕਿ ਭਾਈ ਬਾਲੇ ਨੂੰ ਮੁਕੰਮਲ ਤੌਰ 'ਤੇ ਖਾਰਜ ਨਹੀਂ ਕੀਤਾ ਜਾ ਸਕਦਾ, ਇਸ ਬਾਰੇ ਹੋਰ ਖੋਜ ਕਰਨ ਦੀ ਲੋੜ ਹੈ। ਹੋ ਸਕਦਾ ਹੈ, ਭਾਈ ਬਾਲਾ ਸੁਲਤਾਨਪੁਰ ਤੱਕ ਉਨ੍ਹਾਂ ਦਾ ਟਹਿਲੂਆ ਰਿਹਾ ਹੋਵੇ।

ਭਾਈ ਬਾਲੇ ਤੋਂ ਉਲਟ ਭਾਈ ਮਰਦਾਨੇ ਬਾਰੇ ਸਾਡੇ ਕੋਲ ਵਿਸ਼ਵਾਸਯੋਗ ਸਬੂਤ ਹਨ। ਉਨ੍ਹਾਂ ਬਾਰੇ ਗੁਰੂ ਨਾਨਕ ਦੇਵ ਦੇ ਸਭ ਤੋਂ ਨੇੜਲੇ ਸਰੋਤ ਭਾਈ ਗੁਰਦਾਸ ਤੋਂ ਹੀ ਪਤਾ ਲੱਗ ਜਾਂਦਾ ਹੈ,

ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।

ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਕੀ ਸਬੂਤ ਹੋ ਸਕਦਾ ਹੈ? ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 553 'ਤੇ ਬਿਹਾਗੜੇ ਦੀ ਵਾਰ, ਮਹਲਾ ਚੌਥਾ, 12ਵੀਂ ਪਉੜੀ ਵਿਚ ਮਰਦਾਨੇ ਦੇ ਨਾਂ ਤਿੰਨ ਸਲੋਕ ਦਿੱਤੇ ਗਏ ਹਨ,

**ਸਲੋਕ ਮਰਦਾਨਾ 1**
ਕਲਿ ਕਲਵਾਲੀ ਕਾਮੁ
ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ
ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ
ਪੀ ਪੀ ਹੋਇ ਖੁਆਰੁ॥
ਕਰਣੀ ਲਾਹਣਿ ਸਤੁ ਗੁੜੁ
ਸਚੁ ਸਰਾ ਕਰਿ ਸਾਰੁ॥
ਗੁਣ ਮੰਡੇ ਕਰਿ ਸੀਲੁ ਘਿਉ
ਸਰਮੁ ਮਾਸੁ ਆਹਾਰੁ॥
ਗੁਰਮੁਖਿ ਪਾਈਐ ਨਾਨਕਾ
ਖਾਧੈ ਜਹਿ ਬਿਕਾਰ॥ 1॥

**ਮਰਦਾਨਾ 1**
ਕਾਇਆ ਲਾਹਣਿ ਆਪੁ ਮਦੁ
ਮਜਲਸ ਤ੍ਰਿਸਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ
ਪੀਲਾਏ ਜਮਕਾਲੁ॥
ਇਕੁ ਮਦਿ ਪੀਤੈ ਨਾਨਕਾ
ਬਹੁਤੇ ਖਟੀਅਹਿ ਬਿਕਾਰ॥
ਗਿਆਨੁ ਗੁੜੁ ਸਾਲਾਹ ਮੰਡੇ
ਭਉ ਮਾਸ ਆਹਾਰੁ॥
ਨਾਨਕ ਇਹੁ ਭੋਜਨ ਸਚੁ ਹੈ
ਸਚੁ ਨਾਮ ਅਧਾਰੁ॥ 2॥



ਗੁਰੂ ਨਾਨਕ ਦੇਵ ਜੀ ਨਾਲ ਭਾਈ ਬਾਲੇ ਅਤੇ ਮਰਦਾਨੇ ਦਾ ਇਕ ਕਾਲਪਨਿਕ ਚਿੱਤਰ

ਕਾਂਯਾਂ ਲਾਹਨਿ ਆਪੁ ਮਦੁ
ਅੰਮ੍ਰਿਤ ਤਿਸ ਕੀ ਧਾਰ॥
ਸਤਸੰਗਤਿ ਸਿਉ ਮੇਲਾਪੁ ਹੋਇ
ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ॥ 3॥

ਇਨ੍ਹਾਂ ਤਿੰਨਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇ ਕੇ ਭਾਈ ਮਰਦਾਨੇ ਨੂੰ ਅਮਰ ਕਰ ਦਿੱਤਾ ਹੈ, ਭਾਵੇਂ ਵਿਦਵਾਨਾਂ ਵਿਚ ਇਹ ਬਹਿਸ ਜਾਰੀ ਹੈ ਕਿ ਕੀ ਇਹ ਸਲੋਕ ਭਾਈ ਮਰਦਾਨੇ ਦੇ ਹਨ ਜਾਂ ਕਿਸੇ ਦੋ ਮਰਦਾਨਿਆਂ ਵਿਚੋਂ ਕਿਸੇ ਇੱਕ ਦੇ ਹਨ ਜਾਂ ਪਹਿਲੀ ਪਾਤਸ਼ਾਹੀ ਵੱਲੋਂ ਮਰਦਾਨੇ ਨੂੰ ਮੁਖਾਤਬ ਹਨ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਭਾਈ ਮਰਦਾਨੇ ਦਾ ਜਨਮ ਮਾਈ ਲੱਖੋ ਦੇ ਉਦਰ ਤੋਂ ਬਾਦਰੇ/ਬਾਦਰੂ ਮਿਰਾਸੀ ਦੇ ਘਰ ਸੰਨ 1516 ਬਿ: (1459 ਈ:) ਵਿਚ ਤਲਵੰਡੀ ਵਿਖੇ ਹੋਇਆ। ਮਿਰਾਸੀ ਜਾਤ ਭਾਵੇਂ ਮੁਸਲਮਾਨਾਂ ਵਿਚ ਨੀਵੀਂ ਜਾਤ ਮੰਨੀ ਜਾਂਦੀ ਹੈ, ਪਰ ਬਦਰੂ ਮੀਰ-ਮੀਰਾਸੀ ਸੀ, ਨਾ ਕਿ ਆਮ ਮਿਰਾਸੀ। ਮੀਰ-ਮਿਰਾਸੀ ਮਿਰਾਸੀ ਸਮਾਜ ਵਿਚ ਚੰਗਾ ਸਥਾਨ ਰੱਖਦੇ ਹਨ। ਮੀਰ ਸਤਿਕਾਰ-ਸੂਚਕ ਸ਼ਬਦ ਹੈ। ਮੀਰ ਮਿਰਾਸੀ ਐਵੇਂ ਨਹੀ ਤੁਰੇ ਫਿਰਦੇ ਤੇ ਨਾ ਮੰਗਦੇ ਹੀ ਹਨ। ਉਹ ਆਪਣੇ ਜਜਮਾਨ ਦਾ ਮਨ ਪ੍ਰਚਾਵਾ ਕਰਦੇ ਹਨ, ਉਸ ਦੀ ਗਾਹੇ-ਬਗਾਹੇ ਸਿਫਤ ਸਾਲਾਹ ਕਰਦੇ ਹਨ ਅਤੇ ਖੁਸ਼ੀ ਦੇ ਮੌਕਿਆਂ 'ਤੇ ਗਾਉਣ-ਵਜਾਉਣ ਦਾ ਕੰਮ ਕਰਦੇ ਹਨ। ਉਹ ਆਪਣੇ ਜਜਮਾਨਾਂ ਦੇ ਬੰਸਾਵਲੀਨਾਮੇ ਦੇ ਜ਼ਿੰਮੇਵਾਰ ਹੁੰਦੇ ਹਨ ਤੇ ਬੰਸਾਵਲੀਨਾਮਾ ਵੀ ਕਬਿੱਤ ਵਾਂਗ ਪੜ੍ਹਦੇ ਹਨ। ਵਿਸ਼ੇਸ਼ ਮੌਕਿਆਂ 'ਤੇ ਜਜਮਾਨਾਂ ਦੇ ਕੰਮ ਕਾਰ ਦੀ ਸੰਭਾਲ ਕਰਦੇ ਹਨ। ਕਈ ਵਾਰੀ ਜਜਮਾਨ ਨੂੰ ਖੁਸ਼ ਕਰਨ ਲਈ ਐਵੇਂ ਹੀ ਕਸੀਦੇ ਗਾਈ ਜਾਂਦੇ ਹਨ। ਸੌਗਾਤ ਵਜੋਂ ਉਨ੍ਹਾਂ ਨੂੰ ਮਿਰਾਸ ਮਿਲਦੀ ਹੈ।

ਭਾਈ ਮਰਦਾਨਾ ਗੁਰੂ ਜੀ ਤੋਂ ਦਸ ਸਾਲ ਵੱਡਾ ਸੀ ਤੇ ਆਪਣੇ ਪਿਤਾ ਦੇ ਨਾਲ ਮਿਰਾਸਪੁਣੇ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਸੀ। ਸੋਹਣਾ ਗਾ ਲੈਂਦਾ ਸੀ। ਗੁਰੂ ਜੀ ਉਸ ਦੇ ਗਾਉਣ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਦੇ ਪਿੰਡ ਦੇ ਦੁਆਲੇ ਕੁਝ ਖੇਤਾਂ ਤੋਂ ਪਰੇਰੇ ਦੂਰ ਦੂਰ ਤੱਕ ਬਨਸਪਤੀ ਫੈਲੀ ਹੋਈ ਸੀ, ਜਿੱਥੇ ਅਕਸਰ ਪੀਰ-ਫਕੀਰ, ਸਾਧ-ਸੰਤ ਆਉਂਦੇ-ਜਾਂਦੇ ਰਹਿੰਦੇ ਸਨ। ਇਹ ਸਾਧ ਸਵੇਰੇ-ਸ਼ਾਮ ਪ੍ਰਭੂ-ਕੀਰਤੀ ਦੀ ਸਦ ਲਾਉਣ ਆਉਂਦੇ ਤੇ ਇੱਕ-ਤਾਰੇ ਜਾਂ ਦੋ-ਤਾਰੇ ਨਾਲ ਉਚੀ-ਉਚੀ ਗਾਉਂਦੇ। ਦੋ-ਤਾਰੇ ਜਿਹਾ ਸਾਜ਼ ਮਰਦਾਨੇ ਨੇ ਵੀ ਪ੍ਰਾਪਤ ਕਰ ਲਿਆ। ਜ਼ਰੂਰ ਹੀ ਗੁਰੂ ਜੀ ਨੇ ਮਰਦਾਨੇ ਨੂੰ ਸਮਝਾਇਆ ਹੋਵੇਗਾ, "ਵੇਖ ਮਰਦਾਨਿਆ, ਇਹ ਸਾਧ ਵੀ ਰੋਟੀ ਦੀ ਇੱਛਾ ਤਾਂ ਕਰਦੇ ਨੇ, ਪਰ ਉਸ ਪਰਮ-ਪਿਤਾ ਦੀ ਸਿਫਤਿ ਸਾਲਾਹ ਕਰਕੇ। ਤੁਸੀਂ ਕਾਹਨੂੰ ਦੁਨਿਆਵੀ ਜਜਮਾਨਾਂ ਦੇ ਕਸੀਦੇ ਗਾਈ ਜਾਂਦੇ ਓ, ਝੂਠੀਆਂ-ਸੱਚੀਆਂ ਖੁਸ਼ਾਮਦੀਆਂ ਕਰੀ ਜਾਂਦੇ ਓ? ਗੁਣ ਗਾਈਏ ਓਸ ਪ੍ਰਤਿਪਾਲਕ ਦੇ, ਜਿਸ ਦੀ ਸਲਾਹੁਣਾ ਪੌਣ, ਪਾਣੀ, ਬੈਸੰਤਰ ਕਰਦੇ ਨੇ; ਜਿਸ ਦਾ ਜੱਸ ਬ੍ਰਹਮਾ, ਵਿਸ਼ਨੂੰ, ਮਹੇਸ਼ ਗਾਉਂਦੇ ਨੇ। ਰੋਟੀਆਂ ਕਾਰਨ ਹੀ ਤਾਲ ਪੂਰੇ, ਸੁਰ ਲਾਏ, ਤਾਂ ਉਹਦਾ ਕੀ ਫਾਇਦਾ?" ਇਸ ਵਿਸਮਾਦੀ ਸੰਦੇਸ਼ ਦੇ ਪ੍ਰਭਾਵ ਅਧੀਨ ਮਰਦਾਨਾ ਭਗਤੀ-ਸੰਗੀਤ ਵੱਲ ਖਿਚਿਆ ਗਿਆ ਅਤੇ ਭਗਤ ਨਾਮਦੇਵ, ਕਬੀਰ, ਤਰਲੋਚਨ, ਬੈਨੀ ਆਦਿ ਦੇ ਦੋਹੜੇ ਰਬਾਬ ਨਾਲ ਗਾਉਣ ਲੱਗਾ।

ਸਮਾਂ ਪਾ ਕੇ ਮਰਦਾਨਾ ਵੀ ਗੁਰੂ ਜੀ ਵਾਂਗ ਗ੍ਰਹਿਸਥ ਵਿਚ ਪਾ ਦਿੱਤਾ ਗਿਆ। ਉਸ ਦੇ ਇੱਕ ਧੀ ਅਤੇ ਦੋ ਪੁੱਤਰ ਹੋਏ। ਪੁੱਤਰਾਂ ਦੇ ਨਾਂ ਸਨ-ਸ਼ਾਹਜ਼ਾਦਾ ਅਤੇ ਰਾਏਜ਼ਾਦਾ। ਬੇਟੀ ਦੀ ਸ਼ਾਦੀ ਵੇਲੇ ਮਰਦਾਨਾ ਗੁਰੂ ਜੀ ਦੇ ਮਗਰ ਸੁਲਤਾਨਪੁਰ ਲੋਧੀ ਪਹੁੰਚਿਆ, ਮੱਦਦ ਮੰਗਣ ਨਹੀਂ, ਆਪਣਾ ਹੱਕ ਮੰਗਣ ਲਈ। ਗੁਰੂ ਜੀ ਨੇ ਧੀ ਲਈ ਵਿਸ਼ੇਸ਼ ਸਮਾਨ ਮੰਗਵਾਉਣ ਲਈ ਆਪਣੇ ਇੱਕ ਗੁਰਸਿੱਖ ਨੂੰ ਲਾਹੌਰ ਭੇਜਿਆ ਅਤੇ ਇਹ ਵੀ ਹੁਕਮ ਦਿੱਤਾ ਕਿ ਜਲਦੀ ਵਾਪਸ ਮੁੜੇ। ਬੇਟੀ ਦੀ ਸ਼ਾਦੀ ਕਰਕੇ ਮਰਦਾਨਾ ਪੱਕਾ ਹੀ ਗੁਰੂ ਜੀ ਕੋਲ ਆ ਗਿਆ।

ਗੁਰੂ ਜੀ ਦੇ ਮਨ ਵਿਚ ਮਰਦਾਨੇ ਲਈ ਅਥਾਹ ਪਿਆਰ ਸੀ ਤੇ ਮਰਦਾਨੇ ਦੇ ਮਨ ਵਿਚ ਉਮਰੋਂ ਛੋਟੇ ਗੁਰੂ-ਬਾਬੇ ਲਈ ਬੇ-ਪਨਾਹ ਸ਼ਰਧਾ ਤੇ ਸਤਿਕਾਰ। ਉਹ ਹਮੇਸ਼ਾ ਗੁਰੂ ਜੀ ਤੋਂ ਥੋੜ੍ਹੀ ਵਿੱਥ 'ਤੇ ਜਾਂ ਨੀਵਾਂ ਹੋ ਕੇ ਬੈਠਦਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਤ "ਬੀ-40 ਗੁਰੂ ਬਾਬਾ ਨਾਨਕ ਜਨਮ ਸਾਖੀ ਚਿਤਰਾਵਲੀ" ਵਿਚਲੇ ਸਭ ਪੁਰਾਤਨ ਚਿੱਤਰਾਂ ਵਿਚ ਭਾਈ ਮਰਦਾਨਾ ਆਪਣੀ ਰਬਾਬ ਸਮੇਤ ਇੱਕ ਸਤਿਕਾਰਤ ਵਿੱਥ 'ਤੇ ਬੈਠਾ ਨਜ਼ਰ ਆਉਂਦਾ ਹੈ।

ਮਰਦਾਨਾ 'ਦਾਨਾ' ਵੀ ਸੀ, ਭਲਾ ਵੀ ਸੀ, ਪਰ ਮੌਕਾ ਆਉਣ 'ਤੇ ਗੁਰੂ ਜੀ ਦੀ ਪ੍ਰੇਰਨਾ ਸਦਕਾ ਉਦਾਸੀਆਂ ਤੇ ਜੋਖਮ ਝੱਲਣ ਲਈ ਮਰਦਾਂ ਵਾਗੂੰ ਗੁਰੂ ਜੀ ਦੇ ਨਾਲ ਡਟ ਕੇ ਚੱਲਿਆ। ਜ਼ਿੰਦਗੀ ਦੇ 75 ਸਾਲਾਂ ਵਿਚੋਂ 47 ਸਾਲ ਗੁਰੂ ਜੀ ਸੰਗ ਰਹਿਣ ਦਾ ਸੁਭਾਗ ਉਸ ਨੂੰ ਪ੍ਰਾਪਤ ਹੋਇਆ। ਮਰਦਾਨੇ ਤੋਂ ਬਿਨਾ ਇਹ ਸੁਭਾਗ ਹੋਰ ਕਿਸੇ ਨੂੰ ਪ੍ਰਾਪਤ ਨਾ ਹੋ ਸਕਿਆ। ਜਦੋਂ ਉਸ ਦਾ ਅੰਤ ਆਇਆ ਤਾਂ ਉਸ ਸਮੇਂ ਗੁਰੂ ਜੀ ਅਫਗਾਨਿਸਤਾਨ ਵਿਚ ਸਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ 13 ਮੱਘਰ 1591 ਬਿਕਰਮੀ ਭਾਵ 1534 ਈਸਵੀ ਨੂੰ ਦਰਿਆ ਕੁਰਮ (ਖੁਰਮ) ਦੇ ਕੰਢੇ 'ਤੇ ਕੁਰਮ ਨਗਰ ਵਿਚ ਮਰਦਾਨੇ ਦਾ ਦਿਹਾਂਤ ਹੋ ਗਿਆ, ਉਨ੍ਹਾਂ ਦੀਆਂ ਆਖਰੀ ਰਸਮਾਂ ਗੁਰੂ ਜੀ ਨੇ ਆਪਣੇ ਹੱਥੀਂ ਨਿਭਾਈਆਂ।

ਮੈਕਾਲਿਫ ਸਮੇਤ ਹੋਰ ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਈ ਮਰਦਾਨਾ ਅਖੀਰਲੇ ਸਾਲਾਂ ਵਿਚ ਆਪਣੇ ਪਰਿਵਾਰ ਸਮੇਤ ਕਰਤਾਰਪੁਰ ਗੁਰੂ ਜੀ ਦੇ ਨਾਲ ਹੀ ਰਹਿ ਰਿਹਾ ਸੀ, ਜਿੱਥੇ ਉਹ 1534 ਵਿਚ ਪਰਲੋਕ ਸਿਧਾਰਿਆ। ਕਹਿੰਦੇ ਹਨ, ਆਖਰੀ ਸਮੇਂ ਗੁਰੂ ਜੀ ਨੇ ਮਰਦਾਨੇ ਤੋਂ ਪੁੱਛਿਆ, "ਮਰਦਾਨਿਆਂ ਮਰਨ ਉਪਰੰਤ ਤੇਰਾ ਸਰੀਰ ਦਫਨਾਇਆ ਜਾਵੇ ਜਾਂ ਸਸਕਾਰਿਆ ਜਾਵੇ?" ਮਰਦਾਨੇ ਬੜੇ ਸਤਿਕਾਰ ਸਹਿਤ ਜੁਆਬ ਦਿੱਤਾ, "ਬਾਬਾ, ਏਨੇ ਸਾਲ ਤੇਰੀ ਸੰਗਤ ਕਰਨ ਉਪਰੰਤ ਮੈਂ ਇਨ੍ਹਾਂ ਗੱਲਾਂ ਤੋਂ ਉਤਾਂਹ ਉਠ ਗਿਆਂ, ਤੂੰ ਜਾਣੇ, ਤੇਰਾ ਕੰਮ।"

ਕਿੰਨਾ ਦਰਦਨਾਕ ਹੋਵੇਗਾ ਉਹ ਸਮਾਂ ਜਦੋਂ ਰਬਾਬ 'ਤੇ ਰੱਬੀ ਸੁਰਾਂ ਕੱਢਣ ਵਾਲੀਆਂ ਉਂਗਲਾਂ ਨਿਰਜਿੰਦ ਹੋ ਗਈਆਂ। ਕੋਲ ਪਈ ਰਬਾਬ ਮਰਦਾਨੇ ਦੇ ਸਰੀਰ ਨਾਲੋਂ ਵੀ ਵੱਧ ਸੰਵੇਦਨਾ-ਜਲੋਂ ਸੀ। ਗੁਰੂ ਜੀ ਨੇ ਇਸ ਵਿਛੋੜੇ ਨੂੰ ਕਿੰਦਾਂ ਮਹਿਸੂਸ ਕੀਤਾ ਹੋਵੇਗਾ? ਪਹੁੰਚੇ ਹੋਏ ਪੈਗੰਬਰ ਵਾਂਗ ਜਾਂ ਆਮ ਬੰਦੇ ਵਾਂਗ? ਕੁਝ ਨਹੀਂ ਕਿਹਾ ਜਾ ਸਕਦਾ,

ਤੁਟੀ ਤੰਤ ਰਬਾਬ ਕੀ ਵਾਜੈ ਨਹੀ ਵਿਜੋਗਿ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥

ਕਹਿੰਦੇ ਹਨ, ਗੁਰੂ ਜੀ ਨੇ, "ਸਾਜਨ ਮੇਂਡੇ ਰਾਂਗਲੇ ਜਾਇ ਸੁਤੇ ਜੀਰਾਣਿ" ਸ਼ਬਦ ਵੀ ਮਰਦਾਨੇ ਦੇ ਪ੍ਰਥਾਇ ਹੀ ਰਚਿਆ।

ਜ਼ਿੰਦਗੀ ਦੇ ਪਿਛਲੇ ਪੰਜ ਸਾਲ ਗੁਰੂ ਜੀ ਰਬਾਬੀ ਮਰਦਾਨੇ ਦੀ ਸੰਗਤ ਤੋਂ ਵਿਰਵੇ ਹੋ ਕੇ ਕਰਤਾਰਪੁਰ ਟਿਕ ਗਏ। ਕਿਹਾ ਜਾਂਦਾ ਹੈ ਕਿ ਮਰਦਾਨੇ ਪਿਛੋਂ ਉਸ ਦਾ ਬੇਟਾ ਸ਼ਾਹਜ਼ਾਦਾ ਗੁਰੂ ਜੀ ਦੇ ਨਾਲ ਰਬਾਬੀ ਦੀਆਂ ਸੇਵਾਵਾਂ ਨਿਭਾਉਂਦਾ ਰਿਹਾ, ਪਰ ਜਪੁਜੀ ਸਾਹਿਬ ਵਰਗੀਆਂ ਰਾਗ-ਮੁਕਤ ਬਾਣੀਆਂ ਦਾ ਉਨ੍ਹਾਂ ਸਮਿਆਂ ਵਿਚ ਲਿਖਿਆ ਜਾਣਾ ਇਹ ਸਾਬਤ ਕਰਦਾ ਹੈ ਕਿ ਮਰਦਾਨੇ ਦੀ ਰਬਾਬ ਸ਼ਾਂਤ ਹੋ ਜਾਣ ਪਿਛੋਂ ਰਾਗ-ਸਾਜ਼ ਵਿਗੁੱਤੀਆਂ ਬਾਣੀਆਂ ਦਾ ਪ੍ਰਵਾਹ ਮੱਠਾ ਪੈ ਗਿਆ।

## ਮਰਦਾਨਿਆ! ਕਾਈ ਨਾਨਕ ਦੀ ਖਬਰ ਆਖਿ...

(ਪਿਛਲੇ ਸਫੇ ਦੀ ਬਾਕੀ)

ਕ੍ਰਾਂਤੀ ਦਾ ਆਗਾਜ਼ ਕੀਤਾ, ਭਲਾਂ ਉਸ ਮਹਾਨ ਕ੍ਰਾਂਤੀਕਾਰੀ ਗੁਰੂ ਨਾਲ ਤਮਾਮ ਉਮਰ ਬਿਤਾਉਣ ਵਾਲਾ ਭਾਈ ਮਰਦਾਨਾ ਅਸੂਝਵਾਨ ਪ੍ਰਾਣੀ ਕਿਵੇਂ ਰਹਿ ਸਕਦਾ ਸੀ? ਸਾਡੇ ਵਿਦਵਾਨਾਂ ਤੇ ਰਚਨਹਾਰਿਆਂ ਨੇ ਮਰਦਾਨੇ ਬਾਰੇ ਹਲਕੀ ਪੱਧਰ ਦਾ ਵਿਖਿਆਨ ਕਰ ਕੇ ਉਸ ਦੇ ਅੰਤਰ-ਚਿੰਤਨ ਨੂੰ ਨਹੀਂ ਜਾਣਿਆ, ਉਹ, ਉਸ 'ਤੇ ਛਾਈ ਦੀਨੀ ਵਿਰਾਨੀ ਦਾ ਸਹੀ ਮੁਤਾਲਿਆ ਨਹੀਂ ਕਰ ਸਕੇ, ਉਹ, ਉਸ ਦੇ ਅੰਦਰ ਦੀ ਅਗਮ ਨਿਗਮ ਦੀ ਸੋਝੀ ਨੂੰ ਪਛਾਣ ਹੀ ਨਹੀਂ ਸਕੇ।

ਭਾਈ ਮਰਦਾਨਾ ਪੱਕਾ ਮੁਸਲਮਾਨ ਸੀ। ਪੰਜ ਵਕਤ ਦਾ ਨਿਮਾਜ਼ੀ, ਰਮਜ਼ਾਨ ਦੇ ਦਿਨੀਂ ਰੋਜ਼ਾ ਰੱਖਦਾ। ਫਿਰ ਵੀ ਦੂਜੇ ਦੀਨੀ ਅਮਲ ਵਿਚ ਰਹਿ ਕੇ ਉਹ ਗੁਰੂ ਸਾਹਿਬ ਦੇ ਦ੍ਰਿੜ ਕਰਵਾਏ ਉਪਦੇਸ਼ 'ਤੇ ਚੱਲਦਿਆਂ, ਉਨ੍ਹਾਂ ਦੇ ਬਚਨਾਂ 'ਤੇ ਵਾਅਦੇ-ਵਫਾ ਰਿਹਾ। ਤਿੰਨ ਸਾਲ ਪੂਰਬ ਦਿਸ਼ਾ ਵੱਲ ਭ੍ਰਮਣ ਕਰਨ ਪਿਛੋਂ ਜਦ ਉਹ ਦੱਖਣ ਵੱਲ ਗਏ ਤਾਂ ਇਕ ਸਾਖੀ ਗੋਸ਼ਟਿ ਗੁਰੂ (ਦੁਖ ਸੁਖ ਬਾਰੇ) ਵਿਚ ਦਰਜ ਹੈ, ਜਦ ਗੁਰੂ ਬਾਬਾ ਜੀ ਤਪੱਸਿਆ ਕਰਦੇ ਤਾਂ ਭਾਈ ਮਰਦਾਨਾ ਪੰਜ ਕਰਮਾਂ ਦੀ ਵਿੱਥ 'ਤੇ ਬੈਠਦਾ ਅਤੇ ਜਦ ਗੁਰੂ ਸਾਹਿਬ ਕੀਰਤਨ ਕਰਦੇ ਤਾਂ ਭਾਈ ਮਰਦਾਨਾ ਉਨ੍ਹਾਂ ਦੇ ਗੋਡੇ ਨਾਲ ਗੋਡਾ ਲਾ ਕੇ ਬੈਠਦਾ।(੩੨*)

ਅਨੇਕਾਂ ਸਾਲ ਗੁਰੂ ਸਾਹਿਬ ਦੀ ਸੰਗਤ ਵਿਚ ਰਹਿੰਦਿਆਂ ਉਸ ਉਪਰ ਐਸੀ ਅਵਸਥਾ ਤਾਰੀ ਹੋ ਗਈ ਸੀ ਕਿ ਉਹ ਗੁਰੂ ਸਾਹਿਬ ਨਾਲੋਂ ਵਿਛੋੜਾ ਮੂਲ ਨਹੀਂ ਸੀ ਚਾਹੁੰਦਾ। ਇਕ ਵਾਰ ਭਾਈ ਮਰਦਾਨੇ ਨੇ ਗੁਰੂ ਸਾਹਿਬ ਦੇ ਜਵਾਬ ਵਿਚ ਹੌਸਲਾ ਕਰਦਿਆਂ ਕਹਿ ਹੀ ਦਿੱਤਾ, "ਜੀ ਤੂੰ ਖੁਦਾਇ ਦਾ ਡੂਮ ਹੈਂ, ਮੈਂ ਤੇਰਾ ਡੂਮ। ਤੈ ਖੁਦਾਇ ਪਾਇਆ ਹੈ ਤੈ ਖੁਦਾਇ ਦੇਖਿਆ ਹੈ ਤੇਰਾ ਕਹਿਆ ਖੁਦਾ ਕਰਦਾ ਹੈ, ਤੂੰ ਮੇਰੀ ਬੇਨਤੀ ਸੁਣਿ ਜੀ! ਏਕੁ ਮੈਨੋ ਵਿਛੋੜਣਾ ਨਾਹੀ ਆਪ ਨਾਲਹੁ, ਨ ਐਥੇ ਨ ਓਥੇ।"

ਗੁਰੂ ਸਾਹਿਬ ਨੇ ਭਾਈ ਮਰਦਾਨੇ ਦੇ ਵੱਡੇ ਤਿਆਗ ਅਤੇ ਉਸ ਦੀ ਘਾਲ ਕਮਾਈ ਨੂੰ ਖੂਬ ਨਿਵਾਜਿਆ। ਉਸ ਦੀ ਨਿਛਾਵਰਤਾ ਦੀ ਦੇਣ ਦਾ ਮੁੱਲ ਨਹੀਂ ਰੱਖਿਆ। ਤਵਾਰੀਖ ਦੱਸਦੀ ਹੈ ਕਿ ਭਾਈ ਮਰਦਾਨਾ ਤੇ ਗੁਰੂ ਸਾਹਿਬ ਜਦ ਬਗਦਾਦ ਫੇਰੀ ਤੋਂ ਬਾਅਦ ਅਫਗਾਨਿਸਤਾਨ ਭੱਖਰ ਤੇ ਕੰਧਾਰ ਦੇ ਇਲਾਕੇ ਵਿਚ ਅਫਗਾਨਿਸਤਾਨ ਕੁਰਮ ਦਰਿਆ ਕੋਲ ਜਾ ਰਹੇ ਸਨ ਤਾਂ ਭਾਈ ਮਰਦਾਨੇ ਦੀ ਸਿਹਤ ਖਰਾਬ ਹੋਣ ਲੱਗੀ, ਦੇਹੀ ਜਵਾਬ ਦੇਣ ਲੱਗੀ। ਤਾਂ ਭਾਈ ਮਰਦਾਨੇ ਨੇ ਆਖਿਆ, "ਜੀ! ਮੇਰੀ ਦੇਹ ਕਿੱਥੇ ਛੁਟੇਗੀ? ਗੁਰੂ ਸਾਹਿਬ ਕਹਿਆ, ਤੇਰੀ ਦੇਹ ਭਲੀ ਜਗ੍ਹਾ ਛੁੱਟੇਗੀ।" ਤਾਂ ਭਾਈ ਮਰਦਾਨੇ ਨੇ ਆਖਿਆ, "ਜੀ ਤੁਸੀ ਹਾਜ਼ਰ ਹੋਸੋ ਨਾ?" ਗੁਰੂ ਬਾਬਾ ਜੀ ਕਹਿਆ, "ਮਰਦਾਨਾ! ਅਸੀਂ ਤੇਰਾ ਕੰਮ ਕਰ ਕੇ ਜਾਸੀਏ (ਜਾਵਾਂਗੇ)।" ਤਦ ਭਾਈ ਮਰਦਾਨੇ ਪੁੱਛਿਆ, "ਜੀ ਸਾੜੋਗੇ ਕਿ ਦੱਬੋਗੇ?" ਗੁਰੂ ਸਾਹਿਬ ਆਖਿਆ, "ਮਰਦਾਨਾ ਜੋ ਤੂੰ ਆਖੇ ਸੋ ਕਰੀਏ।" ਫਿਰ ਗੁਰੂ ਸਾਹਿਬ ਜੀ ਉਸ ਨੂੰ ਖੁਰਮ ਸ਼ਹਿਰ ਲੈ ਗਏ। ਉਥੇ ਪੰਜਵੇਂ ਦਿਨ ਗੁਰੂ ਸਾਹਿਬ ਪੁੱਛਿਆ, "ਕਿਉਂ ਮਰਦਾਨਾ ਦੇਹਿ ਖ਼ਬਰਾਂ!" ਭਾਈ ਮਰਦਾਨੇ ਨੇ ਆਖਿਆ "ਜੀ ਤਈਆਰੀ ਹੈ।" ਤਾਂ ਕੁਝ ਪਲਾਂ ਬਾਅਦ ਭਾਈ ਮਰਦਾਨਾ ਪੂਰੇ ਹੋ ਗਏ। ਉਨ੍ਹਾਂ ਦੀ ਜੀਵਨ ਯਾਤਰਾ ਸੰਪੰਨ ਹੋ ਗਈ, ਗੁਰੂ ਸਾਹਿਬ ਦੀ ਹਜ਼ੂਰੀ ਵਿਚ। ਗੁਰੂ ਸਾਹਿਬ ਨੇ ਉਸ ਵੇਲੇ ਆਪਣੇ ਉਪਰੋਂ ਚਾਦਰ ਲਾਹੀ, "ਨਿਜ ਪਰ ਤੇ ਪਟ ਇਕ ਗੁਰ ਦੀਨੋ।" ਤੇ ਭਾਈ ਮਰਦਾਨੇ ਦੇ ਮ੍ਰਿਤਕ ਸਰੀਰ 'ਤੇ ਪਾ ਦਿੱਤੀ।

ਭਾਈ ਮਰਦਾਨਾ ਜਦ ਕਾਲਵੱਸ ਹੋ ਗਏ ਤਾਂ ਗੁਰੂ ਸਾਹਿਬ ਨੇ ਆਪਣੇ ਅਰਸ਼ੀ ਸਾਥੀ ਦੇ ਤਿਆਗ ਅਤੇ ਸਿਦਕ ਦਾ ਮੁੱਲ ਅਦਾ ਕੀਤਾ। ਉਨ੍ਹਾਂ ਨੇ ਭਾਈ ਮਰਦਾਨੇ ਦੇ ਨਾਂ 'ਤੇ ਰਚੇ ਤਿੰਨ ਸਲੋਕਾਂ ਨੂੰ ਬਾਣੀ ਅਥਵਾ ਬਾਣੀਕਾਰ ਦੇ ਰੂਪ ਵਿਚ ਸ੍ਰੇਸ਼ਟ ਸਿਰੋਪੇ ਦੀ ਬਖਸ਼ਿਸ਼ ਕਰਦਿਆਂ ਉਸ ਨੂੰ ਹਮੇਸ਼ਾ ਲਈ ਮਾਲਾ ਮਾਲ ਕਰ ਦਿੱਤਾ, ਉਸ ਨੂੰ ਬ੍ਰਹਮੀ ਪੁਰਖ ਬਣਾ ਦਿੱਤਾ।

ਕਦੇ ਕਦੇ ਲਗਦਾ ਹੈ ਕਿ ਗੁਰੂ ਸਾਹਿਬ ਨੇ ਤਾਂ ਆਪਣੇ ਮਹਾਨ ਸੰਗੀ 'ਤੇ ਬਹੁਤ ਉਚੇਰਾ ਦੀ ਬਖਸ਼ਿਸ਼ ਕਰ ਦਿੱਤੀ, ਪਰ ਅਸੀਂ ਭਾਈ ਮਰਦਾਨੇ ਨੂੰ ਕੋਈ ਉਚਾ ਸਥਾਨ ਨਹੀਂ ਦੇ ਸਕੇ। ਅੱਜ ਗੁਰੂ ਨਾਨਕ ਦੇਵ ਜੀ ਦਾ ਅਸੀਂ ਕੁਲ ਆਲਮ ਪਰ 550ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਸਹਿਤ ਮਨਾ ਰਹੇ ਹਾਂ। ਕਿੰਨਾ ਚੰਗਾ ਹੁੰਦਾ ਉਸ ਧੰਨਤਾ ਦੇ ਯੋਗ, ਨੇਕ-ਬਖਤ ਭਾਈ ਮਰਦਾਨੇ ਨੂੰ ਵੀ ਚੇਤੇ ਕਰਦਿਆਂ ਕਿਸੇ ਬੁਲੰਦ ਯਾਦਗਾਰ ਦਾ ਨਿਰਮਾਣ ਕਰ ਕੇ, ਦੀਨੀ ਵਿਤਕਰਿਆਂ ਦੇ ਵੇਗ ਨੂੰ ਠੱਲਣ ਪ੍ਰਤੀ ਕੋਈ ਪੈਗਾਮ ਦੇ ਸਕਦੇ।

# ਮੱਧਕਾਲੀ ਪੰਜਾਬ ਦੀ ਜਾਗ੍ਰਿਤੀ ਲਹਿਰ

## ਯੂਰਪੀਅਨ ਰੈਨੇਸਾਂਸ ਮਾਨਵਵਾਦ ਦੇ ਸੰਦਰਭ ਵਿਚ

**ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ**



ਡਾ. ਸੁਖਪਾਲ ਸੰਘੇੜਾ*
dr.sukhpal.sanghera@gmail.com

ਗੁਰੂ ਨਾਨਕ ਦੇਵ ਜੀ ਵਲੋਂ ਪੰਜਾਬ ਵਿਚ ਸ਼ੁਰੂ ਕੀਤੀ ਗਈ ਸਿੱਖ ਲਹਿਰ 15ਵੀਂ ਤੋਂ 18ਵੀਂ ਸਦੀ ਦੇ ਸ਼ੁਰੂ ਤੱਕ ਚੱਲੀ। ਪੰਜਾਬ ਵਿਚ ਚੱਲ ਸੂਫੀ ਤੇ ਭਗਤੀ ਲਹਿਰ ਦਾ ਵੱਡਾ ਹਿੱਸਾ ਵੀ ਇਸੇ ਸਮੇਂ ਵਿਚ ਆਉਂਦਾ ਹੈ। ਇਸ ਲੇਖ ਵਿਚ ਅਸੀਂ ਇਨ੍ਹਾਂ ਲਹਿਰਾਂ ਨੂੰ ਇਕੱਠੇ ਰੂਪ ਵਿਚ ਪੰਜਾਬ ਦੀ ਜਾਗ੍ਰਿਤੀ ਲਹਿਰ ਕਹਾਂਗੇ। ਇਹ ਲਹਿਰ ਅਤੇ ਯੂਰਪ ਵਿਚ 'ਰੈਨੇਸਾਂਸ' ਨਾਮੀ ਜਾਗ੍ਰਿਤੀ ਲਹਿਰ (14ਵੀਂ ਤੋਂ 17ਵੀਂ ਸਦੀ ਤੱਕ) ਇੱਕੋ ਸਮੇਂ ਤੇ ਇੱਕੋ ਯੁੱਗ ਵਿਚ ਚੱਲੀਆਂ। ਉਦੋਂ ਪੰਜਾਬ ਸਣੇ ਭਾਰਤ ਤੇ ਯੂਰਪ-ਦੋਵੇਂ ਮੱਧਕਾਲੀ ਯੁੱਗ ਵਿਚੋਂ ਗੁਜ਼ਰ ਰਹੇ ਸਨ। ਭਾਵੇਂ ਸਮਾਂ ਤੇ ਯੁੱਗ ਇੱਕ ਹੀ ਸਨ, ਪਰ ਸਥਾਨਕ ਹਾਲਾਤ ਵੱਖਰੇ ਸਨ। ਅਜਿਹੇ 'ਇੱਕੋ ਪਰ ਵੱਖ' ਮਾਹੌਲ ਵਿਚ ਚੱਲੀਆਂ ਦੋ ਲਹਿਰਾਂ ਦੇ ਤੁਲਨਾਤਮਕ ਅਧਿਐਨ 'ਚੋਂ ਬੜੇ ਦਿਲਚਸਪ ਸਿੱਟੇ ਨਿਕਲ ਸਕਦੇ ਹਨ। ਦੋਵੇਂ, ਸਿੱਖ ਲਹਿਰ ਤੇ ਭਗਤੀ ਲਹਿਰ ਸਮਾਜਕ ਨਾਬਰਾਬਰੀ ਅਤੇ ਨਫਰਤ ਨੂੰ ਖਤਮ ਕਰਨ ਤੇ ਮਨੁੱਖੀ ਸਾਂਝੀਵਾਲਤਾ ਦਾ ਹੋਕਾ ਦਿੰਦੀਆਂ ਸਨ। ਇਹ ਤਿੰਨੇ (ਸਿੱਖ, ਭਗਤੀ ਤੇ ਸੂਫੀ) ਲਹਿਰਾਂ ਧਾਰਮਿਕ ਕੱਟੜਤਾ ਤੇ ਕੁਰੀਤੀਆਂ ਵਿਰੁੱਧ ਜਾਗ੍ਰਿਤੀ ਲਹਿਰਾਂ ਵਜੋਂ ਸ਼ੁਰੂ ਹੋਈਆਂ। ਸਿੱਖ ਲਹਿਰ ਤੇ ਭਗਤੀ ਲਹਿਰ ਬ੍ਰਾਹਮਣਵਾਦ ਦੇ ਕੱਟੜ ਹਿੰਦੂ ਫਲਸਫੇ ਤੇ ਅਮਲ ਖਿਲਾਫ ਅਤੇ ਸੂਫੀ ਲਹਿਰ ਕੱਟੜ ਇਸਲਾਮੀ ਫਲਸਫੇ ਤੇ ਅਮਲ ਖਿਲਾਫ। ਤਿੰਨਾਂ ਲਹਿਰਾਂ ਦੇ ਪ੍ਰਚਾਰਕਾਂ ਨੇ ਖੁਸ਼ੀਆਂ ਪ੍ਰਾਪਤ ਕਰਨ ਤੇ ਹੋਰ ਅਧਿਆਤਮਕ ਉਪਦੇਸ਼ਾਂ ਨੂੰ ਲੋਕ ਭਾਸ਼ਾ ਵਿਚ ਲੋਕਾਂ ਤੱਕ ਪਹੁੰਚਾਇਆ। ਤਿੰਨਾਂ ਵਿਚ ਇੱਕ ਅਹਿਮ ਸਾਂਝਾ ਤੱਤ ਸੀ, ਮਾਨਵਵਾਦ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੇ ਨਾਲ ਨਾਲ ਭਗਤਾਂ ਤੇ ਸੂਫੀ ਫਕੀਰਾਂ ਦੀ ਬਾਣੀ ਦੀ ਸ਼ਮੂਲੀਅਤ ਇਨ੍ਹਾਂ ਲਹਿਰਾਂ ਦੀ ਸਾਂਝ ਦੀ ਸ਼ਾਹਦੀ ਭਰਦੀ ਹੈ। ਇਨ੍ਹਾਂ ਲਹਿਰਾਂ ਨੂੰ ਇਕੱਠੇ ਰੂਪ ਵਿਚ ਪੰਜਾਬ ਦੀ ਜਾਗ੍ਰਿਤੀ ਲਹਿਰ ਕਹਿਣਾ ਵਾਜਬ ਹੈ।

ਪੰਜਾਬ ਦੀ ਜਾਗ੍ਰਿਤੀ ਲਹਿਰ ਤੇ ਰੈਨੇਸਾਂਸ ਜਾਗ੍ਰਿਤੀ ਲਹਿਰ ਵਿਚ ਇੱਕ ਅਹਿਮ ਸਾਂਝਾ ਤੱਤ ਸੀ, ਮਾਨਵਵਾਦ। ਸ਼ਬਦ ਮਾਨਵਵਾਦ ਯਾਨਿ ਹਿਊਮਨਿਜ਼ਮ ਮੁਢਲੇ ਰੂਪ ਵਿਚ ਲਾਤੀਨੀ ਸੰਕਲਪ ਹਿਊਮਾਨਿਤਸ 'ਚੋਂ ਨਿਕਲਿਆ ਹੈ, ਜਿਸ ਦਾ ਸੰਖੇਪ ਭਾਵ ਹੈ-ਮਨੁੱਖੀ ਸੁਭਾਅ, ਦਇਆ ਤੇ ਸੱਭਿਅਤਾ। ਭਾਵੇਂ ਅੰਗਰੇਜ਼ੀ ਵਿਚ ਹਿਊਮਨਿਜ਼ਮ ਸ਼ਬਦ ਤੇ ਸੰਕਲਪ 19ਵੀਂ ਸਦੀ ਵਿਚ ਹੀ ਦਾਖਲ ਹੋਇਆ, ਪਰ ਤੱਤ ਰੂਪ ਵਿਚ ਰੈਨੇਸਾਂਸ ਮਾਨਵਵਾਦ ਦੀਆਂ ਜੜ੍ਹਾਂ 13ਵੀਂ ਸਦੀ ਤੱਕ ਜਾਂਦੀਆਂ ਨੇ, ਜਦੋਂ ਯੂਰਪ ਵਿਚ ਤਿੰਨ ਦਿਲਚਸਪ ਗੱਲਾਂ ਹੋਈਆਂ: (1) ਪੁਰਾਣੀਆਂ ਕਲਾਸੀਕਲ ਕਿਤਾਬਾਂ ਕ੍ਰਿਤਾਂ, ਜਿਵੇਂ ਗਰੀਕ ਫਲਸਫੇ ਦੀਆਂ ਕਿਤਾਬਾਂ ਦੇ ਅਧਿਐਨ ਦੀ ਭੁੱਖ; (2) ਉਨ੍ਹਾਂ ਦੇ ਲੇਖਕਾਂ ਦੇ ਸਟਾਈਲ ਦੀ ਨਕਲ ਉਤਾਰਨ ਦੇ ਸ਼ੌਕ; (3) ਅਤੇ ਇਸ ਭੁੱਖ ਤੇ ਸ਼ੌਕ ਦਾ ਸੁਮੇਲ। ਇਸ ਸੁਮੇਲ ਦੇ ਨਤੀਜੇ ਵਜੋਂ ਰੈਨੇਸਾਂਸ ਮਾਨਵਵਾਦੀਆਂ ਨੇ ਉਨ੍ਹਾਂ ਦੇ 'ਅੱਜ' ਦੇ ਗਿਆਨ, ਇਤਿਹਾਸਕ ਗਿਆਨ, ਤੇ ਪ੍ਰੇਮ ਭਾਵਨਾ ਨੂੰ ਵਰਤ ਕੇ 'ਅੱਜ ਦੇ ਦੌਰ' ਬਾਰੇ ਆਪਣੇ ਤੇ ਹੋਰਨਾਂ ਦ੍ਰਿਸ਼ਟੀਕੋਣਾਂ ਤੇ ਸੋਚ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਇਹ ਇਸ ਤਰ੍ਹਾਂ ਹੈ ਕਿ 'ਅਸੀਂ ਕਿੱਥੋਂ ਆਏ ਹਾਂ' ਦਾ ਗਿਆਨ ਇਹ ਜਾਣਨ ਵਿਚ ਮੱਦਦ ਕਰਦਾ ਹੈ ਕਿ ਅਸੀਂ ਅੱਜ ਸੱਚਮੁੱਚ ਹੀ ਕਿੱਥੇ ਹਾਂ। ਇਸ ਸਭ ਕਾਸੇ ਦਾ ਨਤੀਜਾ ਇਹ ਨਿਕਲਿਆ ਕਿ ਰੈਨੇਸਾਂਸ ਮਾਨਵਵਾਦੀਆਂ ਨੇ ਮੱਧਕਾਲੀ ਰੂੜ੍ਹੀਵਾਦੀ ਸਿੱਖਿਆ ਪ੍ਰਣਾਲੀ, ਜੋ ਵੱਖ ਵੱਖ ਲੇਖਕਾਂ ਵਿਚਾਲੇ ਮੱਤਭੇਦ ਤੇ ਵਿਰੋਧਾਭਾਸ ਸਪਸ਼ਟ ਕਰਨ 'ਤੇ ਕੇਂਦਰਿਤ ਸੀ, ਦੇ ਮੁਕਾਬਲੇ ਨਵੇਂ ਅਧਿਐਨ ਢੰਗ ਨੂੰ ਅਪਨਾਇਆ। ਮਾਨਵਵਾਦੀਆਂ ਨੇ ਪ੍ਰਾਚੀਨ ਲਿਖਤਾਂ ਨੂੰ ਤਰਕ ਤੇ ਪ੍ਰਮਾਣ ਦੀ ਕਸਵੱਟੀ 'ਤੇ ਚਾੜ੍ਹਦਿਆਂ ਉਨ੍ਹਾਂ ਦਾ ਮੁਲਾਂਕਣ ਸ਼ੁਰੂ ਕਰ ਦਿੱਤਾ।

ਰੈਨੇਸਾਂਸ ਵਿਚ ਮਾਨਵਵਾਦ, ਪੰਜਾਬ ਦੀ ਜਾਗ੍ਰਿਤੀ ਲਹਿਰ ਵਾਂਗ ਹੀ, ਬੌਧਿਕ ਲਹਿਰ ਦੇ ਤੌਰ 'ਤੇ ਸ਼ੁਰੂ ਹੋਇਆ। ਮਾਨਵਵਾਦੀਆਂ ਨੇ ਐਸੇ ਨਾਗਰਿਕਾਂ ਦਾ ਸੁਪਨਾ ਵੇਖਿਆ, ਜੋ ਬੜੀ ਔਖੀ ਤਰ੍ਹਾਂ ਪੜ੍ਹ-ਲਿਖ ਸਕਣ ਤੇ ਬੜੀ ਸਪਸ਼ਟਤਾ ਨਾਲ ਆਪਣੇ ਵਿਚਾਰ ਪੇਸ਼ ਕਰ ਸਕਣ ਅਤੇ ਆਪਣੇ ਭਾਈਚਾਰਿਆਂ ਵਿਚ ਸਰਗਰਮ ਹੋ ਕੇ ਲੋਕਾਂ ਨੂੰ ਭਲੇ, ਤਰਕਸ਼ੀਲ ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਨ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਵਿੱਦਿਅਕ ਖੇਤਰ ਸ਼ੁਰੂ ਕੀਤਾ ਗਿਆ, ਜਿਹਨੂੰ ਅੱਜ ਕਲ ਹਿਊਮੈਨਿਟੀਜ਼ ਕਿਹਾ ਜਾਂਦਾ ਹੈ, ਜਿਸ ਵਿਚ ਵਿਸ਼ੇ ਪੜ੍ਹਾਏ ਗਏ: ਵਿਆਕਰਣ, ਕਵਿਤਾ, ਧੜੱਲੇਦਾਰ ਲਿਖਤ ਤੇ ਭਾਸ਼ਣ, ਇਤਿਹਾਸ, ਨੈਤਿਕ ਫਲਸਫਾ (ਯਾਦ ਰਹੇ ਨੈਤਿਕਤਾ ਸਿਰਫ ਧਾਰਮਿਕ ਹੀ ਨਹੀਂ ਹੁੰਦੀ, ਗੈਰ-ਧਾਰਮਿਕ ਬੰਦਾ ਵੀ ਨੈਤਿਕ ਹੋ ਸਕਦਾ ਹੈ)। ਮਾਨਵਵਾਦੀਆਂ ਨੇ ਪਬਲਿਕ ਲਾਇਬ੍ਰੇਰੀਆਂ ਖੋਲ੍ਹਣ 'ਤੇ ਵੀ ਜ਼ੋਰ ਦਿੱਤਾ।

ਵਿੱਦਿਆ ਤੇ ਗਿਆਨ ਦੇ ਖੇਤਰ ਵਿਚ ਸਿੱਖ ਗੁਰੂ ਸਾਹਿਬਾਨ, ਭਗਤਾਂ-ਸੰਤਾਂ, ਤੇ ਸੂਫੀ-ਫਕੀਰਾਂ ਨੇ ਪੰਜਾਬ ਦੇ ਸਥਾਨਕ ਹਾਲਾਤ ਅਨੁਸਾਰ ਮੂਲ ਰੂਪ ਵਿਚ ਅਜਿਹੇ ਲੱਛਣਾਂ ਵਾਲੇ ਕਾਰਜ ਕੀਤੇ, ਜੋ ਯੂਰਪ ਵਿਚ ਰੈਨੇਸਾਂਸ ਮਾਨਵਵਾਦੀਆਂ ਨੇ ਕੀਤੇ। ਉਸ ਸਮੇਂ ਦੇ ਇਕ ਕੇਂਦਰੀ ਗਿਆਨ ਸੰਕਲਨ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, ਪੰਦਰਾਂ ਸੰਤਾਂ-ਭਗਤਾਂ, ਗਿਆਰਾਂ ਭੱਟਾਂ ਅਤੇ ਗੁਰੂ ਸਾਹਿਬਾਨ ਦੇ ਚਾਰ ਸੇਵਕਾਂ ਦੀ ਬਾਣੀ ਸ਼ਾਮਲ ਹੈ। ਮਹਾਨ ਅਧਿਆਤਮਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਿੱਖ ਗੁਰੂ ਸਾਹਿਬਾਨ ਨੇ ਗੁਰਮੁਖੀ ਲਿਪੀ ਦੇ ਵਿਕਾਸ ਵਿਚ ਵੀ ਮਹਾਨ ਯੋਗਦਾਨ ਪਾਇਆ। ਅਸਲ ਵਿਚ ਆਪਣੇ ਵੇਲੇ ਦੀ ਪ੍ਰਚਲਿਤ ਲਿਪੀ ਨੂੰ ਗੁਰੂ ਸਾਹਿਬਾਨ ਨੇ ਸੁਧਾਰ ਕੇ ਲਿਖਣ ਯੋਗ ਬਣਾਇਆ; ਉਥੋਂ ਹੀ ਇਹਦਾ ਨਾਂ ਗੁਰਮੁਖੀ ਲਿਪੀ ਪਿਆ। ਇਸ ਤਰ੍ਹਾਂ ਤੇ ਹੋਰ ਸਾਧਨਾਂ ਜ਼ਰੀਏ ਸਿੱਖ ਗੁਰੂਆਂ, ਭਗਤਾਂ-ਸੰਤਾਂ ਤੇ ਸੂਫੀਆਂ ਨੇ ਆਪਣੇ ਉਪਦੇਸ਼ਾਂ ਨੂੰ ਲੋਕ ਭਾਸ਼ਾ ਵਿਚ ਲੋਕਾਂ ਤੱਕ ਪਹੁੰਚਾਇਆ। ਇੱਥੇ ਗਿਆਨ ਬ੍ਰਾਹਮਣਵਾਦ ਜਾਂ ਹੋਰ ਕਿਸੇ ਵੀ ਫਲਸਫੇ ਵਿਚ ਕੈਦ ਨਹੀਂ ਸੀ, ਸਗੋਂ ਇਹ ਪ੍ਰਚਾਰਕ ਗਿਆਨ ਨੂੰ ਖੁਦ ਲੋਕਾਂ ਤੱਕ ਲੈ ਕੇ ਗਏ, ਸਰਗਰਮ ਰੈਨੇਸਾਂਸ ਮਾਨਵਵਾਦੀਆਂ ਵਾਂਗ।

ਨੋਟ ਕਰਨਾ ਬਣਦਾ ਹੈ ਕਿ ਰੈਨੇਸਾਂਸ ਮਾਨਵਵਾਦ ਅਧਿਆਤਮਵਾਦ ਨਾਲੋਂ ਨਿਖੜਿਆ ਨਹੀਂ ਸੀ। ਮਿਸਾਲ ਵਜੋਂ ਰੈਨੇਸਾਂਸ ਮਾਨਵਵਾਦੀਆਂ ਨੇ ਇਸਾਈ ਧਰਮ ਨੂੰ ਨਕਾਰਿਆ ਨਹੀਂ, ਸਗੋਂ ਰੈਨੇਸਾਂਸ ਦੀਆਂ ਮਹਾਨ ਕਲਾ ਰਚਨਾਵਾਂ ਇਹਦੇ ਘੇਰੇ ਵਿਚ ਹੀ ਆਉਂਦੀਆਂ ਹਨ, ਜਿਨ੍ਹਾਂ ਦੀ ਚਰਚ ਨੇ ਵੀ ਸਰਪ੍ਰਸਤੀ ਕੀਤੀ। ਚਰਚ ਨੇ ਲਾਇਬ੍ਰੇਰੀਆਂ ਉਸਾਰ ਕੇ ਵੀ ਉਸ ਸਮੇਂ ਦੀ ਮਾਨਵਵਾਦੀ ਬੁੱਧੀਜੀਵੀ ਲਹਿਰ ਵਿਚ ਸ਼ਮੂਲੀਅਤ ਕੀਤੀ। ਐਪਰ, ਆਪਣੀਆਂ ਰਚਨਾਵਾਂ ਤੇ ਅਮਲੀ ਸੱਭਿਆਚਾਰਕ ਜੀਵਨ ਵਿਚ ਮਾਨਵਵਾਦੀਆਂ ਦੀ ਧਰਮ ਪ੍ਰਤੀ ਸੂਖਮ ਤੇ ਜਟਿਲ ਪਹੁੰਚ ਰਵਾਇਤੀ ਪਹੁੰਚ ਤੋਂ ਬਹੁਤ ਹਟਵੀਂ ਸੀ। ਬਹੁਤੇ ਮਾਨਵਵਾਦੀ ਬੁੱਧੀਜੀਵੀ ਭਾਵੇਂ ਧਾਰਮਿਕ ਸਨ, ਪਰ ਚਰਚ ਦੀਆਂ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁੱਧ ਤਰਕ ਦਾ ਹੱਲਾ ਬੋਲ ਰਹੇ ਸਨ।

ਪੰਜਾਬ ਵਿਚ ਵੀ ਤਿੰਨਾਂ ਜਾਗ੍ਰਿਤੀ ਲਹਿਰਾਂ ਨੇ ਧਾਰਮਿਕ ਕੱਟੜਤਾ, ਕੁਰੀਤੀਆਂ, ਅਰਥਹੀਣ ਰਸਮਾਂ ਤੇ ਪਖੰਡਾਂ ਦਾ ਤਾਰਕਿਤ ਖੰਡਨ ਕਰਦਿਆਂ ਮਨੁੱਖੀ ਬਰਾਬਰੀ, ਮਨੁੱਖੀ ਪਿਆਰ ਤੇ ਰੱਬੀ ਪਿਆਰ ਦਾ ਸੰਦੇਸ਼ ਦਿੱਤਾ। ਬਹੁਤੇ ਲੋਕ ਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਨੇ ਕੋਈ ਧਾਰਮਿਕ ਸੰਸਥਾ ਜਾਂ ਸੰਗਠਿਤ ਧਰਮ ਵਿਸ਼ੇਸ਼ ਸ਼ੁਰੂ ਨਹੀਂ ਸੀ ਕੀਤਾ, ਸਗੋਂ ਇਨ੍ਹਾਂ ਗਿਣੇ ਤੇ ਹੋਰ ਧਾਰਮਿਕ ਤੇ ਸਮਾਜਕ ਮੁੱਦਿਆਂ ਬਾਰੇ ਸਮਾਜ ਵਿਚ ਜਾਗ੍ਰਿਤੀ ਪੈਦਾ ਕੀਤੀ। ਰੈਨੇਸਾਂਸ ਮਾਨਵਵਾਦੀਆਂ ਵਾਂਗ ਹੀ ਲੈ-ਦੇ ਕੇ ਗੁਰੂਆਂ, ਭਗਤਾਂ-ਸੰਤਾਂ ਤੇ ਸੂਫੀਆਂ ਦਾ ਕਾਵਿ ਅਧਿਆਤਮਵਾਦੀ ਫਲਸਫੇ ਦੇ ਘੇਰੇ ਵਿਚ ਹੀ ਆਉਂਦਾ ਹੈ।

ਰੈਨੇਸਾਂਸ ਮਾਨਵਵਾਦ ਦੇ ਮੁੱਖ ਲੱਛਣ ਇਨ੍ਹਾਂ ਨੇਮਾਂ ਵਿਚ ਅੰਕਿਤ ਕੀਤੇ ਜਾ ਸਕਦੇ ਹਨ। ਜ਼ਿੰਦਗੀ ਦੇ ਜਸ਼ਨ ਮਨਾਓ: ਜ਼ਿੰਦਗੀ ਬੰਦੇ ਲਈ ਮੌਕਾ ਹੈ, ਆਪਣੀਆਂ ਪੂਰੀਆਂ ਸੰਭਾਵਨਾਵਾਂ ਤੇ ਸਮਰੱਥਾ ਵਰਤਣ ਦਾ; ਸੁਤੰਤਰ ਚਿੰਤਕ ਬਣੋ: ਅੰਧ-ਵਿਸ਼ਵਾਸੀ ਤੇ ਲਾਈਲੱਗ ਨਾ ਬਣੋ, ਖੁਦ ਸੋਚੋ; ਅੰਧ-ਵਿਸ਼ਵਾਸ ਦੇ ਨੁਕਸਾਨਾਂ ਨੂੰ ਜਾਣੋ ਤੇ ਤਰਕਸ਼ੀਲ ਬਣੋ; ਆਪਣੇ ਸਿੱਖਿਆ-ਘੇਰੇ ਨੂੰ ਵਿਸ਼ਾਲ ਕਰੋ: ਮਾਨਵਵਾਦੀ ਪੁਰਾਣੀਆਂ ਸੱਭਿਆਤਾਵਾਂ, ਸਾਹਿਤ, ਭਾਸ਼ਾ, ਗਣਿਤ, ਤੇ ਵਿਗਿਆਨ ਆਦਿ ਬਾਰੇ ਕਈ ਵਿਸ਼ਿਆਂ ਬਾਰੇ ਗਿਆਨ ਪ੍ਰਾਪਤ ਕਰਦੇ ਸਨ; ਕਈ ਹੁਨਰਾਂ ਦੇ ਕਾਰੀਗਰ ਬਣੋ; ਪ੍ਰਸਿੱਧੀ ਖੱਟੋ, ਆਪਣੇ ਹੁਨਰ ਜਾਂ ਕਿੱਤੇ ਦੇ ਉੱਤਮ ਕਾਰੀਗਰ ਬਣ ਕੇ।

ਜੋ ਐਸੇ ਮਾਨਵਵਾਦੀ ਗੁਣਾਂ ਦਾ ਮਾਲਕ ਹੋਵੇ, ਭਾਵ ਬਹੁ-ਵਿਸ਼ਿਆਂ ਦਾ ਮਾਹਿਰ, ਬਹੁ-ਹੁਨਰੀ, ਅੰਧ-ਵਿਸ਼ਵਾਸਾਂ ਤੋਂ ਆਜ਼ਾਦ ਤੇ ਤਰਕਸ਼ੀਲ ਸੁਤੰਤਰ ਚਿੰਤਕ ਹੋਵੇ, ਉਹਨੂੰ 'ਰੈਨੇਸਾਂਸ ਮੈਨ' ਕਿਹਾ ਜਾਂਦਾ ਸੀ। ਉਸ ਸਮੇਂ ਦੇ ਆਦਰਸ਼ ਰੈਨੇਸਾਂਸ ਸ਼ਖਸਾਂ ਵਿਚੋਂ ਇੱਕ ਪ੍ਰਸਿੱਧ ਸੀ, ਇਟਲੀ ਦਾ ਲਿਓਨਾਰਡੋ ਡਾ ਵਿੰਸੀ (1452-1519), ਜਿਸ ਨੇ ਲੇਖਨ, ਆਰਟ, ਸੰਗੀਤ, ਵਿਗਿਆਨ, ਕਾਵ, ਬੁੱਤ ਘੜਤਾ, ਨਿਰਮਾਣ ਕਲਾ ਆਦਿ ਖੇਤਰਾਂ ਵਿਚ ਜੌਹਰ ਦਿਖਾਏ। ਇਹ ਓਹੀ ਲਿਓਨਾਰਡੋ ਹੈ, ਜਿਸ ਦੀਆਂ ਮੋਨਾ ਲੀਜ਼ਾ, ਲਾਸਟ ਸਪਰ (ਆਖਰੀ ਭੋਜਨ), ਤੇ ਹੋਰ ਕਿੰਨੀਆਂ ਕ੍ਰਿਤਾਂ ਅੱਜ ਵੀ ਹਰਮਨ ਪਿਆਰੀਆਂ ਹਨ। ਮਾਨਵਵਾਦੀਆਂ ਦਾ ਇੱਕ ਉਦੇਸ਼ ਸੀ, ਵੱਡੇ-ਛੋਟੇ 'ਰੈਨੇਸਾਂਸ ਸ਼ਖਸ' ਪੈਦਾ ਕਰਨਾ।



*ਮੋਨਾ ਲੀਸਾ: ਲਿਓਨਾਰਡੋ ਡਾ ਵਿੰਸੀ ਦੀ ਕ੍ਰਿਤ*

ਰੈਨੇਸਾਂਸ ਮਾਨਵਵਾਦੀਆਂ ਵਾਂਗ ਉਸ ਸਮੇਂ ਦੇ ਪੰਜਾਬ ਵਿਚ ਵੀ ਗੁਰੂ ਨਾਨਕ ਦੇਵ ਜੀ ਵਲੋਂ ਅਰੰਭੇ ਅਨੇਕਾਂ ਪ੍ਰਯੋਜਨਾਂ ਵਿਚੋਂ ਇੱਕ ਸੀ, ਨਵੇਂ ਮਨੁੱਖ ਦੀ ਘਾੜਤ, ਜੋ ਅੰਧ-ਵਿਸ਼ਵਾਸਾਂ ਤੋਂ ਆਜ਼ਾਦ ਹੋ ਤਰਕ ਨਾਲ ਸੋਚੇ; ਵਹਿਮਾਂ-ਭਰਮਾਂ 'ਚ ਯਕੀਨ ਨਾ ਕਰੇ; ਧਾਰਮਿਕ ਪਖੰਡ ਪਛਾਣ ਕੇ ਉਨ੍ਹਾਂ ਦਾ ਵਿਰੋਧ ਕਰੇ; ਆਪਣੇ ਤੇ ਹੋਰਾਂ ਦੇ ਹੱਕ ਦੀ ਕਦਰ ਕਰੇ; ਭਾਈਚਾਰੇ ਵਿਚ ਡਾਂਗ ਦੀ ਥਾਂ ਦਲੀਲ ਚਲਾਵੇ; ਤੇ ਜਾਤ-ਪਾਤ ਮਨੋਂ ਮੇਟ ਕੇ ਮਨੁੱਖਤਾ ਤੇ ਮਨੁੱਖੀ ਬਰਾਬਰੀ, ਮਨੁੱਖੀ ਵੱਕਾਰ, ਸਾਂਝੀਵਾਲਤਾ, ਭਲਾਈ ਆਦਿ ਮਨੁੱਖੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖੇ। ਗੁਰੂ ਨਾਨਕ ਦੇਵ ਜੀ ਵਲੋਂ ਅਰੰਭਿਆ ਇਹ ਮਕਸਦ ਅਗਲੇ ਗੁਰੂਆਂ ਨੇ ਜਾਰੀ ਰੱਖਿਆ। ਇਸ ਨਵੇਂ ਮਨੁੱਖ ਦਾ ਨਾਂ ਸੀ: ਸਿੱਖ, ਪੰਜਾਬ ਦਾ ਰੈਨੇਸਾਂਸ ਸ਼ਖਸ। ਜਿਸ ਤਰ੍ਹਾਂ ਯੂਰਪ ਨੂੰ 'ਰੈਨੇਸਾਂਸ ਸ਼ਖਸ' ਆਧੁਨਿਕ ਯੁੱਗ ਵੱਲ ਲੈ ਗਿਆ, ਉਸੇ ਤਰ੍ਹਾਂ ਪੰਜਾਬ ਨੂੰ 'ਸਿੱਖ' ਨੇ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ (ਪਰ ਹੋਇਆ ਕੀ, ਇਹ ਵੱਖਰੇ ਲੇਖ ਦਾ ਵਿਸ਼ਾ ਹੈ)। ਜਿੱਥੋਂ ਤੱਕ ਵਿੱਦਿਆ ਦੇ ਉਦੇਸ਼ ਦਾ ਸਬੰਧ ਹੈ, 'ਸਿੱਖ' ਦਾ ਤਾਂ ਅਰਥ ਹੀ ਹੈ ਸਿੱਖਣ ਵਾਲਾ, ਭਾਵ ਵਿਦਿਆਰਥੀ।

ਜਿਵੇਂ ਉਪਰ ਦੱਸਿਆ ਗਿਆ ਹੈ ਕਿ ਤਰਕ ਰੈਨੇਸਾਂਸ ਮਾਨਵਵਾਦ ਦਾ ਇੱਕ ਅਹਿਮ ਹਿੱਸਾ ਸੀ; ਇਹ ਤੱਥ ਸਿੱਖ ਲਹਿਰ ਬਾਰੇ ਵੀ ਸੱਚ ਹੈ। ਪਰ ਜੇ ਤਰਕ ਇੱਕੋ ਮੱਤ ਦੇ ਘੇਰੇ ਤੱਕ ਸੀਮਿਤ ਰਹੇ ਤਾਂ ਉਹਦੇ ਚੱਕਰੀ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ; ਜਿਵੇਂ ਇਹ ਕਥਨ "ਇਸ ਸੱਚ ਹੈ ਕਿ ਈਸਾ ਕਬਰਾਂ ਵਿਚੋਂ ਉਠ ਖੜ੍ਹਾ ਹੋਇਆ ਸੀ ਕਿਉਂਕਿ ਬਾਈਬਲ ਕਹਿੰਦੀ ਹੈ।" ਅਜਿਹਾ ਤਰਕ ਵਿਸ਼ਵਾਸ 'ਤੇ ਖੜ੍ਹਾ ਹੁੰਦਾ ਹੈ; ਇਹਦੇ ਆਪਣੇ ਪੈਰ ਨਹੀਂ ਹੁੰਦੇ। ਇੱਕ ਸਥਿਤੀ, ਜਿੱਥੇ ਤਰਕ ਦੀ ਮਜ਼ਬੂਤੀ ਪਰਖੀ ਜਾਂਦੀ ਹੈ, ਉਦੋਂ ਪੈਦਾ ਹੁੰਦੀ ਹੈ ਜਦੋਂ ਤਰਕਾਂ-ਦਲੀਲਾਂ ਨੂੰ ਵੱਖ ਵੱਖ ਮੱਤਾਂ ਵਿਚ ਵਿਚਾਰ-ਵਟਾਂਦਰੇ ਜਾਂ ਸੰਵਾਦ ਦੌਰਾਨ ਵਰਤਿਆ ਜਾਵੇ। ਅਜਿਹੇ ਸੰਵਾਦ ਦਾ ਇੱਕ ਰੂਪ ਹੈ, ਗੋਸ਼ਟੀ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ-ਦੋਹਾਂ ਵਿਚ ਤਰਕ ਤੇ ਗੋਸ਼ਟੀ ਦੀ ਵਿਸ਼ੇਸ਼ ਥਾਂ ਰਹੀ। ਜਿਵੇਂ ਸ਼ਿਵਰਾਤਰੀ ਮੇਲੇ ਦੌਰਾਨ ਅੱਚਲ ਵਟਾਲੇ ਵਿਖੇ ਹੋਏ ਗੁਰੂ ਨਾਨਕ ਜੀ ਦੇ ਸਿਧਾਂ ਨਾਲ ਸੰਵਾਦ ਦਾ ਰਿਕਾਰਡ ਗੁਰੂ ਗ੍ਰੰਥ ਸਾਹਿਬ ਵਿਚ 'ਸਿਧ ਗੋਸਟ' ਵਜੋਂ ਦਰਜ ਹੈ।

ਪ੍ਰਾਚੀਨ ਭਾਰਤੀ ਤੇ ਯੂਰਪੀਅਨ ਫਲਸਫਿਆਂ ਵਿਚ ਵੀ ਗੋਸ਼ਟੀ ਦੀ ਪ੍ਰਥਾ ਕਾਇਮ ਸੀ। ਯੂਰਪ ਵਿਚ ਗਰੀਕ ਫਿਲਾਸਫਰਾਂ ਦੀਆਂ ਕਈ ਕਿਤਾਬਾਂ ਗੋਸਟਿ-ਦਲੀਲਾਂ ਦੇ ਰੂਪ ਵਿਚ ਹਨ, ਮਿਸਾਲ ਵਜੋਂ ਪਲੈਟੋ ਦੀ 'ਰਿਪਬਲਿਕ'। ਭਾਰਤ ਵਿਚ ਹਿੰਦੂ ਫਲਸਫਾ ਪੇਸ਼ ਕਰਦੇ ਰਿਗਵੇਦ, ਸਾਮਵੇਦ, ਅਥਰਵਵੇਦ ਅਤੇ ਯਜੁਰਵੇਦ ਵਿਚ ਵੀ ਗੋਸਟਿ-ਸੰਵਾਦ ਦਾ ਢੰਗ ਵਰਤਿਆ ਗਿਆ। ਮਹਾਤਮਾ ਬੁੱਧ ਤੇ ਮਹਾਵੀਰ ਜੈਨ ਨੇ ਵੀ ਇਹ ਢੰਗ ਅਪਨਾਇਆ।

ਇੱਥੇ ਜ਼ਿਕਰਯੋਗ ਹੈ ਕਿ ਪ੍ਰਾਚੀਨ ਭਾਰਤੀ ਫਲਸਫੇ 'ਤੇ ਭਾਰੂ ਕੱਟੜ ਹਿੰਦੂਵਾਦ ਦੇ ਚੌਖਟੇ ਵਿਚ ਬਹੁਤ ਥਾਂਵਾਂ 'ਤੇ ਤਰਕ ਸ਼ਾਸਤਰ ਜਾਂ ਤਰਕ ਵਿਧਾਨ ਅਕਸਰ ਸੱਚਾਈ ਲੱਭਣ ਦੇ ਮਨੋਰਥ ਨਾਲ, ਤਰਕ ਦੇ ਖਰੇ ਜਾਂ ਖੋਟੇ ਹੋਣ 'ਤੇ ਘੱਟ ਆਧਾਰਿਤ ਹੈ ਅਤੇ ਜਿੱਤਣ ਦੀ ਨੀਅਤ ਤੇ ਚਲਾਕੀ 'ਤੇ ਵੱਧ। ਮਿਸਾਲ ਵਜੋਂ ਹਿੰਦੂ ਧਰਮ ਦੇ ਘੇਰੇ ਵਿਚ ਵਿਦਵਾਨ-ਬ੍ਰਾਹਮਣ 'ਸ਼ਾਸਤਾਰਥ' ਕਰਿਆ ਕਰਦੇ ਸਨ, ਜਿਸ ਦੌਰਾਨ ਸੰਵਾਦ-ਬਹਿਸ ਦਾ ਉਦੇਸ਼ ਸੱਚ ਦੀ ਖੋਜ ਦੀ ਥਾਂ ਖੁਦ ਜਿੱਤਣਾ ਤੇ ਵਿਰੋਧੀ ਦੀ ਪਿੱਠ ਲਵਾਉਣਾ ਹੁੰਦਾ ਸੀ। ਇਸ ਪਿੱਠਭੂਮੀ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਤਰਕ ਤੇ ਗੋਸ਼ਟੀ ਦੇ ਖੇਤਰ ਵਿਚ ਦੋ ਵਿਸ਼ੇਸ਼ ਦੇਣਾਂ ਹਨ: (1) ਗੁਰੂ ਜੀ ਤਰਕ ਤੇ ਗੋਸ਼ਟੀ ਨੂੰ ਬ੍ਰਾਹਮਣਵਾਦ ਦੇ ਚੁੰਗਲ ਵਿਚੋਂ ਕੱਢ ਕੇ ਲੋਕਾਂ ਵਿਚ ਲੈ ਆਏ, ਲੋਕਾਂ ਦੀ ਭਾਸ਼ਾ ਵਿਚ; ਅਤੇ (2) ਤਰਕ ਤੇ ਗੋਸ਼ਟੀ ਵਿਚ ਦਿਆਨਤਦਾਰੀ ਫੂਕੀ। ਉਹ ਗੋਸ਼ਟੀਆਂ ਤੋਂ ਸਾਰਥਕ, ਭਲੇ ਤੇ ਉਸਾਰੂ ਸਿੱਟੇ ਕੱਢਣ ਹਿੱਤ ਤਰਕ ਤੇ ਗੋਸ਼ਟੀ ਦਾ ਅਜਿਹਾ ਮਾਡਲ ਪੇਸ਼ ਕਰਦੇ ਹਨ, ਜਿਸ ਲਈ ਇਹ ਗੁਣ ਜ਼ਰੂਰੀ ਨੇ-ਨੈਤਿਕਤਾ, ਨਿਮਰਤਾ, ਸੰਜਮ, ਸਹਿਣਸ਼ੀਲਤਾ, ਨੀਵੀਂ ਸੁਰ, ਵਿਵੇਕ ਬੁੱਧੀ ਦਾ ਸੰਵਾਦ ਦਾ ਆਧਾਰ ਬਣਾਉਣਾ ਅਤੇ ਦੂਜੀ ਧਿਰ ਨੂੰ ਬਣਦੀ ਮਾਨਤਾ ਦੇਣੀ। ਇਹ ਸਾਰੇ ਗੁਣ ਬਹੁਤੇ ਰੈਨੇਸਾਂਸ ਬੁੱਧੀਜੀਵੀ ਵੀ ਸੰਵਾਦ ਰਚਾਉਣ ਵਿਚ ਵਰਤਦੇ ਸਨ।

ਨੋਟ ਕਰਨ ਵਾਲੀ ਗੱਲ ਹੈ ਕਿ ਜਦੋਂ ਗੁਰੂ ਨਾਨਕ ਨੇ ਧਰਮਾਂ ਦੇ ਨੁਮਾਇੰਦਿਆਂ ਅਤੇ ਪੈਰੋਕਾਰਾਂ ਨਾਲ ਸੰਵਾਦ ਰਚਾਇਆ ਤਾਂ ਇਹ ਕਿਸੇ ਧਰਮ, ਫਿਰਕੇ ਜਾਂ ਖਿੱਤੇ ਦੇ ਪੱਖ ਵਿਚ ਨਹੀਂ, ਸਗੋਂ ਸਾਰੀ ਮਨੁੱਖਤਾ ਲਈ ਕੀਤਾ। ਉਹ ਧਰਮਾਂ, ਫਿਰਕਿਆਂ, ਖਿੱਤਿਆਂ ਤੋਂ ਉਪਰ ਉਠ ਕੇ ਮਨੁੱਖਤਾ ਦੇ ਪੱਧਰ ਤੋਂ ਵਿਚਾਰ-ਵਟਾਂਦਰੇ ਦੀ ਸਿਫਾਰਸ਼ ਕਰਦੇ ਹਨ,

ਜਬਿ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥
(ਮਹਲਾ ੧, ਪੰਨਾ 660)

ਜਿਵੇਂ ਉਪਰ ਚਰਚਾ ਕੀਤੀ ਗਈ ਹੈ ਕਿ ਰੈਨੇਸਾਂਸ ਮਾਨਵਵਾਦੀਆਂ ਦਾ ਇੱਕ ਉਦੇਸ਼ ਸੀ: ਐਸੇ ਨਾਗਰਿਕ ਤਿਆਰ ਕਰਨਾ, ਜੋ ਲੋਕਾਂ ਨੂੰ ਭਲੇ, ਤਰਕਸ਼ੀਲ ਤੇ ਅਕਲਮੰਦ ਕੰਮ ਕਰਨ ਲਈ ਪ੍ਰੇਰਨ। ਇਸ ਦੀ ਪੂਰਤੀ ਹਿੱਤ ਪਬਲਿਕ ਲਾਇਬ੍ਰੇਰੀਆਂ ਖੋਲ੍ਹੀਆਂ, ਲੋਕਾਂ ਨੂੰ ਸਿੱਖਿਅਤ ਕਰਨ ਲਈ ਨਵਾਂ ਵਿੱਦਿਅਕ ਖੇਤਰ ਸ਼ੁਰੂ ਕੀਤਾ ਗਿਆ: ਹਿਊਮੈਨਿਟੀਜ਼ ਆਦਿ। ਇਸ ਤਰ੍ਹਾਂ ਇਸ ਮਾਨਵਵਾਦੀ ਲਹਿਰ ਵਿਚ ਮਨੁੱਖੀ ਸਾਂਝੀਵਾਲਤਾ ਦਾ ਅੰਸ਼ ਸੀ। ਉਸ ਵੇਲੇ ਦੇ ਪੰਜਾਬ ਦੇ ਵੱਖਰੇ ਸਥਾਨਕ ਹਾਲਾਤ ਦੇ ਹਿਸਾਬ ਪੰਜਾਬੀ ਜਾਗ੍ਰਿਤੀ ਲਹਿਰ ਦੌਰਾਨ ਮਨੁੱਖੀ ਸਾਂਝੀਵਾਲਤਾ ਜ਼ਰਾ ਵੱਖ ਰੂਪਾਂ ਵਿਚ ਪ੍ਰਗਟ ਹੋਈ, ਜਿਵੇਂ ਸਿੱਖ ਲਹਿਰ ਵਿਚ ਲੰਗਰ ਪ੍ਰਥਾ, ਭਾਵ ਬਿਨਾ ਭੇਦ ਤੋਂ ਮੁਫਤ ਲੰਗਰ ਛਕਾਉਣਾ, ਜੋ ਮੂਲ ਰੂਪ ਵਿਚ ਗੁਰੂ ਨਾਨਕ ਦੇਵ ਤੋਂ ਸ਼ੁਰੂ ਹੋਈ। ਸਿੱਖ ਲਹਿਰ ਦਾ ਗੁਰੂ ਦਾ ਲੰਗਰ ਤੇ ਰੈਨੇਸਾਂਸ ਮਾਨਵਵਾਦੀਆਂ ਦੀਆਂ ਲੋਕਾਂ ਨੂੰ ਗਿਆਨ ਦੇ ਲੰਗਰ ਵਰਤਾਉਂਦੀਆਂ ਪਬਲਿਕ ਲਾਇਬ੍ਰੇਰੀਆਂ, ਵੱਖ ਵੱਖ ਸਥਾਨਕ ਹਾਲਾਤ ਅਧੀਨ ਮਨੁੱਖੀ ਸਾਂਝੀਵਾਲਤਾ ਦੇ ਦੋ ਵੱਖਰੇ ਰੂਪ ਹਨ। ਬਾਕੀ ਗੁਰੂਆਂ, ਭਗਤਾਂ, ਸੂਫੀ-ਫਕੀਰਾਂ ਆਦਿ ਨੇ ਗਿਆਨ ਤਾਂ ਰੋਜ਼ ਵਰਤਾਇਆ।

ਭਾਰਤੀ ਸਮਾਜ ਵਿਚ ਹਿੰਦੂ ਧਰਮ ਵਲੋਂ ਲਾਗੂ ਹਿੰਦੂ ਫਲਸਫੇ ਵਿਚਲੇ ਜਾਤ-ਪਾਤ ਦੇ ਮੱਤ ਦਾ ਖੰਡਨ ਮਨੁੱਖੀ ਸਾਂਝੀਵਾਲਤਾ ਦਾ ਇਕ ਹੋਰ ਰੂਪ ਸੀ, ਜੋ ਪੰਜਾਬ ਦੀ ਜਾਗ੍ਰਿਤੀ ਲਹਿਰ ਨੇ ਅਪਨਾਇਆ। ਉਸ ਸਮੇਂ ਦੌਰਾਨ ਸੰਕਲਿਤ ਗੁਰੂ ਗ੍ਰੰਥ ਸਾਹਿਬ ਆਪਣੇ ਆਪ ਵਿਚ ਹੀ ਮਨੁੱਖੀ ਏਕਤਾ ਤੇ ਸਾਂਝੀਵਾਲਤਾ ਦਾ ਪ੍ਰਤੀਕ ਸੀ, ਜਿਸ ਵਿਚ ਗੁਰੂ ਸਾਹਿਬਾਨ ਨਾਲ ਅਨੇਕਾਂ ਜਾਤਾਂ, ਵੰਸ਼ਾਂ ਦੇ ਲੇਖਕ ਸ਼ਾਮਲ ਕੀਤੇ ਗਏ, ਜਿਵੇਂ ਜੱਟ, ਚਮਾਰ, ਬ੍ਰਾਹਮਣ, ਖਤਰੀ, ਸੂਫੀ, ਮਰਾਸੀ, ਜੁਲਾਹਾ, ਕਸਾਈ, ਛੀਂਬੇ, ਵੈਸ਼, ਨਾਈ ਆਦਿ। ਜਿਸ ਤਰ੍ਹਾਂ ਰੈਨੇਸਾਂਸ ਮਾਨਵਵਾਦੀ ਲਹਿਰ ਮੁੱਖ ਰੂਪ ਵਿਚ ਬੌਧਿਕ ਲਹਿਰ ਸੀ, ਪੰਜਾਬ ਦੀ ਜਾਗ੍ਰਿਤੀ ਲਹਿਰ ਦਾ ਇੱਕ ਬੌਧਿਕ ਬੁਲਾਰਾ ਹੈ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਹੋਰ ਮਾਨਵਵਾਦੀ ਅੰਸ਼ਾਂ ਦੇ ਨਾਲ ਮਨੁੱਖੀ ਸਾਂਝੀਵਾਲਤਾ 'ਤੇ ਕਾਫੀ ਵਚਨ ਹਨ, ਜਿਵੇਂ ਮਨੁੱਖੀ ਸਾਂਝੀਵਾਲਤਾ ਦੇ ਹੱਕ ਵਿਚ ਅਤੇ ਜਾਤ-ਪਾਤ, ਨਸਲਵਾਦ, ਧਰਮਾਂ ਤੇ ਸਥਾਨਾਂ ਦੇ ਵਿਤਕਰਿਆਂ ਵਿਰੁੱਧ ਐਲਾਨਨਾਮਾ:

ਸਭੇ ਸਾਂਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
(ਮ: 5, ਪੰਨਾ 97)
ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ॥
(ਪੰਨਾ 72)
ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥
(ਭਗਤ ਕਬੀਰ, ਪੰਨਾ 1349)

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਵੀ ਮਨੁੱਖੀ ਸਾਂਝੀਵਾਲਤਾ ਦਾ ਉਪਦੇਸ਼ ਦਿੰਦੇ ਹਨ:

ਕੋਊ ਭਇਓ ਮੁੰਡੀਆ
ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

ਸੂਫੀ ਲਹਿਰ ਨੇ ਵੀ ਮਨੁੱਖੀ ਕਦਰਾਂ-ਕੀਮਤਾਂ ਤੇ ਸਾਂਝੀਵਾਲਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ, ਜੋ ਕਿਸੇ ਦੀਆਂ ਇਨ੍ਹਾਂ ਲਾਇਨਾਂ ਵਿਚ ਬੜੀ ਖੂਬਸੂਰਤੀ ਨਾਲ ਪਕੜੀ ਗਈ ਹੈ,

ਮੰਦਰ ਢਾਹ ਦੇ, ਮਸਜਿਦ ਢਾਹ ਦੇ,
ਢਾਹ ਦੇ ਜੋ ਕੁਝ ਢਹਿੰਦਾ।
ਐਪਰ ਕਿਸੇ ਦਾ ਦਿਲ ਨਾ ਢਾਵੀਂ,
ਰੱਬ ਦਿਲਾਂ ਵਿਚ ਰਹਿੰਦਾ।

ਮੁੱਕਦੀ ਗੱਲ, ਮੱਧਕਾਲੀ ਯੂਰਪ ਵਿਚ ਰੈਨੇਸਾਂਸ ਦੌਰਾਨ ਚੱਲੀ ਮਾਨਵਵਾਦੀ ਲਹਿਰ ਦੇ ਕਰੀਬ ਸਾਰੇ ਮੁੱਖ ਲੱਛਣ ਮੂਲ ਰੂਪ ਵਿਚ ਉਸੇ ਸਮੇਂ ਹੀ ਪੰਜਾਬ ਵਿਚ ਚੱਲ ਰਹੀ ਜਾਗ੍ਰਿਤੀ ਲਹਿਰ ਨਾਲ ਸਾਂਝੇ ਸਨ। ਇਹ ਲੱਛਣ ਹਨ: ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਨੈਤਿਕਤਾ, ਮਨੁੱਖੀ ਆਤਮ-ਸਨਮਾਨ, ਤੇ ਮਨੁੱਖੀ ਸਾਂਝੀਵਾਲਤਾ ਨੂੰ ਮਾਨਤਾ; ਲੋਕ ਭਲਾਈ ਲਈ ਸਰਗਰਮੀਆਂ; ਧਰਮ ਦੀਆਂ ਕੁਰੀਤੀਆਂ ਦਾ ਵਿਰੋਧ ਅਤੇ ਅੰਧ-ਵਿਸ਼ਵਾਸਾਂ ਦਾ ਖੰਡਨ ਤੇ ਤਰਕ ਦੀ ਵਰਤੋਂ। ਇਹ ਵਿਚਾਰਦਿਆਂ ਕਿ ਪੰਜਾਬ ਸਣੇ ਭਾਰਤ ਯੂਰਪੀਅਨ ਦੇਸ਼ਾਂ ਤੋਂ ਕਿੰਨਾ ਪਛੜਿਆ ਹੋਇਆ ਸੀ, ਮਿਸਾਲੀ ਸੱਚ ਹੈ ਕਿ ਉਸ ਸਮੇਂ ਦੇ ਪੰਜਾਬ ਵਿਚ ਗੁਰੂ ਨਾਨਕ ਦੇਵ ਨੇ ਐਸੀ ਮਾਨਵਵਾਦੀ ਲਹਿਰ ਚਲਾਈ, ਜਿਸ ਵਿਚ ਸਿਰਫ ਰੈਨੇਸਾਂਸ ਮਾਨਵਵਾਦ ਦੇ ਹੀ ਨਹੀਂ, ਸਗੋਂ ਆਧੁਨਿਕ ਮਾਨਵਵਾਦ ਦੇ ਵੀ ਅੰਸ਼ ਸਨ; ਜਿਵੇਂ ਅਸੀਂ ਅਗਲੇ ਲੇਖ ਵਿਚ ਵੇਖਾਂਗੇ।


**(ਚਲਦਾ)**

*ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।

ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ

# ਗੁਰੂ ਨਾਨਕ ਦੀ ਗੁਰਮਤਿ

ਨਾਨਕ, ਬਾਬਾ ਨਾਨਕ ਅਤੇ ਗੁਰੂ ਨਾਨਕ ਦੇਵ ਜੀ ਇਕੋ ਹੀ ਹਨ। ਇਨ੍ਹਾਂ ਤਿੰਨਾਂ ਦੇ ਇਕ ਹੋਣ ਦਾ ਕਾਰਨ ਉਨ੍ਹਾਂ ਦੀ ਬਾਣੀ ਹੈ। ਨਾਨਕ-ਬਾਣੀ ਸਾਰਿਆਂ ਵਾਸਤੇ ਸੀ ਅਤੇ ਇਸੇ ਕਰਕੇ ਹੀ ਉਹ ਗੁਰੂ ਦੇ ਨਾਲ ਨਾਲ 'ਜਗਤ ਗੁਰ ਬਾਬਾ' ਹੋ ਗਏ ਸਨ। ਸਿੱਖ ਧਰਮ ਦੇ ਮੋਢੀ ਹੋਣ ਦੇ ਬਾਵਜੂਦ ਉਹ ਸਭ ਧਰਮਾਂ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰਦੇ ਰਹੇ। ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਸ਼ਾਮਲ ਹੈ, ਪਰ ਇਸ ਨਾਲੋਂ ਵੱਧ ਗਿਣਤੀ ਵਿਚ ਉਨ੍ਹਾਂ ਸੰਤਾਂ ਭਗਤਾਂ ਦੀ ਬਾਣੀ ਸ਼ਾਮਲ ਹੈ, ਜੋ ਸਿੱਖ ਧਰਮ ਦੇ ਸਿੱਧੇ ਤੌਰ 'ਤੇ ਮੁੱਦਈ ਨਹੀਂ ਸਨ। ਉਹ ਸਾਰੇ ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੋ ਗਏ ਹਨ, ਉਸੇ ਤਰ੍ਹਾਂ ਸ਼ਬਦ-ਗੁਰੂ ਦੀ ਧਰੋਹਰ ਜਾਗਤ ਜੋਤਿ ਅਤੇ ਜ਼ਾਹਰਾ ਜ਼ਹੂਰ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੀਦਾਰ ਵਿਚ ਸਾਰੇ ਬਾਣੀਕਾਰਾਂ ਦੇ ਰੂਪ ਵਿਚ ਸ਼ਾਮਲ ਹੋ ਗਏ ਹਨ। ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੋ



ਪ੍ਰੋ. ਬਲਕਾਰ ਸਿੰਘ ਪਟਿਆਲਾ
ਫੋਨ: +91-93163-01328

ਜਾਣ ਤੋਂ ਪਹਿਲਾਂ ਸਾਰੇ ਬਾਣੀਕਾਰ ਆਪੋ ਆਪਣੇ ਪੈਰੋਕਾਰਾਂ ਦੇ ਧਾਰਮਿਕ ਰਹਿਬਰ ਸਨ। ਅੱਜ ਦੁਨੀਆਂ ਨੇ ਇਹ ਪ੍ਰਵਾਨ ਕਰ ਲਿਆ ਹੈ ਕਿ ਬੰਦੇ ਨੂੰ ਅਮਨ ਦੇ ਰਾਹ 'ਤੇ ਤੋਰਨ ਲਈ ਪ੍ਰਾਪਤ ਧਰਮਾਂ ਵਿਚਕਾਰ ਅਮਨ ਸਥਾਪਤ ਕਰਨਾ ਬੇਹਦ ਜ਼ਰੂਰੀ ਹੈ। ਇਸੇ ਦਿਸ਼ਾ ਵਿਚ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਨੇ ਨਾ ਕੇਵਲ ਚੇਤਨਾ ਮੁਹਿੰਮ ਚਲਾਈ, ਸਗੋਂ ਹਰ ਰੰਗ ਦੇ ਧਰਮੀਆਂ ਤੱਕ ਇਸ ਕਰਕੇ ਚੱਲ ਕੇ ਗਏ, ਤਾਂ ਕਿ ਧਰਮਾਂ ਵਿਚਾਲੇ ਘੱਟੋ ਘੱਟ ਸਹਿਮਤੀ ਵਾਲਾ ਮਾਹੌਲ ਪੈਦਾ ਕੀਤਾ ਜਾ ਸਕੇ। ਉਹ ਹਿੰਦੂ ਨੂੰ ਸੱਚਾ ਹਿੰਦੂ ਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਦਾ ਸੰਦੇਸ਼ ਲੈ ਕੇ ਹਿੰਦੂ ਅਤੇ ਮੁਸਲਿਮ ਧਾਰਮਿਕ ਕੇਂਦਰਾਂ 'ਤੇ ਜਾਂਦੇ ਰਹੇ।

ਬਾਬਾ ਨਾਨਕ, ਧਰਮ ਦੇ ਨਾਂ 'ਤੇ ਕਿਸੇ ਕਿਸਮ ਦੀ ਦੁਕਾਨਦਾਰੀ ਚਲਾਏ ਜਾਣ ਦੇ ਵਿਰੁਧ ਸਨ। ਉਹ ਨਹੀਂ ਸਨ ਚਾਹੁੰਦੇ ਕਿ ਬੰਦੇ ਨੂੰ ਬੰਦੇ ਦੀ ਕਿਸੇ ਕਿਸਮ ਦੀ ਮੁਥਾਜੀ ਦਾ ਸ਼ਿਕਾਰ ਹੋਣਾ ਪਵੇ। ਬੰਦਾ ਜਦੋਂ ਜਗਿਆਸਾ ਦੇ ਰੋਹੜ 'ਚ ਸੌਖੀਆਂ ਪ੍ਰਾਪਤੀਆਂ ਦੇ ਲਾਲਚ ਵਿਚ ਫਸਦਾ ਹੈ ਤਾਂ ਉਹ ਬਿਨਾ ਜਾਣੇ ਆਪਣੇ ਖਿਲਾਫ ਆਪ ਹੀ ਭੁਗਤਣਾ ਸ਼ੁਰੂ ਕਰ ਦਿੰਦਾ ਹੈ। ਇਸੇ ਵਿਚੋਂ ਧਾਰਮਿਕ ਡੇਰੇਦਾਰੀਆਂ ਪੈਦਾ ਹੁੰਦੀਆਂ ਰਹੀਆਂ ਹਨ। ਇਹੀ ਅੱਜ ਕਲ ਸਿਆਸੀ ਡੇਰੇਦਾਰੀਆਂ ਹੋ ਗਈਆਂ ਹਨ। ਧਰਮ ਦੇ ਨਾਂ 'ਤੇ ਵੰਡੀਆਂ ਕਿਸੇ ਵੀ ਕਿਸਮ ਦੀ ਡੇਰੇਦਾਰੀ ਦੀ ਲੋੜ ਹੁੰਦੀਆਂ ਹਨ। ਸਿੱਖਿਆ ਦੀ ਥਾਂ, ਕਿਸੇ ਵਿਅਕਤੀ ਵਿਸ਼ੇਸ਼ ਦੇ ਚਰਨਾਂ ਨਾਲ ਜੁੜਨ ਦਾ ਸੁਭਾਅ ਇਥੋਂ ਹੀ ਸ਼ੁਰੂ ਹੁੰਦਾ ਹੈ। ਇਹਦੇ ਨਾਲ ਧਰਮ ਵਿਚ ਪੱਕਾ ਹੋਣ ਦਾ ਬਦਲ, ਧਾਰਮਿਕ ਕੱਟੜਤਾ ਹੋ ਜਾਂਦੀ ਹੈ। ਇਸੇ ਵਿਚੋਂ ਨਿਕਲ ਕੇ ਜਿਉਣ ਦਾ ਰਾਹ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਸੀ। ਇਸ ਦੀ ਪਾਲਣਾ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਨਾ ਹੋਣ ਕਰਕੇ ਸਿੱਖ ਧਰਮ ਵੀ ਆਮ ਧਰਮਾਂ ਵਰਗਾ ਇਕ ਧਰਮ ਹੁੰਦਾ ਜਾ ਰਿਹਾ ਹੈ। 550ਵੀਂ ਸ਼ਤਾਬਦੀ ਨੂੰ ਜੇ 'ਚੜ੍ਹਿਆ ਸੋਧਨ ਧਰਤ ਲੋਕਾਈ' ਵਾਲੀ ਭਾਵਨਾ ਨਾਲ ਜੋੜਨਾ ਹੈ ਤਾਂ ਬਾਬੇ ਨਾਨਕ ਦੀ ਵਿਰਾਸਤ ਨੂੰ ਮਾਲਕਾਂ ਵਾਂਗ ਨਹੀਂ, ਵਾਰਸਾਂ ਵਾਂਗ ਲੈ ਕੇ ਤੁਰਨਾ ਪਵੇਗਾ।

ਬਹੁਤ ਸਾਰੀਆਂ ਸਿਧਾਂਤਕੀਆਂ ਸਾਹਮਣੇ ਆ ਜਾਣ ਦੇ ਬਾਵਜੂਦ ਆਮ ਬੰਦੇ ਨੂੰ ਜਿਸ ਤਰ੍ਹਾਂ ਧਰਮ ਦੀ ਲੋੜ ਮਹਿਸੂਸ ਹੋ ਰਹੀ ਹੈ, ਉਸ ਨੂੰ ਧਿਆਨ ਵਿਚ ਰੱਖੀਏ ਤਾਂ ਬਾਬੇ ਨਾਨਕ ਦੀ ਬਾਣੀ ਵਿਚ ਪ੍ਰਾਪਤ ਸਦਾ ਸੱਚੀਆਂ ਅਤੇ ਸਭ ਨੂੰ ਲੋੜੀਂਦੀਆਂ ਸਿੱਖਿਆਵਾਂ ਵੱਖ ਵੱਖ ਰੰਗ ਦੇ ਧਰਮੀਆਂ ਵਿਚਾਲੇ ਸਿਰ ਜੋੜਨ ਦੀ ਉਸੇ ਤਰ੍ਹਾਂ ਭੂਮਿਕਾ ਨਿਭਾ ਸਕਦੀਆਂ ਹਨ, ਜਿਵੇਂ ਉਨ੍ਹਾਂ ਨੇ ਆਪਣੇ ਸਮਕਾਲ ਵਿਚ ਧਰਮੀਆਂ ਨਾਲ ਸੰਵਾਦ ਰਚਾ ਕੇ ਖੁਦ ਭੂਮਿਕਾ ਨਿਭਾਈ ਸੀ। ਸਿੱਖ ਧਰਮ ਦੀ ਨੀਂਹ ਉਨ੍ਹਾਂ ਨੇ ਇਸ ਸਿਧਾਂਤ 'ਤੇ ਰੱਖੀ ਸੀ ਕਿ ਮਾਰਗ ਅਤੇ ਮੰਜ਼ਿਲ ਵਿਚ ਇਹ ਫਰਕ ਹੈ ਕਿ ਮਾਰਗ ਅਨੇਕ ਹੋ ਸਕਦੇ ਹਨ ਤੇ ਮਾਰਗ ਜੇ ਕੁਦਰਤੀ ਵਹਿਣ ਵਾਂਗ ਹੋਣ ਤਾਂ ਉਨ੍ਹਾਂ ਦੀ ਮੰਜ਼ਿਲ ਉਸੇ ਤਰ੍ਹਾਂ ਇਕ ਹੋ ਸਕਦੀ ਹੈ, ਜਿਵੇਂ ਨਦੀਆਂ ਅਤੇ ਦਰਿਆਵਾਂ ਦੀ ਮੰਜ਼ਿਲ ਇਕ ਹੁੰਦੀ ਹੈ। ਧਰਮਾਂ ਨੂੰ ਆਪੋ ਆਪਣੇ ਰਾਹ ਤੁਰਦਿਆਂ ਕਿਸ ਸਾਂਝੀ ਮੰਜ਼ਿਲ ਵੱਲ ਸੇਧਤ ਰਹਿਣਾ ਚਾਹੀਦਾ ਹੈ, ਇਸ ਦੀ ਸਿਧਾਂਤਕ ਧਰਾਤਲ ਗੁਰੂ ਜੀ ਇਸ ਤਰ੍ਹਾਂ ਸਾਹਮਣੇ ਲਿਆਉਂਦੇ ਹਨ:

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥
ਸੋ ਘਰੁ ਰਾਖੁ ਵਡਾਈ ਤੋਇ॥ ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ
ਥਿਤੀ ਵਾਰੀ ਮਾਹੁ ਹੋਆ॥
ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇਤੇ ਵੇਸ॥੨॥

ਧਰਮ, ਜਿਵੇਂ ਆਸਥਾ ਦੀ ਧਰੋਹਰ ਹੈ, ਉਵੇਂ ਹੀ ਧਰਮ ਦੀ ਧਰੋਹਰ ਅਧਿਆਤਮਕਤਾ ਹੈ। ਇਥੇ ਅਧਿਆਤਮਕਤਾ ਦਾ ਬਿੰਬ ਸੂਰਜ ਹੈ ਅਤੇ ਧਰਮਾਂ ਦਾ ਬਿੰਬ ਰੁੱਤਾਂ ਹਨ। ਕੁਦਰਤ ਨੂੰ ਵੀ ਮੁਕਤ-ਵਿਚਰਨ ਦੇ ਬਿੰਬ ਵਜੋਂ ਲਿਆ ਜਾ ਸਕਦਾ ਹੈ। ਇਸ ਨੂੰ 'ਜਿਨੀ ਆਤਮੁ ਚੀਨਿਆ ਪਰਮਾਤਮ ਸੋਈ' ਰਾਹੀਂ ਵੀ ਸਮਝਿਆ ਜਾ ਸਕਦਾ ਹੈ।

ਬਾਬੇ ਨਾਨਕ ਦਾ ਸਮਕਾਲ ਸਾਡੇ ਸਮਕਾਲ ਨਾਲੋਂ ਬਹੁਤ ਵੱਖਰਾ ਸੀ, ਕਿਉਂਕਿ ਉਸ ਵੇਲੇ ਸੂਚਨਾ ਦਾ ਇਹੋ ਜਿਹਾ ਹੜ੍ਹ ਨਹੀਂ ਸੀ ਆਇਆ ਹੋਇਆ, ਜਿਹੋ ਜਿਹਾ ਇਸ ਵੇਲੇ ਇਲੈਕਟ੍ਰਾਨਿਕ ਮੀਡੀਆ ਨੇ ਲੈ ਆਂਦਾ ਹੈ। ਉਸ ਸਮੇਂ ਤਾਂ ਸਭ ਕੁਝ ਇਕ ਦੂਜੇ ਨਾਲ ਜੁੜਿਆ ਹੋਇਆ ਵੀ ਸੀ ਅਤੇ ਇਕ ਦੂਜੇ ਦੀ ਨਿਰੰਤਰਤਾ ਵਿਚ ਵੀ ਚੱਲ ਰਿਹਾ ਸੀ। ਇਸ ਦੇ ਬਾਵਜੂਦ ਗੁਰੂ ਨਾਨਕ ਦੀਆਂ ਸਿੱਖਿਆਵਾਂ ਜਿਵੇਂ ਉਨ੍ਹਾਂ ਦੇ ਸਮਕਾਲ ਨੂੰ ਸੇਧ ਦਿੰਦੀਆਂ ਸਨ, ਉਸੇ ਤਰ੍ਹਾਂ ਹਰ ਸਮਕਾਲ ਨੂੰ ਸੇਧ ਦੇਣ ਦੀ ਸਮਰਥਾ ਰੱਖਦੀਆਂ ਹਨ। ਸਿੱਖਿਆ ਨੂੰ ਸਮਕਾਲ ਦੀਆਂ ਲੋੜਾਂ ਮੁਤਾਬਕ ਢਾਲ ਕੇ ਸਾਹਮਣੇ ਲਿਆਉਣ ਦੀ ਸਮਰਥਾ ਬੇਸ਼ਕ ਸਭ ਕੋਲ ਨਹੀਂ ਹੁੰਦੀ। ਇਸ ਦਾ ਹੱਲ ਬਾਣੀ ਨਾਲ ਸਿੱਧਿਆਂ ਜੁੜ ਕੇ ਲੱਭਿਆ ਜਾ ਸਕਦਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਲਹੂ ਵਿਚ ਪਈਆਂ ਹੋਈਆਂ ਗੱਲਾਂ ਨੂੰ ਚੇਤਨਾ ਰਾਹੀਂ ਮਾਨਸਿਕਤਾ ਵਿਚ ਢਾਲ ਸਕਣ ਦੀ ਸਮਰਥਾ ਸਿਰਫ ਇਨਸਾਨੀ ਵਜੂਦ ਵਿਚ ਹੀ ਸੰਭਵ ਹੈ। ਅਜਿਹਾ ਜੇ ਕੁਦਰਤੀ ਪਰਵਾਹ ਵਾਂਗ ਨਹੀਂ ਵਾਪਰਦਾ ਤਾਂ ਜਿਹੋ ਜਿਹੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਉਨ੍ਹਾਂ ਨੂੰ ਹੀ ਦੀਰਘ ਰੋਗ ਕਿਹਾ ਹੋਇਆ ਹੈ।

ਆਸਥਾ ਉਲਾਰ ਹੋ ਜਾਏ ਤਾਂ ਮੁਹੱਬਤ ਵੀ ਹਉਮੈ ਦੇ ਰੰਗ ਵਿਚ ਰੰਗਣੀ ਸ਼ੁਰੂ ਹੋ ਜਾਂਦੀ ਹੈ। ਇਸ ਹਾਲਤ ਵਿਚ ਸੋਚਣ, ਸਮਝਣ, ਸੁਣਨ ਅਤੇ ਮੰਨਣ ਦਾ ਸਲੀਕਾ ਕਮਜ਼ੋਰ ਪੈਣਾ ਸ਼ੁਰੂ ਹੋ ਜਾਂਦਾ ਹੈ। ਸੋਚ ਦੇ ਬੌਣੇਪਨ ਦਾ ਇਸ ਤਰ੍ਹਾਂ ਸ਼ੁਰੂ ਹੋਇਆ ਵਰਤਾਰਾ ਧਰਮ ਨੂੰ ਪਹਿਲਾਂ ਅਧਿਆਤਮਕਤਾ ਨਾਲੋਂ ਤੋੜਦਾ ਹੈ ਅਤੇ ਫਿਰ ਹੌਲੀ ਹੌਲੀ ਧਰਮ ਦੀ ਸਿਆਸਤ ਨਾਲ ਸੰਤੁਸ਼ਟ ਹੋ ਜਾਂਦਾ ਹੈ।

ਇਸ ਹਾਲਤ ਵਿਚ ਧਰਮ ਨੂੰ ਬਾਣੀ ਰਾਹੀਂ ਸਮਝਣ ਦੀ ਥਾਂ, ਧਰਮੀ ਦੀ ਪਛਾਣ ਰਾਹੀਂ ਸਮਝਣ ਦਾ ਬੋਲਬਾਲਾ ਹੋ ਜਾਂਦਾ ਹੈ। ਧਰਮੀ ਦੀ ਅਸਫਲਤਾ ਨੂੰ ਧਰਮ ਦੀ ਅਸਫਲਤਾ ਸਮਝਣ ਨੂੰ ਧਰਮ ਦੀ ਸਿਆਸਤ ਕਹਿ ਰਿਹਾ ਹਾਂ। ਇਸ ਹਾਲਤ ਵਿਚ ਗੁਰਪੁਰਬ, ਇਕ ਪਾਸੇ ਜਨਮ ਦਿਨ ਵਾਂਗ ਮਨਾਏ ਜਾਣ ਲੱਗ ਪੈਂਦੇ ਹਨ ਤੇ ਦੂਜੇ ਪਾਸੇ ਮੇਲਿਆਂ ਵਾਂਗ ਮਨਾਏ ਜਾਣ ਲੱਗ ਪੈਂਦੇ ਹਨ। ਇਸ ਨਾਲ ਅਨਰੰਗੇ ਮਨ ਵਾਲਿਆਂ ਦੀ ਭੀੜ ਜਿਹੋ ਜਿਹੇ ਧਰਮ ਦਾ ਪ੍ਰਗਟਾਵਾ ਕਰਦੀ ਹੈ, ਉਸੇ ਤੋਂ ਮੁਕਤੀ ਦਿਵਾਉਣ ਦੀ ਤਕਨਾਲੋਜੀ ਦੀਆਂ ਮੁੱਦਈ ਹਨ, ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ। ਨਹੀਂ ਸਮਝਾਂਗੇ ਤਾਂ ਪਿਛਲਪੈਰੀਂ ਤੁਰਨ ਨਾਲ ਸੰਤੁਸ਼ਟ ਹੋਣ ਦਾ ਭਰਮ ਪਾਲ ਰਹੇ ਹੋਵਾਂਗੇ।

ਕਿਸੇ ਵੀ ਸਮਕਾਲ ਵਿਚ ਇਕ ਨਾਲੋਂ ਵੱਧ ਧਰਮ ਆਪੋ ਆਪਣੀ ਚਾਲੇ ਚੱਲਦੇ ਰਹਿੰਦੇ ਹਨ। ਇਸ ਧਾਰਮਿਕ ਵਰਤਾਰੇ ਨੂੰ ਸਮਝਣ ਲਈ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਇਕ ਪਰਮਾਤਮਾ ਤੱਕ ਪਹੁੰਚਣ ਦੇ ਵੱਖ ਵੱਖ ਮਾਰਗ ਹੀ ਵੱਖ ਵੱਖ ਧਰਮ ਕਹਾਉਂਦੇ ਰਹੇ ਹਨ। ਇਸ ਦੇ ਬਾਵਜੂਦ ਧਰਮਾਂ ਵਿਚਾਲੇ ਸਹਿਹੋਂਦ ਕਾਇਮ ਕਰਨ ਦਾ ਰਾਹ ਰੁਕਿਆ ਰਿਹਾ ਹੈ। ਫਿਰ ਵੀ ਮਾਨਵ ਚੇਤਨਾ ਦੀਆਂ ਅਹਿਮ ਉਡਾਰੀਆਂ ਦੇ ਸ੍ਰੋਤ ਧਰਮਾਂ ਦੇ ਧਰਮ ਗ੍ਰੰਥ ਪ੍ਰਵਾਨ ਕੀਤੇ ਜਾਂਦੇ ਰਹੇ ਹਨ। ਮੰਨਿਆ ਇਹੀ ਜਾਂਦਾ ਰਿਹਾ ਹੈ ਕਿ ਧਰਮ ਵਿਹੂਣੇ ਬੰਦੇ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਹਰ ਧਰਮ ਨੇ ਧਰਮੀਆਂ ਤੇ ਅਧਰਮੀਆਂ ਦੀਆਂ ਕੋਟੀਆਂ ਪੈਦਾ ਕੀਤੀਆਂ ਹੋਈਆਂ ਹਨ। ਇਸ ਵੰਡ ਦਾ ਆਧਾਰ ਆਸਥਾ ਨੂੰ ਮੰਨਿਆ ਜਾਂਦਾ ਰਿਹਾ ਹੈ। ਧਰਮ ਨੂੰ ਆਸਥਾ-ਧੜਿਆਂ ਜਾਂ ਆਸਥਾ-ਭਾਈਚਾਰਿਆਂ ਵਿਚਾਲੇ ਵੰਡਣ ਦੀਆਂ ਕੋਸ਼ਿਸ਼ਾਂ ਵੀ ਨਾਲੋ ਨਾਲ ਚੱਲਦੀਆਂ ਰਹੀਆਂ। ਇਸ ਸੁਰ 'ਚ ਧਾਰਮਿਕ ਦਾਅਵੇਦਾਰੀਆਂ ਆਪਸ ਵਿਚ ਟਕਰਾਉਂਦੀਆਂ ਵੀ ਰਹੀਆਂ ਹਨ।

ਧਰਮਾਂ ਵਿਚ ਪੈਦਾ ਹੋਣ ਵਾਲੇ ਟਕਰਾਵਾਂ ਨੂੰ ਸਬੰਧਤ ਧਰਮ ਦੇ ਸਿਧਾਂਤ ਅਤੇ ਰਹਿਤ ਨੂੰ ਲੈ ਕੇ ਪੈਦਾ ਹੁੰਦੀਆਂ ਰਹੀਆਂ ਦਾਅਵੇਦਾਰੀ ਕਹਿ ਸਕਦੇ ਹਾਂ। ਧਰਮ ਦੁਆਲੇ ਉਣੇ ਹੋਏ ਅਜਿਹੇ ਵਰਤਾਰਿਆਂ ਨੂੰ ਇਸਲਾਮ ਦੀ ਦ੍ਰਿਸ਼ਟੀ ਤੋਂ ਸ਼ੀਆ ਅਤੇ ਸੁੰਨੀਆਂ ਦੀ ਕੱਟੜ ਵੰਡ ਰਾਹੀਂ ਸਮਝਿਆ ਜਾ ਸਕਦਾ ਹੈ। ਇਹੀ ਵੰਡ ਹਿੰਦੂ ਧਰਮ ਵਿਚ ਜੋਗੀਆਂ, ਬੋਧੀਆਂ ਅਤੇ ਜੈਨੀਆਂ ਆਦਿ ਰਾਹੀਂ ਸਮਝੀ ਜਾ ਸਕਦੀ ਹੈ। ਇਸ ਸਥਿਤੀ ਵਿਚ ਪੈਦਾ ਹੋ ਰਹੀਆਂ ਦੁਸ਼ਵਾਰੀਆਂ ਵਿਚ ਵਾਧਾ ਸਬੰਧਤ ਧਰਮਾਂ ਦੀ ਸਿਆਸਤ ਵੀ ਕਰਦੀ ਰਹੀ ਹੈ। ਇਸ ਹਾਲਤ ਵਿਚ ਇਹ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਬਾਬੇ ਨਾਨਕ ਦੇ ਧਰਮ ਦੀ ਲੋੜ ਕਿਉਂ ਪਈ ਅਤੇ ਧਰਮਾਂ ਦੀ ਘੜਮੱਸ ਵਿਚ ਬਾਬੇ ਨਾਨਕ ਦਾ ਧਰਮ ਕਿਵੇਂ ਟਿਕਿਆ? ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਦੀ ਪੁਨਰ ਸੁਰਜੀਤੀ ਹੀ ਗੁਰੂ ਨਾਨਕ ਦੇਵ ਜੀ ਦਾ ਧਰਮ ਸੀ। ਧਰਮ ਸੰਸਥਾਪਕਾਂ ਬਾਰੇ ਇਸੇ ਪਰੰਪਰਕ ਪਹੁੰਚ ਨੂੰ ਮਾਨਤਾ ਭਾਈ ਗੁਰਦਾਸ ਨੇ 'ਗੁਰੂ ਨਾਨਕ ਜਗ ਮਹਿ ਪਠਾਇਆ' ਕਹਿ ਕੇ ਦਿੱਤੀ ਹੈ। ਇਸੇ ਦੀ ਪੁਸ਼ਟੀ ਸਿੱਖ ਸਾਹਿਤ ਰਾਹੀਂ ਲਗਾਤਾਰ ਹੁੰਦੀ ਰਹੀ ਹੈ। ਇਸੇ ਨੂੰ ਸਮਝਣ ਦਾ ਯਤਨ ਹੋਣਾ ਚਾਹੀਦਾ ਹੈ, ਕਿਉਂਕਿ ਇਹੀ ਧਾਰਮਿਕ ਪ੍ਰਸੰਗ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਿੱਖ ਧਰਮ ਵੀ ਆਮ ਧਰਮਾਂ ਜਿਹਾ ਇਕ ਧਰਮ ਹੀ ਹੈ? ਇਸ ਨਾਲ ਹੀ ਜੁੜਿਆ ਹੋਇਆ ਪ੍ਰਸ਼ਨ ਇਹ ਵੀ ਹੈ ਕਿ ਕੀ ਸਿੱਖ ਧਰਮ ਵਾਂਗ ਨਵੇਂ ਧਰਮ ਪੈਦਾ ਹੁੰਦੇ ਰਹਿਣੇ ਚਾਹੀਦੇ ਹਨ? ਇਸ ਨਾਲ ਜੁੜੀ ਹੋਈ ਇਹ ਟਿੱਪਣੀ ਪ੍ਰਾਪਤ ਹੈ, "ਜੋ ਜੋ ਹੋਤ ਭਇਓ ਜਗ ਸਿਆਣਾ ਤਿਨ ਤਿਨ ਆਪਣਾ ਪੰਥ ਚਲਾਣਾ।" ਇਸ ਨੂੰ ਸਮਝਣ ਲਈ ਇਹ ਸਮਝਣਾ ਪਵੇਗਾ ਕਿ ਧਰਮ ਅਤੇ ਡੇਰੇਦਾਰੀ ਵਿਚ ਫਰਕ ਹੈ। ਧਰਮ ਵਿਚ ਜੇ ਦੇਹੀ ਉਤਮਤਾ ਨੂੰ ਪਹਿਲ ਪ੍ਰਾਪਤ ਹੋ ਜਾਵੇ ਤਾਂ ਧਰਮ ਵੀ ਡੇਰੇਦਾਰੀ ਵਾਲੇ ਰਾਹ ਪੈ ਜਾਂਦਾ ਹੈ।

ਸੋ ਬਾਬੇ ਨਾਨਕ ਸਾਹਮਣੇ ਇਹ ਸਾਰੀਆਂ ਸਮੱਸਿਆਵਾਂ ਸਨ ਅਤੇ ਇਨ੍ਹਾਂ ਵਿਚ ਵਾਧਾ ਇਹ ਕਿ ਇਹ ਸਾਰਾ ਕੁਝ ਆਸਥਾ ਵਾਂਗ ਸ਼ਰਧਾ-ਮਾਨਸਿਕਤਾ ਵਿਚ ਟਿਕ ਗਿਆ ਹੋਇਆ ਸੀ। ਇਸ ਸਾਰੇ ਕੁਝ ਨੂੰ ਨਾਲ ਲੈ ਕੇ ਕਿਵੇਂ ਤੁਰਿਆ ਜਾਵੇ? ਇਸ ਬਾਰੇ ਬਾਬਾ ਨਾਨਕ ਲਗਾਤਾਰ ਸੋਚਦੇ ਰਹੇ ਸਨ। ਇਸ ਨਾਲ ਇਹ ਪਤਾ ਲੱਗਣ ਲੱਗ ਪਿਆ ਸੀ ਕਿ ਧਰਮ ਨੂੰ ਬੰਦੇ ਦੀ ਇਜਾਰੇਦਾਰੀ ਤੋਂ ਬਚਾ ਕੇ ਹੀ ਆਮ ਬੰਦੇ ਦਾ ਧਰਮ ਚਲਾਇਆ ਜਾ ਸਕਦਾ ਹੈ। ਸਿੱਖੀ ਵਿਚ ਇਸੇ ਨੂੰ ਸੰਗਤੀ-ਧਰਮ ਕਿਹਾ ਹੋਇਆ ਹੈ ਅਤੇ ਪ੍ਰਵਾਨ ਕਰਕੇ ਅਮਲ ਵਿਚ ਵੀ ਉਤਾਰਿਆ ਹੋਇਆ ਹੈ। ਇਹ ਗੱਲ ਦੂਰ ਤੱਕ ਜਾਂਦੀ ਸੀ ਅਤੇ ਅਵਤਾਰੀਕਰਣ ਨਾਲ ਟਕਰਾ ਵਿਚ ਵੀ ਆਉਂਦੀ ਸੀ। ਇਥੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਬਾਬਾ ਨਾਨਕ ਪ੍ਰਾਪਤ ਨਾਲ ਟਕਰਾ ਵਿਚ ਆ ਕੇ ਕੋਈ ਇਨਕਲਾਬ ਨਹੀਂ ਸਨ ਕਰਨਾ ਚਾਹੁੰਦੇ, ਜਿਵੇਂ ਕਿ ਅੱਜ ਕਲ ਕੁਝ ਲੋਕਾਂ ਨੂੰ ਲੱਗਣ ਲੱਗ ਪਿਆ ਹੈ। ਉਹ ਅਜਿਹੇ ਸੁਧਾਰਵਾਦੀ ਵੀ ਨਹੀਂ ਸਨ, ਜੋ ਪ੍ਰਾਪਤ ਦਾ ਮੂੰਹ ਮੱਥਾ ਸੁਆਰ ਕੇ ਡੇਰੇਦਾਰੀ ਸਥਾਪਤ ਕਰਨਾ ਚਾਹੁੰਦੇ ਹੋਣ। ਉਨ੍ਹਾਂ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਜਿਹੋ ਜਿਹਾ ਵਰਤਾਰਾ ਧਰਮ ਦੇ ਨਾਂ 'ਤੇ ਨਜ਼ਰ ਆ ਰਿਹਾ ਹੈ, ਉਸ ਨਾਲ ਤਾਂ ਭਰਮ ਮੂਲਕ ਕਰਮਾਂ ਅਤੇ ਅਗਿਆਨ ਕਲਪਿਤ ਬੰਧਨਾਂ ਨੂੰ ਹੀ ਧਰਮ ਸਮਝਿਆ ਜਾਣ ਲੱਗ ਪਿਆ ਹੈ। ਇਹ ਸਥਿਤੀ ਧਰਮ ਵਿਚੋਂ ਧਰਮ ਦੇ ਮਨਫੀ ਹੋ ਜਾਣ ਦੀ ਹੈ। ਇਸ ਦੀ ਜ਼ਿੰਮੇਵਾਰੀ ਧਰਮੀਆਂ ਨਾਲੋਂ ਵੱਧ ਧਾਰਮਿਕ ਆਗੂਆਂ ਦੀ ਹੁੰਦੀ ਹੈ। ਇਸ ਵਿਚ ਸੰਭਵ ਬਦਲਾਓ ਸ਼ਰਧਾਵਾਨ ਦੇ ਮਾਨਸਿਕ ਪਰਿਵਰਤਨ ਨਾਲ ਹੀ ਆ ਸਕਦਾ ਹੈ। ਇਸ ਦੀ ਸ਼ੁਰੂਆਤ ਉਨ੍ਹਾਂ ਨੇ ਇਹ ਕਹਿ ਕੇ ਕੀਤੀ ਸੀ ਕਿ ਧਰਮੀ ਹੋਣ ਵਾਸਤੇ ਧਰਮ ਨੂੰ ਧਾਰਨ ਕੀਤੇ ਜਾਣ ਦੀ ਲੋੜ ਹੈ। ਇਸੇ ਨੂੰ ਹੋਰ ਧਰਮਾਂ ਵਾਲਿਆਂ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਕਿਹਾ ਸੀ ਕਿ ਆਪਣੇ ਆਪਣੇ ਧਰਮ ਨਾਲ ਨਿਭਦਿਆਂ ਵੀ ਧਾਰਮਿਕ ਆਸਥਾ ਨੂੰ ਧਾਰਮਿਕ ਨੈਤਿਕਤਾ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਸਭ ਨੂੰ ਨਾਲ ਲੈ ਕੇ ਤੁਰਨ ਦੀ ਇਸ ਖੁੱਲ੍ਹੀ ਪਹੁੰਚ ਨੇ ਹੀ ਉਨ੍ਹਾਂ ਨੂੰ 'ਜਗਤ ਗੁਰ ਬਾਬਾ' ਬਣਾ ਦਿੱਤਾ ਹੈ। ਉਨ੍ਹਾਂ ਦੀ ਇਹ ਪਛਾਣ ਉਨ੍ਹਾਂ ਦੀ ਇਤਿਹਾਸਕਤਾ ਕਰਕੇ ਨਹੀਂ ਬਣੀ ਹੋਈ, ਉਨ੍ਹਾਂ ਦੀ ਬਾਣੀ ਕਰਕੇ ਬਣੀ ਹੋਈ ਹੈ। ਬਾਬਾ ਨਾਨਕ ਜੀ ਨੂੰ ਉਨ੍ਹਾਂ ਦੇ ਰੰਗ ਵਿਚ ਉਨ੍ਹਾਂ ਦੀ ਬਾਣੀ ਰਾਹੀਂ ਹੀ ਸਮਝਿਆ ਅਤੇ ਸੰਭਾਲਿਆ ਜਾ ਸਕਦਾ ਹੈ। ਉਨ੍ਹਾਂ ਨੇ ਲੈਣ ਯੋਗ ਨੂੰ ਜਿਥੋਂ ਵੀ ਮਿਲਿਆ ਲੈ ਲਿਆ ਸੀ ਅਤੇ ਛੱਡਣ ਯੋਗ ਨੂੰ ਜਿਥੇ ਵੀ ਲੋੜ ਪਈ, ਦਿੱਭ ਲੋੜ ਵਾਂਗ ਛੱਡ ਦਿੱਤਾ ਸੀ। ਇਸੇ ਦੀ ਪੁਨਰ ਸੁਰਜੀਤੀ ਕਰਦੇ ਰਹਿਣ ਦੀ ਆਸ ਉਨ੍ਹਾਂ ਨੇ ਆਪਣੇ ਨਾਮ ਲੇਵਿਆਂ ਤੋਂ ਕੀਤੀ ਹੋਈ ਹੈ। ਉਨ੍ਹਾਂ ਦਾ 550ਵਾਂ ਗੁਰਪੁਰਬ ਇਸੇ ਸੇਧ ਵਿਚ ਮਨਾਏ ਜਾਣ ਦੀ ਲੋੜ ਹੈ।

ਇਸ ਪਾਸੇ ਤੁਰਨ ਲਈ ਧਿਆਨ 'ਚ ਰੱਖਣਾ ਪਵੇਗਾ ਕਿ ਉਨ੍ਹਾਂ ਦੀ ਬਾਣੀ, ਉਨ੍ਹਾਂ ਵੱਲੋਂ ਸਥਾਪਤ ਸ਼ਬਦ-ਗੁਰੂ ਦੀ ਸਿਧਾਂਤਕਤਾ ਦੀ ਧਰੋਹਰ ਹੈ ਅਤੇ ਇਸ ਨੂੰ ਕਿਸੇ ਇਕ ਪ੍ਰਗਟਾ ਮਾਧਿਅਮ ਵਾਂਗ ਮੰਡੀਕਰਣ ਦਾ ਸ਼ਿਕਾਰ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾਂ ਦੀ ਬਾਣੀ ਨੂੰ ਪੂਜਕ ਪਵਿੱਤਰਤਾ ਦੇ ਸ਼ਿਕੰਜੇ ਵਿਚ ਕੱਸਣ ਦੀ ਥਾਂ ਅਜਿਹੇ ਪ੍ਰਾਪਤ ਮਾਧਿਅਮਾਂ ਨਾਲ ਜੋੜੇ ਜਾਣ ਦੀ ਲੋੜ ਹੈ, ਜੋ ਸਮਝ ਤੇ ਅਮਲ ਨੂੰ ਪ੍ਰਚੰਡ ਕਰਨ ਦੀ ਭੂਮਿਕਾ ਨਿਭਾ ਸਕਦੇ ਹਨ। ਬਾਬੇ ਨਾਨਕ ਦਾ ਇਹ ਗਾਡੀ ਰਾਹ ਧਾਰਮਿਕ ਨੈਤਿਕਤਾ ਦਾ ਰਾਹ ਹੈ ਅਤੇ ਇਸ ਵਿਚੋਂ ਉਨ੍ਹਾਂ ਦੀ ਨਿਆਰੀ ਲੀਲ੍ਹਾ ਦੇ ਦੀਦਾਰੇ ਹੋ ਸਕਦੇ ਹਨ। ਇਹੀ ਬਖਸ਼ਿਸ਼ ਦਾ ਦਰ ਵੀ ਹੈ ਅਤੇ ਘਰ ਵੀ ਹੈ। ਬਾਬੇ ਨਾਨਕ ਦੇ ਇਸ ਧਰਮ ਨੂੰ ਪ੍ਰੋ. ਪੂਰਨ ਸਿੰਘ ਨੇ ਇਸ ਤਰ੍ਹਾਂ ਸਭ ਨਾਲ ਸਾਂਝਾ ਕੀਤਾ ਹੋਇਆ ਹੈ,

ਬਖਸ਼ਿਸ਼ ਦੇ ਇਸ ਘਰ ਵਿਚ,
ਪੁੰਨੀ ਪਾਪੀ ਇਕ ਸਮਾਨ।
ਸਭ ਦਾ ਹੋਵੇ ਸੁਆਗਤ ਇਥੇ,
ਇਥੇ ਸਭ ਰੱਬ ਦੇ ਮਹਿਮਾਨ।
ਸੰਤ ਅਸੰਤ ਵਿਚ ਨਹੀਂ ਕੋਈ ਅੰਤਰ।
ਇਥੇ ਰੱਬੀ ਪ੍ਰੇਮ ਦੀਆਂ
ਦਾਤਾਂ ਵੰਡੀਆਂ ਜਾਂਦੀਆਂ
ਇਥੋਂ ਕਵਿਤਾ ਮਿਲਦੀ, ਕਲਾ ਵੀ ਮਿਲਦੀ,
ਮਿਲਦਾ ਧਰਮ ਆਚਾਰ।

***ਬਾਬਾ ਨਾਨਕ, ਧਰਮ ਦੇ ਨਾਂ 'ਤੇ ਕਿਸੇ ਕਿਸਮ ਦੀ ਦੁਕਾਨਦਾਰੀ ਚਲਾਏ ਜਾਣ ਦੇ ਵਿਰੁਧ ਸਨ। ਉਹ ਨਹੀਂ ਸਨ ਚਾਹੁੰਦੇ ਕਿ ਬੰਦੇ ਨੂੰ ਬੰਦੇ ਦੀ ਕਿਸੇ ਕਿਸਮ ਦੀ ਮੁਥਾਜੀ ਦਾ ਸ਼ਿਕਾਰ ਹੋਣਾ ਪਵੇ। ਬੰਦਾ ਜਦੋਂ ਜਗਿਆਸਾ ਦੇ ਰੋਹੜ ਵਿਚ ਸੌਖੀਆਂ ਪ੍ਰਾਪਤੀਆਂ ਦੇ ਲਾਲਚ ਵਿਚ ਫਸਦਾ ਹੈ ਤਾਂ ਉਹ ਬਿਨਾ ਜਾਣੇ ਆਪਣੇ ਖਿਲਾਫ ਆਪ ਹੀ ਭੁਗਤਣਾ ਸ਼ੁਰੂ ਕਰ ਦਿੰਦਾ ਹੈ। ਇਸੇ ਵਿਚੋਂ ਧਾਰਮਿਕ ਡੇਰੇਦਾਰੀਆਂ ਪੈਦਾ ਹੁੰਦੀਆਂ ਰਹੀਆਂ ਹਨ। ਇਹੀ ਅੱਜ ਕਲ ਸਿਆਸੀ ਡੇਰੇਦਾਰੀਆਂ ਹੋ ਗਈਆਂ ਹਨ। ਧਰਮ ਦੇ ਨਾਂ 'ਤੇ ਵੰਡੀਆਂ ਕਿਸੇ ਵੀ ਕਿਸਮ ਦੀ ਡੇਰੇਦਾਰੀ ਦੀ ਲੋੜ ਹੁੰਦੀਆਂ ਹਨ। ਸਿੱਖਿਆ ਦੀ ਥਾਂ, ਕਿਸੇ ਵਿਅਕਤੀ ਵਿਸ਼ੇਸ਼ ਦੇ ਚਰਨਾਂ ਨਾਲ ਜੁੜਨ ਦਾ ਸੁਭਾਅ ਇਥੋਂ ਹੀ ਸ਼ੁਰੂ ਹੁੰਦਾ ਹੈ। ਇਹਦੇ ਨਾਲ ਧਰਮ ਵਿਚ ਪੱਕਾ ਹੋਣ ਦਾ ਬਦਲ, ਧਾਰਮਿਕ ਕੱਟੜਤਾ ਹੋ ਜਾਂਦੀ ਹੈ। ਇਸੇ ਵਿਚੋਂ ਨਿਕਲ ਕੇ ਜਿਉਣ ਦਾ ਰਾਹ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਸੀ।***

# ਕੀਰਤਨ

ਕੀਰਤਨ ਜਾਂ ਕੀਰਤੀ ਤੋਂ ਭਾਵ ਹੈ, ਰੱਬ ਦੇ ਸ਼ੁਕਰਾਨੇ ਵਿਚ ਸਮਰਪਿਤ ਹੋਣਾ। ਹਰ ਹਾਲਾਤ ਵਿਚ ਰੱਬ ਦਾ ਗੁਣਗਾਨ ਕਰਨਾ। ਗੁਣਗਾਨ ਮਤਲਬ ਰੱਬ ਦੇ ਸ਼ੁਕਰਾਨੇ ਵਿਚ ਜਿਸ ਤਰੀਕੇ ਨਾਲ ਵੀ ਰੱਬ ਨਾਲ ਜੋ ਗੱਲਬਾਤ ਕੀਤੀ ਜਾਂਦੀ ਹੈ, ਉਸ ਨੂੰ ਕੀਰਤਨ ਕਿਹਾ ਗਿਆ ਹੈ। ਚੁਪ ਰਹਿ ਕੇ ਵੀ ਰੱਬ ਨਾਲ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ, ਉਸ ਨੂੰ ਵੀ ਕੀਰਤਨ ਜਾਂ ਕੀਰਤੀ ਕਿਹਾ ਗਿਆ ਹੈ। ਗੁਰੂ ਜੀ ਨੇ ਅਕਾਲ ਪੁਰਖ ਦੀ ਜੋ ਵੀ ਸਿਫਤਿ ਸਾਲਾਹ ਕੀਤੀ ਹੈ

ਸੁਖਦੇਵ ਸਿੰਘ
ਫੋਨ: 91-94171-91916

ਅਤੇ ਅਕਾਲ ਪੁਰਖ ਦਾ ਜੋ ਸ਼ੁਕਰਾਨਾ ਕੀਤਾ ਹੈ, ਉਸ ਨੂੰ ਹੀ ਗੁਰਬਾਣੀ ਕਿਹਾ ਜਾਂਦਾ ਹੈ। ਗੁਰਬਾਣੀ ਸਾਨੂੰ ਇੱਕ ਸੱਚਾ ਸੁੱਚਾ ਜੀਵਨ ਜਿਉਣ ਦੀ ਸੇਧ ਦਿੰਦੀ ਹੈ।

ਕੀਰਤਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ। ਮੇਰੀ ਤੁੱਛ ਬੁੱਧੀ ਅਨੁਸਾਰ ਉਥੇ ਵੀ ਸ਼ਬਦ ਦਾ ਭਾਵ ਅਰਥ ਸ਼ੁਕਰਾਨਾ ਹੀ ਹੈ। ਸਹੀ ਅਰਥਾਂ ਵਿਚ ਸ਼ੁਕਰਾਨਾ ਤਾਂ ਹੀ ਹੋ ਸਕਦਾ ਹੈ, ਜੇ ਅਸੀਂ ਮਾਨਸਿਕ ਅਤੇ ਆਤਮਕ ਤੌਰ 'ਤੇ ਸੰਪੂਰਨ ਸੰਤੁਸ਼ਟ ਹੋਈਏ ਅਤੇ ਸਾਨੂੰ ਕਿਸੇ ਵੀ ਤਰ੍ਹਾਂ ਦਾ ਕਿੰਤੂ ਨਾ ਹੋਵੇ। ਪਹਿਲਾਂ ਇਸ ਸਟੇਜ ਦਾ ਆਉਣਾ ਜਰੂਰੀ ਹੈ ਤਾਂ ਹੀ ਰੱਬ ਦਾ ਦਿਲੋਂ ਧੰਨਵਾਦ ਕਰ ਸਕਾਂਗੇ, ਜਿਸ ਨੂੰ ਕੀਰਤਨ ਕਿਹਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 923 ਤੋਂ ਤਾਂ ਗੱਲ ਹੋਰ ਵੀ ਸਾਫ ਹੋ ਜਾਂਦੀ ਹੈ, ਜਿਥੇ ਲਿਖਿਆ ਹੈ, "ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥" ਭਾਵ ਮੌਤ ਆਈ 'ਤੇ ਵੀ ਰੱਬ ਦਾ ਸ਼ੁਕਰਾਨਾ ਹੀ ਕਰਨਾ ਹੈ।

ਗੁਰਬਾਣੀ ਵਿਚ ਜੋ ਵੀ ਕਿਹਾ ਗਿਆ ਹੈ, ਉਹ ਸੰਸਾਰ ਦੇ ਹਰ ਇਨਸਾਨ 'ਤੇ ਲਾਗੂ ਹੁੰਦਾ ਹੈ ਅਤੇ ਉਸ ਨੇ ਉਹ ਆਪ ਕਰਨਾ ਹੈ। ਜੋ ਵੀ ਸ਼ੁਕਰਾਨਾ (ਕੀਰਤਨ) ਕਰੇਗਾ, ਉਸ ਦੇ ਹਾਰਮੋਨ ਬਦਲਣਗੇ ਅਤੇ ਉਨ੍ਹਾਂ ਦਾ ਲਾਭ ਉਸ ਵਿਅਕਤੀ ਨੂੰ ਹੀ ਹੋ ਸਕੇਗਾ, ਦੂਜੇ ਨੂੰ ਨਹੀਂ। ਜੇ ਅਸੀਂ ਕੀਰਤਨ ਨੂੰ ਗਾਉਣ ਵਜੋਂ ਲਵਾਂਗੇ ਤਾਂ ਹਰ ਵਿਅਕਤੀ ਇਸ ਕ੍ਰਿਆ ਲਈ ਅੱਗੇ ਨਹੀਂ ਆਏਗਾ ਕਿਉਂਕਿ ਜਰੂਰੀ ਨਹੀਂ ਉਸ ਦੇ ਗਲੇ ਵਿਚ ਰਸ ਹੋਵੇ। ਜਰੂਰੀ ਨਹੀਂ ਉਸ ਨੂੰ ਸੰਗੀਤ ਦਾ ਅਭਿਆਸ ਹੋਵੇ। ਵੈਸੇ ਵੀ ਬਹੁਤ ਘੱਟ ਬੰਦੇ ਇਕੱਠ ਵਿਚ ਗਾ ਸਕਦੇ ਹਨ। ਉਹ ਤਾਂ ਫਿਰ ਰੱਬ ਦੀ ਕੀਰਤੀ (ਕੀਰਤਨ) ਨਹੀਂ ਕਰ ਸਕਣਗੇ। ਬੰਦਾ ਸ਼ੁਕਰਾਨੇ ਦੇ ਸ਼ਬਦ ਜਾਂ ਰੱਬ ਨਾਲ ਗੱਲਾਂ ਤਾਂ ਕਰ ਹੀ ਸਕਦਾ ਹੈ ਅਤੇ ਕਿਤੇ ਵੀ ਬੈਠ ਕੇ ਕਰ ਸਕਦਾ ਹੈ। ਇਕੱਲੇ ਬੈਠੇ ਵੀ ਹੋ ਸਕਦਾ ਹੈ। ਦੇਖਣਾ ਇਹ ਹੋਵੇਗਾ ਕਿ ਸ਼ੁਕਰਾਨਾ ਦਿਲ ਦੀ ਕਿੰਨੀ ਗਹਿਰਾਈ ਤੋਂ ਆ ਰਿਹਾ ਹੈ।

ਜਦ ਵੀ ਕਿਸੇ ਦੀ ਸਿਫਤਿ ਸਾਲਾਹ ਕਰਾਂਗੇ ਤਾਂ ਉਸ ਨੂੰ ਹਰ ਪੱਖੋਂ ਆਪਣੇ ਆਪ ਤੋਂ ਚੰਗਾ ਮੰਨਣਾ ਪਵੇਗਾ, ਨਹੀਂ ਤਾਂ ਧੰਨਵਾਦੀ ਬਿਰਤੀ ਹੀ ਨਹੀਂ ਬਣ ਸਕੇਗੀ। ਕਿਸੇ ਹੋਰ ਨੂੰ ਚੰਗਾ ਕਿਹਾ ਸੁਣਨਾ ਔਖਾ ਹੈ। ਕਿਸੇ ਹੋਰ ਨੂੰ ਚੰਗਾ ਕਹਿਣਾ ਤਾਂ ਹੋਰ ਵੀ ਔਖਾ ਹੈ। ਮੈਨੂੰ ਸਮਝ ਨਹੀਂ ਆ ਰਹੀ ਕਿ ਬਾਬਾ ਫਰੀਦ ਜੀ ਜਦ ਕਹਿ ਰਹੇ ਹਨ 'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ' ਤਾਂ ਉਨ੍ਹਾਂ ਦਾ ਦਿਲ ਕਿੰਨਾ ਵਿਸ਼ਾਲ ਹੋਵੇਗਾ, ਕਿਉਂਕਿ ਅੱਜ ਤਾਂ ਦੇਖਣ ਨੂੰ ਇਹ ਹੀ ਮਿਲਦਾ ਹੈ ਕਿ ਸੰਸਾਰ ਵਿਚ ਚੰਗਾ ਤਾਂ ਸਿਰਫ 'ਮੈਂ' ਹੀ ਹਾਂ, ਬਾਕੀ ਸਾਰੇ ਤਾਂ ਬੁਰੇ ਹੀ ਨਜ਼ਰ ਆਉਂਦੇ ਹਨ। ਸਾਨੂੰ ਤਾਂ ਰੱਬ ਦੀ ਵੀ ਆਪਣੇ ਮੂੰਹੋਂ ਸਿਫਤਿ ਸਾਲਾਹ ਕਰਨੀ ਔਖੀ ਲੱਗੀ ਅਤੇ ਅਸੀਂ ਰੱਬ ਦੀ ਕੀਰਤੀ (ਕੀਰਤਨ) ਲਈ ਵੀ ਵੱਖਰੇ ਤੌਰ 'ਤੇ ਬੰਦੇ ਰੱਖ ਲਏ।

ਗੁਰਬਾਣੀ ਪੜ੍ਹਨ ਤੇ ਵਿਚਾਰਨ ਤੇ ਉਸ 'ਤੇ ਅਮਲ ਕਰਨ ਵਾਲੇ ਨੂੰ ਹੀ ਲਾਭ ਮਿਲ ਸਕਦਾ ਹੈ, ਦੂਜੇ ਨੂੰ ਨਹੀਂ। ਅਸੀਂ ਭੁਲੇਖਾ ਪਾਲ ਰਹੇ ਹਾਂ ਕਿ ਅਸੀਂ ਪੈਸੇ ਖਰਚ ਕੇ (ਆਪ ਮਿਹਨਤ ਨਾ ਕਰਕੇ) ਲਾਭ ਲੈ ਸਕਦੇ ਹਾਂ, ਜੋ ਸੰਭਵ ਨਹੀਂ ਹੈ।


ਜੇ ਪ੍ਰਚਲਿਤ ਕੀਰਤਨ ਨੂੰ ਮੰਨ ਲਿਆ ਜਾਵੇ ਤਾਂ ਭਾਵ ਇਹ ਹੋਇਆ ਕਿ ਇਕੱਲਾ ਵਿਅਕਤੀ ਤਾਂ ਫਿਰ ਸ਼ੁਕਰਾਨਾ (ਕੀਰਤਨ) ਕਰ ਹੀ ਨਹੀਂ ਸਕਦਾ। ਦੂਜੇ ਪਾਸੇ ਅਸੀਂ ਕਹਿ ਰਹੇ ਹਾਂ ਕਿ ਗੁਰਬਾਣੀ ਹਰ ਬੰਦੇ 'ਤੇ ਲਾਗੂ ਹੈ। ਹਰ ਥਾਂ ਲਾਗੂ ਹੈ। ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਜੇ ਤੁਸੀਂ ਥੋੜ੍ਹਾ ਬਹੁਤ ਇਸ ਨੁਕਤੇ 'ਤੇ ਸਹਿਮਤ ਹੋ ਤਾਂ ਫਿਰ ਸਾਨੂੰ ਅੰਦਰੋਂ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ ਠੀਕ ਰਸਤੇ 'ਤੇ ਚੱਲ ਰਹੇ ਹਾਂ?

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-9

# ਹਿੰਦੂ ਏਕਿਆ ਵੇਦੀ ਦੀ ਅਸਲ ਸਿਆਸਤ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਵਾਲੰਟੀਅਰ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਇਸ ਕਿਸ਼ਤ ਵਿਚ ਕੇਰਲਾ ਵਿਚ ਆਰ. ਐਸ. ਐਸ. ਦੇ ਪੈਰ ਜਮਾਉਣ ਵਾਲੀ ਜਥੇਬੰਦੀ ਹਿੰਦੂ ਏਕਿਆ ਵੇਦੀ ਦੀ ਪੈਦਾਇਸ਼ ਅਤੇ ਕਾਰਿਆਂ ਬਾਰੇ ਖੁਲਾਸੇ ਕੀਤੇ ਗਏ ਹਨ। -ਸੰਪਾਦਕ***

## ਹਿੰਦੂਤਵੀ ਲਸ਼ਕਰ



ਧੀਰੇਂਦਰ ਕੁਮਾਰ ਝਾਅ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜੇ ਇੰਨੇ ਸਾਲ ਕਿਸੇ ਮੁੱਦੇ ਨੇ ਹਿੰਦੂ ਏਕਿਆ ਵੇਦੀ ਨੂੰ ਰੁਝੇਵਾਂ ਮੁਹੱਈਆ ਕਰੀ ਰੱਖਿਆ, ਤਾਂ ਇਹ ਕੇਰਲਾ ਦੇ ਮੰਦਿਰਾਂ ਨੂੰ ਦੇਵਾਸਵੌਮ ਬੋਰਡ ਤੋਂ ਆਜ਼ਾਦ ਕਰਵਾਉਣ ਦੀ ਆਰ. ਐਸ. ਐਸ. ਦੀ ਮੰਗ ਸੀ। ਇਹ ਬੋਰਡ ਖੁਦਮੁਖਤਾਰ ਸੰਸਥਾ ਹੈ, ਜੋ ਸੂਬੇ ਦੇ 3000 ਮੰਦਿਰਾਂ ਦਾ ਪ੍ਰਬੰਧ ਚਲਾਉਂਦਾ ਹੈ। ਅਜਿਹੇ ਕੁੱਲ ਚਾਰ ਬੋਰਡ ਹਨ। ਇਕ ਗੁਰੂਵਾਯੂਰ ਮੰਦਿਰ ਲਈ ਅਤੇ ਇਕ-ਇਕ ਟਰਾਵਨਕੋਰ, ਮਾਲਾਬਾਰ ਅਤੇ ਕੋਚੀ ਦੇ ਮੰਦਿਰਾਂ ਲਈ। ਮਾਲਾਬਾਰ ਦਾ ਦੇਵਾਸਵੌਮ ਬੋਰਡ 1337 ਮੰਦਿਰਾਂ ਦਾ ਪ੍ਰਬੰਧ ਦੇਖਦਾ ਹੈ। ਟਰਾਵਨਕੋਰ ਦੇਵਾਸਵੌਮ ਬੋਰਡ 1240 ਅਤੇ ਕੋਚੀਨ (ਕੋਚੀ) ਦੇਵਾਸਵੌਮ ਬੋਰਡ 403 ਮੰਦਿਰਾਂ ਦਾ ਪ੍ਰਬੰਧ ਦੇਖਦਾ ਹੈ। ਇਹ ਬੋਰਡ ਵਿਸ਼ੇਸ਼ ਸੰਵਿਧਾਨਕ ਕਾਨੂੰਨਾਂ ਰਾਹੀਂ ਚਲਾਏ ਜਾਂਦੇ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਆਪਣੇ ਇਤਿਹਾਸਕ ਹਾਲਾਤ ਰਾਹੀ ਹੋਂਦ ਵਿਚ ਆਏ ਸਨ। ਇਨ੍ਹਾਂ ਬੋਰਡਾਂ ਵਿਚ ਮੁਲਾਜ਼ਮਾਂ ਦੀ ਭਰਤੀ ਲਈ ਵਿਸ਼ੇਸ਼ ਨਿਯਮ ਵੀ ਬਣਾਏ ਗਏ ਹਨ, ਜਿਨ੍ਹਾਂ ਦੀ ਨਿਗਰਾਨੀ ਕੇਰਲਾ ਸਰਕਾਰ ਕਰਦੀ ਹੈ।

ਆਰ. ਐਸ. ਐਸ. ਅਤੇ ਹਿੰਦੂ ਏਕਿਆ ਵੇਦੀ ਦੀ ਦਲੀਲ ਹੈ ਕਿ ਜਿਵੇਂ ਇਸਾਈ ਅਤੇ ਮੁਸਲਿਮ ਧਰਮ ਸਥਾਨ ਉਨ੍ਹਾਂ ਦੇ ਭਾਈਚਾਰੇ ਵਲੋਂ ਚਲਾਏ ਜਾਂਦੇ ਹਨ, ਉਸੇ ਤਰ੍ਹਾਂ ਮੰਦਿਰਾਂ ਦਾ ਪ੍ਰਬੰਧ ਵੀ ਹਿੰਦੂ ਸ਼ਰਧਾਲੂਆਂ ਦੇ ਹਵਾਲੇ ਕੀਤਾ ਜਾਵੇ। ਉਹ ਇਹ ਨਹੀਂ ਚਾਹੁੰਦੇ ਕਿ ਦੇਵਾਸਵੌਮ ਬੋਰਡ ਉਨ੍ਹਾਂ ਦੇ ਪ੍ਰਬੰਧ ਵਿਚ ਕੋਈ ਭੂਮਿਕਾ ਨਿਭਾਉਣ। ਉਹ ਇਹ ਦਾਅਵਾ ਵੀ ਕਰਦੇ ਹਨ ਕਿ ਮੰਦਿਰਾਂ ਦੀ ਆਮਦਨ ਸਰਕਾਰੀ ਖਜ਼ਾਨੇ ਵਿਚ ਜਮਾਂ ਹੁੰਦੀ ਹੈ, ਜੋ ਘੱਟ ਗਿਣਤੀਆਂ ਦੀ ਭਲਾਈ ਲਈ ਵਰਤੀ ਜਾਂਦੀ ਹੈ; ਜਦਕਿ ਸੱਚਾਈ ਇਹ ਹੈ ਕਿ ਦੇਵਾਸਵੌਮ ਬੋਰਡਾਂ ਦੀ ਆਮਦਨ (ਜੋ ਖੁਦਮੁਖਤਾਰ ਸੰਸਥਾਵਾਂ ਹਨ) ਕਿਸੇ ਹੋਰ ਪਾਸੇ ਲਾਉਣ ਦੀ ਥਾਂ ਸਰਕਾਰ ਨੂੰ ਜ਼ਿੰਮਾ ਲੈ ਕੇ ਕਰੋੜਾਂ ਰੁਪਿਆ ਮੰਦਿਰਾਂ ਦੇ ਠੀਕ ਇੰਤਜ਼ਾਮਾਂ ਲਈ ਆਪਣੇ ਖਜਾਨੇ ਵਿਚੋਂ ਖਰਚ ਕਰਨਾ ਪੈਂਦਾ ਹੈ। ਕੇਰਲਾ ਦੇ ਮੰਦਿਰਾਂ ਵਿਚ ਚਰਚਾ ਅਤੇ ਮਸਜਿਦਾਂ ਦੇ ਮੁਕਾਬਲੇ ਵੱਡੇ ਚੜ੍ਹਾਵੇ ਚੜ੍ਹਦੇ ਹਨ, ਇਸ ਲਈ ਇਨ੍ਹਾਂ ਦੇ ਸੁੱਚੱਜੇ ਇੰਤਜ਼ਾਮ ਤੇ ਵਰਤੋਂ ਲਈ ਜ਼ਿੰਮੇਵਾਰ ਪ੍ਰਬੰਧਕੀ ਢਾਂਚੇ ਦੀ ਲੋੜ ਹੈ। ਇਹ ਪੱਖ ਹਿੰਦੂ ਏਕਿਆ ਵੇਦੀ ਦੇ ਆਗੂ ਨਹੀਂ ਮੰਨਦੇ। ਉਹ ਇਹ ਗੱਲ ਉਛਾਲਦੇ ਹਨ ਕਿ ਪਹਿਲਾਂ ਤਾਂ ਸਰਕਾਰ ਇਨ੍ਹਾਂ ਮੰਦਿਰਾਂ ਦੇ ਪ੍ਰਬੰਧ ਨੂੰ ਦੇਵਾਸਵੌਮ ਬੋਰਡਾਂ ਰਾਹੀਂ ਆਪਣੇ ਕਬਜ਼ੇ ਵਿਚ ਰੱਖਦੀ ਹੈ; ਦੂਜਾ, ਇਸ ਵਲੋਂ ਲਾਗੂ ਕੀਤੀ ਕਾਨੂੰਨ-ਵਿਵਸਥਾ ਹਿੰਦੂ ਸ਼ਰਧਾਲੂਆਂ, ਜੋ ਮੁੱਖ ਦਾਨੀ ਹਨ, ਨੂੰ ਮੰਦਿਰਾਂ ਦੇ ਪ੍ਰਬੰਧ ਵਿਚ ਬਣਦੀ ਹਿੱਸੇਦਾਰੀ ਹਾਸਲ ਕਰਨ ਦੇ ਰਾਹ ਵਿਚ ਰੋੜਾ ਸਾਬਤ ਹੁੰਦੀ ਹੈ।

ਹਿੰਦੂ ਏਕਿਆ ਵੇਦੀ ਨੇ ਬਹੁਤ ਸਾਰੇ ਧਰਨੇ ਮੁਜਾਹਰੇ ਕੀਤੇ, ਅਦਾਲਤਾਂ ਵਿਚ ਮੁਕੱਦਮੇ ਕੀਤੇ ਅਤੇ ਸਰਕਾਰ 'ਤੇ ਦਬਾਉ ਪਾਉਣ ਲਈ ਹਿੰਦੂ ਜਥੇਬੰਦੀਆਂ ਨੂੰ ਲਾਮਬੰਦ ਕਰਨ ਲਈ ਮੁਹਿੰਮਾਂ ਚਲਾਈਆਂ। ਸ਼ਾਇਦ ਮੁਲਕ ਵਿਚ ਹੋਰ ਕਿਤੇ ਵੀ ਮੰਦਿਰ ਆਰ. ਐਸ. ਐਸ. ਦੀ ਸਿਆਸੀ ਯੁੱਧਨੀਤੀ ਨਾਲ ਇੰਨਾ ਗਹਿਗੱਚ ਹੋ ਕੇ ਨਹੀਂ ਜੁੜੇ ਹੋਏ, ਜਿੰਨਾ ਕੇਰਲਾ ਵਿਚ। ਮੰਦਿਰ ਅਮੀਰ ਹਨ ਅਤੇ ਵੱਡੀ ਗਿਣਤੀ ਸ਼ਰਧਾਲੂ ਰੋਜ਼ਾਨਾ ਮੰਦਿਰਾਂ ਵਿਚ ਆਉਂਦੇ ਹਨ। ਇਸ ਲਈ ਸੰਘ ਦੀਆਂ ਫਰੰਟ ਜਥੇਬੰਦੀਆਂ ਲਈ ਕੇਰਲਾ ਵਿਚ ਸਿਆਸਤ ਵਿਚ ਕੁੱਦਣ ਲਈ ਸਭ ਤੋਂ ਢੁਕਵਾਂ ਮੰਚ ਹਨ।

ਆਰ. ਐਸ. ਐਸ. 1940 ਤੋਂ ਹੀ ਕੇਰਲਾ ਦੇ ਮੰਦਿਰਾਂ ਦੇ ਪ੍ਰਬੰਧ ਵਿਚ ਦਖਲ ਵਧਾਉਣ ਲਈ ਸਿਰਤੋੜ ਯਤਨ ਕਰਦਾ ਰਿਹਾ ਹੈ। ਦੇਵਾਸਵੌਮ ਬੋਰਡ ਉਸ ਦੀ ਪਹੁੰਚ ਤੋਂ ਬਾਹਰ ਹਨ ਅਤੇ ਇਸ ਦੇ ਪ੍ਰਾਜੈਕਟ ਦੇ ਰਾਹ ਵਿਚ ਅੜਿੱਕਾ ਹਨ। ਆਰ. ਐਸ. ਐਸ. ਅਤੇ ਉਸ ਦੀਆਂ ਫਰੰਟ ਜਥੇਬੰਦੀਆਂ ਨੇ ਰਾਜ 'ਚ ਮੰਦਿਰਾਂ ਦੀ ਸੁਰੱਖਿਆ ਦੇ ਬਹਾਨੇ ਬਹੁਤ ਸਾਰੇ ਮੰਦਿਰਾਂ ਵਿਚ ਸਮਾਂਤਰ ਸੰਸਥਾਵਾਂ ਬਣਾ ਲਈਆਂ ਹਨ। ਸਿਧਾਂਤਕ ਤੌਰ 'ਤੇ ਇਹ ਕਮੇਟੀਆਂ ਜਿਨ੍ਹਾਂ ਨੂੰ 'ਕਸ਼ੇਤਰ ਸਮਰੱਕਸ਼ਨ ਸਮਿਤੀਆਂ' (ਸੁਰੱਖਿਆ ਕਮੇਟੀਆਂ) ਕਿਹਾ ਜਾਂਦਾ ਹੈ, ਨਿੱਤਨੇਮੀ ਸ਼ਰਧਾਲੂਆਂ ਵਿਚੋਂ ਬਣਾਈਆਂ ਗਈਆਂ ਹਨ। ਅਸਲ ਵਿਚ ਇਨ੍ਹਾਂ 'ਤੇ ਕੰਟਰੋਲ ਅਤੇ ਗਲਬਾ ਸਦਾ ਆਰ. ਐਸ. ਐਸ. ਕਾਰਕੁਨਾਂ ਦਾ ਹੀ ਹੁੰਦਾ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਉਤਰੀ ਭਾਰਤ ਜਿਥੇ ਆਰ. ਐਸ. ਐਸ. ਆਪਣੀਆਂ ਸ਼ਾਖਾਵਾਂ ਪਾਰਕਾਂ ਅਤੇ ਖੁੱਲ੍ਹੀਆਂ ਥਾਂਵਾਂ 'ਤੇ ਲਾਉਂਦਾ ਹੈ, ਕੇਰਲਾ ਵਿਚ ਇਹ ਮੰਦਿਰਾਂ ਵਿਚ ਲਾਈਆਂ ਜਾਂਦੀਆਂ ਹਨ। ਇਸੇ ਕਾਰਨ ਝਗੜੇ ਹੁੰਦੇ ਹਨ, ਕਿਉਂਕਿ ਆਰ. ਐਸ. ਐਸ. ਦੀਆਂ ਸਰਗਰਮੀਆਂ ਨੂੰ ਦੇਵਾਸਵੌਮ ਬੋਰਡ ਆਗਿਆ ਨਹੀਂ ਦਿੰਦਾ, ਇਹ 'ਕਸ਼ੇਤਰ ਸਮਰੱਕਸ਼ਨ ਸਮਿਤੀ' ਦੇ ਜ਼ੋਰ ਨਾਲ ਕੀਤੀਆਂ ਜਾਂਦੀਆਂ ਹਨ। ਜੂਨ 2015 ਵਿਚ ਟ੍ਰਾਵਨਕੋਰ ਦੇਵਾਸਵੌਮ ਬੋਰਡ ਨੇ ਕੇਰਲਾ ਹਾਈਕੋਰਟ ਨੂੰ ਦੱਸਿਆ ਕਿ ਇਸ ਨੇ ਆਰ. ਐਸ. ਐਸ. ਨੂੰ ਸ਼ਾਖਾਵਾਂ ਲਾਉਣ ਦੀ ਆਗਿਆ ਨਹੀਂ ਦਿੱਤੀ, ਇਸ ਲਈ ਮੰਦਿਰ ਵਿਚ ਸੰਘ ਦੀਆਂ ਸ਼ਾਖਾਵਾਂ ਬੰਦ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। ਬੋਰਡ ਨੇ ਇਹ ਪੱਖ ਕੋਲਮ ਜਿਲੇ ਦੇ ਦੱਖਣੀ ਹਿੱਸੇ ਵਿਚ ਇਕ ਮੰਦਿਰ ਵਿਚ ਹਥਿਆਰਾਂ ਦੀ ਸਿਖਲਾਈ ਦਿੱਤੇ ਜਾਣ ਦੀ ਸ਼ਿਕਾਇਤ ਦੇ ਜਵਾਬ ਵਿਚ ਪੇਸ਼ ਕੀਤਾ ਸੀ।

ਹਿੰਦੂ ਏਕਿਆ ਵੇਦੀ ਨੇ ਦੇਵਾਸਵੌਮ ਬੋਰਡ



**ਸ੍ਰੀ ਨਰਾਇਣ ਧਰਮ ਪ੍ਰੀਪਾਲਨ ਯੋਗਮ ਦਾ ਲੀਡਰ ਵੇਲਾਪੱਲੀ ਨਤੇਸਨ।**

ਬਣਾਉਣ ਖਿਲਾਫ ਦਲੀਲਾਂ ਦਿੰਦਿਆਂ ਟ੍ਰਾਵਨਕੋਰ ਅਤੇ ਕੋਚੀਨ ਦੀਆਂ ਰਿਆਸਤਾਂ ਨੂੰ ਆਜ਼ਾਦੀ ਪਿਛੋਂ ਭਾਰਤ ਵਿਚ ਸ਼ਾਮਲ ਕੀਤੇ ਜਾਣ 'ਤੇ ਵੀ ਸਵਾਲ ਉਠਾਇਆ ਹੈ। ਕੇਰਲਾ ਦਾ ਆਧੁਨਿਕ ਰਾਜ ਅੰਗਰੇਜ਼ ਰਾਜ ਦੇ ਜ਼ਮਾਨੇ ਦੀਆਂ ਤਿੰਨ ਵੱਖ-ਵੱਖ ਸਰਕਾਰਾਂ ਅਧੀਨ ਆਉਂਦੇ ਖੇਤਰਾਂ ਨੂੰ ਮਿਲਾ ਕੇ ਬਣਾਇਆ ਗਿਆ ਸੀ। ਕੇਰਲਾ ਦਾ ਉਤਰੀ ਭਾਗ ਮਾਲਾਬਾਰ ਜਿਲੇ ਦਾ ਅੰਗਰੇਜ਼ ਸ਼ਾਸਤ ਇਲਾਕਾ ਸੀ, ਜੋ ਮਦਰਾਸ ਪ੍ਰੈਜ਼ੀਡੈਂਸੀ ਅਧੀਨ ਸੀ। ਮਾਲਾਬਾਰ ਦੇ ਦੱਖਣੀ ਹਿੱਸੇ ਵਿਚ ਕੋਚੀਨ ਦੀ ਛੋਟੀ ਰਿਆਸਤ ਸੀ ਅਤੇ ਅਗਾਂਹ ਦੱਖਣ ਵਿਚ ਟ੍ਰਾਵਨਕੋਰ ਦੀ ਰਿਆਸਤ। ਹਿੰਦੂ ਏਕਿਆ ਵੇਦੀ ਦਾ ਲੀਡਰ ਰਾਜਸ਼ੇਖਰਨ ਕਹਿੰਦਾ ਹੈ, "ਭਾਰਤ ਨਾਲ ਰਲੇਵੇਂ ਵਕਤ ਰਾਜ ਦੇ ਪ੍ਰਬੰਧ ਦਾ ਹੱਕ ਜਮਹੂਰੀ ਢੰਗ ਨਾਲ ਹੀ ਸਰਕਾਰ ਦੇ ਸਪੁਰਦ ਕੀਤਾ ਗਿਆ ਸੀ। ਮੰਦਿਰਾਂ ਦਾ ਪ੍ਰਬੰਧ ਵੱਖਰੀ ਚੀਜ਼ ਸੀ, ਇਹ ਹਿੰਦੂਆਂ ਕੋਲ ਰਹਿਣਾ ਚਾਹੀਦਾ ਸੀ। ਇਸ ਲਈ ਮੰਦਿਰਾਂ ਦੇ ਪ੍ਰਬੰਧ ਦਾ ਜ਼ਿੰਮਾ ਮੁੜ ਹਿੰਦੂਆਂ ਨੂੰ ਸੌਂਪਿਆ ਜਾਵੇ।"

ਇਹ ਵਾਹਯਾਤ ਦਲੀਲ ਹੈ, ਫਿਰ ਵੀ ਹਿੰਦੂ ਏਕਿਆ ਵੇਦੀ ਨੇ ਇਸ ਨੂੰ ਸਾਲਾਂ ਤੋਂ ਜਿਉਂਦਾ ਰੱਖਿਆ ਹੋਇਆ ਹੈ। ਨਾਲ ਹੀ ਇਸ ਨੇ 'ਮੰਦਿਰਾਂ ਦੀ ਮੁਕਤੀ' ਦੀ ਮੰਗ ਪਿਛੇ ਕੰਮ ਕਰਦੇ ਆਪਣੇ ਅਸਲ ਮਨੋਰਥ 'ਤੇ ਪਰਦਾ ਪਾਉਣ ਦੀ ਪੂਰੀ ਵਾਹ ਲਾਈ ਹੈ। ਇਸ ਨੂੰ ਇਨ੍ਹਾਂ ਨੇ ਸਿਆਸਤ ਤੋਂ ਦੂਰ ਨੇਕ ਧਾਰਮਿਕ ਮੁਹਿੰਮ ਬਣਾ ਕੇ ਪੇਸ਼ ਕੀਤਾ ਹੈ।

---

ਬਹੁਤ ਸਾਰੇ ਸੁਤੰਤਰ ਵਿਦਵਾਨ ਸੋਚਦੇ ਹਨ ਕਿ ਹਿੰਦੂ ਏਕਿਆ ਵੇਦੀ ਦਾ 'ਘਾਤਕ ਪ੍ਰਭਾਵ', ਜਿਸ ਦੇ ਅਸਰਾਂ ਬਾਰੇ ਹੁਣ ਵੀ ਬਹਿਸ ਚੱਲ ਰਹੀ ਹੈ, ਸਿਰਫ ਹਿੰਦੂ ਜਾਤੀ ਐਸੋਸੀਏਸ਼ਨਾਂ ਦੀ ਮੌਜੂਦਗੀ ਕਾਰਨ ਹੀ ਸੰਭਵ ਹੋ ਸਕਿਆ ਹੈ। ਇਹ ਆਜ਼ਾਦੀ ਤੋਂ ਪਹਿਲਾਂ ਹੀ ਹੋਂਦ ਵਿਚ ਆ ਗਈਆਂ ਸਨ ਅਤੇ ਇਸ ਦੌਰਾਨ ਸਿਆਸੀ ਤੌਰ 'ਤੇ ਸਰਗਰਮ ਵੀ ਰਹੀਆਂ, ਭਾਵੇਂ ਗੈਰ ਰਸਮੀ ਤੌਰ 'ਤੇ ਹੀ ਹੋਣ। 1964 ਦੇ ਇਕ ਅਧਿਐਨ ਵਿਚ ਨੋਟ ਕੀਤਾ ਗਿਆ ਕਿ ਕੇਰਲਾ ਵਿਚ ਧਾਰਮਿਕ ਰਹੁ-ਰੀਤਾਂ ਦੇ ਗਲਬੇ ਅਤੇ ਆਰਥਕ ਹਾਲਤ ਦਰਮਿਆਨ ਜ਼ਬਰਦਸਤ ਦੁਵੱਲਾ ਰਿਸ਼ਤਾ ਹੋਣ ਕਾਰਨ ਜਾਤ ਨੂੰ ਮਜ਼ਬੂਤੀ ਮਿਲੀ ਅਤੇ ਇਸ ਨੇ ਅਹਿਮ ਸਿਆਸੀ ਭੂਮਿਕਾ ਅਖਤਿਆਰ ਕਰ ਲਈ, ਜੋ ਭਾਰਤ ਦੇ ਕਿਸੇ ਹੋਰ ਹਿੱਸੇ ਵਿਚ ਦੇਖਣ ਨੂੰ ਨਹੀਂ ਮਿਲਦੀ। ਬਾਅਦ ਦੇ ਸਾਲਾਂ ਵਿਚ ਜਦੋਂ ਰਾਜ ਨੇ ਲੜੀਵਾਰ ਕਈ ਆਰਥਕ ਅਤੇ ਸਮਾਜਕ ਸੁਧਾਰ ਕੀਤੇ, ਫਿਰ ਵੀ ਜਾਤੀ ਐਸੋਸੀਏਸ਼ਨਾਂ ਬਰਕਰਾਰ ਰਹੀਆਂ, ਉਂਜ ਜਾਤ ਦੀ ਸਿਆਸਤ ਜਮਾਤ ਦੀ ਸਿਆਸਤ ਦੇ ਅਸਰ ਹੇਠ ਦਬ ਗਈ।

ਖੱਬੇ ਜਮਹੂਰੀ ਫਰੰਟ ਨੂੰ ਹੇਠਲੀਆਂ ਜਾਤੀਆਂ ਅਤੇ ਦਲਿਤਾਂ ਦੀ ਮਦਦ ਮਿਲਦੀ ਰਹੀ, ਜਦੋਂ ਕਿ ਕਾਂਗਰਸ ਨੂੰ ਉਚ ਜਾਤੀ ਹਿੱਸੇ ਦੀ ਹਮਾਇਤ ਹਾਸਲ ਸੀ ਅਤੇ ਇਸ ਦੇ ਸੰਗੀ ਕੇਰਲਾ ਕਾਂਗਰਸ ਤੇ ਮੁਸਲਿਮ ਲੀਗ ਨੂੰ ਕ੍ਰਮਵਾਰ ਇਸਾਈਆਂ ਅਤੇ ਮੁਸਲਿਮਾਂ ਦੀ ਹਮਾਇਤ ਮਿਲਦੀ ਰਹੀ। ਹਿੰਦੂ ਏਕਿਆ ਵੇਦੀ, ਜਿਸ ਦੀ ਸ਼ੁਰੂਆਤ 1992 ਵਿਚ ਹੋਈ, ਦਾ ਮੁੱਖ ਮਨੋਰਥ ਦੋਹਾਂ ਪਾਰਟੀਆਂ ਦੇ ਇਸ ਆਧਾਰ ਵਿਚ ਸੰਨ੍ਹ ਲਾਉਣਾ ਸੀ; ਪਰ ਆਰ. ਐਸ. ਐਸ. ਦੇ ਵਿੰਗ ਕੇਰਲਾ ਵਿਚ ਇਹ ਸਮਾਜੀ ਬਣਤਰ ਤੋੜਨ ਵਿਚ ਕੋਈ ਗਿਣਨਯੋਗ ਪ੍ਰਾਪਤੀ ਨਾ ਕਰ ਸਕੇ। ਇਥੋਂ ਤੱਕ ਕਿ ਰੰਗਨਾਥ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਪਿਛੋਂ ਵੀ ਜੋ ਲਾਭ ਇਨ੍ਹਾਂ ਨੂੰ ਖੱਬੀ ਧਿਰ ਅਤੇ ਕਾਂਗਰਸ ਦੇ ਮੁਕਾਬਲੇ ਮਿਲਿਆ, ਉਹ ਵੀ ਹਿੰਦੂ ਏਕਿਆ ਵੇਦੀ ਲਈ ਕੇਰਲਾ ਵਿਚ ਕੋਈ ਠੋਸ ਸਿਆਸੀ ਲਾਂਘਾ ਬਣਾਉਣ ਲਈ ਸਾਜ਼ਗਾਰ ਸਾਬਤ ਨਹੀਂ ਹੋਇਆ। ਫਿਰ ਵੀ ਸੰਘ ਦੀਆਂ ਜਥੇਬੰਦੀਆਂ ਕੇਰਲਾ ਵਿਚ ਜਾਤਪਾਤੀ ਗੁੱਟਾਂ ਨਾਲ ਘਿਓ-ਖਿਚੜੀ ਹੋ ਕੇ ਹਿੰਦੂ ਵੋਟ ਬੈਂਕ ਬਣਾਉਣ ਦੇ ਆਪਣੇ ਕੰਮ ਵਿਚ ਜੁਟੀਆਂ ਰਹੀਆਂ।

ਹਿੰਦੂ ਏਕਿਆ ਵੇਦੀ ਦੇ ਆਲੋਚਕ ਵੀ ਮਹਿਸੂਸ ਕਰਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਉਹ ਉਚ ਜਾਤੀ ਨਾਇਰਾਂ, ਗਭਲੇ ਦਰਜੇ ਵਾਲੀ ਜਾਤੀ ਐਜ਼ਵਾ ਅਤੇ ਨੀਵੀਂ ਜਾਤੀ ਪੁਲੱਈਆ ਦੇ ਹਿੱਸਿਆਂ 'ਤੇ ਵੀ ਥੋੜ੍ਹਾ ਪ੍ਰਭਾਵ ਪਾਉਣ ਵਿਚ ਸਫਲ ਹੋਏ ਹਨ। ਨਾਇਰ ਗਿਣਤੀ ਵਿਚ ਬਹੁਤ ਘੱਟ ਹਨ ਅਤੇ ਰਵਾਇਤੀ ਤੌਰ 'ਤੇ ਕਾਂਗਰਸ ਦੇ ਹਮਾਇਤੀ ਰਹੇ ਹਨ। ਐਜ਼ਵਾ ਅਤੇ ਪੁਲੱਈਆ, ਜਿਨ੍ਹਾਂ ਦੀ ਗਿਣਤੀ ਕਾਫੀ ਹੈ, ਸਦਾ 'ਖੱਬੀ ਧਿਰ' ਨਾਲ ਖੜ੍ਹੇ ਰਹੇ ਹਨ।

ਇਉਂ ਪ੍ਰਤੀਤ ਹੁੰਦਾ ਹੈ ਕਿ ਹਿੰਦੂ ਏਕਿਆ ਵੇਦੀ ਨੇ ਕੇਰਲਾ ਵਿਚ ਜ਼ਮੀਨੀ ਪੱਧਰ 'ਤੇ ਹੋ ਰਹੇ ਬਦਲਾਓ ਕਾਰਨ ਕਾਫੀ ਲਾਹਾ ਲਿਆ ਹੈ। ਸਿੱਖਿਆ ਅਤੇ ਉਚ ਦਰਜੇ ਦੀ ਸਿਆਸੀ ਜਾਗ੍ਰਿਤੀ ਨੇ ਖ਼ਤੋਤ ਦਾ ਸ਼ਿਕਾਰ ਆਰਥਕ ਹਾਲਾਤ ਅਤੇ ਵਧ ਰਹੀ ਬੇਰੁਜ਼ਗਾਰੀ ਨਾਲ ਮਿਲ ਕੇ ਇਥੋਂ ਦੇ ਸਮਾਜ ਵਿਚ ਅਸੰਤੁਸ਼ਟੀ ਤੇ ਬੇਚੈਨੀ ਬਹੁਤ ਵਧਾ ਦਿੱਤੀ ਹੈ। ਇਹ ਭੋਇੰ ਸੁਧਾਰਾਂ ਤੋਂ ਪਹਿਲਾਂ ਦੀ ਹਾਲਤ ਨਾਲ ਮਿਲਦੀ-ਜੁਲਦੀ ਹਾਲਤ ਹੈ। ਆਰ. ਐਸ. ਐਸ., ਜੋ ਕਦੇ ਵੀ ਭਾਰਤ ਵਿਚ ਕਿਤੇ ਵੀ ਜ਼ਮੀਨੀ ਸੁਧਾਰਾਂ ਲਈ ਨਹੀਂ ਲੜੀ, ਹੁਣ ਹਿੰਦੂ ਏਕਿਆ ਵੇਦੀ ਜ਼ਰੀਏ ਕੇਰਲਾ ਵਿਚ 'ਨਵੇਂ ਜ਼ਮੀਨੀ ਸੁਧਾਰਾਂ' ਦੀ ਚੈਂਪੀਅਨ ਬਣ ਰਹੀ ਹੈ।

ਰਾਜਸ਼ੇਖਰਨ ਕਹਿੰਦਾ ਹੈ, "ਕੇਰਲਾ ਵਿਚ ਜ਼ਮੀਨੀ ਸੁਧਾਰਾਂ ਵਿਚ ਕਈ ਸਮੱਸਿਆਵਾਂ ਰਹੀਆਂ ਹਨ। ਬੇਜ਼ਮੀਨੇ ਦਲਿਤ ਅਤੇ ਕਬਾਇਲੀ ਅਕਸਰ ਇਸ ਵੰਡ ਵਿਚੋਂ ਬਾਹਰ ਰਹਿ ਗਏ। 1967 ਵਿਚ ਹਰ ਬੇਜ਼ਮੀਨੇ ਪਰਿਵਾਰ ਨੂੰ 10 ਸੈਂਟ ਜ਼ਮੀਨ ਘਰ ਬਣਾਉਣ ਲਈ ਦਿੱਤੀ ਗਈ, ਪਰ ਹੁਣ ਇਨ੍ਹਾਂ ਪਰਿਵਾਰਾਂ ਦੀ ਗਿਣਤੀ ਵਧ ਗਈ ਹੈ ਅਤੇ ਪੰਜਾਹ ਸਾਲ ਪਹਿਲਾਂ ਮਿਲੀ ਜ਼ਮੀਨ ਸਭ ਲਈ ਰਿਹਾਇਸ਼ ਦੇ ਕੰਮ ਨਹੀਂ ਆ ਸਕਦੀ। ਇਸ ਕਰਕੇ ਅਸੀਂ ਹੁਣ ਮੰਗ ਕਰ ਰਹੇ ਹਾਂ ਕਿ ਨਵਾਂ ਜ਼ਮੀਨੀ ਸੁਧਾਰ ਕਾਨੂੰਨ ਪਾਸ ਕੀਤਾ ਜਾਵੇ ਅਤੇ ਹਰ ਬੇਜ਼ਮੀਨੇ ਪਰਿਵਾਰ ਨੂੰ ਇਕ ਜਾਂ ਦੋ ਏਕੜ ਖੇਤੀ ਯੋਗ ਜ਼ਮੀਨ ਦਿੱਤੀ ਜਾਵੇ।"

ਜ਼ਮੀਨ ਦਾ ਮਹੱਤਵ ਹੈ ਅਤੇ ਇਸੇ ਤਰ੍ਹਾਂ ਬੇਜ਼ਮੀਨਿਆਂ ਦੀਆਂ ਵੋਟਾਂ ਦਾ ਮਹੱਤਵ ਹੈ। ਇਹ ਗੱਲ ਵਾਰ-ਵਾਰ ਉਠਾਈ ਜਾਂਦੀ ਹੈ ਕਿ 1960 ਦੇ ਜ਼ਮੀਨੀ ਸੁਧਾਰ ਕੇਰਲਾ ਵਿਚ ਜ਼ਮੀਨ ਦੇ ਸੁਆਲ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕਰ ਸਕੇ, ਜਿਥੇ ਭਾਰੂ ਗਿਣਤੀ ਦਲਿਤ ਅਤੇ ਕਬਾਇਲੀ ਲੋਕ ਪੂਰੀ ਤਰ੍ਹਾਂ ਬੇਜ਼ਮੀਨੇ ਹਨ। ਇਹ ਸੁਧਾਰ ਭਾਵੇਂ ਭਾਰਤ ਦੇ ਸਾਰੇ ਖੇਤਰਾਂ ਨਾਲੋਂ ਵੱਧ ਭਰਵੇਂ ਸਨ, ਫਿਰ ਵੀ ਇਹ ਖੇਤ ਮਜ਼ਦੂਰਾਂ, ਖਾਸ ਤੌਰ 'ਤੇ ਦਲਿਤਾਂ ਅਤੇ ਕਬਾਇਲੀਆਂ ਨੂੰ ਖੇਤੀ ਕਰਨ ਲਈ ਜ਼ਮੀਨ ਦੇਣ ਤੋਂ ਅਸਮਰੱਥ ਰਹੇ। ਬੁਨਿਆਦੀ ਤੌਰ 'ਤੇ ਇਹ ਮੁਜਾਰਾਗਿਰੀ ਦੇ ਸੁਧਾਰ ਸਨ, ਜਿਸ ਨਾਲ ਛੋਟੇ ਕਾਸ਼ਤਕਾਰ ਕਿਸਾਨਾਂ ਨੂੰ ਤਾਂ ਜ਼ਮੀਨ ਮਿਲ ਗਈ, ਪਰ ਬੇਜ਼ਮੀਨੇ ਮਜ਼ਦੂਰਾਂ ਦੇ ਵਿਸ਼ਾਲ ਜਨਸਮੂਹ ਇਸ ਤੋਂ ਵਾਂਝੇ ਰਹੇ। ਇਸ ਨੇ ਵਪਾਰਕ ਫਸਲਾਂ ਵਾਲੇ ਬਾਗਬਾਨੀ ਖੇਤਰ ਨੂੰ ਵੀ ਬਾਹਰ ਰੱਖਿਆ। ਪਲਾਂਟੇਸ਼ਨਾਂ ਵਿਚ ਕੰਮ ਕਰਦੇ ਬੇਜ਼ਮੀਨੇ ਕਿਰਤੀਆਂ ਲਈ ਜ਼ਮੀਨ ਦਾ ਸਵਾਲ ਅਣਗੌਲਿਆ ਰਹਿਣ ਦੇ ਨਾਲ-ਨਾਲ ਵਿਆਪਕ ਭੂਗੋਲਿਕ ਖੇਤਰ ਵੀ ਸੁਧਾਰਾਂ ਦੇ ਘੇਰੇ ਤੋਂ ਬਾਹਰ ਰਹਿ ਗਿਆ।

ਬਹੁਤ ਸਾਰੇ ਪਲਾਂਟੇਸ਼ਨਾਂ ਦੇ ਮਾਲਕ ਇਸਾਈ



**ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜੇਅਨ (ਖੱਬੇ) ਨਾਲ ਵੇਲਾਪੱਲੀ ਨਤੇਸਨ।**

ਸਨ, ਇਸ ਲਈ ਹਿੰਦੂ ਏਕਿਆ ਵੇਦੀ ਨੂੰ ਇਸ ਵਿਚੋਂ ਖੱਬੇ ਪੱਖੀ ਸਰਕਾਰ ਦੇ ਜ਼ਮੀਨੀ ਸੁਧਾਰਾਂ 'ਚ ਫਿਰਕੂ ਰਵੱਈਆ ਲੱਭ ਗਿਆ। ਰਾਜਸ਼ੇਖਰਨ ਕਹਿੰਦਾ ਹੈ, "ਅਸੀਂ ਮੰਗ ਪੱਤਰ ਸਰਕਾਰ ਅੱਗੇ ਪੇਸ਼ ਕਰ ਦਿੱਤਾ ਹੈ। ਰਾਜ ਵਿਚ ਨਵੇਂ ਸਿਰਿਓਂ ਜ਼ਮੀਨੀ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਬੇਜ਼ਮੀਨਿਆਂ ਦੇ ਮਸਲੇ ਨੂੰ ਸਹੀ ਤਰੀਕੇ ਨਾਲ ਮੁਖਾਤਬ ਹੋਇਆ ਜਾ ਸਕੇ।"

ਸੀ. ਪੀ. ਐਮ. ਨੂੰ ਹਿੰਦੂ ਏਕਿਆ ਵੇਦੀ ਦੀਆਂ ਮੰਗਾਂ ਹਾਸੋਹੀਣੀਆਂ ਜਾਪਦੀਆਂ ਹਨ। ਤਿਰੂਵਨੰਤਪੁਰਮ ਵਿਚ ਸੀ. ਪੀ. ਐਮ. ਦੀ ਈ. ਐਮ. ਐਸ. ਅਕੈਡਮੀ ਦਾ ਫੈਕਲਟੀ ਮੈਂਬਰ ਪ੍ਰੋ. ਵੀ. ਕਾਰਥੀਕੇਆਨ ਨਾਇਰ ਕਹਿੰਦਾ ਹੈ, "ਉਹੀ ਲੋਕ, ਜੋ ਕਿਸੇ ਵੇਲੇ ਜ਼ਮੀਨੀ ਸੁਧਾਰਾਂ ਦਾ ਸਖਤੀ ਨਾਲ ਵਿਰੋਧ ਕਰਦੇ ਸਨ ਅਤੇ ਜਿਨ੍ਹਾਂ ਸੁਧਾਰਾਂ ਕਾਰਨ 1959 ਦੀ ਕਮਿਊਨਿਸਟ ਸਰਕਾਰ ਭੰਗ ਕਰ ਦਿੱਤੀ ਗਈ ਸੀ, ਅੱਜ ਹਿੰਦੂ ਏਕਿਆ ਵੇਦੀ ਨਾਲ ਜੋਟੀ ਪਾ ਕੇ ਤਾਜ਼ਾ ਜ਼ਮੀਨੀ ਸੁਧਾਰਾਂ ਦਾ ਰੌਲਾ ਪਾ ਰਹੇ ਹਨ। ਸੰਘ ਪਰਿਵਾਰ ਦਾ ਰਸੂਖ ਉਚ ਜਾਤੀ ਅਤੇ ਅਮੀਰ ਲੋਕਾਂ ਤੱਕ ਸੀਮਤ ਹੈ। ਇਸ ਨੂੰ ਪਤਾ ਹੈ ਕਿ ਇਹ ਕਿਸੇ ਤਣ-ਪੱਤਣ ਨਹੀਂ ਲਾਉਣ ਲੱਗਾ। ਇਸ ਲਈ ਇਹ ਨੀਵੀਆਂ ਜਾਤਾਂ ਨੂੰ ਖਿੱਚਣ ਲਈ ਹਰ ਤਰ੍ਹਾਂ ਦੇ ਨਾਟਕ ਕਰ ਰਹੇ ਹਨ।"

ਹਾਲਤ ਦਾ ਵਿਅੰਗ ਦੇਖੋ, ਜਿਵੇਂ ਪ੍ਰੋ. ਕਾਰਥੀ ਦੱਸਦਾ ਹੈ, ਇਹ ਪੁਲੱਈਆ ਜਾਤ ਦੀ ਜਥੇਬੰਦੀ 'ਸਾਧੂ ਜਨ ਪੜੀਪਾਲਨ ਸੰਗਮ' ਹੀ ਸੀ, ਜਿਸ ਨੇ ਸਭ ਤੋਂ ਪਹਿਲਾਂ ਜ਼ਮੀਨੀ ਸੁਧਾਰਾਂ ਦੀ ਮੰਗ ਕੀਤੀ ਸੀ, ਖੱਬੀ ਸਰਕਾਰ ਵਲੋਂ ਕੇਰਲਾ ਵਿਚ ਜ਼ਮੀਨੀ ਸੁਧਾਰ ਲਾਗੂ ਕਰਨ ਤੋਂ ਬਹੁਤ ਪਹਿਲਾਂ। ਬਾਕੀ ਜਾਤਾਂ, ਜਿਨ੍ਹਾਂ ਵਿਚ ਐਜ਼ਵਾ ਵੀ ਸ਼ਾਮਲ ਸਨ, ਨੂੰ ਥੋੜ੍ਹੀ ਜ਼ਮੀਨ ਮਿਲ ਗਈ ਸੀ। ਪੁਲੱਈਆ, ਪਾਰੱਈਆ ਅਤੇ ਕੌਰਵਾ ਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ, ਬੇਜ਼ਮੀਨੇ ਸਨ। ਉਹ ਖੇਤ ਮਜ਼ਦੂਰ ਸਨ, ਜੋ ਉਦੋਂ ਤਕ ਗੁਲਾਮਾਂ ਵਾਂਗ ਕੰਮ ਕਰਦੇ ਰਹੇ, ਜਿੰਨੀ ਦੇਰ ਤੱਕ 1855 ਵਿਚ ਗੁਲਾਮੀ ਦਾ ਅੰਤ ਨਾ ਹੋ ਗਿਆ।"

---

18 ਦਸੰਬਰ 2015 ਨੂੰ ਕੁਮਾਨਮ ਰਾਜਸ਼ੇਖਰਨ ਨੂੰ ਹਿੰਦੂ ਏਕਿਆ ਵੇਦੀ ਤੋਂ ਬਦਲ ਕੇ ਕੇਰਲਾ ਦੀ ਭਾਜਪਾ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਗਿਆ। ਲੁਕਵੀਂ ਭੂਮਿਕਾ ਤੋਂ ਜਾਹਰਾ ਭੂਮਿਕਾ ਨਿਭਾਉਣ ਲਈ ਉਸ ਨੂੰ ਲਾਏ ਜਾਣ ਦਾ ਵਕਤ ਆਪਣੇ ਮਹੱਤਵ ਪੱਖੋਂ ਬਹੁਤ ਸਪਸ਼ਟ ਹੈ। ਰਾਜ ਦੀਆਂ ਅਸੈਂਬਲੀ ਚੋਣਾਂ ਮਈ 2016 ਵਿਚ ਹੋਣੀਆਂ ਸਨ, ਇਹ ਰੱਦੋਬਦਲ ਉਸ ਤੋਂ ਪਹਿਲਾਂ ਇਸ ਲਈ ਕੀਤੀ ਗਈ ਤਾਂ ਜੋ ਭਾਜਪਾ ਹਿੰਦੂ ਏਕਿਆ ਵੇਦੀ ਵਲੋਂ ਬੀਜੀ ਫਿਰਕੂ ਫਸਲ ਦੀ ਵਾਢੀ ਕਰ ਸਕੇ। ਹਿੰਦੂ ਏਕਿਆ ਵੇਦੀ ਦਾ ਗੈਰ-ਸਿਆਸੀ ਹੋਣ ਦਾ ਢੌਂਗ ਉਸ ਵੇਲੇ ਨੰਗਾ ਹੋ ਗਿਆ, ਜਦੋਂ ਇਸ ਦੀ ਮਨ-ਭਾਉਂਦੀ ਜਥੇਬੰਦੀ 'ਸ੍ਰੀ ਨਰਾਇਣ ਧਰਮ ਪ੍ਰੀਪਾਲਣ ਯੋਗਮ' (ਐਸ. ਐਨ. ਡੀ. ਪੀ.), ਜੋ ਐਜ਼ਵਾ ਜਾਤੀ ਦੀ ਜਥੇਬੰਦੀ ਹੈ, ਭਾਜਪਾ ਨਾਲ ਚੋਣ ਗੱਠਜੋੜ ਬਣਾਉਣਾ ਮੰਨ ਗਈ। ਪਿਛਲੀ ਸਦੀ ਤੋਂ ਐਜ਼ਵਾ ਜਾਤੀ ਦੀ ਸਮਾਜੀ ਤੇ ਆਰਥਕ ਤਰੱਕੀ ਲਈ ਕੰਮ ਕਰਨ ਵਾਲੀ ਬਾਰਸੂਖ ਜਥੇਬੰਦੀ ਹੋਣ ਕਾਰਨ ਯੋਗਮ ਸਿਆਸਤ ਵਿਚ ਗੌਲਣਯੋਗ ਆਵਾਜ਼ ਬਣ ਚੁਕੀ ਹੈ।

ਯੋਗਮ ਦੇ ਜਨਰਲ ਸਕੱਤਰ ਵੇਲਾਪੱਲੀ ਨਤੇਸਨ ਦੀ ਭਾਜਪਾ ਨਾਲ ਸਾਂਝ ਪਾਉਣ ਦੀ ਨੀਤੀ ਦਾ ਵਿਰੋਧ ਇਕੱਲਾ ਐਸ. ਐਨ. ਡੀ. ਪੀ. ਯੋਗਮ ਦੇ ਇਕ ਹਿੱਸੇ ਵਲੋਂ ਹੀ ਨਹੀਂ ਹੋਇਆ, ਸਗੋਂ ਕਈ ਹੋਰ ਜਥੇਬੰਦੀਆਂ, ਜੋ ਉਘੇ ਸਮਾਜ ਸੁਧਾਰਕ ਅਤੇ ਐਸ. ਐਨ. ਡੀ. ਪੀ. ਯੋਗਮ ਦੇ ਮੋਢੀ ਸ੍ਰੀ ਨਰਾਇਣ ਗੁਰੂ ਦੇ ਵਿਚਾਰਾਂ ਦੀਆਂ ਪੈਰੋਕਾਰ ਹਨ, ਨੇ ਵੀ ਇਸ ਦਾ ਵਿਰੋਧ ਕੀਤਾ। ਨਤੇਸਨ ਦੇ ਵਿਰੋਧੀ ਖੁੱਲ੍ਹ ਕੇ ਸਾਹਮਣੇ ਆ ਗਏ ਅਤੇ ਸ਼ਿਵਗਿਰੀ ਮੱਠ, ਜੋ ਐਜ਼ਵਾ ਦਾ ਅਧਿਆਤਮਕ ਕੇਂਦਰ ਹੈ, ਯੋਗਮ ਦੀ ਇਸ ਨੀਤੀ ਖਿਲਾਫ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਸੇ ਤਰ੍ਹਾਂ ਗੁਰੂ ਧਰਮ ਪ੍ਰਚਾਰ ਸਭਾ, ਜੋ ਸ੍ਰੀ ਨਰਾਇਣ ਗੁਰੂ ਦੀਆਂ ਸਿੱਖਿਆਵਾਂ ਦੇ ਪ੍ਰਚਾਰ ਪ੍ਰਸਾਰ ਲਈ ਬਣਾਈ ਗਈ ਸੀ, ਨੇ ਨਤੇਸਨ ਦੀ ਨਿਖੇਧੀ ਕੀਤੀ ਅਤੇ ਉਸ ਨੂੰ ਇਸ ਸਮਾਜਕ ਸੰਸਥਾ ਦਾ ਨਾਂ ਸਿਆਸੀ ਲਾਹੇ ਲਈ ਨਾ ਵਰਤਣ

*(ਬਾਕੀ ਅਗਲੇ ਸਫੇ 'ਤੇ)*

ਦੀ ਚਿਤਾਵਨੀ ਵੀ ਦਿੱਤੀ।

ਉਧਰ ਨਤੇਸਨ ਨੇ ਭਾਜਪਾ ਨਾਲ ਹੱਥ ਮਿਲਾਉਣ ਦੇ ਫੈਸਲੇ ਪਿਛੋਂ 23 ਨਵੰਬਰ 2015 ਨੂੰ ਉਤਰੀ ਜਿਲੇ ਕਾਸਰਗੋੜ ਤੋਂ 'ਸਮਰੱਕਸ਼ਨ ਯਾਤਰਾ' ਸ਼ੁਰੂ ਕੀਤੀ। ਦੋ ਹਫਤੇ ਚਲੀ ਇਹ ਯਾਤਰਾ ਦੱਖਣੀ ਜਿਲੇ ਤਿਰੂਵਨੰਤਪੁਰਮ ਵਿਚ 5 ਦਸੰਬਰ 2015 ਨੂੰ ਸਮਾਪਤ ਹੋਈ, ਜਿਥੇ ਵੱਡੇ ਇਕੱਠ ਵਿਚ ਐਸ. ਐਨ. ਡੀ. ਪੀ ਯੋਗਮ ਦੇ ਆਗੂ ਨੇ ਨਵੀਂ ਪਾਰਟੀ 'ਭਾਰਤ ਧਰਮ ਜਨ ਸੈਨਾ' ਬਣਾਉਣ ਦਾ ਐਲਾਨ ਕੀਤਾ।

ਐਸ. ਐਨ. ਡੀ. ਪੀ. ਯੋਗਮ ਦੇ ਆਗੂਆਂ ਦੀ ਹਿੰਦੂ ਵੋਟ ਬੈਂਕ ਦੀ ਸੋਚ ਅਤੇ ਯੋਗਮ ਲੀਡਰਸ਼ਿਪ ਦੀ ਭਾਜਪਾ ਨਾਲ ਸਿਆਸੀ ਸਾਂਝ-ਭਿਆਲੀ ਨਾਲ ਹੁਣ ਕੇਰਲਾ ਵਿਚ ਹਲਚਲ ਪੈਦਾ ਹੋਣੀ ਸ਼ੁਰੂ ਹੋ ਗਈ। ਔਜ਼ਵਾ ਕੇਰਲਾ ਦੀ ਜਨਸੰਖਿਆ ਦਾ ਚੌਥਾ ਹਿੱਸਾ ਹਨ। ਇਹ ਜ਼ਮੀਨੀ ਸੁਧਾਰਾਂ ਦੇ ਸਭ ਤੋਂ ਵੱਧ ਲਾਭਪਾਤਰੀ ਰਹੇ ਹਨ, ਇਸ ਲਈ ਉਹ ਰਵਾਇਤੀ ਤੌਰ 'ਤੇ ਸੀ. ਪੀ. ਐਮ. ਦੀ ਅਗਵਾਈ ਵਾਲੇ ਖੱਬੇ ਜਮਹੂਰੀ ਗੱਠਜੋੜ ਦੇ ਹਮਾਇਤੀ ਰਹੇ ਹਨ। ਸੀ. ਪੀ. ਐਮ. ਦੇ ਦੋ ਖਾਸ ਆਗੂ ਵੀ. ਐਸ. ਅਛੂਤਾਨੰਦਨ ਅਤੇ ਪਿਨਾਰਾਈ ਵਿਜੇਅਨ ਇਸੇ ਜਾਤੀ ਦੇ ਹਨ।

ਸੀ. ਪੀ. ਐਮ. ਨੇ ਨਤੇਸਨ ਦੇ ਭਾਜਪਾ ਨਾਲ ਗੱਠਜੋੜ ਨੂੰ ਸ੍ਰੀ ਨਰਾਇਣ ਗੁਰੂ ਦੀਆਂ ਸਿੱਖਿਆਵਾਂ ਦੇ ਉਲਟ ਕਰਾਰ ਦਿੱਤਾ। ਇਸ ਦੇ ਸੂਬਾ ਸਕੱਤਰ ਕੋਡਿਆਰੀ ਬਾਲਾ ਕ੍ਰਿਸ਼ਨਨ ਨੇ ਔਜ਼ਵਾ ਨੂੰ ਚਿਤਾਵਨੀ ਦਿੱਤੀ ਕਿ ਆਰ. ਐਸ. ਐਸ. ਧਰਮ ਨਿਰਪੱਖ ਸ੍ਰੀ ਨਰਾਇਣ ਗੁਰੂ ਦੀ ਲਹਿਰ ਨੂੰ ਨਿਗਲ ਜਾਵੇਗੀ। ਉਨ੍ਹਾਂ ਔਜ਼ਵਾ ਲੋਕਾਂ ਨੂੰ ਸੱਦਾ ਦਿੱਤਾ ਕਿ ਯੋਗਮ ਦੀ ਆਗੂ ਟੀਮ ਨੂੰ ਸ੍ਰੀ ਨਰਾਇਣ ਗੁਰੂ ਦਾ ਨਾਂ ਸਿਆਸੀ ਮੰਤਵਾਂ ਲਈ ਵਰਤਣ ਤੋਂ ਵਰਜਿਆ ਜਾਵੇ।

ਇਧਰ ਨਾਇਰ ਭਾਜਪਾ ਨਾਲ ਗੱਠਜੋੜ ਤੋਂ ਲਾਂਭੇ ਹੀ ਰਹੇ। ਉਨ੍ਹਾਂ ਦੀ ਜਾਤੀ ਜਥੇਬੰਦੀ 'ਨਾਇਰ ਸਰਵਿਸ ਸੁਸਾਇਟੀ' ਸਿਆਸਤ ਵਿਚ ਹਿੱਸਾ ਲੈਣ ਦੇ ਖਿਲਾਫ ਹੈ, ਪਰ ਨਾਇਰ ਜਾਤੀ ਦੇ ਇਕ ਹਿੱਸੇ ਦਾ ਹਿੰਦੂ ਏਕਿਆ ਵੇਦੀ ਅਤੇ ਭਾਜਪਾ ਵੱਲ ਝੁਕਾਅ ਕਿਸੇ ਤੋਂ ਗੁੱਝਾ ਨਹੀਂ।

ਭਾਜਪਾ ਭਾਵੇਂ 2016 ਦੀਆਂ ਅਸੈਂਬਲੀ ਚੋਣਾਂ ਵਿਚ ਸਿਰਫ ਇਕ ਸੀਟ ਹੀ ਜਿੱਤ ਸਕੀ, ਜੋ ਰਾਜ ਵਿਚ ਪਹਿਲੀ ਵਾਰ ਹੋਇਆ ਸੀ, ਪਰ ਇਸ ਗੱਠਜੋੜ ਦੀ ਵੋਟ ਫੀਸਦ 2011 ਦੇ 6 ਫੀਸਦ ਤੋਂ ਛੜੱਪਾ ਮਾਰ ਕੇ 2016 ਵਿਚ 16 ਫੀਸਦ 'ਤੇ ਪਹੁੰਚ ਗਈ। ਇਹ ਤੱਥ ਵੀ ਘੱਟ ਉਘੜਵਾਂ ਨਹੀਂ ਕਿ ਭਾਜਪਾ ਹਿੰਦੂ ਏਕਿਆ ਵੇਦੀ ਦੀਆਂ ਕੋਸ਼ਿਸ਼ਾਂ ਕਾਰਨ ਕੇਰਲਾ ਵਿਚ ਨਵੇਂ ਜਾਤੀ ਸਮੀਕਰਨਾਂ ਜ਼ਰੀਏ ਆਪਣੀ ਥਾਂ ਬਣਾਉਣ ਵਿਚ ਕਾਮਯਾਬ ਰਹੀ ਸੀ। ਔਜ਼ਵਾ ਦੇ ਇੱਕ ਹਿੱਸੇ ਅਤੇ ਨਾਇਰਾਂ ਦਾ ਇਕੱਠਿਆਂ ਹਿੰਦੂ ਏਕਿਆ ਵੇਦੀ ਦੀ ਛਤਰੀ ਹੇਠ ਆਉਣਾ ਜਾਤੀ ਆਧਾਰਤ ਵਿਰੋਧਤਾਈਆਂ ਨਾਲ ਟਕਰਾਉਂਦਾ ਸੀ, ਜਿਸ ਨੇ ਪਹਿਲ ਪ੍ਰਿਥਮੇ ਰਾਜ ਵਿਚ ਸਮਾਜੀ-ਆਰਥਕ ਮਹੱਤਤਾ ਵਾਲੇ ਨਮੂਨੇ ਘੜ ਦਿੱਤੇ ਸਨ।

ਐਸ. ਐਨ. ਡੀ. ਪੀ. ਯੋਗਮ 1903 ਵਿਚ ਬਣਾਈ ਗਈ। ਔਜ਼ਵਾ ਦੀਆਂ ਆਪਣੇ ਲੋਕਾਂ ਦੀ ਹਾਲਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਨੂੰ ਨਾਇਰਾਂ ਨੇ ਆਪਣੇ ਖੇਤਰ ਵਿਚ ਉਨ੍ਹਾਂ ਦੀ ਲੰਮੇ ਸਮੇਂ ਤੋਂ ਬਣੀ ਮਜ਼ਬੂਤ ਸਥਿਤੀ ਲਈ ਖਤਰਾ ਸਮਝਣਾ ਸ਼ੁਰੂ ਕਰ ਦਿੱਤਾ। 1905 ਵਿਚ ਕੇਂਦਰੀ ਟ੍ਰਾਵਨਕੋਰ ਵਿਚ ਨਾਇਰ ਲੋਕਾਂ ਨੇ ਔਜ਼ਵਾ ਦੇ ਸਰਕਾਰੀ ਸਕੂਲਾਂ ਵਿਚ ਦਾਖਲੇ ਦਾ ਵਿਰੋਧ ਕੀਤਾ। ਉਨ੍ਹਾਂ ਨੇ ਪਹਿਰਾਵੇ ਦੇ ਸੁਧਾਰਾਂ ਦਾ ਵੀ ਵਿਰੋਧ ਕੀਤਾ, ਭਾਵ ਹੇਠਲੀਆਂ ਜਾਤਾਂ ਵਿਚ ਛਾਤੀਆਂ ਢਕਣ ਦੀ ਪ੍ਰਥਾ ਸ਼ੁਰੂ ਹੋਣ ਦਾ ਵਿਰੋਧ। ਔਜ਼ਵਾ ਜਾਤੀ ਨੇ ਆਪਣੀ ਗਿਣਤੀ ਦੇ ਮਹੱਤਵ ਦੇ ਜ਼ੋਰ ਸਰਕਾਰੀ ਨੌਕਰੀਆਂ, ਵਿਧਾਨਕਾਰ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿਚ ਰਾਖਵੇਂਕਰਨ ਲਈ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ। ਕਾਂਗਰਸ ਵਿਚ ਨਾਇਰ ਜਾਤੀ ਦਾ ਦਬਦਬਾ ਸੀ, ਇਸ ਵਿਰੁਧ ਔਜ਼ਵਾ ਨੇ ਅੰਗਰੇਜ਼ਾਂ ਦੀ ਮਦਦ ਲਈ ਕੀਤੀ, ਇਹ ਉਨ੍ਹਾਂ ਦਾ ਆਪਣੇ ਲਈ ਵਿਸ਼ੇਸ਼ ਲਾਭ ਲੈਣ ਦਾ ਯਤਨ ਸੀ।

ਪ੍ਰੋ. ਕਾਰਥੀਕੇਆਨ ਨਾਇਰ ਅਨੁਸਾਰ ਜਾਤੀ ਜਥੇਬੰਦੀਆਂ ਖਾਸ ਤੌਰ 'ਤੇ ਹੇਠਲੀਆਂ ਜਾਤਾਂ ਦੀਆਂ ਜਥੇਬੰਦੀਆਂ 19ਵੀਂ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਸਮਾਜਕ ਬੁਰਾਈਆਂ ਵਿਰੁਧ ਲੜ ਰਹੀਆਂ ਸਨ, ਇਸ ਲਈ ਉਹ ਆਮ ਤੌਰ 'ਤੇ ਅਗਾਂਹਵਧੂ ਸਨ; ਲੇਕਿਨ ਜਾਤੀ ਅਨੁਸਾਰ, ਅੱਜ ਦੇ ਸਮਾਜ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਉਹ ਆਪਣੀ ਰਵਾਇਤੀ ਪ੍ਰਸੰਗਕਤਾ ਗੁਆ ਚੁਕੀਆਂ ਹਨ। ਆਪਣੇ ਆਪ ਨੂੰ ਪ੍ਰਸੰਗਕ ਬਣਾਈ ਰੱਖਣ ਲਈ ਹੁਣ ਉਹ ਵਿਨਾਸ਼ਕਾਰੀ ਰੁਝਾਨ ਦੀ ਪੱਟਤੀ ਜਾ ਚੜ੍ਹੇ ਹਨ, ਜੋ ਜਮਹੂਰੀਅਤ ਦੇ ਖਿਲਾਫ ਹੈ।

---

ਆਰ. ਐਸ. ਐਸ. ਵਿਰੁਧ ਸਿੱਧੀ ਲੜਾਈ ਵਿਚ ਲੱਗੀ ਹੋਣ ਦੇ ਬਾਵਜੂਦ ਸੀ. ਪੀ. ਐਮ. ਦੀ ਸਿਆਸਤ ਵੀ ਚੁਣ-ਚੁਣ ਕੇ ਕਤਲਾਂ ਦੀ ਸਿਆਸਤ ਵਿਚ ਗਰਕ ਗਈ। ਜਾਪਦਾ ਹੈ ਕਿ ਅਧਿਆਪਕਾ ਸ਼ਸ਼ੀਕਲਾ ਦੀ ਉਕਸਾਊ ਭਾਸ਼ਣ ਸ਼ੈਲੀ ਅਤੇ ਹਿੰਦੂ ਏਕਿਆ ਵੇਦੀ ਦਾ ਮੁਕਾਬਲਾ ਕਰਨ ਲਈ ਪੁਖਤਾ ਦਲੀਲ ਸਿਰਜਣ ਦੀ ਸੀ. ਪੀ. ਐਮ. ਦੀ ਬੌਧਿਕ ਕਾਬਲੀਅਤ ਨੂੰ ਇਸ ਦੀਆਂ ਕਈ ਪੁਰਾਣੀਆਂ ਨਾਕਾਮੀਆਂ ਨੇ ਜੁੜ ਪਾ ਰੱਖਿਆ ਹੈ।

ਪਹਿਲੀ ਗੱਲ, ਇਹ ਸੀ. ਪੀ. ਐਮ. ਹੀ ਹੈ, ਜਿਸ ਨੇ ਅਣਜਾਣੇ ਹੀ ਨਤੇਸਨ ਨੂੰ 'ਐਸ. ਐਨ. ਡੀ. ਪੀ. ਯੋਗਮ' ਦੇ ਸ਼ਕਤੀਸ਼ਾਲੀ ਜਨਰਲ



ਪ੍ਰੋ. ਕਾਰਥੀਕੇਆਨ ਨਾਇਰ

ਸਕੱਤਰ ਦੇ ਤੌਰ 'ਤੇ ਭਾਜਪਾ ਨਾਲ ਗੱਠਜੋੜ ਬਣਾਉਣ ਦਾ ਸਾਜ਼ਗਰ ਆਧਾਰ ਮੁਹੱਈਆ ਕਰ ਦਿੱਤਾ। 2009 ਦੀਆਂ ਲੋਕ ਸਭਾ ਚੋਣਾਂ ਮੌਕੇ ਪੀ. ਡੀ. ਪੀ., ਜਿਸ ਦੀ ਅਗਵਾਈ ਅਬਦੁਲ ਨਾਸਿਰ ਮਦਨੀ ਨਾਂ ਦਾ ਮੁਸਲਿਮ ਮੁੱਲਾ ਕਰ ਰਿਹਾ ਸੀ, ਨਾਲ ਅਸਿੱਧਾ ਗੱਠਜੋੜ ਬਣਾਉਣ ਸਮੇਂ ਇਹ ਬੇਵਜ੍ਹਾ ਹੀ ਵਿਵਾਦਾਂ ਵਿਚ ਘਿਰ ਗਈ। ਅਬਦੁੱਲ ਨਾਸਿਰ ਮਦਨੀ ਉਹ ਸ਼ਖਸ ਹੈ, ਜਿਸ ਨੇ ਕੋਇੰਬਟੂਰ ਬੰਬ ਕਾਂਡ ਕੇਸ ਵਿਚ ਵਿਚਾਰ ਅਧੀਨ ਕੈਦੀ ਵਜੋਂ 9 ਸਾਲ ਜੇਲ੍ਹ ਕੱਟੀ ਸੀ ਅਤੇ ਉਸ ਦੇ ਜ਼ਬਰਦਸਤ ਭਾਸ਼ਣਾਂ ਕਾਰਨ ਕਈ ਲੋਕ ਉਸ ਨੂੰ ਸ਼ਸ਼ੀਕਲਾ ਦਾ ਹੀ ਅਕਸ ਸਮਝਦੇ ਹਨ। ਖੱਬੇ ਜਮਹੂਰੀ ਫਰੰਟ ਲਈ ਮੁਸ਼ਕਿਲਾਂ ਖੜ੍ਹੀਆਂ ਕਰਨ ਦੇ ਨਾਲ-ਨਾਲ ਇਸ ਗੱਠਜੋੜ ਨੂੰ ਲੈ ਕੇ ਸੀ. ਪੀ. ਐਮ. ਨੇ ਧਰਮ ਨਿਰਪੱਖਤਾ ਦਾ ਝੰਡਾ ਨੀਵਾਂ ਕਰਨ ਦਾ ਕਲੰਕ ਵੀ ਖੱਟ ਲਿਆ। ਇਹ ਗੱਠਜੋੜ ਫਿਰਕੂ ਮੁਹਿੰਮ ਜ਼ਰੀਏ ਮੁਸਲਮਾਨਾਂ ਦੇ ਇਕ ਹਿੱਸੇ ਦੀ ਵੋਟ ਖਿੱਚਣ ਖਾਤਰ ਕੀਤਾ ਗਿਆ ਸੀ। ਪਿਨਰਾਈ ਵਿਜੇਅਨ, ਜੋ ਸੀ. ਪੀ. ਐਮ. ਦਾ ਸੂਬਾ ਸਕੱਤਰ ਹੈ, ਪੋਨਾਨੀ ਵਿਚ ਚੋਣ ਮੁਹਿੰਮ ਦੌਰਾਨ ਮਦਨੀ ਨਾਲ ਮੰਚ ਸਾਂਝਾ ਕਰਨ ਦੀ ਹੱਦ ਤਕ ਚਲਾ ਗਿਆ।

ਸੀ. ਪੀ. ਐਮ. ਚਾਹੇ ਮੁਸਲਿਮ ਕੱਟੜਪੰਥੀ ਪਾਰਟੀ ਨਾਲ ਇਸ ਲਈ ਸਾਂਝ ਬਣਾ ਕੇ ਚੱਲ ਰਹੀ ਸੀ ਤਾਂ ਜੋ ਮੁਸਲਿਮ ਵੋਟਾਂ ਨੂੰ ਤੋੜਿਆ ਜਾ ਸਕੇ, ਜੋ ਮੁੱਖ ਤੌਰ 'ਤੇ ਮੁਸਲਿਮ ਲੀਗ ਦੇ ਹਮਾਇਤੀ ਹਨ; ਪਰ ਇਸ ਨੇ ਨਤੇਸਨ ਨੂੰ ਕੱਟੜ ਹਿੰਦੂ ਪਾਰਟੀ ਨਾਲ ਔਜ਼ਵਾ ਦਾ ਚੋਣ ਗੱਠਜੋੜ ਕਰਨ ਦੇ ਫੈਸਲੇ ਨੂੰ ਸਹੀ ਠਹਿਰਾਉਣ ਦਾ ਮੌਕਾ ਦੇ ਦਿੱਤਾ, ਜੋ ਮੁੱਖ ਤੌਰ 'ਤੇ ਖੱਬੀ ਧਿਰ ਦਾ ਵੋਟ ਬੈਂਕ ਰਹੇ ਹਨ।

ਸਤੰਬਰ 2015 ਵਿਚ ਸੀ. ਪੀ. ਐਮ. ਦੇ ਆਗੂ ਅਤੇ ਕਾਰਕੁਨ ਕਨੂਰ ਵਿਚ 'ਸ੍ਰੀ ਕ੍ਰਿਸ਼ਨ ਜੈਯੰਤੀ' ਸਮਾਗਮਾਂ ਵਿਚ ਸ਼ਾਮਲ ਹੋਏ, ਜਿਸ ਨੂੰ ਕੇਰਲਾ ਦੇ ਮਾਰਕਸਵਾਦੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ। ਪਾਰਟੀ ਦੀ ਆਗੂ ਟੀਮ ਨੇ ਦਾਅਵਾ ਕੀਤਾ ਕਿ ਇਹ ਸਮਾਗਮ ਜਨਮ ਅਸ਼ਟਮੀ ਮਨਾਉਣ ਲਈ ਨਹੀਂ ਸਨ, ਸਗੋਂ ਓਨਮ ਦਾ ਤਿਉਹਾਰ ਮਨਾਉਣ ਲਈ ਸਨ; ਪਰ ਸਿਆਸੀ ਵਿਸ਼ਲੇਸ਼ਣਕਾਰਾਂ ਅਨੁਸਾਰ ਇਹ ਪ੍ਰੋਗਰਾਮ ਪਾਰਟੀ ਨੂੰ ਭਰਤੀ ਦੇਣ ਵਾਲੀ ਜਥੇਬੰਦੀ 'ਬਾਲ ਸੰਗਮ' ਦੇ ਨਾਂ ਹੇਠ ਆਪਣੇ ਹਮਦਰਦਾਂ ਦੇ ਭਾਜਪਾ ਵਿਚ ਜਾਣ ਤੋਂ ਰੋਕਣ ਦਾ ਮਾਯੂਸ ਯਤਨ ਸਨ। ਇਹ ਇਨ੍ਹਾਂ ਰਿਪੋਰਟਾਂ ਦੇ ਪਿਛੋਕੜ ਵਿਚ ਕੀਤਾ ਗਿਆ, ਜੋ ਦਰਸਾਉਂਦੀਆਂ ਹਨ ਕਿ ਸੀ. ਪੀ. ਐਮ. ਦਾ ਹਿੰਦੂ ਫਿਰਕੇ ਵਿਚਲਾ ਹਮਾਇਤੀ ਆਧਾਰ ਜਿਲੇ ਦੇ ਉਨ੍ਹਾਂ ਪਿੰਡਾਂ ਵਿਚ ਹੌਲੀ-ਹੌਲੀ ਖੁਰ ਰਿਹਾ ਹੈ, ਜਿਨ੍ਹਾਂ ਨੂੰ ਪਾਰਟੀ ਦੇ ਗੜ੍ਹ ਮੰਨਿਆ ਜਾਂਦਾ ਸੀ।

ਸੀ. ਪੀ. ਐਮ. ਨੇ ਪਹਿਲਾਂ ਵੀ ਹਿੰਦੂ ਭਾਵਨਾਵਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਸੀ। 1989 ਵਿਚ ਪਾਰਟੀ ਦੀ 13ਵੀਂ ਕਾਂਗਰਸ ਸਮੇਂ ਬਹੁਤ ਸਾਰੇ ਇਸ਼ਤਿਹਾਰਾਂ ਅਤੇ ਹੋਰ ਪ੍ਰਚਾਰ ਸਮੱਗਰੀ ਵਿਚ ਹਿੰਦੂ ਧਾਰਮਿਕ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿਚੋਂ ਇਕ ਇਸ਼ਤਿਹਾਰ ਵਿਚ ਈ. ਐਮ. ਐਸ. ਨੰਬੂਦਰੀਪਾਦ ਨੂੰ ਭਗਵਾਨ ਕ੍ਰਿਸ਼ਨ ਦੇ ਰੂਪ ਵਿਚ ਦਿਖਾਇਆ ਗਿਆ ਸੀ, ਜੋ ਪਾਂਡਵ ਸ਼ਹਿਜ਼ਾਦੇ ਅਰਜਨ ਦੀ ਥਾਂ ਮਾਰਕਸ ਦੀ 'ਦਾਸ ਕੈਪੀਟਲ' ਦੀ ਕਾਪੀ ਰੱਖੇ ਰੱਥ ਨੂੰ ਖਿੱਚ ਰਿਹਾ ਸੀ। ਸੰਗਮੁਖਮ ਬੀਚ ਵਿਚ ਸਜਾਇਆ ਮੰਚ, ਜਿਥੇ ਆਗੂਆਂ ਨੇ ਪਾਰਟੀ ਕਾਂਗਰਸ ਦੀ ਸਮਾਪਤੀ ਦੇ ਦਿਨ ਵੱਡੇ ਇਕੱਠ ਨੂੰ ਸੰਬੋਧਨ ਕੀਤਾ, ਅੱਧਾ ਹਿੰਦੂ ਮੰਦਿਰ ਜਿਹਾ ਬਣਾਇਆ ਗਿਆ ਸੀ ਅਤੇ ਅੱਧਾ ਕ੍ਰੈਮਲਿਨ ਜਿਹਾ।

ਸੀ. ਪੀ. ਐਮ. ਇਹ ਦਲੀਲ ਦੇ ਸਕਦੀ ਹੈ ਕਿ ਇਹ ਛੋਟੇ-ਛੋਟੇ ਭਟਕਾਓ ਕੇਰਲਾ ਦੀ ਸਿਆਸਤ ਵਿਚ ਆਰ. ਐਸ. ਐਸ. ਨੂੰ ਹਾਸ਼ੀਏ 'ਤੇ ਧੱਕਣ ਦੀ ਲੜਾਈ ਦੇ ਨਜ਼ਰੀਏ ਤੋਂ ਪਾਰਟੀ ਲਈ ਫਾਇਦੇਮੰਦ ਰਹੇ ਹਨ। ਧਰਮ ਨਿਰਪੱਖਤਾ ਬਾਰੇ ਸਾਹਮਣੇ ਆ ਰਹੇ ਰਲੇ-ਮਿਲੇ ਸੰਦੇਸ਼ ਭਾਵੇਂ ਸੀ. ਪੀ. ਐਮ. ਨੂੰ ਵਕਤੀ ਤੌਰ 'ਤੇ ਲਾਹਾ ਦੇਣ ਵਾਲੇ ਜਾਪਦੇ ਹੋਣ, ਪਰ ਕੇਰਲਾ ਵਿਚ ਇਨ੍ਹਾਂ ਨੇ ਹਿੰਦੂ ਵੋਟ ਬੈਂਕ ਦੀ ਧਾਰਨਾ ਉਭਰਨ ਵਿਚ ਭੂਮਿਕਾ ਵੀ ਨਿਭਾਈ ਹੈ।

ਇਹ ਧਾਰਨਾ ਭਾਵੇਂ ਅਜੇ ਧੁੰਦਲੀ ਜਿਹੀ ਹੈ, ਫਿਰ ਵੀ ਉਸ ਸੂਬੇ ਅੰਦਰ ਮੁਢਲੇ ਅਨੁਭਵ ਦੇ ਪੱਧਰ 'ਤੇ ਇਸ ਦੀ ਹੋਂਦ ਹੋਣਾ ਹੀ ਫਿਕਰ ਵਾਲੀ ਗੱਲ ਹੈ, ਜਿਸ ਦੀ ਹੁਣ ਤਕ ਦੀ ਪਛਾਣ ਹੀ ਧਰਮ ਨਿਰਪੱਖ ਅਤੇ ਅਗਾਂਹਵਧੂ ਸਿਆਸਤ ਦੇ ਗੜ੍ਹ ਦੀ ਰਹੀ ਹੈ। ਕੁਮਾਨਮ ਰਾਜਸ਼ੇਖਰਨ ਦਾ ਘਰ-ਘਰ ਪ੍ਰਚਾਰ ਅਤੇ ਅਧਿਆਪਕਾ ਸ਼ਸ਼ੀਕਲਾ ਦੇ ਕੀਲਵੇਂ ਭਾਸ਼ਣ ਦਰਸਾਉਂਦੇ ਹਨ ਕਿ ਆਰ. ਐਸ. ਐਸ. ਨੇ 2016 ਦੀਆਂ ਚੋਣਾਂ ਤੋਂ ਪਹਿਲਾਂ ਹੀ ਹਿੰਦੂਤਵੀ ਏਜੰਡੇ ਦੇ ਹੱਕ ਵਿਚ ਕਾਫੀ ਵੱਡਾ ਸਮੂਹ ਲਾਮਬੰਦ ਕਰ ਲਿਆ, ਜੋ ਹਿੰਦੂ ਏਕਿਆ ਵੇਦੀ ਦੀਆਂ ਸਰਗਰਮੀਆਂ ਅਤੇ ਧਰਮ ਨਿਰਪੱਖ ਵਿਰੋਧੀਆਂ ਦੀਆਂ ਨਾਕਾਮੀਆਂ ਕਾਰਨ ਸੰਭਵ ਹੋਇਆ।

ਧਾਰਮਿਕ ਭਾਵਨਾਵਾਂ ਵਰਤਣ ਕਾਰਨ ਭਾਵੇਂ ਸੂਬੇ ਵਿਚ ਬੇਚੈਨੀ ਹੈ, ਫਿਰ ਵੀ ਇਸ ਪਿੱਛੇ ਕਈ ਵਧੇਰੇ ਡੂੰਘੇ ਪੱਖਾਂ ਦੀ ਭੂਮਿਕਾ ਹੈ; ਜਿਵੇਂ ਜ਼ਮੀਨੀ ਸੁਧਾਰਾਂ ਦੇ ਅਮਲ ਨੂੰ ਨੇਪਰੇ ਚਾੜ੍ਹਨ ਵਿਚ ਪਿਛਲੀਆਂ ਸਰਕਾਰਾਂ ਦਾ ਅਸਫਲ ਰਹਿਣਾ। 1950ਵਿਆਂ ਅਤੇ 1960ਵਿਆਂ ਦੇ ਜ਼ਮੀਨੀ ਸੁਧਾਰਾਂ ਨੇ ਭਾਵੇਂ ਸੂਬੇ ਦੇ ਹੇਠਲੇ ਵਰਗ ਦੇ ਜੀਵਨ ਪੱਧਰ ਵਿਚ ਵੱਡੇ ਸੁਧਾਰ ਲਿਆਂਦੇ, ਪਰ ਉਨ੍ਹਾਂ ਦਹਾਕਿਆਂ ਦੀਆਂ ਉਹ ਪ੍ਰਾਪਤੀਆਂ ਹੁਣ ਖਤਮ ਹੋਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਵਿਅਰਥ ਬਣ ਚੁਕੀਆਂ ਹਨ। ਜੇ ਗਰੀਬੀ ਦੇ ਖਤਰੇ ਨੂੰ ਮੁਖਾਤਬ ਹੋਣ ਲਈ ਤੇਜ਼ੀ ਨਾਲ ਕਦਮ ਨਾ ਪੁੱਟੇ ਗਏ ਤਾਂ ਹੋ ਸਕਦਾ ਹੈ ਲੋਕ ਸ਼ਸ਼ੀਕਲਾ ਦੇ ਭੜਕਾਊ ਭਾਸ਼ਣਾਂ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦੇਣ।

(ਚਲਦਾ)

# ਮੇਰੀ ਮਾਂ-ਬੋਲੀ, ਮੇਰਾ ਹੱਕ

ਸ਼ਮਿੰਦਰ, ਲੱਖੇਵਾਲੀ
ਸ੍ਰੀ ਮੁਕਤਸਰ ਸਾਹਿਬ।
ਫੋਨ: 91-75268-08047

ਮਾਂ-ਬੋਲੀ ਪੰਜਾਬੀ ਨਾਲ ਜੁੜੇ ਵੱਖ-ਵੱਖ ਮਸਲਿਆਂ ਨੂੰ ਲੈ ਕੇ ਮੈਂ ਅਤੇ ਮੇਰੇ ਜਿਹੇ ਕਈ ਕੁਲਝਦੇ, ਦੁਖੀ ਹੁੰਦੇ ਅਤੇ ਤਰਲੇ ਲੈਂਦੇ ਰਹਿੰਦੇ ਹਨ ਤੇ ਅਕਸਰ ਆਪਣੇ-ਆਪ ਨੂੰ ਬੇਵਸ ਮਹਿਸੂਸ ਕਰਦੇ ਹਨ। ਪੰਜਾਬੀ-ਅੰਗਰੇਜ਼ੀ ਦਾ ਰੌਲਾ ਤਾਂ ਕੱਚੀ ਪਹਿਲੀ ਤੋਂ ਹੀ ਚਲਦਾ ਆ ਰਿਹਾ ਹੈ, ਪਰ ਮੈਂ 2017 ਤੋਂ ਸ਼ੁਰੂ ਕਰਦੀ ਹਾਂ। ਮੇਰੇ ਕਈ ਲੇਖ ਦੇਸ਼-ਵਿਦੇਸ਼ ਦੇ ਅਖ਼ਬਾਰਾਂ ਵਿਚ ਛਪ ਚੁਕੇ ਸਨ ਕਿ ਇਕ ਦਿਨ ਮੇਰੇ ਭਾਣਜੇ ਦਾ ਫੋਨ ਆਇਆ, "ਮਾਸੀ ਜੀ, ਇਨ੍ਹੀਂ ਦਿਨੀਂ ਵਿਦਿਆਰਥੀ ਪੱਤਰਕਾਰੀ ਦੇ ਕੋਰਸ ਲਈ ਫਾਰਮ ਭਰ ਰਹੇ ਹਨ, ਤੁਸੀਂ ਵੀ ਭਰ ਦਿਓ।"

ਉਸ ਦੀ ਕਹੀ ਗੱਲ ਨੇ ਮੇਰੇ ਮਨ ਵਿਚ ਹਲਚਲ ਮਚਾ ਦਿੱਤੀ। ਮੈਂ ਇੰਟਰਨੈਟ ਰਾਹੀਂ ਚੰਡੀਗੜ੍ਹ ਵਿਚ ਇਸ ਕੋਰਸ ਦੀ ਭਾਲ ਕਰਨ ਲੱਗੀ। ਕਈ ਕਾਲਜਾਂ ਵਿਚ ਫੋਨ ਕੀਤੇ। 2-3 ਕਾਲਜਾਂ ਵਿਚ ਇਹ ਕੋਰਸ ਉਪਲਬਧ ਸੀ, ਪਰ ਮਾਧਿਅਮ ਅੰਗਰੇਜ਼ੀ ਸੀ। ਇਕ ਕਾਲਜ ਵਿਚ ਹਿੰਦੀ ਮਾਧਿਅਮ ਵੀ ਸੀ। ਸੋਚਿਆ ਚਲੋ, ਔਖੇ-ਸੌਖੇ ਹਿੰਦੀ ਵਿਚ ਪੜ੍ਹ ਲਵਾਂਗੇ! ਇਕ ਕਾਲਜ ਵਿਚ ਫੋਨ ਕੀਤਾ, ਜਵਾਬ ਮਿਲਿਆ, "ਅੰਗਰੇਜ਼ੀ ਕੇ ਬਿਨਾ ਕਯਾ ਪੱਤਰਕਾਰੀ ਕਰਲੋਂ ਗੇ ਆਪ?" ਖੈਰ, ਕਰਦੇ-ਕਰਾਉਂਦੇ ਮੈਨੂੰ ਇਸ ਕੋਰਸ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਦਾਖਲਾ ਮਿਲ ਗਿਆ। ਲੈਕਚਰ ਅਤੇ ਪੜ੍ਹਨ ਸਮੱਗਰੀ ਲਈ ਮਾਧਿਅਮ ਅੰਗਰੇਜ਼ੀ ਹੀ ਸੀ।

ਪਰ ਸ਼ੁਕਰ ਸੀ ਕਿ ਪ੍ਰੀਖਿਆ ਪੰਜਾਬੀ ਵਿਚ ਦੇ ਸਕਦੇ ਸੀ। ਇਕ-ਦੋ ਪ੍ਰੋਫੈਸਰ ਸਹਿਬਾਨ ਨੂੰ ਛੱਡ ਕੇ ਬਾਕੀ ਸਭ ਅੰਗਰੇਜ਼ੀ ਤੇ ਪੰਜਾਬੀ-ਦੋਵੇਂ ਭਾਸ਼ਾਵਾਂ ਵਿਚ ਬੋਲਦੇ ਸਨ, ਜਿਸ ਕਰਕੇ ਆਸਾਨੀ ਰਹੀ, ਪਰ ਪੜ੍ਹਨ-ਸਮੱਗਰੀ ਪੰਜਾਬੀ ਵਿਚ ਪ੍ਰਾਪਤ ਕਰਨ ਲਈ ਸਾਰਾ ਕੋਰਸ ਵਿਦਿਆਰਥੀ ਤਰਲੋ-ਮੱਛੀ ਹੁੰਦੇ ਰਹੇ। ਅੰਨੇ-ਕਾਣੇ ਫੋਟੋ ਸਟੇਟ ਕੀਤੇ ਨੋਟਸਾਂ ਦਾ ਵਟਾਂਦਰਾ ਹੁੰਦਾ ਰਿਹਾ। ਕਿਸੇ ਸਫੇ 'ਤੇ ਦੋ ਅੱਖਰ ਨਜ਼ਰ ਆਉਂਦੇ, ਕਿਸੇ 'ਤੇ ਉਹ ਵੀ ਨਾ। ਇਹ ਨੋਟਸ ਉਪਲਬਧ ਕਰਾਉਣ ਵਾਲਾ ਵਿਦਿਆਰਥੀ ਸਭ ਅੱਗੇ ਹੀਰੋ ਬਣ ਜਾਂਦਾ ਸੀ। ਧਿਆਨ ਦੇਣ ਯੋਗ ਗੱਲ ਇਹ ਕਿ ਪੰਜਾਬੀ ਮਾਧਿਅਮ ਦੇ ਵਿਦਿਆਰਥੀ ਅੰਗਰੇਜ਼ੀ ਮਾਧਿਅਮ ਤੋਂ ਵੱਧ ਗਿਣਤੀ ਵਿਚ ਹਨ, ਪਰ ਚਲਦੀ ਫੇਰ ਵੀ ਅੰਗਰੇਜ਼ੀ ਹੈ।

27 ਮਾਰਚ ਨੂੰ ਆਖਰੀ ਸਮੈਸਟਰ ਲਈ ਵਿਸ਼ੇਸ਼ ਪ੍ਰੈਕਟੀਕਲ ਪੇਪਰ ਸੀ। ਸਾਡੀ ਪ੍ਰੋਫੈਸਰ ਸਾਹਿਬਾ ਸਾਨੂੰ ਸਮਝਾਉਣ ਲੱਗੇ ਕਿ ਚਲੰਤ ਮਸਲਿਆਂ 'ਤੇ ਬਹਿਸ ਕਿਸ ਤਰ੍ਹਾਂ ਹੋਵੇਗੀ?

ਇਕ ਵਿਦਿਆਰਥੀ ਸਾਥੀ ਇੰਦਰਜੀਤ ਚੰਦੜ, ਜੋ ਪੰਜਾਬ ਦੇ ਇਕ ਸਿਰਕੱਢ ਅਖ਼ਬਾਰ ਲਈ ਕਈ ਸਾਲ ਤੋਂ ਪੱਤਰਕਾਰੀ ਕਰ ਰਹੇ ਸਨ, ਨੇ ਸਵਾਲ ਕੀਤਾ, "ਜੀ ਇਹ ਦੱਸੋ ਕਿ ਹੋਵੇਗਾ ਤਾਂ ਪੰਜਾਬੀ ਵਿਚ ਨਾ?"

ਸਾਰੀ ਜਮਾਤ, ਜਿਸ ਵਿਚ 22 ਤੋਂ ਲੈ ਕੇ 55 ਸਾਲ ਤੱਕ ਦੇ ਵਿਦਿਆਰਥੀ ਸ਼ਾਮਿਲ ਸਨ, ਨੇ ਇਸ ਸਵਾਲ ਨਾਲ ਸਹਿਮਤੀ ਪ੍ਰਗਟਾਈ। 2004 ਵਿਚ ਜਦੋਂ ਮੈਂ ਪੋਲੀਟੀਕਲ ਸਾਇੰਸ ਦੀ ਐਮ. ਏ. ਕੀਤੀ, ਤਦ ਪ੍ਰਸ਼ਨ-ਪੱਤਰ ਸਿਰਫ ਅੰਗਰੇਜ਼ੀ ਵਿਚ ਮਿਲਦਾ ਸੀ, ਜਿਸ ਕਰਕੇ ਬੜੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਸੀ। ਪ੍ਰਸ਼ਨ ਸਮਝਣ ਲਈ ਬੜਾ ਸਮਾਂ ਬਰਬਾਦ ਹੁੰਦਾ, ਫੇਰ ਵੀ ਤਸੱਲੀ ਨਾ ਹੁੰਦੀ। 2011 ਵਿਚ ਜਦ ਇਤਿਹਾਸ ਦੀ ਐਮ. ਏ. ਦਾ ਦੂਜਾ ਸਾਲ ਸੀ ਤਾਂ ਪ੍ਰਸ਼ਨ ਪੱਤਰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮਾਧਿਅਮ ਵਿਚ ਮਿਲਿਆ। ਰੱਬ ਦਾ ਲੱਖ ਸ਼ੁਕਰ ਕੀਤਾ।

ਸਵਾਲ ਇਹ ਹੈ ਕਿ ਪੰਜਾਬ ਵਿਚ ਰਹਿੰਦਿਆਂ ਅਤੇ 'ਪੰਜਾਬੀ' ਤੇ 'ਪੰਜਾਬ' ਯੂਨੀਵਰਸਿਟੀਆਂ ਵਿਚ ਪੜ੍ਹਦਿਆਂ ਸਾਨੂੰ ਇਨ੍ਹਾਂ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਤੇ ਵਿਦੇਸ਼ ਵਿਚ ਨਹੀਂ। ਸਕੂਲਾਂ ਵਿਚ ਬੱਚਿਆਂ ਨੂੰ ਮਾਂ ਬੋਲੀ ਬੋਲਣ ਤੋਂ ਟੋਕਣਾ ਇਕ ਲੋਹੜਾ ਹੈ। ਮੈਂ ਇਸ ਨੂੰ ਇਕ ਮਾਨਸਿਕ ਤਸ਼ੱਦਦ ਸਮਝਦੀ ਹਾਂ। ਇਸ ਨਾਲ ਪੰਜਾਬੀ ਪ੍ਰਤੀ ਹੀਣ ਭਾਵਨਾ ਪੈਦਾ ਕੀਤੀ ਜਾ ਰਹੀ ਹੈ। ਕਿੰਨੇ ਅਜਿਹੇ ਲੋਕ ਹੋਣਗੇ, ਜੋ ਮਾਂ-ਬੋਲੀ ਵਿਚ ਉਪਲਬਧ ਨਾ ਹੋਣ ਕਰਕੇ ਆਪਣੀ ਪਸੰਦ ਦਾ ਵਿਸ਼ਾ ਜਾਂ ਕਿੱਤਾ ਨਹੀਂ ਚੁਣ ਸਕੇ। ਇਸ ਨਾਲ ਅਸਿੱਧੇ ਰੂਪ ਵਿਚ ਉਨ੍ਹਾਂ ਦੀ ਆਰਥਕ ਸਥਿਤੀ ਵੀ ਪ੍ਰਭਾਵਿਤ ਹੁੰਦੀ ਹੈ। ਆਪਣੇ ਦੇਸ਼ ਵਿਚ ਆਪਣੀ ਮਾਂ-ਬੋਲੀ ਵਿਚ ਪੜ੍ਹਨ-ਲਿਖਣ ਦਾ ਸਾਨੂੰ ਜਨਮ ਸਿੱਧ ਅਧਿਕਾਰ ਹੈ।

ਜੋ ਸਰਕਾਰ ਇਸ ਮਸਲੇ ਵੱਲ ਧਿਆਨ ਨਹੀਂ ਦਿੰਦੀ, ਉਹ ਕਸੂਰਵਾਰ ਹੈ। ਇਸ ਦੇ ਕਾਨੂੰਨੀ ਪੱਖ ਅਤੇ ਕੋਰਸਾਂ ਦੀ ਪੰਜਾਬੀ ਵਿਚ ਉਪਲਬਧੀ ਦੀ ਸੰਭਾਵਨਾ ਬਾਰੇ ਹੋਰ ਵਿਸਥਾਰ ਨਾਲ ਲਿਖਿਆ ਜਾ ਸਕਦਾ ਹੈ। ਅਦਾਲਤਾਂ ਵਿਚ ਮਾਂ ਬੋਲੀ ਸਬੰਧੀ ਅਨੇਕਾਂ ਕੇਸ ਗਏ ਅਤੇ ਉਨ੍ਹਾਂ ਸਬੰਧੀ ਵੱਖ-ਵੱਖ ਫੈਸਲੇ ਵੀ ਸੁਣਾਏ ਗਏ, ਪਰ ਹਾਲ ਕੋਈ ਜ਼ਿਆਦਾ ਬਿਹਤਰ ਨਹੀਂ ਹੋਇਆ। ਸਵਾਲ ਬਹੁਤ ਸਾਰੇ ਹਨ ਤੇ ਉਨ੍ਹਾਂ ਦੇ ਜਵਾਬ ਉਨ੍ਹਾਂ ਤੋਂ ਵੀ ਬਹੁਤੇ ਹਨ, ਪਰ ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸੀਂ ਆਪਣੀ ਮਾਂ-ਬੋਲੀ ਤੋਂ ਦੂਰ ਧੱਕੇ ਜਾਣ ਤੋਂ ਬੜੇ ਦੁਖੀ ਹਾਂ, ਪਰ ਸੰਘਰਸ਼ ਜਾਰੀ ਰਹੇਗਾ। ਅਸੀਂ ਲੜਾਂਗੇ ਸਾਥੀ।

# ਭਾਸ਼ਾ ਬਨਾਮ ਸਟੇਟ

ਹਰਪਾਲ ਸਿੰਘ ਪੰਨੂ
ਫੋਨ: 91-94642-51454

ਨਾਮੀ ਵਿਦਿਅਕ ਸੰਸਥਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਉਰਦੂ ਨੂੰ ਵਿਦੇਸ਼ੀ ਭਾਸ਼ਾ ਕਹਿਣ ਨਾਲ ਖੁਦ ਵਿਦੇਸ਼ੀ ਅਦਾਰਾ ਜਾਪਣ ਲੱਗ ਗਿਆ ਹੈ। ਅਸੀਂ ਐਨ 1940ਵਿਆਂ ਵਿਚ ਉਥੇ ਪੁੱਜ ਗਏ ਹਾਂ, ਜਿੱਥੋਂ ਚੱਲੇ ਸਾਂ। ਉਦੋਂ ਉਰਦੂ ਮੁਸਲਮਾਨਾਂ ਦੀ ਭਾਸ਼ਾ ਹੁੰਦੀ ਸੀ, ਅੱਜ ਇਹ ਪਾਕਿਸਤਾਨ ਦੀ ਬੋਲੀ ਹੋ ਗਈ ਹੈ। ਅਸੀਂ ਚੰਗੀ ਤਰ੍ਹਾਂ ਸਮਝ ਰਹੇ ਹਾਂ, ਇਥੇ 'ਵਿਦੇਸ਼ੀ' ਲਫਜ਼ ਪਾਕਿਸਤਾਨ ਲਈ ਵਰਤਿਆ ਗਿਆ ਹੈ। ਸਰਕਾਰ ਨੂੰ ਅਚਾਨਕ ਜਦੋਂ ਕਿਸੇ ਖਿੱਤੇ ਦੀ ਬੋਲੀ ਚੁਭਣ ਲੱਗੇ, ਇਸ ਦਾ ਮਤਲਬ ਇਹ ਹੋਇਆ ਕਰਦਾ ਹੈ ਕਿ ਸਰਕਾਰ ਗਲਤ ਖਿੱਤੇ ਵਿਚ ਰਾਜ ਕਰਨ ਆ ਗਈ ਹੈ, ਅਸਲ ਵਿਚ ਉਸ ਖਿੱਤੇ ਵਿਚ ਉਹ ਰਾਜ ਕਰਨ ਦੀ ਹੱਕਦਾਰ ਨਹੀਂ।

ਜਿਵੇਂ ਭਾਰਤ ਸਰਕਾਰ ਉਰਦੂ ਨੂੰ ਵਿਦੇਸ਼ੀ ਭਾਸ਼ਾ ਐਲਾਨ ਰਹੀ ਹੈ, ਉਵੇਂ ਹੀ ਪਾਕਿਸਤਾਨੀ ਸਰਕਾਰ ਉਥੇ ਪੰਜਾਬੀ ਨੂੰ ਬਿਗਾਨੀ ਬੋਲੀ ਸਮਝ ਰਹੀ ਹੈ। ਪੱਛਮੀ ਪੰਜਾਬ ਦੇ ਇਕ ਸਿਆਸੀ ਲੀਡਰ ਮੀਆਂ ਮੁਹੰਮਦ ਤੁਫੈਲ ਨੇ 1992 ਵਿਚ ਬਿਆਨ ਦਿੱਤਾ ਸੀ ਕਿ ਪੰਜਾਬੀ ਗਾਲੀ ਗਲੋਚ ਦੀ ਜ਼ਬਾਨ ਹੈ। ਉਸ 'ਤੇ ਤਿੱਖੇ ਪ੍ਰਤੀਕਰਮ ਹੋਏ। ਮਾਸਿਕ ਰਿਸਾਲੇ 'ਰਵੇਲ' ਨੇ ਜਮੀਲ ਅਹਿਮਦ ਪਾਸ਼ਾ ਦਾ ਲੇਖ ਪ੍ਰਕਾਸ਼ਿਤ ਕੀਤਾ। ਉਸ 'ਚੋਂ ਕੁਝ ਹਿੱਸੇ ਇਹ ਸਨ, "ਤੁਫੈਲ ਲਿਖਦਾ ਹੈ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਪੰਜਾਬ ਦੀ ਪੈਦਾਵਾਰ ਹਾਂ। ਮੇਰੀ ਮਾਂ, ਬਾਪ ਤੇ ਸਾਰਾ ਖਾਨਦਾਨ ਪੰਜਾਬ ਦੀ ਸਿੱਖ ਰਿਆਸਤ ਕਪੂਰਥਲਾ ਦੇ ਰਹਿਣ ਵਾਲੇ ਸਨ।"

"ਪੈਦਾਵਾਰ ਦੀ ਗੱਲ ਖੂਬ ਕਹੀ। ਜੇ ਲਹਿੰਦੇ ਪੰਜਾਬ ਵਿਚ ਅੱਜ ਪੰਜਾਬੀ ਤਾਲੀਮੀ ਜ਼ਬਾਨ ਨਹੀਂ, ਇਹਦੇ ਵਿਚ ਵੀ ਪੰਜਾਬ ਦੀ ਹੀ ਕਿਸੇ ਪੈਦਾਵਾਰ ਦਾ ਹੱਥ ਹੈ। ਇਸ ਧਰਤੀ ਉਤੇ ਕੁਝ ਅਜਿਹੀਆਂ ਜਿਣਸਾਂ ਵੀ ਪੈਦਾ ਹੁੰਦੀਆਂ ਹਨ, ਜੋ ਧਰਤੀ ਨੂੰ ਸ਼ਰਮਸਾਰ ਕਰਦੀਆਂ ਹਨ।

"ਤੁਫੈਲ ਆਖਦਾ ਹੈ, ਪੰਜਾਬੀ ਦਾ ਮਜਾਜ਼ ਠੀਕ ਨਹੀਂ। ਮੀਆਂ ਜੀ, ਜ਼ਬਾਨ ਦਾ ਕੋਈ ਮਜਾਜ਼ ਨਹੀਂ ਹੁੰਦਾ, ਲੋਕਾਂ ਦਾ ਹੁੰਦਾ ਹੈ। ਛੁਰੀ ਨਾਲ ਫਲ ਕੱਟੋ ਜਾਂ ਗਰਦਨ, ਛੁਰੀ ਕਸੂਰਵਾਰ ਨਹੀਂ। ਅਰਬੀ ਇਸ ਕਰਕੇ ਪਾਕਿ ਜ਼ਬਾਨ ਏ ਕਿ ਇਹ ਰਸੂਲ ਮੁਹੰਮਦ ਦੀ ਜ਼ਬਾਨ ਏ? ਪਰ ਅਬੂ ਜਿਹਲ, ਅਬੂ ਲਾਹਬ ਅਤੇ ਰਸੂਲ ਦੇ ਹੋਰ ਦੁਸ਼ਮਣਾਂ ਦੀ ਬੋਲੀ ਵੀ ਅਰਬੀ ਸੀ। ਕਰੀਏ ਕੀ, ਤੁਫੈਲ ਸਾਹਿਬ ਮੀਰ ਤਕੀ ਮੀਰ ਵਾਂਗ ਕੇਵਲ ਆਪਣੇ ਫੁਰਮਾਏ ਹੋਏ ਨੂੰ ਸਹੀ ਮੰਨਦੇ ਨੇ, ਦੂਜੇ ਦੀ ਨੂੰ ਨਹੀਂ।

ਲਗਦੇ ਹੱਥ ਗੁਰਦਾਸ ਮਾਨ 'ਤੇ ਵੀ ਟਿੱਪਣੀ ਦੇ ਦੇਈਏ। ਆਮ ਸਾਦੇ ਖੁਸ਼ਗਵਾਰ ਮਾਹੌਲ ਵਿਚ ਮਾਨ ਪੰਜਾਬੀ ਜਾਂ ਕਿਸੇ ਹੋਰ ਲਿੰਕ ਭਾਸ਼ਾ ਉਪਰ ਇਹੋ ਟਿੱਪਣੀ ਕਰ ਦਿੰਦਾ, ਕਿਸੇ ਨੇ ਨੋਟਿਸ ਨਹੀਂ ਲੈਣਾ ਸੀ। ਹੋਇਆ ਇਹ ਕਿ ਪਹਿਲੋਂ ਭਾਸ਼ਾ ਵਿਭਾਗ ਪੰਜਾਬ, ਪਟਿਆਲੇ ਦੇ ਸੈਮੀਨਾਰ ਵਿਚ ਡਾ. ਹੁਕਮ ਚੰਦ ਰਾਜਪਾਲ ਨੇ ਚੰਦ ਚਾੜ੍ਹ ਦਿੱਤਾ, ਉਪਰੰਤ ਅਮਿਤ ਸ਼ਾਹ ਦਾ ਬਿਆਨ ਆ ਗਿਆ। ਇਸ ਧੂਈਂ ਦੀ ਅੱਗ ਅਜੇ ਮੱਠੀ ਨਹੀਂ ਸੀ ਪਈ ਕਿ ਗੁਰਦਾਸ ਮਾਨ ਨੇ ਇਸੇ ਤੀਰਥ ਵਿਚ ਇਸ਼ਨਾਨ ਕਰਨਾ ਚਾਹਿਆ। ਸਿਖਰ 'ਤੇ ਗੱਲ ਉਦੋਂ ਪੁੱਜੀ ਜਦੋਂ ਸਾਰੇ ਸਭਿਅਕ ਸਲੀਕੇ ਵਿਸਾਰ ਕੇ ਮਾਨ ਨੇ ਸ਼ਾਂਤਮਈ ਵਿਰੋਧ ਕਰਨ ਵਾਲੇ ਕਾਰਕੁਨ ਨੂੰ ਹੋਛੀ ਗਾਲ੍ਹ ਕੱਢੀ। ਕਾਰਕੁਨ ਨੇ ਹੱਥ ਪੋਸਟਰ ਫੜਿਆ ਹੋਇਆ ਸੀ, ਜੇ ਛਿੱਤਰ ਫੜਿਆ ਹੁੰਦਾ ਤਦ ਵੀ ਉਸ ਨੂੰ ਗਾਲ੍ਹ ਦੇਣੀ ਸ਼ੋਭਨੀਕ ਨਹੀਂ ਸੀ।

ਕਹਿੰਦੇ ਨੇ, ਆਦਿਕਾਲੀ ਮਨੁੱਖ ਨੇ ਪੱਥਰ ਦੀ ਸੱਟ ਖਾ ਕੇ ਜਦੋਂ ਪੱਥਰ ਚੁੱਕਣ ਦੀ ਥਾਂ ਸ਼ਬਦ ਨਾਲ ਜਵਾਬ ਦਿੱਤਾ, ਸਭਿਅਤਾ ਉਦੋਂ ਸ਼ੁਰੂ ਹੋਈ ਸੀ। ਸਾਡੇ ਲੋਕ ਵੀ ਕਦੀ ਸਭਿਅਕ ਹੋ ਜਾਣਗੇ, ਉਮੀਦ ਕਰੀਏ। ਆਮੀਨ!

# ਗੁਰਦਾਸ ਮਾਨ ਹਾਜ਼ਰ ਹੋ!



*ਪਿਛਲੇ ਦਿਨੀਂ ਪੰਜਾਬੀ-ਹਿੰਦੀ ਬਾਰੇ ਸ਼ੁਰੂ ਹੋਏ ਵਿਚਾਰਾਂ ਦੇ ਭੇੜ ਵਿਚ ਪੰਜਾਬੀ ਗਾਇਕ-ਅਦਾਕਾਰ ਗੁਰਦਾਸ ਮਾਨ ਵੀ ਆ ਗਿਆ ਸੀ। ਇਸ ਸਬੰਧੀ ਵੱਖ-ਵੱਖ ਤਰ੍ਹਾਂ ਦੇ ਵਿਚਾਰ ਵੱਖ-ਵੱਖ ਮੰਚਾਂ ਤੋਂ ਆਮ ਲੋਕਾਂ ਦੇ ਸਾਹਮਣੇ ਆਏ। ਇਨ੍ਹਾਂ ਵਿਚ ਗੁਰਦਾਸ ਮਾਨ ਅਤੇ ਉਸ ਦੀ ਗਾਇਕੀ ਨੂੰ ਮੁੱਢੋਂ-ਸੁੱਢੋਂ ਰੱਦ ਕਰਨ ਦੀ ਰੁਚੀ ਵੀ ਨਜ਼ਰ ਆਈ ਅਤੇ ਉਸ ਦਾ ਵਿਰੋਧ ਕਰਨ ਵਾਲਿਆਂ ਦੀ ਸਿਆਸਤ ਦੀ ਪੁਣਛਾਣ ਵੀ ਸਾਹਮਣੇ ਆਈ। ਉਘੇ ਚਿੰਤਕ ਸੁਮੇਲ ਸਿੰਘ ਸਿੱਧੂ ਨੇ ਪੰਜਾਬੀ ਸਭਿਆਚਾਰਕ ਮੰਚ ਉਤੇ ਗੁਰਦਾਸ ਮਾਨ ਦੀ ਆਮਦ ਨੂੰ ਸਮੁੱਚੇ ਇਤਿਹਾਸਕ ਪ੍ਰਸੰਗ ਨਾਲ ਜੋੜ ਕੇ ਸਮਝਣ ਦਾ ਯਤਨ ਕੀਤਾ ਹੈ। -ਸੰਪਾਦਕ*

ਜਲੰਧਰ ਦੂਰਦਰਸ਼ਨ 'ਤੇ 1980 ਵਿਚ 'ਦਿਲ ਦਾ ਮਾਮਲਾ ਹੈ' ਦੀ ਪੇਸ਼ਕਾਰੀ ਤੋਂ ਲੈ ਕੇ ਅੱਜ ਤੱਕ ਕਰੀਬ 40 ਸਾਲਾਂ ਤੋਂ, ਗੁਰਦਾਸ ਮਾਨ ਲਗਾਤਾਰ ਚਰਚਾ ਵਿਚ ਹੈ। ਕਿਸੇ ਵੀ ਮਾਅਰਕੇ ਦੀ ਖਪਤਕਾਰੀ ਲਈ ਇਹ ਬਹੁਤ ਲੰਬਾ ਅਰਸਾ ਹੈ। ਖਾਸ ਤੌਰ 'ਤੇ ਸਭਿਆਚਾਰਕ ਬਾਜ਼ਾਰ ਦੀ ਤਿਲ੍ਹਕਵੀਂ ਬਿਸਾਤ ਦੇ ਹਵਾਲੇ ਨਾਲ ਤਾਂ ਇਹ ਵੱਡੀ ਪ੍ਰਾਪਤੀ ਰਹੇਗੀ। ਸੋਸ਼ਲ ਮੀਡੀਆ ਤੋਂ ਲੱਗਦਾ ਹੈ ਕਿ ਅਜੋਕੇ ਪੰਜਾਬੀ ਗੁਰਦਾਸ ਮਾਨ ਤੋਂ ਖਫਾ ਹਨ, ਕੁਝ ਸੱਚੀਓਂ ਉਦਾਸ



**ਸੁਮੇਲ ਸਿੰਘ ਸਿੱਧੂ**
ਫੋਨ: +91-94649-84010

ਹਨ, ਕੁਝ ਗੁੱਸਾ ਕੱਢਣ ਲਈ ਨਵਾਂ ਸ਼ਿਕਾਰ ਲੱਭਣ ਦੇ ਰੋਗੀ ਵੀ ਹਨ। 'ਡਿੱਗੀ ਖੋਤੇ ਤੋਂ, ਗੁੱਸਾ ਘੁਮਿਆਰ 'ਤੇ' ਵਾਲਾ ਵਰਤਾਰਾ ਹੁਣ ਸਾਡਾ ਸਿਰਨਾਵਾਂ ਹੁੰਦਾ ਜਾਂਦਾ ਹੈ। ਆਪਣੇ ਦੌਰ ਦੀਆਂ ਮੁਸ਼ਕਿਲ, ਪਰਤਦਾਰ ਚੁਣੌਤੀਆਂ ਨਾਲ ਸਿੱਝਣ ਲਈ ਸਿੱਧ-ਪਧਰੀ ਨੈਤਿਕਤਾ, ਸਪਾਟ ਕਿਸਮ ਦੀ ਰਾਜਨੀਤੀ ਅਤੇ ਪੰਜਾਬੀ ਪਿੜ ਦੀ ਇਤਿਹਾਸਕ ਬੁਣਤਰ ਤੋਂ ਉਦਾਸੀਨ, ਲਕੀਰੀ ਕਿਸਮ ਦੇ ਵਿਚਾਰਕ ਅਭਿਆਸ ਦਾ ਸਾਂਝਾ ਨਿਸ਼ਾਨਾ ਗੁਰਦਾਸ ਮਾਨ ਬਣਿਆ।

ਉਸ ਦਾ ਵਿਰੋਧ ਕੀ ਕਿਸੇ ਇੱਕ ਵਿਅਕਤੀ ਦਾ ਹੈ ਜਾਂ ਕਿਸੇ ਇੱਕ ਚਿੰਨ੍ਹ ਦਾ? ਕੀ ਸਾਡੀ ਪ੍ਰਵਾਨਗੀ ਤੋਂ ਬਿਨਾ ਇਹ ਸਭਿਆਚਾਰਕ ਚਿੰਨ੍ਹਕਾਰੀ ਐਨਾ ਸਮਾਂ ਸਫਲਤਾ ਨਾਲ ਸਿਰ ਚੜ੍ਹ ਕੇ ਰਹਿ ਸਕਦੀ ਸੀ? ਕੀ ਪੰਜਾਬੀ ਸਮਾਜ ਹੁਣ ਪੰਜਾਬੀ ਜ਼ੁਬਾਨ ਦੀ ਬਿਹਤਰੀ ਲਈ, ਸਿੱਖੀ ਦੇ ਭਵਿੱਖ ਬਾਬਤ ਜਾਂ ਸਮਾਜਕ ਮਰਿਆਦਾ ਨਾਲ ਭਿੜਨ ਲਈ ਵੱਧ ਚੇਤੰਨ ਹੋਇਆ ਹੈ ਜਾਂ ਇਸ ਨੇ ਸਭ ਮਸਲੇ ਹੱਲ ਕਰ ਦਿੱਤੇ ਹਨ? ਗੁਰਦਾਸ ਮਾਨ 'ਤੇ ਕੀਤਾ ਮੁਕੱਦਮਾ ਸਾਡੇ ਆਪਣੇ ਕਮਾਏ ਵਿਵੇਕ ਬਾਰੇ ਕੀ ਚੁਗਲੀ ਕਰਦਾ ਹੈ? ਇਹ ਵਰਤਾਰਾ ਕਿਹੜੀ ਪ੍ਰਕ੍ਰਿਆ ਤੇ ਕਿਹੜੇ ਪ੍ਰਸੰਗਾਂ ਦੀ ਵਿਚੋਲਗੀ ਸਦਕਾ ਪ੍ਰਭਾਵਕਾਰੀ ਹੋਇਆ? ਇਹ ਵਿਸ਼ਾ ਕਾਫੀ ਲੰਮਾ-ਚੌੜਾ ਹੈ। ਇਥੇ ਕੁਝ ਕੁ ਨੁਕਤੇ ਸੰਖੇਪ ਢੰਗ ਨਾਲ ਵਿਚਾਰ ਸਕਦੇ ਹਾਂ।

ਗੁਰਦਾਸ ਮਾਨ ਦੇ ਨਾਲ ਇਹ ਮੁਕੱਦਮਾ ਸਾਡੇ 'ਤੇ ਵੀ ਹੈ, ਜਿਨ੍ਹਾਂ ਨੇ ਆਪਣੀਆਂ ਆਸਾਂ, ਤੌਖਲੇ, ਅਕਾਂਖਿਆਂਵਾਂ, ਸੁਪਨੇ ਆਦਿ ਗੁਰਦਾਸ ਮਾਨ ਰਾਹੀਂ ਉਡਾਣ ਭਰਦੇ ਵੇਖੇ। 'ਸੁਣੋ ਸੁਣਾਵਾਂ ਸੱਜਣ ਬੇਲੀਓ! ਅੱਜਕੱਲ੍ਹ ਦੇ ਹਾਲਾਤ' ਦੱਸਣ ਤੋਂ ਪੈਰ ਪੁੱਟਦੀ, ਗੱਲਬਾਤੀਂ ਅੰਦਾਜ਼ ਵਾਲੀ ਗਾਇਕੀ ਸਦਕਾ ਕੁਝ ਨਵਾਂ ਕਹਿਣ ਦੀ ਸਮਰੱਥਾ ਵੇਖੀ ਅਤੇ ਕਿਸੇ ਚਮਤਕਾਰ ਵਾਂਗ ਪੰਜਾਬੀ ਗੀਤ ਸਾਰੇ ਹਿੰਦੋਸਤਾਨੀਆਂ ਵਿਚ ਮਕਬੂਲ ਹੁੰਦੇ ਵੇਖੇ। ਨਵੇਂ ਦੌਰ ਦੀ ਬਾਤ ਠੇਠ ਪੰਜਾਬੀ ਲਹਿਜੇ ਵਿਚ ਢਲਦੀ ਵੇਖੀ। ਜਵਾਨੀ ਨੂੰ ਪੁਰਾਣੇ ਕਦਰ-ਪ੍ਰਬੰਧ ਤੋਂ ਨਵੀਆਂ, ਉਸਾਰੂ ਰੁਚੀਆਂ ਵੱਲ ਤੋਰਨ ਦਾ ਕਾਰਜ ਸਹਿਜੇ ਹੀ ਉਸ ਦੇ ਬੋਲਾਂ ਸਦਕਾ ਨਵੇਂ ਸਭਿਆਚਾਰ ਦੇ ਨਿਰਮਾਣ ਦੀ ਸੱਦ ਲਾ ਗਿਆ।

1980ਵਿਆਂ ਦਾ ਦਹਾਕਾ ਪੰਜਾਬ ਵਿਚ ਸਭਿਆਚਾਰਕ-ਵਿਚਾਰਧਾਰਕ ਰੱਸਾਕਸ਼ੀ ਦਾ ਵੀ ਹੈ, ਜਦੋਂ ਪੰਜਾਬ ਦੀ ਜਵਾਨੀ ਰਾਜਸੀ ਹਿੰਸਾ ਅਤੇ ਜੁਆਬੀ ਹਿੰਸਾ ਦੀ ਚੱਕੀ ਦਾ ਮੁੱਠਾ ਵੀ ਸੀ ਅਤੇ ਸ਼ਿਕਾਰ ਵੀ। ਦੇਖਣਾ ਇਹ ਬਣਦਾ ਹੈ ਕਿ ਜਦੋਂ ਪੰਜਾਬੀ ਅੰਬਰ ਸੁੰਗੜ ਕੇ ਬਾਕੀ ਹਿੰਦੋਸਤਾਨ ਤੋਂ ਬੇਗਾਨਾ ਮਹਿਸੂਸ ਕਰ ਰਿਹਾ ਸੀ ਤਾਂ ਉਸੇ ਦੇ ਬਰਅਕਸ ਗੁਰਦਾਸ ਮਾਨ ਕਈ ਕਿਸਮ ਦੀ ਸਾਂਝ ਦਾ ਪੁਲ ਬਣ ਰਿਹਾ ਸੀ-ਪੰਜਾਬ ਵਿਚ ਪੇਂਡੂ ਅਤੇ ਸ਼ਹਿਰੀ ਸਰੋਤਿਆਂ ਵਿਚਕਾਰ, ਕੁੜੀਆਂ ਅਤੇ ਮੁੰਡਿਆਂ ਵਿਚਕਾਰ, ਬਜੁਰਗਾਂ ਅਤੇ ਨੌਜਵਾਨਾਂ ਵਿਚਕਾਰ, ਪੰਜਾਬੀਆਂ ਤੇ ਹਿੰਦੋਸਤਾਨੀਆਂ ਵਿਚਾਲੇ।

ਜੇ 80ਵਿਆਂ ਦਾ ਦੌਰ ਪੰਜਾਬੀ ਸੰਭਾਵਨਾਵਾਂ ਦੇ ਇਤਿਹਾਸ ਹੱਥੋਂ ਮਾਤ ਖਾ ਜਾਣ, ਮਿਸਾਲ ਵਜੋਂ ਗੌਰ ਕਰੀਏ ਕਿ ਇਕ ਪਾਸੇ ਤਾਂ ਘੱਗਰੇ, ਫੁਲਕਾਰੀਆਂ, ਕੋਕਰੂ, ਵਾਲੀਆਂ, ਰੇਸ਼ਮੀ ਦੁਪੱਟੇ, ਡੋਰੇ, ਜਾਲੀਆਂ ਆਦਿ (ਉਂਜ ਇਹ ਸਾਰੇ ਗਹਿਣੇ ਅਤੇ ਪੋਸ਼ਾਕਾਂ ਹੁਣ ਵੱਡੇ ਪੱਧਰ 'ਤੇ ਵਾਪਸ ਆ ਚੁਕੀਆਂ ਹਨ) ਦੀ ਥਾਂ ਵਲੈਤੀ ਬਾਣੇ, ਠੇਕੇ, ਠਾਣੇ, ਡਿਸਕੋ ਆਦਿ ਦੀ ਆਮਦ ਦੀ ਮੰਜ਼ਰਕਸ਼ੀ ਹੈ, ਜਿਸ ਦਾ ਸਿੱਟਾ ਹੈ ਕਿ 'ਗਿੱਧਿਆਂ ਦੀ ਰਾਣੀ' ਹੁਣ 'ਫੈਸ਼ਨਾਂ 'ਚ ਰੁਲ' ਗਈ ਹੈ। ਕੁੜੀਆਂ 'ਆਈ ਡੌਂਟ ਲਾਈਕ ਦੀ ਪੰਜਾਬੀ ਹਿੰਦੀ ਨੂੰ' ਦਾ ਐਲਾਨ ਕਰਦੀਆਂ ਨੇ ਤਾਂ ਉਹ ਕੀਮਤੀ ਗੱਲ ਆਖਦਾ ਹੈ, ਜੋ ਅੱਜ ਦੇ ਭਾਸ਼ਾਈ ਵਿਵਾਦ ਵਿਚ ਵੀ ਸਾਰਥਕ ਹੈ। ਭਾਵੇਂ ਮੈਂ ਪੱਕੀ-ਕੱਚੀ ਦੀ ਦਰਜਾਬੰਦੀ ਨਾਲ ਅਸਹਿਮਤ ਹਾਂ, ਸ਼ਾਇਦ ਗੁਰਦਾਸ ਦਾ ਇਸ਼ਾਰਾ ਅੰਗਰੇਜ਼ੀ ਦਾਬੇ ਦੇ ਮੁਕਾਬਲੇ ਪੰਜਾਬੀ ਸਮਾਜ ਦੀ ਆਪਣੀ ਕਮਜ਼ੋਰੀ ਵੱਲ ਹੈ:

ਹਰ ਬੋਲੀ ਸਿੱਖੋ, ਸਿੱਖਣੀ ਵੀ ਚਾਹੀਦੀ,
ਪਰ ਪੱਕੀ ਵੇਖ ਕੇ ਕੱਚੀ ਨਹੀਂ ਢਾਹੀਦੀ।


ਦੂਜੇ ਪਾਸੇ ਨਸ਼ਿਆਂ ਅਤੇ ਸਿਆਸਤਾਂ ਨੇ ਚੜ੍ਹਦੀ ਜਵਾਨੀ ਵਿਚ ਹੀ ਪੰਜਾਬੀ ਗੱਭਰੂ ਰੋਲ ਕੇ ਰੱਖ ਦਿੱਤੇ ਹਨ। ਪੰਜਾਬੀ ਜਵਾਨੀ ਇਸ਼ਕ ਦੇ ਇਖਲਾਕ ਦੀ ਪੰਜਾਬੀ ਪਰੰਪਰਾ ਤੋਂ ਵੀ ਬੇਗਾਨੀ ਹੋ ਰਹੀ ਹੈ, ਸਿੱਟੇ ਵਜੋਂ ਗੀਤ ਵਿਚ 'ਦਿਲ ਮਿਲੇ ਕਿਤੇ ਅੱਖ ਹੋਰ ਲੜਦੀ' ਦਾ ਹੱਕੀ ਮਿਹਣਾ ਦੇਣਾ ਬਣਦਾ ਹੈ।

ਹਾਲ ਹੀ ਵਿਚ ਇਤਰਾਜ਼ਯੋਗ ਆਖੇ ਗਏ ਇਸ ਗੀਤ ਵਿਚ ਕੁੜੀਆਂ ਨੂੰ ਧੀ-ਭੈਣ-ਪਤਨੀ ਆਦਿ ਦੀ ਪਰੰਪਰਾਗਤ ਲਕੀਰ ਦੇ ਹਵਾਲੇ ਤੋਂ ਬਿਲਕੁਲ ਆਜ਼ਾਦ ਰੱਖਿਆ ਗਿਆ ਹੈ। ਉਹ 'ਵੱਡੀ ਮਜਾਜਣ' ਹੈ, 'ਗਿੱਧਿਆਂ ਦੀ ਰਾਣੀ' ਹੈ, ਜਿਸ ਸਦਕਾ ਉਸ ਦੀ ਸਦੇਹ ਹਸਤੀ ਦਾ ਗੌਰਵ ਵੀ ਦ੍ਰਿੜ੍ਹ ਕਰਵਾਇਆ ਗਿਆ ਹੈ ਅਤੇ ਸਵਾਲ ਵੀ ਰੱਖਿਆ ਗਿਆ ਹੈ। ਅਖੀਰਲੇ ਬੰਦ ਵਿਚ ਗੁਰਦਾਸ ਸੁਚੇਤ ਹੈ ਕਿ ਕਿਸੇ ਦੀ ਚੋਣ ਪਿੱਛੇ ਕਾਰਜਸ਼ੀਲ ਦਲੀਲ ਨਾਲ ਤਾਂ ਗੱਲ ਹੋ ਸਕਦੀ ਹੈ, ਪਰ ਚੋਣ ਕਰਨ ਦਾ ਜਮਹੂਰੀ ਹੱਕ ਹਰ ਕਿਸੇ ਨੂੰ ਹਾਸਲ ਹੈ, ਇਸ ਲਈ 'ਬੁਰਾ ਨਹੀਂ ਮਨਾਈਦਾ ਕਿਸੇ ਦੀ ਗੱਲ ਦਾ' ਆਖ ਕੇ ਉਹ ਪੁਰਾਣੀ ਪੀੜ੍ਹੀ ਨੂੰ ਵੀ 'ਕਹਿ ਗਏ ਨੇ ਲੋਕ ਸਿਆਣੇ' ਦਾ ਚੇਤਾ ਕਰਵਾ ਕੇ ਸਹਿਜ ਵਰਤਾ ਦਿੰਦਾ ਹੈ।

ਸਮੇਂ ਦੇ ਵਹਿਣ ਨੂੰ ਚਿਤਾਰਦਿਆਂ, 'ਕੁਝ ਕੀਮਤੀ ਅਨੁਭਵ ਕਿਤੇ ਸਦਾ ਲਈ ਕਿਰ ਨਾ ਜਾਣ' ਵਾਲਾ ਉਸ ਦਾ ਤੌਖਲਾ 'ਕੀ ਬਣੂੰ ਦੁਨੀਆ ਦਾ?' ਰਾਹੀਂ ਸਾਹਮਣੇ ਵੀ ਆਉਂਦਾ ਹੈ ਅਤੇ ਨਾਲ ਹੀ 'ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ' ਦੀ ਡੋਰ ਨਾਲ ਅਜਿਹੇ ਸੰਸਿਆਂ ਨੂੰ ਭਾਣਾ ਮੰਨਣ ਦਾ ਸੁਭਾਅ ਵੀ ਦਿੰਦਾ ਹੈ। ਕਈ ਲਿਹਾਜ਼ ਨਾਲ ਇਹ ਗੀਤ ਪੰਜਾਬੀ ਖਿੱਤੇ ਦੇ ਸੁਹਜ-ਸੁਆਦ ਦੇ ਬਦਲਣ ਦੀ ਜਟਿਲ ਪ੍ਰਕ੍ਰਿਆ ਦਾ ਸੰਵਾਦੀ ਪਿੜ ਬੰਨਦਾ ਹੈ। 2015 ਵਿਚ ਦਿਲਜੀਤ ਦੁਸਾਂਝ ਨਾਲ ਰਲ ਕੇ ਇਸੇ ਗੀਤ ਨੂੰ ਨਿਭਾਉਂਦਿਆਂ ਗੁਰਦਾਸ ਅਖੀਰ ਵਿਚ ਰਾਵੀ, ਝਨਾਂ ਅਤੇ ਸਤਲੁਜ ਦੀ ਯਾਰੀ ਦਾ ਜ਼ਿਕਰ ਛੇੜਦਾ ਹੈ, ਵਾਹਗੇ ਤੋਂ ਲਾਹੌਰ ਤੇ ਪਸ਼ੌਰ ਦਾ ਰਾਹ ਤੱਕਦਾ ਹੈ। 'ਯਥਾਰਥਵਾਦੀ' ਹੋ ਕੇ ਜਿਵੇਂ ਹੋਰ ਕੁਝ ਕਿਰ ਗਿਆ ਹੈ, ਕੀ ਉਵੇਂ ਹੀ ਲਾਹੌਰ, ਪਸ਼ੌਰ, ਰਾਵੀ ਅਤੇ ਚਨਾਬ ਦੇ ਗੁਆਚਣ ਨੂੰ ਵੀ ਅਟੱਲ ਸੱਚਾਈ ਮੰਨ ਲਈਏ ਜਾਂ ਇਸ ਦੇ ਮੁੜ ਆ ਲੱਭਣ ਦੀ ਆਸ ਅਤੇ ਸੁਪਨੇ ਨੂੰ ਬਚਾ ਕੇ ਰੱਖੀਏ? ਗੁਰਦਾਸ ਬੜੀ ਰਮਜ਼ ਨਾਲ ਇਹ ਅਹਿਸਾਸ ਸਾਡੇ ਹਵਾਲੇ ਕਰ ਦਿੰਦਾ ਹੈ।

ਇਸੇ ਪ੍ਰਸੰਗ ਵਿਚ ਉਹ 'ਬਾਕੀ ਦੀਆਂ ਗੱਲਾਂ ਛੱਡੋ, ਦਿਲ ਸਾਫ ਹੋਣਾ ਚਾਹੀਦੈ' ਗੀਤ ਵਿਚ 'ਅੱਜਕੱਲ੍ਹ ਮੁੰਡੇ ਕੁੜੀਆਂ ਨੂੰ ਸਭ ਮਾਫ ਹੋਣਾ ਚਾਹੀਦੈ' ਦਾ ਐਲਾਨ ਕਰਦਾ ਹੈ। 'ਤੇਰੀ ਅਕਲ ਤਾਂ ਬਾਪੂ ਪੂਜਾ ਪਾਠ 'ਚ ਵੜਗੀ', 'ਹੁਣ ਧੋਤੀ-ਪੋਥੀ ਛੱਡੋ', 'ਹੁਣ ਸਿੜ੍ਹੀ ਸਿਆਪੇ ਛੱਡੋ', 'ਹੁਣ ਮਾਲਾ ਦੇ ਮਣਕੇ ਛੱਡੋ', 'ਹੁਣ ਦਾਜ-ਦੂਜ ਨੂੰ ਛੱਡੋ' ਆਦਿ ਦਾ ਨਗਾਰਾ ਵਜਾਉਂਦਿਆਂ 'ਦਿਲ ਸਾਫ ਹੋਣਾ ਚਾਹੀਦੈ' ਸਦਕਾ ਉਸ ਨੇ ਪੰਜਾਬੀ ਜਵਾਨੀ ਨੂੰ ਸਚਿਆਰਾ ਹੋਣ ਲਈ ਦੋਸਤਾਨਾ ਵੰਗਾਰ ਪਾ ਦਿੱਤੀ। ਇਸ ਵਿਚ ਪੰਜਾਬੀ ਸੂਫੀਆਂ ਦੀ 'ਫਰੀਦਾ ਮਨ ਮੈਦਾਨ ਕਰ' ਵਾਲੀ ਨੈਂਅ ਵਗਦੀ ਹੈ ਅਤੇ ਸੂਫੀਆਂ ਵਾਲੀ ਭਾਹ ਮਾਰਦੀਆਂ ਸਤਰਾਂ ਨਾਲ ਉਹ ਵਾਰ-ਵਾਰ ਆਪਣੇ ਗੀਤਾਂ ਦੇ ਅਖੀਰਲੇ ਬੰਦਾਂ ਵਿਚ ਗਿਰਹ ਲਾਉਂਦਿਆਂ ਅਜੱਕਲ੍ਹ ਦੇ ਹਾਲਾਤ ਨੂੰ ਕਿਸੇ ਵਡੇਰੇ ਅੰਬਰ ਨਾਲ ਮੇਲ ਦਿੰਦਾ ਹੈ। ਸ਼ਬਦਾਂ ਜਾਂ ਗੀਤਕਾਰੀ ਨਾਲੋਂ ਵੀ ਬਹੁਤਾ ਉਸ ਦੀ ਮੰਚਕਾਰੀ ਅਤੇ 'ਗਾਇਨ-ਮੁਦਰਾ' ਇਸ ਜੋੜ ਨੂੰ ਸਾਡੇ ਲਈ ਓਪਰਾ ਨਹੀਂ ਰਹਿਣ ਦਿੰਦੀ।

***1980ਵਿਆਂ ਦਾ ਦਹਾਕਾ ਪੰਜਾਬ 'ਚ ਸਭਿਆਚਾਰਕ ਵਿਚਾਰਧਾਰਕ ਰੱਸਾਕਸ਼ੀ ਦਾ ਵੀ ਹੈ ਜਦੋਂ ਪੰਜਾਬ ਦੀ ਜਵਾਨੀ ਰਾਜਸੀ ਹਿੰਸਾ ਅਤੇ ਜੁਆਬੀ ਹਿੰਸਾ ਦੀ ਚੱਕੀ ਦਾ ਮੁੱਠਾ ਵੀ ਸੀ ਅਤੇ ਸ਼ਿਕਾਰ ਵੀ। ਦੇਖਣਾ ਇਹ ਬਣਦਾ ਹੈ ਕਿ ਜਦੋਂ ਪੰਜਾਬੀ ਅੰਬਰ ਸੁੰਗੜ ਕੇ ਬਾਕੀ ਹਿੰਦੋਸਤਾਨ ਤੋਂ ਬੇਗਾਨਾ ਮਹਿਸੂਸ ਕਰ ਰਿਹਾ ਸੀ ਤਾਂ ਉਸੇ ਦੇ ਬਰਅਕਸ ਗੁਰਦਾਸ ਮਾਨ ਕਈ ਕਿਸਮ ਦੀ ਸਾਂਝ ਦਾ ਪੁਲ ਬਣ ਰਿਹਾ ਸੀ।***



ਗੁਰਦਾਸ ਮਾਨ ਦੀ ਇਕ ਪੁਰਾਣੀ ਤਸਵੀਰ।

ਇਹ ਸਫਲ ਤਜਰਬਾਕਾਰੀ ਪੰਜਾਬੀ ਗਾਇਕੀ ਵਿਚ ਗੁਰਦਾਸ ਮਾਨ ਦਾ ਵੱਡਾ ਯੋਗਦਾਨ ਹੈ। ਉਸ ਤੋਂ ਪਹਿਲਾਂ ਦੇਵ ਥਰੀਕਿਆਂ ਵਾਲੇ ਦੇ ਗੀਤ ਕੁਲਦੀਪ ਮਾਣਕ ਦੀ ਬੁਲੰਦ ਮਲਵਈ ਆਵਾਜ਼ ਵਿਚ ਨਿਭੀਆਂ ਕਲੀਆਂ ਸਦਕਾ ਪੰਜਾਬ ਦੇ ਪੇਂਡੂ ਅਖਾੜਿਆਂ, ਜਵਾਨੀ ਅਤੇ ਮਰਦਚਾਰੇ ਵਿਚ ਮੀਰੀ ਰੋਲ ਨਿਭਾ ਰਹੇ ਸਨ। ਇਨ੍ਹਾਂ ਦੋਹਾਂ ਹਸਤੀਆਂ ਦੀ ਪ੍ਰਤਿਭਾ ਨੇ ਆਪਣਾ ਸਿੱਕਾ ਮੰਨਵਾਇਆ ਹੋਇਆ ਸੀ, ਜ਼ਬਰਦਸਤ ਪਕੜ ਸੀ ਸਰੋਤਿਆਂ 'ਤੇ। ਦੇਵ ਥਰੀਕਿਆਂ ਵਾਲੇ ਨੇ ਪੰਜਾਬੀ ਕਲਾਸਕੀ ਕਿੱਸਿਆਂ ਨੂੰ ਕਲੀਆਂ ਵਿਚੀਂ ਢਾਲਦਿਆਂ ਕਿੱਸਿਆਂ ਵਿਚ ਪੇਸ਼ ਪਾਤਰਾਂ ਦੇ ਜਿਸਮ, ਔਰਤ ਅੰਗ, ਚਮੜੀ ਦੀ ਦਮਕ, ਰੰਗ ਦਾ ਬਿਆਨ ਕਰਨ ਉਤੇ ਧਿਆਨ ਧਰਿਆ ਹੋਇਆ ਸੀ। ਇਸ ਗੀਤਕਾਰ-ਗਾਇਕ ਜੋੜੀ ਨੇ ਪੰਜਾਬ ਦੇ ਪੇਂਡੂ ਹਲਕਿਆਂ ਦੀ ਜਵਾਨੀ ਦਾ ਸਭਿਆਚਾਰਕ-ਵਿਚਾਰਧਾਰਕ ਜੁੱਸਾ ਕਾਬੂ ਕੀਤਾ ਹੋਇਆ ਸੀ। ਗੁਰਦਾਸ ਮਾਨ ਨੇ ਆਪਣੇ ਗੀਤਾਂ ਰਾਹੀਂ ਇਸ ਅਖਾੜੇ ਦੀ ਬਿਸਾਤ ਖਿਲਾਫ ਮੋਰਚਾ ਲਾ ਲਿਆ।

ਇਹ ਉਹ ਸਮਾਂ (1977) ਹੈ, ਜਦੋਂ ਗੁਰਬਖਸ਼ ਸਿੰਘ ਪ੍ਰੀਤਲੜੀ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਗੁਰਬਖਸ਼ ਸਿੰਘ ਦੇ ਪ੍ਰੀਤ ਫਲਸਫੇ ਦੀ ਨੁਹਾਰ ਵੀ ਗੁਰਦਾਸ ਮਾਨ ਦੇ ਗੀਤਾਂ ਵਿਚ ਅਸਿੱਧੇ ਤੌਰ 'ਤੇ ਉਭਰਦੀ ਹੈ। ਇਹ ਦਲੇਰ ਕਾਰਨਾਮਾ ਗੁਰਦਾਸ ਮਾਨ ਦਾ ਪੰਜਾਬ ਸਿਰ ਵੱਡਾ ਅਹਿਸਾਨ ਰਹੇਗਾ। 'ਕੁੜੀਏ! ਕਿਸਮਤ ਪੁੜੀਏ' ਵਿਚ ਗੁਰਦਾਸ ਮਾਨ ਸਾਹਿਬਾਂ ਦੇ ਕਿਰਦਾਰ ਨੂੰ ਕਿੱਸਾਕਾਰਾਂ ਅਤੇ ਗੀਤਕਾਰਾਂ ਵਲੋਂ ਬੇਵਫਾ, ਭਾਈਆਂ ਤੋਂ ਯਾਰ ਮਰਵਾਉਣ ਵਾਲੀ ਔਰਤ ਵਜੋਂ ਮੰਨਵਾਉਣ ਲਈ ਲਿਖੇ ਪੰਨਿਆਂ ਨੂੰ ਕਿਵੇਂ ਪਾੜ ਦੇਵੇ ਦਾ ਝੋਰਾ ਕਰਦਾ ਹੈ, ਇਨ੍ਹਾਂ ਨੂੰ ਪਾੜ ਸੁੱਟਣ ਦਾ ਇਸ਼ਾਰਾ ਕਰਦਾ ਹੈ, ਪਰ ਮੋਰਚਾ ਨਹੀਂ ਲਾਉਂਦਾ।

ਸੂਫੀ ਕਿੱਸਾਕਾਰਾਂ ਨੇ ਹਾਲਾਂਕਿ ਹੁਸਨ-ਇਖਲਾਕ ਦੀ ਸਾਂਝੀ ਬਾਤ ਪਾਈ ਸੀ, ਆਜ਼ਾਦ ਜ਼ਿੰਦਗੀ ਦੇ ਪੂਰੇ ਅੰਬਰ ਲਈ ਜੂਝਣ ਦਾ ਇਕਰਾਰ ਸੀ, ਇਕਰਾਰ ਨਿਭਾਉਣ ਲਈ 'ਸਿਰੁ ਦੀਜੈ ਕਾਣਿ ਨ ਕੀਜੈ' ਦੀ ਸੇਧ ਵਿਚ ਸ਼ਹੀਦ ਹੋਣ ਦਾ ਸੱਦਾ ਸੀ। ਇਹ ਸੂਖਮ ਇਕਰਾਰ ਦੇਵ ਦੀ ਗੀਤਕਾਰੀ ਵਿਚ ਨਾ ਨਿਭੇ ਅਤੇ ਜਿਸਮਾਨੀ ਗਰਦਿਸ਼ ਦੇ ਸੇਕ ਦੇ ਬਿਆਨ ਤੱਕ ਸੁੰਗੜ ਗਏ। ਦੂਜੇ ਪਾਸੇ ਗੁਰਦਾਸ ਮਾਨ ਦੀ ਗੀਤਕਾਰੀ, ਗਾਇਕੀ ਤੇ ਪੇਸ਼ਕਾਰੀ ਦੇ ਸਾਹਮਣੇ ਕਾਲਜਾਂ ਦੇ ਯੂਥ ਫੈਸਟੀਵਲਾਂ ਦਾ ਮੰਚ ਸੀ, ਕੁੜੀਆਂ-ਮੁੰਡਿਆਂ ਦਾ ਸਾਂਝਾ ਸਰੋਤਾ ਵਰਗ ਸੀ। ਉਸ ਦੀ ਪੇਸ਼ਕਾਰੀ, ਲਹਿਜਾ ਅਤੇ ਵਿਸ਼ਿਆਂ ਵਿਚ ਕਲਾਸਕੀ ਪਰੰਪਰਾ ਨਾਲ ਸਮਕਾਲੀ ਜਵਾਨੀ ਦੇ ਵਲਵਲਿਆਂ ਦਾ ਸੰਵਾਦ ਸਨ ਤੇ ਉਹ ਇਸ ਵਰਤਾਰੇ ਦਾ ਬਾਂਕਾ ਸੂਤਰਧਾਰ ਹੋ ਨਿਭਿਆ। ਨਾਲ ਹੀ ਸੂਫੀਆਂ ਦੇ ਸੰਘਰਸ਼ ਨੂੰ ਉਸ ਨੇ ਸਿਰਫ ਖੁਦ ਨੂੰ 'ਮਨ ਮੈਦਾਨ' ਕਰਨ ਦੀ ਰਮਜ਼ ਤੱਕ ਬੋਚ ਲਿਆ। ਗੌਰ ਕਰੀਏ ਕਿ ਉਸ ਦੇ ਗੀਤਾਂ ਵਿਚ ਵੱਢ-ਕੱਟ ਨਾ ਹੋ ਕੇ ਦੋਹਾਂ ਧਿਰਾਂ ਦੀ ਪੇਸ਼ਕਾਰੀ ਹੈ ਅਤੇ ਵਿਚੋਲਗੀ ਦਾ ਪੈਂਤੜਾ ਹੈ। ਉਹ 'ਅੱਗੇ ਪੈਂਚਣੀ ਹੋਇ ਕੇ ਹੀਰ ਚਲੀ, ਵਾਰਿਸ ਸ਼ਾਹ ਨੂੰ ਜਾਇ ਖਲਾਰਿਆ ਈ' ਦੇ ਅੰਦਾਜ਼ ਵਿਚ ਵਿਚੋਲਗੀ ਕਰਦਾ ਹੈ। ਪੰਜਾਬੀ ਸਮਾਜ ਵਿਚ ਜਮਹੂਰੀ ਕਦਰਾਂ ਦੀ ਕਿਆਰੀ ਨੂੰ ਉਸ ਨੇ ਲਗਾਤਾਰ ਸਭਿਆਚਾਰਕ ਦਖਲ ਨਾਲ ਵੱਤਰ ਰੱਖਿਆ ਹੈ। ਲਾਸਾਨੀ ਪੰਜਾਬੀ ਵਿਦਵਾਨ ਤੇ ਕਾਮਿਲ ਉਸਤਾਦ ਪ੍ਰਿੰ. ਤੇਜਾ ਸਿੰਘ ਵੀ ਅਜਿਹੇ ਵਿਚੋਲਗੀ ਦੇ ਵਰਤਾਰੇ ਦੇ ਸੂਤਰਧਾਰ ਰਹਿ ਚੁਕੇ ਹਨ।

80ਵਿਆਂ ਦੇ ਸ਼ੁਰੂਆਤੀ ਸਾਲਾਂ ਵਿਚ ਟੈਲੀਵਿਜ਼ਨ ਸਦਕਾ ਸਾਰੇ ਹਿੰਦੋਸਤਾਨ ਵਿਚ ਗੁਰਦਾਸ ਮਾਨ ਦੇ ਸਟਾਰ ਬਣਨ ਤੋਂ ਲੈ ਕੇ 'ਪੰਜਾਬ 2017' ਤੱਕ ਆਉਂਦਿਆਂ ਉਸ ਦੇ ਬੁਨਿਆਦੀ ਸਰੋਕਾਰ 'ਇਤਿਹਾਸ ਦਾ ਚੱਕਾ ਅਤੇ ਪੰਜਾਬੀ ਲੋਕ' ਦਾ ਬੇੜਾ ਪੂਰੀ ਤਰ੍ਹਾਂ ਬੈਠਿਆ ਦਿਸ ਜਾਂਦਾ ਹੈ। 'ਕੀ ਬਣੂੰ ਦੁਨੀਆ ਦਾ' ਦੇ ਅੰਦਰ ਬੈਠਾ 'ਵੇਖਦੇ ਆਂ, ਸ਼ਾਇਦ ਕੁਝ ਬਣ ਹੀ ਜਾਏ' ਵਾਲਾ ਅਣਕਿਹਾ ਬੋਲ ਹੁਣ ਦੇ ਪੰਜਾਬ ਵਿਚ ਸ਼ਰਮਿੰਦਾ ਹੋਇਆ ਫਿਰਦਾ ਹੈ।

ਇਸੇ ਲਈ ਤਾਂ 'ਆਇਲੈਟਸ' ਦੇ 'ਬੈਂਡ ਦਾਨ' ਦੇ ਤਲਬਗਾਰ, ਗੁਰੂ ਨਾਨਕ ਦੀ ਸਚਿਆਰੇ ਹੋਣ ਅਤੇ ਕੂੜ ਦੀ ਪਾਲ ਨਾਲ ਮੱਥਾ ਲਾਉਣ ਦੀ ਵੰਗਾਰ ਤੋਂ ਵੱਧ ਕੈਨੇਡਾ ਵਿਚ ਜਸਟਿਨ ਟਰੂਡੋ ਦੀ 'ਵੀਜ਼ਾ ਦਾਨ' ਵਾਲੀ ਸਰਕਾਰ ਦੇ ਮੁੜ ਜਿੱਤਣ ਦੀਆਂ ਅਰਦਾਸਾਂ ਵਿਚ ਰੁੱਝੇ ਹੋਏ ਹਨ। ਸਾਨੂੰ ਸ਼ਰਮ ਦਿਵਾਉਣ ਖਾਤਰ ਗੁਰਦਾਸ ਨੇ ਭਗਤ ਸਿੰਘ ਦੀ ਸ਼ਹਾਦਤ ਦੀ ਇਨ੍ਹਾਂ ਅਕ੍ਰਿਤਘਣ ਪੰਜਾਬੀਆਂ ਹੱਥੋਂ ਹੋ ਰਹੀ ਬੇਅਦਬੀ ਦਾ ਵਾਸਤਾ ਪਾਇਆ ਹੈ। ਬਿਲਕੁਲ ਇਸੇ ਤਰ੍ਹਾਂ ਦੇ ਹੀ ਸਰਾਪੇ ਪ੍ਰਸੰਗ ਵਿਚ ਮਰਹੂਮ ਪ੍ਰੋ. ਪ੍ਰੀਤਮ ਸਿੰਘ ਨੇ ਵੀ ਪੰਜਾਬੀ ਦੀ ਦੁਰਗਤ ਬਾਰੇ ਬਾਬਰ ਵਾਣੀ ਦੇ ਕਲਾਮ ਵਿਚੋਂ 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥' ਦਾ ਹਵਾਲਾ ਦਿੰਦਿਆਂ ਪੰਜਾਬੀਆਂ ਨੂੰ ਬੋਲੀ ਸੰਭਾਲਣ ਦਾ ਵਾਸਤਾ ਪਾਇਆ ਸੀ। ਪੰਜਾਬੀ ਖਿੱਤੇ ਦੀ ਸੱਤਿਆ ਰੋੜ੍ਹੀਂ ਪਈ ਹੋਈ ਹੈ ਤਾਂ ਹੀ ਜਸਵੰਤ ਸਿੰਘ ਕੰਵਲ ਕੂਕਦਾ ਹੈ, 'ਬਰਕਤਾਂ ਵਾਲਾ ਨਿਰਦੋਸ਼ ਪੰਜਾਬ ਅੱਜ ਦਸ ਨੰਬਰੀ ਬਦਮਾਸ਼ਾਂ ਵਿਚ ਨੀਲਾਮ ਹੋਣ ਆ ਖੜ੍ਹਾ ਹੈ।'

ਇਸ ਵਰਤਾਰੇ ਨੂੰ 'ਤਸਦੀਕਸ਼ੁਦਾ ਪੰਜਾਬੀ ਸਿਆਣਾ ਲਾਣਾ' ਪੰਜਾਬੀ ਪਿੜ ਦੀ ਇਤਿਹਾਸਕ ਬੁਣਤਰ ਤੋਂ ਉਦਾਸੀਨ ਰਹਿੰਦਿਆਂ, ਲਕੀਰੀ ਕਿਸਮ ਦੇ ਵਿਚਾਰਕ ਅਭਿਆਸ ਸਦਕਾ ਬਿਲਕੁਲ ਨਕਾਰ ਦਿੰਦਾ ਹੈ। ਇਹ ਲਾਣਾ ਕਿਸੇ ਵੀ ਕਮਾਈ ਹੋਈ ਭਾਵਨਾ ਨੂੰ ਅਗਿਆਨਵਸ 'ਉਪਭਾਵੁਕ', 'ਉਦਰੇਵਾਂ' ਆਦਿ ਆਖ ਕੇ 'ਯਥਾਰਥਵਾਦੀ' ਹੋਣ ਦਾ ਸੱਦਾ ਦਿੰਦਾ ਹੈ। ਕਿਸੇ ਵੀ ਇਲਾਕੇ ਦੀ ਸਭਿਆਚਾਰਕ ਪਰੰਪਰਾ ਦੇ ਸੰਵਾਦੀ ਗੁਣ ਤੋਂ ਬੇਖਬਰ ਸਿਰਫ 'ਜਗੀਰੂ' ਜਾਂ 'ਪੁਰਾਣਾ' ਜਾਂ 'ਮਰਦਸ਼ਾਹੀ ਦਾ ਪਿੜ' ਆਖ ਕੇ ਰੱਦ ਕਰਦਿਆਂ 'ਆਧੁਨਿਕ' ਜਾਂ 'ਵਿਗਿਆਨਕ' ਹੋਣ ਦਾ ਹੋਕਾ ਦਿੰਦਾ ਹੈ। ਪੰਜਾਬੀ ਖਿੱਤੇ ਦੀ ਰਾਸ ਨੂੰ 'ਸ਼ਾਵਨਵਾਦ' ਆਖ ਕੇ 'ਕੌਮਾਂਤਰੀ' ਹੋਣ ਦੀ ਮੱਤ ਦਿੰਦਾ ਹੈ। ਪੰਜਾਬੀ ਇਤਿਹਾਸ ਵਿਚ ਸਿੱਖ ਲਹਿਰ ਦੇ ਕ੍ਰਾਂਤੀਕਾਰੀ ਵਿਚਾਰ ਅਤੇ ਲੋਕ-ਮੁਕਤੀ ਦੇ ਅੰਦੋਲਨ ਦੇ ਜ਼ਿਕਰ ਨੂੰ ਸਿਰਫ 'ਫਿਰਕਾਪ੍ਰਸਤੀ' ਆਖ ਕੇ 'ਖਰੀ ਕ੍ਰਾਂਤੀਕਾਰੀ ਸਿਆਸਤ' ਦੇ ਲੜ ਲੱਗਣ ਦੀ ਤਾਕੀਦ ਕਰਦਾ ਰਹਿੰਦਾ ਹੈ। ਲੋਕ ਵਾਰ-ਵਾਰ ਇਨ੍ਹਾਂ ਮਸਲਿਆਂ 'ਤੇ ਅੰਦੋਲਨ ਛੇੜਦੇ ਹਨ ਤੇ ਸਾਡੇ ਸਿਆਣੇ ਇਸ ਤੋਂ ਬੇਲਾਗ 'ਹਕੀਕੀ ਮਸਲਿਆਂ' ਦਾ ਪ੍ਰਚਾਰ-ਪਸਾਰ ਕਰਨ ਵਿਚ ਮਸਰੂਫ ਰਹਿੰਦੇ ਹਨ। ਇਸ ਕ੍ਰਾਂਤੀਕਾਰੀ ਸਿਆਸੀ ਅਭਿਆਸ ਵਿਚ ਸਭਿਆਚਾਰਕ ਹਵਾਲਿਆਂ ਨੂੰ ਕਦੇ-ਕਦਾਈਂ 'ਵਰਤਣ' ਦੀ ਇਜਾਜ਼ਤ ਹੀ ਬਾਕੀ ਰਹਿ ਜਾਂਦੀ ਹੈ।

ਇਸ ਪ੍ਰਸੰਗ ਵਿਚ ਟੋਰਾਂਟੋ ਵਾਸੀ ਮੱਖਣ ਬਰਾੜ ਦੇ ਗੀਤ 'ਆਪਣਾ ਪੰਜਾਬ ਹੋਵੇ' ਦਾ ਜ਼ਿਕਰ ਢੁਕਵਾਂ ਹੈ, ਖਾਸ ਕਰ ਕੇ 'ਘਰ ਦੀ ਸ਼ਰਾਬ' ਦੇ ਹਵਾਲੇ ਨਾਲ। ਪਰਵਾਸੀ ਪੰਜਾਬੀ ਕਾਮੇ ਵਿਕਸਿਤ ਪੂੰਜੀਵਾਦੀ ਮੁਲਕਾਂ ਵਿਚ ਦੇਹ-ਤੋੜਵੀਂ ਮੁਸ਼ੱਕਤ

(ਬਾਕੀ ਅਗਲੇ ਸਫੇ 'ਤੇ)

# ਯੂਨਾਨ, ਨਾ ਸੱਚ ਗਰੀਸ, ਨਾ ਸੱਚ...

ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਸਕੂਲੀ ਦਿਨਾਂ 'ਚ ਪੜ੍ਹਨ ਨੂੰ ਮਿਲਿਆ ਕਿ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਮਕਦੂਨੀਆਂ ਵਿਚ ਜਨਮੇ ਸਮਰਾਟ ਸਿਕੰਦਰ ਨੇ ਸਾਰੀ ਦੁਨੀਆਂ ਫਤਿਹ ਕਰਨ ਦੀ ਠਾਣੀ ਤੇ ਵੱਡੀਆਂ ਫੌਜਾਂ ਲੈ ਕੇ ਪੂਰਬ ਵੱਲ ਚੜ੍ਹਾਈ ਕੀਤੀ। ਉਹ ਫਾਰਸ, ਤੁਰਕੀ ਤੇ ਹੋਰ ਅੱਗੇ ਮਾਰੋ ਮਾਰ ਕਰਦਾ ਅਜੋਕੇ ਪਾਕਿਸਤਾਨ-ਅਫਗਾਨਿਸਤਾਨ ਤੱਕ ਪਹੁੰਚ ਗਿਆ, ਜਿਥੋਂ ਉਹ ਹੋਰ ਅੱਗੇ ਨਾ ਵਧ ਸਕਿਆ।

ਸਿਕੰਦਰ ਤੇ ਯੂਨਾਨ-ਦੋਵੇਂ ਸ਼ਬਦ ਉਦੋਂ ਪਹਿਲੀ ਵਾਰੀ ਮੇਰੇ ਮੱਥੇ ਲੱਗੇ। ਮਿਡਲ ਕਲਾਸ ਵਿਚ ਜਾ ਕੇ ਸਮਾਜਕ (ਅਧਿਐਨ) ਦਾ ਅਧਿਆਪਕ ਸਾਨੂੰ ਮਿੱਟੀ ਦੇ ਮਾਧੋਆਂ ਨੂੰ ਸਫਲਤਾ ਦੀਆਂ ਕੁੰਜੀਆਂ ਤੋਂ ਰੋਮ, ਸਿੰਧ ਘਾਟੀ, ਮੈਸੋਪੋਟਾਮੀਆ ਤੇ ਯੂਨਾਨ ਦੀਆਂ ਪ੍ਰਾਚੀਨ ਸਭਿਅਤਾਵਾਂ ਬਾਰੇ ਘੋਟਾ ਲਾਉਣ ਲਈ ਆਖਦਾ। ਮਾਸਟਰ ਨੇ ਇਨ੍ਹਾਂ ਦੇਸ਼ਾਂ ਜਾਂ ਸਭਿਅਤਾ ਦੇ ਸੰਕਲਪ ਬਾਰੇ ਸਾਨੂੰ ਕਦੇ ਕੁਝ ਨਾ ਸਮਝਾਇਆ।

ਪਿਛਲੇ ਦਹਾਕਿਆਂ ਤੋਂ ਬੇਰੁਜ਼ਗਾਰੀ ਦੇ ਸਤਾਏ ਪੰਜਾਬ ਦੇ ਨੌਜਵਾਨ ਧੜਾਧੜ ਬਾਹਰਲੇ ਦੇਸ਼ਾਂ ਵੱਲ ਪਰਵਾਸ ਕਰਨ ਲੱਗੇ ਤਾਂ ਇਕ ਦੇਸ਼ ਗਰੀਸ ਵੀ ਉਨ੍ਹਾਂ ਦਾ ਟਿਕਾਣਾ ਬਣ ਗਿਆ। ਅਜਿਹੇ ਕਈ ਨੌਜਵਾਨਾਂ ਨੂੰ ਇਹ ਨਹੀਂ ਪਤਾ ਲੱਗਾ ਕਿ ਹੁਣ ਗਰੀਸ ਵਜੋਂ ਆਮ ਜਾਣਿਆ ਜਾਣ ਵਾਲਾ ਦੇਸ਼ ਘੋਟੇ ਲੱਗਾ ਯੂਨਾਨ ਹੀ ਹੈ। ਅੱਜ ਕਲ੍ਹ ਪੰਜਾਬ ਤੇ ਪੰਜਾਬੀ ਵਿਚ ਗਰੀਸ ਗਰੀਸ ਹੀ ਹੁੰਦੀ ਹੈ, ਪਤਾ ਨਹੀਂ ਸਮਾਜ ਵਿਗਿਆਨ ਦੀਆਂ ਕਿਤਾਬਾਂ ਵਿਚ ਕਿਹੜਾ ਸ਼ਬਦ ਚਲਦਾ ਹੈ!

ਕਿਸੇ ਦੇਸ਼ ਦੇ ਨਾਂ ਦੋ ਤਰ੍ਹਾਂ ਦੇ ਹੋ ਸਕਦੇ ਹਨ। ਇਕ ਉਹ, ਜੋ ਉਥੋਂ ਦੇ ਵਾਸੀ ਧਰਦੇ ਹਨ ਤੇ ਦੂਜਾ, ਜੋ ਬਾਹਰਲੇ ਲੋਕ ਉਸ ਨੂੰ ਸੱਦਦੇ ਹਨ। ਦੂਰ ਕੀ ਜਾਣਾ, ਸਾਡੇ ਦੇਸ਼ ਦਾ ਨਾਂ ਹਿੰਦੁਸਤਾਨ ਗਵਾਂਢੀ ਅਰਬਾਂ ਨੇ ਧਰਿਆ ਹੈ, ਭਾਵੇਂ ਅੱਜ ਅਸੀਂ ਇਹ ਅਪਨਾ ਲਿਆ ਹੈ। ਇੰਡੀਆ ਵੀ ਇਸ ਦੀ ਹੀ ਇੱਕ ਵੰਨਗੀ ਹੈ, ਜੋ ਮੁਢਲੇ ਤੌਰ 'ਤੇ ਹਿੰਦ ਨੂੰ ਯੂਨਾਨੀਆਂ ਨੇ ਵਿਗਾੜ ਕੇ ਬਣਾਇਆ। ਅੱਜ ਭਾਰਤ ਤਾਂ ਵਿਚਾਰਾ ਸਹਿਕਦਾ ਹੀ ਰਹਿੰਦਾ ਹੈ, ਬਹੁਤੀ ਇੰਡੀਆ ਇੰਡੀਆ ਹੀ ਹੁੰਦੀ ਹੈ। ਜਰਮਨੀ ਨੂੰ ਜਰਮਨੀ ਦੂਜੇ ਦੇਸ਼ਾਂ ਵਾਲੇ ਹੀ ਕਹਿੰਦੇ ਹਨ, ਉਥੋਂ ਦੇ ਲੋਕਾਂ ਲਈ ਇਹ ਡਿਊਸਲੈਂਡ ਹੈ। ਮਿਸਰੀ ਲੋਕਾਂ ਦੇ ਮਿਸਰ ਦਾ ਨਾਂ ਇਜਿਪਟ ਵੀ ਪੁਰਾਣੇ ਯੂਨਾਨੀਆਂ ਨੇ ਰੱਖਿਆ। ਯੂਨਾਨ ਸ਼ਬਦ ਇਸੇ ਗੇੜ 'ਚ ਆਉਂਦਾ ਹੈ, ਪਰ ਗਰੀਸ ਵੀ ਯੂਨਾਨੀਆ ਦਾ ਆਪਣਾ ਧਰਿਆ ਨਾਂ ਨਹੀਂ। ਵੱਡੇ ਘਰ ਦੀਆਂ ਵੱਡੀਆਂ ਮਿਰਚਾਂ, ਦੁਨੀਆਂ ਭਰ ਨੂੰ ਫਲਸਫੇ ਤੇ ਗਿਆਨ ਨਾਲ ਭਰਪੂਰ ਕਰਨ ਵਾਲੇ ਗਰੀਸ ਦੇ ਸਿਰਫ ਦੋ ਨਾਂ ਹੀ ਕਿਵੇਂ ਹੋ ਸਕਦੇ ਹਨ!

ਯੂਨਾਨ ਅਤੇ ਇਸ ਨਾਲ ਮਿਲਦੇ-ਜੁਲਦੇ ਸ਼ਬਦਾਂ ਨੂੰ ਅਸੀਂ ਤਿੰਨ ਪੱਖਾਂ ਤੋਂ ਵਿਚਾਰ ਸਕਦੇ ਹਾਂ। ਭਾਰਤ ਦੀਆਂ ਪੁਰਾਣੀਆਂ ਇਤਿਹਾਸਕ, ਮਿਥਿਹਾਸਕ ਲਿਖਤਾਂ ਤੇ ਮਹਾਭਾਰਤ, ਰਾਮਾਇਣ ਵਿਚ 'ਯਵਨ' ਸ਼ਬਦ ਦਾ ਜ਼ਿਕਰ ਆਉਂਦਾ ਹੈ। ਇਹ ਸ਼ਬਦ ਭਾਰਤ ਤੋਂ ਬਾਹਰ ਹੋਰ ਕਈ ਦੇਸ਼ਾਂ ਤੇ ਲੋਕਾਂ ਲਈ ਵਰਤਿਆ ਮਿਲਦਾ ਹੈ। ਪੁਰਾਣੀਆਂ ਲਿਖਤਾਂ ਵਿਚ ਸਿੰਧੂ, ਮਾਦਰ, ਕੇਕਯ, ਗੰਧਾਰ, ਕੰਬੋਜ ਆਦਿ ਦੇ ਨਾਲ ਨਾਲ ਯਵਨਾਂ ਦਾ ਵੀ ਜ਼ਿਕਰ ਹੈ। ਸਿਕੰਦਰ ਸਪਤ-ਸਿੰਧੂ ਪੁੱਜਾ ਤੇ ਬਾਅਦ ਵਿਚ ਦੇਸ਼ ਦੇ ਉਤਰ-ਪੱਛਮੀ ਹਿੱਸੇ 'ਤੇ ਕੋਈ 200 ਈਸਾ ਪੂਰਵ ਤੋਂ ਗਰੀਸ ਦੀ ਪ੍ਰਭੂਸੱਤਾ ਆਧਾਰਤ ਕਈ ਰਾਜ ਸਥਾਪਤ ਹੋਏ। ਉਸ ਸਮੇਂ ਗਰੀਸ ਤੋਂ ਆਏ ਇਨ੍ਹਾਂ ਲੋਕਾਂ ਨੂੰ ਯਵਨ ਕਿਹਾ ਜਾਂਦਾ ਸੀ ਤੇ ਇਨ੍ਹਾਂ ਰਾਜਾਂ ਨੂੰ ਹਿੰਦ-ਯਵਨ ਨਾਂ ਮਿਲਿਆ।

ਮਹਾਭਾਰਤ ਵਿਚ 'ਪਰਮ ਯੋਨ' ਨਾਂ ਦੇ ਦੇਸ਼ ਦਾ ਵੀ ਜ਼ਿਕਰ ਆਉਂਦਾ ਹੈ, ਪਰ ਇਸ ਵਿਚਲਾ ਸ਼ਬਦ ਯੋਨ ਵੀ ਦਰਅਸਲ ਯਵਨ ਦਾ ਹੀ ਇਕ ਪ੍ਰਾਕ੍ਰਿਤ/ਪਾਲੀ ਰੁਪਾਂਤਰ ਹੈ। ਸਮਰਾਟ ਅਸ਼ੋਕ ਦੇ ਸ਼ਿਲਾਲੇਖਾਂ ਵਿਚ ਯੋਨ ਸ਼ਬਦ ਉਕਰਿਆ ਮਿਲਦਾ ਹੈ। ਇਸ ਸਮੇਂ ਵਿਚ ਗਰੀਕ ਜੋਤਿਸ਼ ਦੀ ਇਕ ਕਿਤਾਬ ਦਾ ਅਨੁਵਾਦ ਵੀ ਹੋਇਆ ਸੀ, ਜਿਸ ਦਾ ਨਾਂ ਹੈ, ਯਵਨਜਾਤਕ। ਦੂਰ ਦੇਸ਼ ਤੋਂ ਆਏ ਲੋਕ ਬੇਪਛਾਣ ਹੋਣ ਕਾਰਨ ਓਪਰੇ ਓਪਰੇ ਲਗਦੇ ਹਨ। ਇਸ ਲਈ ਹੌਲੀ ਹੌਲੀ ਯਵਨ ਸ਼ਬਦ ਕਿਸੇ ਵੀ ਗੈਰ-ਭਾਰਤੀ ਜਾਂ ਗੈਰ-ਹਿੰਦੂ ਲਈ ਵੀ ਵਰਤਿਆ ਜਾਣ ਲੱਗਾ, ਜਿਵੇਂ ਬਾਅਦ ਵਿਚ ਫਰੰਗੀ। ਅਰਬਾਂ, ਤੁਰਕਾਂ ਤੇ ਹੋਰ ਅੱਗੇ ਮੁਸਲਮਾਨਾਂ ਨੂੰ ਵੀ ਯਵਨ ਕਿਹਾ ਜਾਣ ਲੱਗਾ। ਪ੍ਰਾਚੀਨ ਅੰਤਰਮੁਖੀ ਭਾਰਤੀ ਵਿਦੇਸ਼ੀਆਂ ਨੂੰ ਅਕਸਰ ਹਿਕਾਰਤ ਦੀ ਨਜ਼ਰ ਨਾਲ ਹੀ ਦੇਖਦੇ ਸਨ। ਇਸ ਲਈ ਯਵਨ ਸ਼ਬਦ ਦੀ ਹੋਰ ਅਵਨਤੀ ਹੋ ਕੇ ਇਹ ਬਰਬਰ, ਮਲੇਛ ਦਾ ਸਮਾਨਅਰਥੀ ਵੀ ਹੋ ਗਿਆ।



ਲਗਦੇ ਹੱਥ ਸੰਸਕ੍ਰਿਤ ਵਿਚ ਮਿਲਦੇ ਯਵਨ ਤੋਂ ਬਣੇ ਕੁਝ ਸ਼ਬਦ ਜਾਣ ਲਈਏ। ਸੰਸਕ੍ਰਿਤ ਸਾਹਿਤ ਵਿਚ ਅਲੈਗਜ਼ੈਂਦਰੀਆ/ਸਿਕੰਦਰੀਆ ਲਈ ਯਵਨਪੁਰ ਅਤੇ ਯਵਨਾਂ ਦੇ ਦੇਸ਼ ਲਈ ਯਵਨਦੇਸ਼ ਸ਼ਬਦ ਵਰਤੇ ਮਿਲਦੇ ਹਨ। ਯਵਨਾਂ ਨੂੰ ਬੇਪਸੰਦ ਚੀਜ਼ਾਂ ਜਿਵੇਂ ਗੁੱਗਲ ਨੂੰ ਯਵਨ-ਦਵਿਸ਼ਟ ਕਿਹਾ ਗਿਆ ਹੈ; ਉਨ੍ਹਾਂ ਦੀ ਪਸੰਦ ਅਨੁਸਾਰ ਮਿਰਚ ਨੂੰ ਯਵਨ-ਪ੍ਰਿਆ ਬਿਆਨਿਆ ਗਿਆ ਹੈ। ਯਵਨਾਂ ਨੂੰ ਸੁਆਦ ਲਗਦੇ ਗੰਢਿਆਂ ਜਾਂ ਲਸਣ ਨੂੰ ਯਵਨੇਸ਼ਟ ਕਿਹਾ ਗਿਆ। ਜੋਤਿਸ਼ ਦੇ ਮਾਹਰ ਲਈ ਯਵਨਾਚਾਰੀਆ ਸ਼ਬਦ ਵੀ ਵਰਤਿਆ ਗਿਆ। ਭਾਰਤ 'ਚ ਵਿਸ਼ਨੂੰ ਅਤੇ ਉਸ ਦੇ ਅਵਤਾਰ ਕ੍ਰਿਸ਼ਨ ਨੂੰ ਦੁਸ਼ਮਣਾਂ ਦਾ ਸਰਵਨਾਸ ਕਰਨ ਵਾਲੇ ਮੰਨਿਆ ਜਾਂਦਾ ਹੈ, ਇਸ ਲਈ ਉਨ੍ਹਾਂ ਨੂੰ ਯਵਨਾਰਿ ਅਰਥਾਤ ਯਵਨ-ਦੁਸ਼ਮਣ ਦੀ ਉਪਾਧੀ ਦਿੱਤੀ ਗਈ।

ਯਵਨ ਸ਼ਬਦ ਦੇ ਟਾਕਰੇ ਪੁਰਾਣੀ ਫਾਰਸੀ ਅਤੇ ਇਸ ਦੇ ਆਸ-ਪਾਸ ਦੀਆਂ ਜ਼ਬਾਨਾਂ ਵਿਚ ਯੂਨਾਨ ਸ਼ਬਦ ਪ੍ਰਚਲਿਤ ਹੋਇਆ। ਪਹਿਲੀਆਂ ਵਿਚ ਅਨਾਤੋਲੀਆ ਕਹਾਉਂਦੇ ਅਜੋਕੇ ਦੇਸ਼ ਤੁਰਕੀ ਦੇ ਪੱਛਮੀ ਤਟ ਦੇ ਪ੍ਰਦੇਸ਼ਾਂ ਅਤੇ ਟਾਪੂਆਂ ਨੂੰ ਆਇਓਨੀਆ ਕਿਹਾ ਜਾਂਦਾ ਹੈ। ਅੱਜ ਕੱਲ ਵੀ ਪੱਛਮੀ ਗਰੀਸ ਦੇ ਇਕ ਸਾਗਰ ਦਾ ਨਾਂ ਆਇਓਨੀਅਨ ਸਾਗਰ ਹੈ। ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਇਸ ਪ੍ਰਦੇਸ਼ ਵਿਚ ਮੂਲਭੂਮੀ ਗਰੀਸ ਤੋਂ ਆਏ ਆਇਓਨੀਅਨ ਕਬੀਲਿਆਂ ਨੇ ਰਾਜ ਸਥਾਪਤ ਕਰ ਲਿਆ। ਇਨ੍ਹਾਂ ਕਬੀਲਿਆਂ ਦਾ ਆਪਣਾ ਇਤਿਹਾਸ ਹੋਰ ਬਹੁਤ ਪੁਰਾਣਾ ਹੋਵੇਗਾ, ਜੋ ਮਿਥਿਹਾਸ ਦੀ ਧੁੰਦ ਵਿਚ ਲਿਪਟਿਆ ਪਿਆ ਹੈ; ਪਰ ਸਾਡਾ ਸਰੋਕਾਰ ਅਇਓਨੀਆ ਨਾਲ ਹੈ, ਜੋ ਇਕ ਤਰ੍ਹਾਂ ਪੂਰਬੀ ਗਰੀਸ ਹੀ ਹੈ।

ਸਭ ਤੋਂ ਪਹਿਲਾਂ ਫਾਰਸ ਅਤੇ ਮੱਧ ਸਾਗਰ ਦੇ ਤਟਵਰਤੀ ਦੇਸ਼ਾਂ ਅਤੇ ਹੋਰ ਲੋਕਾਂ ਦਾ ਵਾਹ ਇਨ੍ਹਾਂ ਆਇਓਨੀਅਨਾਂ ਨਾਲ ਹੀ ਪਿਆ। ਇਸ ਖਿੱਤੇ ਦੇ ਲੋਕਾਂ ਨੇ ਇਸ ਸ਼ਬਦ ਨੂੰ ਆਪਣੇ ਧੁਨੀ ਪ੍ਰਬੰਧ ਅਨੁਸਾਰ ਢਾਲ ਕੇ ਯੂਨਾਨ ਵਜੋਂ ਉਚਾਰਿਆ ਤੇ ਪ੍ਰਚਲਿਤ ਕੀਤਾ। ਪੁਰਾਣੀ ਫਾਰਸੀ ਵਿਚ ਇਸ ਨੂੰ ਯੌਨਾ ਵਜੋਂ ਵੀ ਲਿਖਿਆ ਮਿਲਦਾ ਹੈ। ਗੱਲ ਕੀ, ਪੂਰਬ ਦੇ ਲੋਕਾਂ ਲਈ ਇਹ ਸ਼ਬਦ ਗਰੀਸ ਲਈ ਵਰਤਿਆ ਜਾਣ ਲੱਗਾ। ਤੁਰਕਿਸਤਾਨ ਵਿਚ ਯੂਨਾਨ ਨੂੰ ਯੂਨਾਨਿਸਤਾਨ ਕਿਹਾ ਜਾਂਦਾ ਹੈ।

ਪੁਰਾਣੀਆਂ ਭਾਰਤੀ ਲਿਖਤਾਂ ਵਿਚ ਇਸੇ ਸ਼ਬਦ ਦਾ ਇਕ ਰੁਪਾਂਤਰ 'ਜਵਨ' ਤੇ ਅੱਗੇ 'ਜੌਨ' ਵੀ ਮਿਲਦਾ ਹੈ। ਹੋਰ ਤਾਂ ਹੋਰ, ਕਈ ਪੁਰਾਣੀਆਂ ਅੰਗਰੇਜ਼ੀ ਰਚਨਾਵਾਂ ਵਿਚ ਵੀ ਜਵਨ ਸ਼ਬਦ ਮੌਜੂਦ ਹੈ। ਮਿਲਟਨ ਦੇ ਮਹਾਂਕਾਵਿ 'ਸਵਰਗ ਗਵਾਚਾ' ਵਿਚ ਜਵਨ ਸ਼ਬਦ ਦੀ ਟੋਹ ਹੈ, ਜਿਸ ਦਾ ਜ਼ਿਕਰ 'ਮਹਾਨ ਕੋਸ਼' ਵਿਚ ਵੀ ਹੈ। ਦਰਅਸਲ ਪੁਰਾਣੀ ਹਿਬਰੂ ਭਾਸ਼ਾ ਵਿਚ ਵੀ ਯਵਨ ਸ਼ਬਦ ਚਲਦਾ ਸੀ ਤੇ ਇਸੇ ਦਾ ਇਕ ਰੁਪਾਂਤਰ ਜਵਨ ਬਣਿਆ। ਹਿਬਰੂ ਦੀ ਬਾਈਬਲ ਦੀ ਮੁਢਲੀ ਪੋਥੀ ਦੇ ਦਸਵੇਂ ਅਧਿਆਇ ਵਿਚ ਨੂਹ ਦੀਆਂ ਪੀੜ੍ਹੀਆਂ ਦਾ ਜ਼ਿਕਰ ਹੈ। ਨੂਹ ਦੇ ਪੁੱਤਰ ਜੈਸਪਥ/ਯਾਫਥ ਦੇ ਚੌਥੇ ਪੁੱਤਰ ਦਾ ਨਾਂ ਜਵਨ ਦੱਸਿਆ ਗਿਆ ਹੈ। ਨੂਹ ਦੇ ਹੜ੍ਹ ਪਿਛੋਂ ਇਨ੍ਹਾਂ ਦੀਆਂ ਸੰਤਾਨਾਂ ਨੇ ਹੀ ਅੱਗੇ ਮਨੁੱਖ ਜਾਤੀ ਤੋਰੀ। ਮਿਥਾਂ ਅਨੁਸਾਰ ਅਇਓਨੀਆ ਕਬੀਲੇ ਦਾ ਨਾਂ ਇਸੇ ਨਾਂ ਤੋਂ ਪਿਆ। ਪਾਠਕਾਂ ਦੀ ਦਿਲਚਸਪੀ ਲਈ ਬਾਈਬਲ ਦੇ ਇੱਕ ਪੰਜਾਬੀ ਅਨੁਵਾਦ ਵਿਚ ਇਸ ਪ੍ਰਸੰਗ ਦਾ ਹਵਾਲਾ ਦਿੰਦੇ ਹਾਂ। ਇਥੇ ਯਾਵਾਨ ਸ਼ਬਦ ਵੱਲ ਧਿਆਨ ਦਿਓ,

1. ਨੂਹ ਦੇ ਪੁੱਤਰ ਸਨ: ਸ਼ੇਮ, ਹਾਮ ਅਤੇ ਯਾਫਥ। ਹੜ੍ਹ ਤੋਂ ਮਗਰੋਂ ਇਨ੍ਹਾਂ ਤਿੰਨਾਂ ਆਦਮੀਆਂ ਨੇ ਬਹੁਤ ਸਾਰੇ ਪੁੱਤਰਾਂ ਨੂੰ ਜਨਮ ਦਿੱਤਾ। ਸ਼ੇਮ, ਹਾਮ ਅਤੇ ਯਾਫਥ ਦੇ ਪੁੱਤਰਾਂ ਦੀ ਸੂਚੀ ਇਹ ਹੈ।

ਯਾਫਥ ਦੇ ਉਤਰਾਧਿਕਾਰੀ

2. ਯਾਫਥ ਦੇ ਪੁੱਤਰ ਸਨ: ਗੋਮਰ, ਮਾਗੋਗ, ਮਾਦਈ, ਯਾਵਾਨ, ਤੂਬਲ, ਮਸ਼ੱਕ ਅਤੇ ਤੀਰਾਸ।

3. ਗੋਮਰ ਦੇ ਪੁੱਤਰ ਸਨ: ਅਸ਼ਕਨਜ਼, ਰੀਫਤ ਅਤੇ ਤੋਗਰਮਾਹ।

4. ਯਾਵਾਨ ਦੇ ਪੁੱਤਰ ਸਨ: ਅਲੀਸ਼ਾਹ, ਤਰਸ਼ੀਸ, ਕਿੱਤੀਮ ਅਤੇ ਦੋਦਾਨੀਮ।

5. ਉਹ ਸਾਰੇ ਲੋਕ ਜੋ ਸਮੁੰਦਰੀ ਤਟ ਦੀ ਜ਼ਮੀਨ ਦੇ ਆਲੇ-ਦੁਆਲੇ ਰਹਿੰਦੇ ਹਨ, ਉਹ ਯਾਫਥ ਦੇ ਇਨ੍ਹਾਂ ਪੁੱਤਰਾਂ ਦੇ ਉਤਰਾਧਿਕਾਰੀ ਹੀ ਹਨ। ਹਰ ਪੁੱਤਰ ਦੀ ਆਪਣੀ ਜ਼ਮੀਨ ਸੀ। ਹਰ ਪਰਿਵਾਰ ਵੱਧ ਕੇ ਅਲੱਗ ਕੌਮ ਬਣ ਗਿਆ। ਹਰੇਕ ਕੌਮ ਦੀ ਆਪਣੀ ਭਾਸ਼ਾ ਸੀ...।

ਆਇਓਨੀਅਨ ਕਬੀਲੇ ਦਾ ਨਾਂ ਅਪੋਲੋ ਦੇਵਤੇ ਦੇ ਪੁੱਤਰ ਅਇਓ ਦੇ ਨਾਂ 'ਤੇ ਪਿਆ ਵੀ ਦੱਸਿਆ ਜਾਂਦਾ ਹੈ। ਇੱਕ ਹੋਰ ਕਿਆਸ-ਅਰਾਈਂ ਪੜ੍ਹਨ ਨੂੰ ਮਿਲਦੀ ਹੈ। ਇਸ ਨੂੰ ਸੰਸਕ੍ਰਿਤ ਸ਼ਬਦ ਯੋਨੀ ਨਾਲ ਜੋੜਿਆ ਗਿਆ ਹੈ। ਸੰਸਕ੍ਰਿਤ ਵਿਚ ਔਰਤ ਦੀ ਬੱਚੇਦਾਨੀ ਜਾਂ ਜਣਨ-ਅੰਗ ਨੂੰ ਯੋਨੀ ਕਿਹਾ ਜਾਂਦਾ ਹੈ। ਖਿਆਲ ਹੈ ਕਿ ਇਸ ਪਰਦੇਸ ਦੇ ਲੋਕ ਦੇਵੀ-ਪੂਜ ਹੋਣ ਕਾਰਨ ਉਨ੍ਹਾਂ ਨੂੰ ਇਹ ਨਾਂ ਦਿੱਤਾ ਗਿਆ, ਜੋ ਮੱਧ ਸਾਗਰ ਦੇ ਦੇਸ਼ਾਂ ਤੋਂ ਲੈ ਕੇ ਹਿੰਦੁਸਤਾਨ ਤੱਕ ਫੈਲ ਗਿਆ। ਜਵਨ ਸ਼ਬਦ ਮੋਟੇ ਤੌਰ 'ਤੇ ਪੁਰਾਣੀ ਗਰੀਸ ਨਾਲ ਜੋੜਿਆ ਜਾਂਦਾ ਹੈ, ਜਦ ਕਿ ਜਵਨ ਦੇ ਪੁੱਤਰਾਂ ਦੇ ਨਾਂ ਮੱਧ ਸਾਗਰ ਅਤੇ ਅਨਾਤੋਲੀਆ ਦੇ ਆਸਪਾਸ ਦੇ ਖਿਤਿਆਂ ਦੇ ਨਾਂਵਾਂ ਨਾਲ ਜੋੜੇ ਜਾਂਦੇ ਹਨ। ਮਿਲਟਨ ਦੇ 'ਗਵਾਚਾ ਸਵਰਗ' ਵਿਚ ਜਵਨ ਜੈਸਪਥ ਦੇ ਪੁੱਤਰ ਦੇ ਨਾਂ ਵਜੋਂ ਹੀ ਆਉਂਦਾ ਹੈ। ਸਾਰ ਇਹ ਕਿ ਭਾਵੇਂ ਸੰਸਕ੍ਰਿਤ ਵਿਚ ਯਵਨ, ਯੌਨ ਆਦਿ ਨਾਂ ਪ੍ਰਚਲਿਤ ਸਨ, ਪਰ ਮੁਸਲਿਮ ਹਕੂਮਤ ਦੌਰਾਨ ਭਾਰਤ ਵਿਚ ਫਾਰਸੀ ਵਿਚ ਪ੍ਰਚਲਿਤ ਸ਼ਬਦ ਯੂਨਾਨ ਹੀ ਪ੍ਰਸਿੱਧ ਹੋਇਆ।

ਹੈਰਾਨੀ ਦੀ ਗੱਲ ਹੈ ਕਿ ਯੂਨਾਨ ਦਾ ਅਜੋਕਾ ਪ੍ਰਚਲਿਤ ਨਾਂ ਗਰੀਸ ਵੀ ਇਸ ਦੇਸ਼ ਵਿਚ ਨਹੀਂ ਚਲਦਾ। ਰੋਮਨ ਸਾਮਰਾਜ ਦੀ ਚੜ੍ਹਤ ਸਮੇਂ ਯੂਰਪ ਵਿਚ ਲਾਤੀਨੀ ਭਾਸ਼ਾ ਭਾਰੂ ਹੋ ਗਈ। ਇਸ ਲਈ ਯੂਰਪੀ ਭਾਸ਼ਾਵਾਂ ਵਿਚ ਬਹੁਤ ਸਾਰੇ ਗਰੀਕ ਸ਼ਬਦਾਂ ਦੇ ਲਾਤੀਨੀ ਬਦਲ ਹੀ ਪ੍ਰਚਲਿਤ ਹੋਏ। ਅਸੀਂ ਦੇਖਿਆ ਸੀ ਕਿ ਅਫਲਾਤੂਨ ਲਈ ਅੰਗਰੇਜ਼ੀ ਸ਼ਬਦ ਲਾਤੀਨੀ ਪਲੈਟੋ ਤੋਂ ਆਇਆ। ਪ੍ਰਾਚੀਨ ਰੋਮ ਵਿਚ ਇਸ ਦੇਸ਼ ਨੂੰ ਗਰੇਸ਼ਿਆ ਕਹਿੰਦੇ ਸਨ, ਜੋ ਅੱਗੋਂ ਗਰੀਕ ਭਾਸ਼ਾ ਦੇ ਸ਼ਬਦ Griekos ਤੋਂ ਬਣਿਆ ਹੈ। ਇੱਕ ਮਤ ਅਨੁਸਾਰ ਇਹ ਤਟ ਕਿਨਾਰੇ ਇਕ ਨਗਰ ਦੇ ਨਾਂ ਪਿਛੇ ਪਿਆ, ਜਿਸ ਦਾ ਅਰਥ Gray ਅਰਥਾਤ ਸਲੇਟੀ ਹੈ। ਸ਼ਾਇਦ ਤਟ ਸਲੇਟੀ ਰੰਗ ਦਾ ਸੀ। ਗਰੀਸ ਦੇ ਲੋਕ ਤੇ ਸਰਕਾਰ ਆਪਣੇ ਦੇਸ਼ ਨੂੰ ਹਿਲਾਸ (Hellas) ਜਾਂ ਇੱਲਾਦਾ ਕਹਿੰਦੇ ਹਨ, ਜੋ ਇਸੇ ਨਾਂ ਦੇ ਇਕ ਨਗਰ ਤੋਂ ਪਿਆ ਦੱਸਿਆ ਜਾਂਦਾ ਹੈ।

# ਗੁਰਦਾਸ ਮਾਨ ਹਾਜ਼ਰ ਹੋ!

(ਪਿਛਲੇ ਸਫੇ ਦੀ ਬਾਕੀ)

ਕਰਦਿਆਂ; ਲਗਭਗ ਬੇਨਾਮ ਹੋ ਕੇ ਰਹਿੰਦਿਆਂ; ਪਰਿਵਾਰਾਂ ਤੋਂ ਦੂਰ ਟਰੱਕਾਂ ਜਾਂ ਸ਼ਿਫਟਾਂ ਵਿਚ ਦਰੜੀਂਦਿਆਂ; ਮਹਿੰਗੀਆਂ ਸ਼ਰਾਬਾਂ, ਖੁਰਾਕਾਂ ਖਾਂਦਿਆਂ; ਓਪਰੀਆਂ ਜ਼ਬਾਨਾਂ ਵਿਚ ਔ ਰੈਟ, ਥੈਂਕਯੂ, ਪਲੀਜ਼ ਕਹਿੰਦਿਆਂ ਸ਼ਾਇਦ ਆਪਣੀ ਮੌਜੂਦਾ ਜ਼ਿੰਦਗੀ ਦੇ ਸੱਖਣੇਪਣ ਨੂੰ ਪਿੱਛੇ ਰਹਿ ਗਏ ਪੰਜਾਬ ਦੀਆਂ ਸਾਦ-ਮੁਰਾਦੀਆਂ ਰੰਗੀਨੀਆਂ ਦੀ ਸਿਮਰਤੀ ਨਾਲ ਪਰਚਾ-ਮੁਸਕਰਾ ਲੈਂਦੇ ਹਨ ਤਾਂ ਫਿਰ ਮਸਲਾ ਕੀ ਹੈ? 'ਜੋ ਸੁਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ' ਦੀ ਜ਼ਮੀਨ 'ਤੇ ਉਸਰੇ 'ਆਪਣਾ ਪੰਜਾਬ ਹੋਵੇ' ਗੀਤ ਵਿਚ ਹਸਰਤ ਕਹਿੰਦੀ ਹੈ ਕਿ ਵਾਣ ਵਾਲੇ ਮੰਜੇ 'ਤੇ ਜੱਟ ਨਵਾਬ ਬਣਿਆ ਬੈਠਾ ਹੋਵੇ, ਉਂਜ ਇਸ ਸਤਰ ਵਿਚ ਨਵਾਬਾਂ ਦੇ ਮਜ਼ਬੂਤ, ਮਖਮਲੀ ਤਖਤ ਨੂੰ ਸਭ ਤੋਂ ਖੁਰਦਰੇ ਆਸਣ 'ਵਾਣ ਵਾਲੇ ਮੰਜੇ' ਤੋਂ ਹੇਠਾਂ ਦਰਸਾਇਆ ਗਿਆ ਹੈ। ਇਸ 'ਨਵਾਬੀ' ਲਈ ਹੋਰ ਕਿਹੜੀ ਅਮੀਰੀ, ਕੁਮਕ ਤੇ ਹੱਲਾ-ਗੁੱਲਾ ਲੋੜੀਂਦਾ ਹੈ, ਉਹ ਵੇਖਦੇ ਹਾਂ, ਘਰ ਦੀ ਸ਼ਰਾਬ, ਵੱਡੀ ਬੇਬੇ ਦਾ ਬਣਾਇਆ ਗੰਦਲਾਂ ਦਾ ਸਾਗ, ਸੀਪ ਖੇਡਦਿਆਂ ਰਾਣੀ ਨਾਲ ਯੱਕਾ ਮੇਲ ਕੇ ਕੀਤੇ ਤੇਰਾਂ, ਮੂਲੀ ਨਾਲ ਗੰਢਾ, ਖੂਹ 'ਤੇ ਚੂਪਿਆ ਗੰਨਾ, ਕੂੰਡੇ ਵਿਚ ਘੋਟੇ ਮਸਾਲੇ ਦਾ ਸਵਾਦ ਆਦਿ।

'ਆਪਣਾ ਪੰਜਾਬ ਹੋਵੇ' ਵਿਚ ਅਸਲ ਕਾਰਗਰ ਸ਼ਬਦ 'ਆਪਣਾ' ਹੈ। ਸਰਮਾਏ ਦੇ ਲਿਸ਼ਕਦੇ ਮਾਰੂਥਲਾਂ ਵਿਚ ਗਰਦਿਸ਼ ਕਰ ਰਹੇ ਉਜਰਤੀ ਕਾਮਿਆਂ ਦੇ ਮੰਤਵਹੀਣ ਕਾਫਲੇ ਖੁਰਦੇ, ਕਿਰਦੇ, ਭੁਰਦੇ ਜਾ ਰਹੇ ਹਨ। ਇਨ੍ਹਾਂ ਦਾ ਇੰਜ ਭਟਕਦਿਆਂ ਦਾ 'ਆਪਣਾ' ਕੀ ਰਹਿ ਗਿਆ ਹੈ? ਹੱਡਾਂ ਵਿਚ ਰਚ ਚੁਕੀ ਬੇਗਾਨਗੀ-ਇਕੱਲ-ਆਵਾਜ਼ਾਰੀ ਆਪਣਾ ਟਿਕਾਣਾ ਟੋਲਦੀ ਜੇ ਪੰਜਾਬ ਨੂੰ ਸੁਖ-ਚੈਨ-ਅਪਣੱਤ ਦਾ ਸੁਪਨਾ-ਸਿਰਨਾਵਾਂ ਸਮਝਦੀ ਹੈ ਤਾਂ ਇਹ ਉਸ ਦੀ ਅਸਤਿਤਵੀ ਹੂੰਗ ਹੈ। ਮੱਖਣ ਬਰਾੜ ਦਾ ਗੀਤ ਐਨਾ ਹੀ ਹੈ, ਪਰ ਗੁਰਦਾਸ ਮਾਨ ਨੇ ਗਿਰਹ ਲਾਉਣ ਲਈ ਫਿਰ ਅਖੀਰਲੇ ਬੰਦ ਨੂੰ ਲਿਖਿਆ ਹੈ, ਜਿਸ ਵਿਚ ਮੌਜੂਦਾ ਪੰਜਾਬ ਬਾਰੇ ਫਿਕਰਮੰਦੀ ਮੌਜੂਦ ਹੈ:

ਆਪਣੇ ਗਰਾਂਈਂ ਕੋਲੋਂ
ਹਾਲ ਪੁੱਛਾਂ ਪਿੰਡ ਦਾ,
ਮਰ ਜਾਣੇ ਮਾਨਾਂ
ਕਿਉਂ ਪੰਜਾਬ ਜਾਂਦਾ ਖਿੰਡਦਾ।

ਇਥੇ ਕੁਲਵੰਤ ਸਿੰਘ ਵਿਰਕ ਦੀ ਲਾਜਵਾਬ ਕਹਾਣੀ 'ਤੂੜੀ ਦੀ ਪੰਡ' ਦਾ ਚੇਤਾ ਵੀ ਆਉਂਦਾ ਹੈ। 'ਕਿਉਂ ਪੰਜਾਬ ਜਾਂਦਾ ਖਿੰਡਦਾ' ਦੇ ਸਵਾਲ ਪੁੱਛਣ ਵਿਚ ਗੁਰਦਾਸ ਦਾ ਤਰਲਾ ਵੀ ਹੈ ਤੇ ਵੰਗਾਰ ਵੀ। ਅਗਲੀਆਂ ਸਤਰਾਂ ਵਿਚ ਗਿਰਹ ਲਾਉਂਦਾ ਉਹ ਪੰਜਾਬ ਦੇ ਖਿੰਡਣ ਦਾ ਇਤਿਹਾਸਕ ਹਵਾਲਾ ਵੀ ਲੈ ਆਉਂਦਾ ਹੈ:

ਕਦੇ ਕਿਸੇ ਰਾਵੀ ਕੋਲੋਂ
ਵੱਖ ਨਾ ਚਨਾਬ ਹੋਵੇ।

ਇਨ੍ਹਾਂ ਸਤਰਾਂ ਵਿਚ ਉਸ ਦੀ ਧਾਹ ਨਿਕਲੀ ਲੱਗਦੀ ਹੈ। ਸਮਾਜਕ ਖਿੰਡਾਅ ਨੂੰ ਇਸ ਖਿੱਤੇ ਦੀ 1947 ਵਿਚ ਸਾਮਰਾਜ ਹੱਥੋਂ ਹੋਈ ਵੰਡ ਦੀ ਲੀਹ ਨਾਲ ਜੋੜ ਕੇ ਵੇਖਿਆਂ 'ਆਪਣਾ ਪੰਜਾਬ ਹੋਵੇ' ਦੀ ਸਿਰਫ ਪਰਵਾਸੀ ਪੰਜਾਬੀ ਕਾਮਿਆਂ ਦੀ ਹਸਰਤ ਨੂੰ ਵੰਡ ਤੋਂ ਪਹਿਲੋਂ ਦੇ ਸਾਂਝੇ ਪੰਜਾਬ ਦੀ ਸਿਮਰਤੀ ਨਾਲ ਜੋੜਿਆ ਗਿਆ ਹੈ।

ਮੁੱਕਦੀ ਗੱਲ, ਮਸਲਾ ਗੁਰਦਾਸ ਮਾਨ ਦੇ ਹੱਕ-ਵਿਰੋਧ ਦਾ ਨਾ ਹੋ ਕੇ ਪੰਜਾਬ ਦੇ ਸੰਕਟ ਦੀ ਤਾਸੀਰ ਫੜਨ ਦਾ ਹੈ। ਪੁਰਾਣਾ ਪੰਜਾਬ ਜਾਂ ਉਸ ਦੀ ਸਿਮਰਤੀ ਸਾਡੇ ਲਈ ਹੁਣ ਕੋਈ ਅਰਥ ਰੱਖਦੀ ਹੈ ਜਾਂ ਨਹੀਂ? ਗੁਰਦਾਸ ਮਾਨ ਨਾਲ ਸਾਡੇ ਬੇਪਨਾਹ ਮੋਹ-ਸਤਿਕਾਰ ਸਦਕਾ ਹੀ ਉਸ ਨਾਲ ਸਾਡੇ ਗਿਲੇ-ਸ਼ਿਕਵੇ ਵੀ ਹਨ। ਅਸੀਂ ਰੁੱਸੇ ਆਸ਼ਕਾਂ ਵਾਂਗ ਤਾਅਨੇ-ਮਿਹਣੇ ਮਾਰ ਕੇ ਭੜਾਸ ਕੱਢ ਲੈਣ ਦੇ ਆਦੀ ਹੋ ਗਏ ਹਾਂ, ਜੋ ਬਾਅਦ ਵਿਚ ਆਪਣੇ ਵੱਲੋਂ ਹੋਈ ਵਧੀਕੀ 'ਤੇ ਸ਼ਰਮਸਾਰ ਹੁੰਦਿਆਂ ਵੀ ਮੂੰਹ 'ਤੇ ਮੰਨ ਕੇ ਰਾਜ਼ੀ ਨਹੀਂ ਹੁੰਦੇ। ਸਾਡਾ ਨੱਕ ਰਹਿ ਜਾਵੇ, ਇਸ ਲਈ ਗੁਰਦਾਸ ਮਾਨ ਨੂੰ ਹੀ ਸਲਾਹ ਹੈ, "ਬਾਬਿਓ, ਅੱਜਕੱਲ੍ਹ ਮੁੰਡੇ ਕੁੜੀਆਂ ਨੂੰ ਸਭ ਮਾਫ ਹੋਣਾ ਚਾਹੀਦੈ।" ਉਂਜ ਗੁਰਦਾਸ ਮਾਨ ਨੂੰ ਮੇਰਾ ਢਿੱਡੋਂ ਕਹਿਣਾ ਹੈ ਕਿ ਇਹ ਸਭ ਅਸਲ ਵਿਚ 'ਤੇਰੇ ਇਸ਼ਕ ਦਾ ਗਿੱਧਾ ਪੈਂਦਾ' ਵਾਲਾ ਵਰਤਾਰਾ ਈ ਐ ਤੇ ਇਸ ਗੀਤ ਦੇ ਅਖੀਰ ਵਿਚ ਗਿਰਹ ਲਾਉਂਦਿਆਂ ਤੁਸੀਂ ਆਖਿਆ ਹੈ, 'ਆਸ਼ਕ ਦਾ ਘਰ ਦੂਰ ਸੁਣੀਂਦਾ।' ਸਾਨੂੰ ਇਸ਼ਕ ਦਾ ਸਿਦਕ-ਸਲੀਕਾ-ਸੁਮੱਤ ਆਵੇ ਨਾ ਆਵੇ, ਤੁਸੀਂ ਆਪਣਾ ਦਿਲ ਸਾਫ ਹੀ ਰੱਖਿਆ ਜੇ।

ਗੁਰਦਾਸ ਮਾਨ ਦਾ ਵਿਰੋਧ ਕੀ ਕਿਸੇ ਇੱਕ ਵਿਅਕਤੀ ਦਾ ਹੈ ਜਾਂ ਕਿਸੇ ਇੱਕ ਚਿੰਨ੍ਹ ਦਾ? ਕੀ ਸਾਡੀ ਪ੍ਰਵਾਨਗੀ ਤੋਂ ਬਿਨਾ ਇਹ ਸਭਿਆਚਾਰਕ ਚਿੰਨ੍ਹਕਾਰੀ ਐਨਾ ਸਮਾਂ ਸਫਲਤਾ ਨਾਲ ਸਿਰ ਚੜ੍ਹ ਕੇ ਰਹਿ ਸਕਦੀ ਸੀ? ਕੀ ਪੰਜਾਬੀ ਸਮਾਜ ਹੁਣ ਪੰਜਾਬੀ ਜ਼ੁਬਾਨ ਦੀ ਬਿਹਤਰੀ ਲਈ, ਸਿੱਖੀ ਦੇ ਭਵਿੱਖ ਬਾਬਤ ਜਾਂ ਸਮਾਜਕ ਮਰਿਆਦਾ ਨਾਲ ਭਿੜਨ ਲਈ ਵੱਧ ਚੇਤੰਨ ਹੋਇਆ ਹੈ ਜਾਂ ਇਸ ਨੇ ਸਭ ਮਸਲੇ ਹੱਲ ਕਰ ਦਿੱਤੇ ਹਨ? ਗੁਰਦਾਸ ਮਾਨ 'ਤੇ ਕੀਤਾ ਮੁਕੱਦਮਾ ਸਾਡੇ ਆਪਣੇ ਕਮਾਏ ਵਿਵੇਕ ਬਾਰੇ ਕੀ ਚੁਗਲੀ ਕਰਦਾ ਹੈ?

ਬਾਕੀ ਦੀਆਂ ਗੱਲਾਂ ਛੱਡੋ...।

## ਪੱਤਝੜ

ਕਹਿੰਦੇ ਆਉਂਦੀ ਹੈ ਬਹਾਰ,
ਤਾਂ ਬਾਗੀਂ ਫੁੱਲ ਖਿੜਦੇ।
ਉਡਾਉਂਦੇ ਸੁਗੰਧੀਆਂ ਫਿਰ,
ਤੱਕ ਤੱਕ ਦਿਲ ਖਿਲਦੇ।
ਤਿਤਲੀਆਂ ਭੰਵਰੇ ਦੇ ਫੇਰੇ,
ਕਰਦੇ ਭੀਂ ਭੀਂ ਫਰ ਫਰ।
ਅੱਖਾਂ, ਮਨ ਨੂੰ ਭਰਮਾਉਂਦੇ,
ਛੇੜੇ ਝਰਨਾਹਟ ਥਰ ਥਰ।

ਹਰੇ ਕਚੂਰ ਪੱਤਿਆਂ ਨੂੰ,
ਛੇੜਦੀ ਪੁਰੇ ਦੀ ਸਰਗਮ।
ਜੀਅ ਮਚਲਦਾ ਸੁਣ ਕੇ,
ਪੰਛੀ ਚਹਿਕਾਂ ਦਾ ਤਰੰਨਮ।
ਮੌਲਦੀ ਹੈ ਬਨਸਪਤੀ,
ਆਏ ਕੁਦਰਤ 'ਤੇ ਜਵਾਨੀ।
ਚਲਾਵੇ ਕਾਦਰ ਸ੍ਰਿਸ਼ਟੀ,
ਕਰੇ ਦਇਆ ਮਿਹਰਬਾਨੀ।

ਕਦੇ ਗਰਮੀ ਆ ਝੁਲਸੇ,
ਕਰਦਾ ਹਰ ਪ੍ਰਾਣੀ ਤੌਬਾ।
ਸਾਉਣ ਲਾਉਂਦੈ ਝੜੀਆਂ,
ਕਰਾਵੇ ਪਾਣੀ ਕਦੇ ਤੌਬਾ।
ਫਿਰ ਆਉਂਦੈ ਹੁਨਾਲ,
ਛੁੱਟੇ ਪਸੀਨੇ ਦੇ ਪਰਨਾਲੇ।
ਬਦਲੇ ਧਰਤੀ ਸੂਰਜ ਥਾਂ,
ਆਵੇ ਪੱਤਝੜ ਸਿਆਲੇ।

ਪੱਤਿਆਂ ਨੇ ਰੰਗ ਵਟਾਏ,
ਸੁੱਕ ਕੇ ਹੋਏ ਲਾਲ ਪੀਲੇ।
ਉਤੋਂ ਨੱਠੀ ਆਵੇ ਸਰਦੀ,
ਬਰਖਾ ਝੱਖੜ ਬਰਫੀਲੇ।
ਜਿੰਦੜੀ ਜਾਵੇ ਮੁਰਝਾਂਦੀ,
ਸੋਚਦੀ ਬਚਣ ਦੇ ਹੀਲੇ।
ਹਵਾ ਝਾੜ੍ਹ ਦੇਣੇ ਨੇ ਪੱਤੇ,
ਸੀਗੇ ਹਰੇ ਭਰੇ ਚਮਕੀਲੇ।

ਦਿਸਦੇ ਫੁੱਲਾਂ ਸੰਗ ਲੱਦੇ,
ਉਂਜ ਤਾਪ ਚੜ੍ਹਿਆ ਜਾਪੇ।
ਦੁੱਖ ਡਾਲੀਓਂ ਟੁੱਟਣ ਦਾ,
ਜਾਨ ਕੁੜਿੱਕੀ ਵਿਚ ਜਾਪੇ।
ਮਿਲ ਜਾਣਾ ਮਿੱਟੀ ਵਿਚ,
ਉਡੀਕ ਨਵੀਂ ਬਹਾਰ ਦੀ।
ਇਹੋ ਹੈ ਜੀਵਨ ਪੰਧ,
ਕਹਾਣੀ ਉਮਰਾਂ ਦੇ ਸਾਰ ਦੀ।

*-ਸੇਵਾ ਸਿੰਘ ਨੂਰਪੁਰੀ*

---

## ਮਿਲਦੇ ਹਾਂ...

ਹਕੀਕਤ 'ਚ ਮੁਨਾਸਿਬ ਨਾ ਸਹੀ,
ਚੱਲ ਖੁਆਬਾਂ 'ਚ ਮਿਲਦੇ ਹਾਂ।
ਸਵਾਲਾਂ ਵਿਚ ਲਗਦਾ ਸੰਭਵ ਨਹੀਂ,
ਚੱਲ ਫਿਰ ਜਵਾਬਾਂ ਵਿਚ ਮਿਲਦੇ ਹਾਂ।

ਮਿਲਦੇ ਹਾਂ ਹਵਾ ਨਾਲ ਹਵਾ ਹੋ ਕੇ,
ਘੁਲ ਮਿਲ ਕੇ ਆਬਾਂ 'ਚ ਮਿਲਦੇ ਹਾਂ।
ਬਣ ਕੇ ਇਲਾਹੀ ਧੁਨਾਂ ਰੂਹ ਦੀਆਂ,
ਇਸ਼ਕੇ ਦੇ ਪਾਕ ਰਾਗਾਂ 'ਚ ਮਿਲਦੇ ਹਾਂ।

ਮਿਲਦੇ ਹਾਂ 'ਲਾਲਪੁਰੀ' ਆਪਾ ਗਵਾ ਕੇ,
ਤੇਰੇ ਨਖਰੇ ਅੰਦਾਜ਼ਾਂ 'ਚ ਮਿਲਦੇ ਹਾਂ।

*-ਰਵਿੰਦਰ ਲਾਲਪੁਰੀ*
*ਫੋਨ: 91-94634-52261*

# ਅੰਮ੍ਰਿਤਾ ਪ੍ਰੀਤਮ ਨੂੰ ਯਾਦ ਕਰਦਿਆਂ

ਮਿਲ ਗਈ ਸੀ ਇਸ ਵਿਚ
ਇੱਕ ਬੂੰਦ ਤੇਰੇ ਇਸ਼ਕ ਦੀ
ਇਸ ਲਈ ਮੈਂ ਜ਼ਿੰਦਗੀ ਦੀ
ਸਾਰੀ ਕੁੜਿੱਤਣ ਪੀ ਲਈ।

ਅੰਮ੍ਰਿਤਾ ਪ੍ਰੀਤਮ ਲਈ ਇਸ਼ਕ 'ਉੱਚ ਦੇ ਪੀਰ' ਵਰਗਾ ਸੀ, ਜਿਸ ਦੀ ਦਰਗਾਹ 'ਤੇ ਜਾ ਕੇ ਲੋਕ ਸੋਚਦੇ ਨੇ, ਸ਼ਾਇਦ ਉਹ ਸਾਰੇ ਦੁੱਖਾਂ-ਤਕਲੀਫਾਂ ਤੋਂ ਮੁਕਤ ਹੋ ਜਾਣਗੇ।

ਅੰਮ੍ਰਿਤਾ ਪ੍ਰੀਤਮ ਮਹਾਨ ਲੇਖਿਕਾ ਤੇ ਕਵਿਤਰੀ ਸੀ। ਬਹੁਤ ਛੋਟੀ (ਸੋਲਾਂ ਸਾਲ) ਦੀ ਉਮਰ ਵਿਚ ਉਸ ਨੇ ਲਿਖਣਾ ਸ਼ੁਰੂ ਕੀਤਾ ਅਤੇ ਸਤਾਰਾਂ ਸਾਲ ਦੀ ਉਮਰ ਤੱਕ ਉਸ ਦੀ ਕਿਤਾਬ 'ਅੰਮ੍ਰਿਤ ਲਹਿਰਾਂ' ਲਾਹੌਰ ਵਿਚ ਛਪ ਗਈ ਸੀ।



ਉਸ ਦਾ ਪਿਤਾ ਕਰਤਾਰ ਸਿੰਘ ਹਿਤਕਾਰੀ ਚੰਗਾ ਲੇਖਕ ਅਤੇ ਸਾਹਿਤ ਪ੍ਰੇਮੀ ਸੀ, ਪਰ ਜ਼ਿਆਦਾਤਰ ਧਾਰਮਿਕ ਬਿਰਤੀ ਵਾਲਾ ਇਨਸਾਨ ਸੀ। ਅੰਮ੍ਰਿਤਾ ਦੀ ਪਹਿਲੇ

**ਦਵਿੰਦਰ ਕੌਰ ਗੁਰਾਇਆ**
**ਵਰਜੀਨੀਆ**
**ਫੋਨ: 571-315-9543**

ਦੌਰ ਦੀ ਸਿਰਮੌਰ ਰਚਨਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਸੀ। ਇਸ ਵਿਚ ਉਸ ਨੇ 1947 ਦੀ ਕਤਲੋਗਾਰਤ ਦੇ ਦੁਖਾਂਤ ਅਤੇ ਪੀੜਾ ਨੂੰ ਇਸ ਢੰਗ ਨਾਲ ਬਿਆਨਿਆ ਕਿ ਹਰ ਪੜ੍ਹਨ-ਸੁਣਨ ਵਾਲੇ ਦਾ ਦਿਲ ਪਸੀਜ ਕੇ ਰਹਿ ਗਿਆ। ਉਹ ਹਿਰਦੇ ਵਿਚ ਹੂਕ ਭਰ ਕੇ ਆਖਦੀ ਹੈ,

ਅੱਜ ਆਖਾਂ ਵਾਰਸ ਸ਼ਾਹ ਨੂੰ
ਕਿਤੇ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ।

ਅੱਗੇ ਲਿਖਦੀ ਹੈ,

ਕਿਸੇ ਨੇ ਪੰਜਾਂ ਪਾਣੀਆਂ ਵਿਚ ਦਿੱਤੀ ਜ਼ਹਿਰ ਮਿਲਾ...।

ਇਥੇ ਉਹ ਮਨੁੱਖਤਾ ਵਿਚ ਵੰਡੀਆਂ ਪੁਆ ਕੇ ਕੋਹਰਾਮ ਮਚਾਉਣ ਵਾਲੀ ਅੰਗਰੇਜ਼ ਹਕੂਮਤ ਵੱਲ ਇਸ਼ਾਰਾ ਕਰਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤਾ ਸਿਰਫ ਸਾਹਿਤਕਾਰ ਜਾਂ ਕਵਿਤਰੀ ਨਹੀਂ ਸੀ, ਸਗੋਂ ਉਸ ਨੂੰ ਸਮਾਜਕ ਤੇ ਰਾਜਨੀਤਕ ਸੂਝ ਵੀ ਸੀ। ਆਲੇ-ਦੁਆਲੇ ਵਾਪਰ ਰਹੇ ਵਰਤਾਰੇ ਤੋਂ ਉਹ ਭਲੀਭਾਂਤ ਜਾਣੂ ਸੀ।

ਅੰਮ੍ਰਿਤਾ ਨੇ ਕਾਵਿ-ਸੰਗ੍ਰਿਹਾਂ ਤੋਂ ਇਲਾਵਾ ਬੜੇ ਚੰਗੇ ਨਾਵਲ ਵੀ ਲਿਖੇ। 'ਆਲ੍ਹਣਾ', 'ਪਿੰਜਰ' ਤੇ 'ਡਾ. ਦੇਵ' ਉਸ ਦੀਆਂ ਮਹਾਨ ਕਿਰਤਾਂ ਹਨ। ਇਨ੍ਹਾਂ ਨਾਵਲਾਂ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਨਾਵਲ 'ਪਿੰਜਰ' ਉਤੇ ਤਾਂ ਬੜੀ ਸੰਜੀਦਗੀ ਨਾਲ ਇਸੇ ਨਾਂ ਦੀ ਫਿਲਮ ਵੀ ਤਿਆਰ ਕੀਤੀ ਗਈ। ਇਸ ਨਾਵਲ ਦੀ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਕੁਨਬਿਆਂ/ਪਰਿਵਾਰਾਂ ਦੀ ਪੀੜ੍ਹੀਆਂ ਤੋਂ ਚਲੀ ਆਉਂਦੀ ਦੁਸ਼ਮਣੀ ਦਾ ਬਦਲਾ ਵੀ ਔਰਤ ਨੂੰ ਬਲੀ ਚੜ੍ਹਾ ਕੇ ਲਿਆ ਜਾਂਦਾ ਹੈ। ਇਕ ਹੋਰ ਬੜੀ ਘਿਨਾਉਣੀ ਘਟਨਾ, ਜੋ ਫਿਲਮ ਵਿਚ ਵੀ ਫਿਲਮਾਈ ਗਈ ਹੈ। ਪਾਗਲ ਔਰਤ ਸੜਕ ਕੰਢੇ ਬੈਠੀ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਹ ਬੱਚਾ ਬੱਚਾ ਨਹੀਂ, ਵਿਨਾਸ਼ ਵੱਲ ਵਧ ਰਹੀ ਮਨੁੱਖਤਾ ਦਾ ਚਿੰਨ੍ਹ ਹੁੰਦਾ ਹੈ।

ਅੰਮ੍ਰਿਤਾ ਨੇ ਸਵੈ ਜੀਵਨੀ ਵੀ ਲਿਖੀ, 'ਰਸੀਦੀ ਟਿਕਟ', ਜੋ ਉਸ ਦੀ ਬੇਬਾਕੀ ਅਤੇ ਦਲੇਰੀ ਦੀ ਮੂੰਹ ਬੋਲਦੀ ਤਸਵੀਰ ਹੈ। ਉਸ ਨੇ ਸਮਾਜਕ ਬੰਦਿਸ਼ਾਂ ਅਤੇ ਰੀਤੀ-ਰਿਵਾਜਾਂ ਦਾ ਖੰਡਨ ਕਰਕੇ ਜਿਸ ਤਰ੍ਹਾਂ ਚਾਹਿਆ, ਉਸ ਤਰ੍ਹਾਂ ਜੀਵਿਆ ਅਤੇ ਜਿਸ ਤਰ੍ਹਾਂ ਜੀਵਿਆ, ਲਿਖ ਵੀ ਦਿੱਤਾ। ਉਸ ਨੇ ਆਪਣੀਆਂ ਕਮਜ਼ੋਰੀਆਂ ਲੁਕੋਈਆਂ ਨਹੀਂ ਸਗੋਂ ਇਨ੍ਹਾਂ ਨੂੰ ਵੀ ਪ੍ਰਾਪਤੀਆਂ ਵਾਂਗ ਹੀ ਜੱਗ ਜਾਹਰ ਕੀਤਾ। ਇਸ ਤਰ੍ਹਾਂ ਕਰਨਾ, ਤੇ ਉਹ ਵੀ ਕਿਸੇ ਔਰਤ ਵਲੋਂ, ਵੱਡੇ ਜਿਗਰੇ ਵਾਲੀ ਗੱਲ ਹੈ।

ਹਾਲਾਤ ਨੇ ਅੰਮ੍ਰਿਤਾ ਨੂੰ ਬੜੀਆਂ ਕਠਿਨ ਪ੍ਰੀਖਿਆਵਾਂ ਵਿਚ ਪਾਈ ਰੱਖਿਆ ਪਰ ਉਸ ਨੇ ਕਦੀ ਹਿੰਮਤ ਨਹੀਂ ਸੀ ਹਾਰੀ। ਛੋਟੀ ਉਮਰ ਵਿਚ ਹੀ ਮਾਂ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਪ੍ਰੀਤਮ ਸਿੰਘ ਨਾਲ ਉਸ ਦਾ ਵਿਆਹ ਕਰ ਦਿੱਤਾ ਗਿਆ। ਉਸ ਸਮੇਂ ਉਹ ਇੰਨੀ ਸੂਝਵਾਨ ਨਹੀਂ ਸੀ, ਸੋ ਵਿਰੋਧ ਨਾ ਕਰ ਸਕੀ, ਪਰ ਜਵਾਨ ਹੋ ਕੇ ਪੜ੍ਹ-ਲਿਖ ਕੇ ਉਸ ਨੇ ਮਾਂ ਬਾਪ ਦੇ ਚੁਣੇ ਵਰ ਨੂੰ ਇੱਕ ਪਾਸੇ ਕਰਕੇ ਆਪਣੀ ਸੋਚ ਦੇ ਹਾਣ ਦਾ ਇੰਦਰਜੀਤ (ਇਮਰੋਜ਼) ਚੁਣ ਲਿਆ। ਉਹ ਦਿੱਲੀ ਸਦਰ ਬਾਜ਼ਾਰ ਵਿਚ ਆਪਣੇ ਦੁਕਾਨਦਾਰ ਪਤੀ ਪ੍ਰੀਤਮ ਸਿੰਘ ਨੂੰ ਛੱਡ ਕੇ ਕਲਾਕਾਰ ਇਮਰੋਜ਼ ਨਾਲ ਰਹਿਣ ਲੱਗ ਪਈ। ਇਸ ਗੱਲ ਦੀ ਸ਼ਹਿਰ ਅਤੇ ਸਾਹਿਤਕ ਹਲਕਿਆਂ ਵਿਚ ਬੜੀ ਚਰਚਾ ਹੋਈ। ਫਿਰ ਇਸ ਦੰਦ-ਕਥਾ ਤੋਂ ਬਚਣ ਲਈ ਉਹ ਦੋਵੇਂ ਮੁੰਬਈ ਚਲੇ ਗਏ। ਵੈਸੇ ਵੀ ਅੰਮ੍ਰਿਤਾ ਸੋਚਦੀ ਸੀ, ਮੁੰਬਈ ਅੱਗੇ ਵਧਣ ਲਈ ਬੜਾ ਵੱਡਾ ਪਲੇਟਫਾਰਮ ਹੈ, ਹੈ ਵੀ ਸੀ। ਉਥੇ ਉਸ ਦਾ ਮੇਲ ਨਾਮੀ ਸਾਹਿਤਕਾਰਾਂ ਨਾਲ ਹੋਇਆ। ਸਾਹਿਰ ਲੁਧਿਆਣਵੀ ਨੂੰ ਵੀ ਉਹ ਇਥੇ ਹੀ ਮਿਲੀ ਸੀ। ਫਿਰ ਅੰਮ੍ਰਿਤਾ ਅਤੇ ਇਮਰੋਜ਼ ਨੇ ਮਿਲ ਕੇ 'ਨਾਗਮਣੀ' ਰਸਾਲਾ ਸ਼ੁਰੂ ਕੀਤਾ।

ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ, ਪਰ ਅਚਾਨਕ ਦੋਹਾਂ ਵਿਚਾਲੇ ਅਣਬਣ ਹੋ ਗਈ। ਅੰਮ੍ਰਿਤਾ ਦਿੱਲੀ ਵਾਪਸ ਆ ਕੇ ਆਪਣੇ ਪਤੀ ਨਾਲ ਰਹਿਣ ਲੱਗ ਪਈ। ਉਸ ਦਾ ਪਤੀ ਪ੍ਰੀਤਮ ਸਿੰਘ ਵੱਡੇ ਜਿਗਰੇ ਵਾਲਾ ਇਨਸਾਨ ਸੀ। ਉਹ ਆਖਦਾ ਸੀ, ਉਸ ਦੇ ਘਰ ਦੇ ਦਰਵਾਜੇ ਅੰਮ੍ਰਿਤਾ ਲਈ ਸਦਾ ਖੁੱਲ੍ਹੇ ਰਹਿਣਗੇ, ਉਹ ਜਦੋਂ ਵੀ ਚਾਹੇ, ਘਰ ਵਾਪਸ ਆ ਸਕਦੀ ਹੈ, ਪਰ ਅੰਮ੍ਰਿਤਾ ਪ੍ਰੀਤਮ ਨੂੰ ਆਪਣੇ ਪਤੀ ਨਾਲ ਰਹਿ ਕੇ ਉਹ ਸਾਹਿਤਕ ਮਾਨਸਿਕ ਸਕੂਨ ਨਹੀਂ ਸੀ ਮਿਲਦਾ, ਜੋ ਉਹ ਕਲਾਕਾਰ ਇਮਰੋਜ਼ ਨਾਲ ਰਹਿ ਕੇ ਮਹਿਸੂਸ ਕਰਦੀ ਸੀ। ਕੁਝ ਸਮੇਂ ਬਾਅਦ ਉਹ ਮੁੜ ਇਮਰੋਜ਼ ਕੋਲ ਚਲੀ ਗਈ ਅਤੇ ਉਹ ਦਿੱਲੀ ਹੌਜ਼ ਖਾਸ ਘਰ ਬਣਾ ਕੇ ਇਕੱਠੇ ਰਹਿਣ ਲੱਗ ਪਏ।

ਅੰਮ੍ਰਿਤਾ ਨੇ ਆਪਣੇ ਪਤੀ ਨੂੰ ਤਲਾਕ ਨਹੀਂ ਸੀ ਦਿੱਤਾ ਤੇ ਨਾ ਹੀ ਇਮਰੋਜ਼ ਨਾਲ ਵਿਆਹ ਕਰਵਾਇਆ ਸੀ। ਇਹ ਗੱਲ ਉਸ ਸਮੇਂ ਦੀ ਔਰਤ ਜਾਤ ਲਈ ਕੋਈ ਚੰਗਾ ਮਾਡਲ ਨਹੀਂ ਸੀ ਪਰ ਉਸ ਦੀ ਦਲੇਰੀ ਅਤੇ ਸੋਚ ਨੇ ਸਿੱਧ ਕਰ ਦਿੱਤਾ ਕਿ 'ਚਾਰ ਲਾਵਾਂ' ਲੈਣ ਨਾਲ ਕੋਈ ਔਰਤ ਮਰਦ ਦੀ ਮਲਕੀਅਤ ਨਹੀਂ ਬਣ ਜਾਂਦੀ। ਜੇ ਇਹ ਰਿਸ਼ਤਾ ਬੰਧਨ ਬਣ ਜਾਏ ਤਾਂ ਇਸ ਨੂੰ ਛੱਡਣ ਲਈ ਵੀ



*ਅੰਮ੍ਰਿਤਾ ਪ੍ਰੀਤਮ*

ਕਿਸੇ ਅਗਵਾਈ ਦੀ ਲੋੜ ਨਹੀਂ ਹੁੰਦੀ। ਦੂਜੇ ਪਾਸੇ ਜੋ ਰਿਸ਼ਤੇ ਦਿਲ ਦੀ ਧਰਤੀ 'ਤੇ ਕਸ਼ੀਦੇ ਜਾਂਦੇ ਨੇ, ਉਹ ਵੀ ਸਮਾਜਕ ਰਸਮਾਂ ਦੇ ਮੁਥਾਜ ਨਹੀਂ ਹੁੰਦੇ। ਉਨ੍ਹਾਂ ਨੂੰ ਇੰਜ ਵੀ ਨਿਭਾਇਆ ਜਾ ਸਕਦਾ ਏ।

ਅੰਮ੍ਰਿਤਾ ਸਦੀਆਂ ਤੋਂ ਕਦਰਾਂ-ਕੀਮਤਾਂ ਪਾਲਣ ਵਾਲੀ ਆਦਰਸ਼ ਨਾਰੀ ਦੀ ਤਸਵੀਰ ਨਹੀਂ ਸੀ, ਸਗੋਂ ਉਹ ਤਾਂ ਘੁਟ-ਘੁਟ ਕੇ ਨਰਕ ਵਾਂਗ ਜ਼ਿੰਦਗੀ ਭੋਗਦੀ ਔਰਤ ਲਈ ਵੰਗਾਰ ਸੀ। ਉਹ ਆਜ਼ਾਦ ਭਾਰਤ ਦੀ ਆਜ਼ਾਦ ਲੇਖਿਕਾ ਸੀ, ਪਰ ਕਿਉਂਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਸਦਾ ਹਾਸ਼ੀਏ 'ਤੇ ਰਹੀ ਹੈ, ਇਸ ਲਈ ਸਵਾਲ ਤਾਂ ਉਠਣਗੇ ਹੀ। ਇਥੇ ਮੈਂ ਕਦਰਾਂ-ਕੀਮਤਾਂ ਅੰਦਰ ਘਿਰੀ ਅਤੇ ਇਨ੍ਹਾਂ ਦਾ ਘੇਰਾ ਤੋੜ ਕੇ ਬਾਹਰ ਨਿਕਲੀ ਅੰਮ੍ਰਿਤਾ ਦਾ ਫਰਕ ਦੱਸਦੀ ਆਪਣੀ ਕਵਿਤਾ ਦਾ ਬੰਦ ਪੇਸ਼ ਕਰਦੀ ਹਾਂ,

ਮੈਂ ਵੀ ਅੱਲ੍ਹੜ ਵਰੇਸ ਵੇਲੇ
ਕੋਈ ਸੁਪਨਾ ਬੁਣਿਆ ਕਰਦੀ ਸੀ
ਮੇਰੇ ਦਿਲ ਦੇ ਬੰਦ ਦਰਵਾਜੇ ਦਾ
ਕਿਸੇ ਕੁੰਡਾ ਆ ਖੜਕਾਇਆ ਸੀ
ਮੈਂ ਸਾਹ ਘੁੱਟ ਲਏ ਬੂਹਾ ਖੋਲ੍ਹਿਆ ਨਾ
ਕਬਰਸਤਾਨ ਹੋ ਗਈ
ਮੈਂ ਧੀ ਕਿਸੇ ਧਰਮੀ ਬਾਬਲ ਦੀ
ਜਵਾਨ ਹੋ ਗਈ।
ਗੱਲ ਅੱਗ (ਇਸ਼ਕ) ਦੀ ਕਰਦੀ
ਤਾਂ ਰਿਸ਼ਤਿਆਂ ਦਾ ਤਾਣਾ-ਪੇਟਾ ਸੜਦਾ ਸੀ
ਬਾਬਲ ਦੀ ਚਿੱਟੀ ਪੱਗ 'ਤੇ
ਜੱਗ ਕਾਲਖ ਮਲਦਾ ਸੀ
ਮੈਂ ਮਾਰ ਕੇ ਸੱਧਰਾਂ ਚਾਵਾਂ ਨੂੰ
ਜੱਗ ਵਿਚ ਪ੍ਰਵਾਨ ਹੋ ਗਈ
ਮੈਂ ਧੀ ਕਿਸੇ ਧਰਮੀ ਬਾਬਲ ਦੀ
ਜਵਾਨ ਹੋ ਗਈ।

ਅੰਮ੍ਰਿਤਾ ਸਾਹ ਘੁੱਟ ਕੇ ਜਿਉਣ ਵਾਲੀਆਂ ਔਰਤਾਂ 'ਚੋਂ ਨਹੀਂ ਸੀ। ਜਿਥੇ ਉਹ ਉਚ ਦਰਜੇ ਦੀ ਲੇਖਿਕਾ ਸੀ, ਉਥੇ ਉਸ ਦਾ ਇਸ਼ਕ ਵੀ ਉਸ ਸਿਖਰ 'ਤੇ ਸੀ ਜਿਥੇ ਕਲਾ ਇਸ਼ਕ ਤੇ ਇਸ਼ਕ ਕਲਾ ਹੋ ਜਾਂਦੀ ਹੈ। ਫਿਰ ਵੀ ਅੰਮ੍ਰਿਤਾ ਸਮਾਜਕ ਗੁਲਦਸਤੇ ਦਾ ਉਹ ਫੁੱਲ ਸੀ, ਜਿਸ ਨੇ ਬੇਪ੍ਰਵਾਹੀ ਨਾਲ ਉਸ ਤੋਂ ਅਲੱਗ ਹੋ ਕੇ ਉਸ ਦੀ ਸੁੰਦਰਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਸਨ।

ਅੰਮ੍ਰਿਤਾ ਦੀ ਵਿਵਾਦਾਂ ਭਰੀ ਜ਼ਿੰਦਗੀ ਲਈ ਕਿਤੇ ਨਾ ਕਿਤੇ ਉਸ ਦੇ ਮਾਪੇ ਵੀ ਜ਼ਿੰਮੇਵਾਰ ਨੇ। ਉਹ ਆਪਣੀ ਧੀ ਦੀ ਮਾਨਸਿਕਤਾ, ਉਸ ਦੀ ਸੋਚ ਨਾ ਪਛਾਣ ਸਕੇ। ਛੋਟੀ ਉਮਰੇ ਵਿਆਹ ਦਿੱਤਾ। ਛੋਟੀ ਉਮਰ ਦਾ ਵਿਆਹ ਉਸ ਸਮੇਂ ਆਮ ਗੱਲ ਸੀ ਪਰ ਅੰਮ੍ਰਿਤਾ ਆਮ ਨਹੀਂ ਸੀ। ਜਦੋਂ ਉਸ ਨੇ ਇਸ ਨੂੰ ਨਕਾਰ ਦਿੱਤਾ ਤਾਂ ਦੁਹਾਈ ਪੈ ਗਈ, ਪੈਣੀ ਹੀ ਸੀ ਕਿਉਂਕਿ ਕਦਰਾਂ-ਕੀਮਤਾਂ ਪਾਲਣ ਦੀ ਗੁੜਤੀ ਜੰਮਦੀ ਧੀ ਨੂੰ ਹੀ ਦੇ ਦਿੱਤੀ ਜਾਂਦੀ ਹੈ ਅਤੇ ਉਸ ਨੇ ਇਸ ਦੀ ਉਲੰਘਣਾ ਕਰ ਦਿੱਤੀ ਸੀ। ਜਦੋਂ ਔਰਤ ਆਪਣੀ ਇੱਛਾ ਪੂਰੀ ਕਰਨ ਲਈ ਬਾਗੀ ਹੋ ਜਾਂਦੀ ਹੈ ਤਾਂ ਇਸ ਦੀ ਸਜ਼ਾ ਜਿਉਂਦਿਆਂ ਹੀ ਨਹੀਂ, ਮਰਨ ਪਿਛੋਂ ਵੀ ਪੀੜ੍ਹੀ-ਦਰ-ਪੀੜ੍ਹੀ ਉਸ ਨੂੰ ਚੁਕਾਉਣੀ ਪੈਂਦੀ ਹੈ, ਜਿਵੇਂ ਅੰਮ੍ਰਿਤਾ ਅੱਜ ਵੀ ਚੁਕਾ ਰਹੀ ਹੈ। ਜਦੋਂ ਗੱਲ ਉਸ ਦੇ ਸਾਹਿਤਕ ਪੱਖ ਦੀ ਹੁੰਦੀ ਹੈ ਤਾਂ ਬਾਗੀ ਸੁਰ ਨੂੰ ਵੀ ਨਾਲ ਘੜੀਸਿਆ ਜਾਂਦਾ ਹੈ।

ਅੰਮ੍ਰਿਤਾ ਦੀ ਵਿਵਾਦਾਂ ਭਰੀ ਜ਼ਿੰਦਗੀ ਲਈ ਸਾਹਿਤਕ ਭਾਈਚਾਰਾ ਵੀ ਭਾਈਵਾਲ ਹੈ, ਕਿਉਂਕਿ ਉਹ ਪੰਜਾਬੀ ਦੀ ਪਹਿਲੀ ਇਕਲੌਤੀ ਲੇਖਿਕਾ ਸੀ। ਖੂਬਸੂਰਤ, ਜਵਾਨ, ਪੜ੍ਹੀ-ਲਿਖੀ ਤੇ ਚੰਗੇ ਸ਼ਹਿਰਾਂ ਵਿਚ ਰਹਿ ਰਹੀ ਸੀ। ਦੂਜੀ ਗੱਲ ਉਹ ਕਾਨੂੰਨਨ ਇੰਦਰਜੀਤ ਇਮਰੋਜ਼ ਦੀ ਪਤਨੀ ਨਹੀਂ ਸੀ। ਇਸ ਲਈ ਪਰਿਵਾਰਕ ਕਦਰਾਂ-ਕੀਮਤਾਂ, ਬੰਦਿਸ਼ਾਂ ਤੋਂ ਉਸ ਦਾ ਘਰ ਆਜ਼ਾਦ ਸੀ। ਲੇਖਕਾਂ, ਸਾਹਿਤਕਾਰਾਂ ਤੇ ਸਾਹਿਤ ਪ੍ਰੇਮੀਆਂ ਲਈ ਉਹ ਘਰ ਖੁੱਲ੍ਹਾ ਗਲਿਆਰਾ ਸੀ।

ਅੰਮ੍ਰਿਤਾ ਦੀ ਸ਼ਰਾਬ ਅਤੇ ਸਿਗਰਟ ਬਾਰੇ ਵੀ ਚਰਚਾ ਹੁੰਦੀ ਹੈ। ਜਾਹਰ ਹੈ ਕਿ ਉਸ ਦਾ ਪਰਿਵਾਰਕ ਜੀਵਨ ਨਹੀਂ ਸੀ ਅਤੇ ਯਾਰਾਂ-ਦੋਸਤਾਂ ਦੀਆਂ ਮਹਿਫਿਲਾਂ ਵਿਚ ਇਨ੍ਹਾਂ ਚੀਜ਼ਾਂ 'ਤੇ ਬੰਦਿਸ਼ਾਂ ਨਹੀਂ ਹੁੰਦੀਆਂ। ਸੋ, ਇਸ ਖੁੱਲ੍ਹ ਨੂੰ ਵੀ ਉਸ ਨੇ ਰੱਜ ਕੇ ਮਾਣਿਆ। ਵੱਡੇ-ਵੱਡੇ ਸਾਹਿਤਕਾਰ, ਲੇਖਕ ਅੰਮ੍ਰਿਤਾ ਨੂੰ ਮਿਲ ਕੇ, ਗੱਲ ਕਰਕੇ, ਚਾਹ ਦਾ ਕੱਪ ਪੀ ਕੇ ਮਾਣ ਮਹਿਸੂਸ ਕਰਦੇ ਸਨ। ਇਥੇ ਮੈਂ ਸ਼ਾਇਰ ਪ੍ਰੋ. ਮੋਹਨ ਸਿੰਘ ਦੀ ਗੱਲ ਵੀ ਕਰਾਂਗੀ। ਉਹ ਅੰਮ੍ਰਿਤਾ ਨੂੰ ਬਹੁਤ ਪਸੰਦ ਕਰਦਾ ਸੀ, ਪਰ ਉਸ ਦੀ ਚਾਹਤ ਇਕਪਾਸੜ ਸੀ। ਉਸ ਦੇ ਕਿਸੇ ਦੋਸਤ ਨੇ ਆਖਿਆ ਕਿ ਉਹ ਇਸ ਇਕਤਰਫਾ ਪਿਆਰ ਦਾ ਖਹਿੜਾ ਛੱਡ ਕਿਉਂ ਨਹੀਂ ਦਿੰਦਾ, ਤਾਂ ਪ੍ਰੋ. ਮੋਹਨ ਸਿੰਘ ਨੇ ਕਵਿਤਾ ਲਿਖੀ,

ਆਖਰ ਤੀਕਰ ਪਿਆਰ ਨਿਭਾ ਕੇ ਛੱਡਿਆ
ਬੇਸ਼ੱਕ ਉਹ ਇਕ ਹਿੱਲਦਾ ਦੁਖਦਾ ਦੰਦ ਸੀ
ਆਖਣ ਦੋਸਤ ਲੋੜ ਕੀ ਏ?
ਇਸ ਹਿੰਡ ਦੀ
ਕੀ ਕਰਦਾ ਯਾਰੋ ਜ਼ਾਲਮ ਬੜਾ ਪਸੰਦ ਸੀ।

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਮਹਿਫਿਲਾਂ ਕਿੰਨੀਆਂ ਖੁੱਲ੍ਹੀਆਂ ਤੇ ਰੰਗੀਨ ਹੁੰਦੀਆਂ ਹੋਣਗੀਆਂ।

ਆਮ ਰਾਏ ਹੈ ਕਿ ਅੰਮ੍ਰਿਤਾ ਬੜੀ ਦਲੇਰ ਸੀ, ਕਿਸੇ ਵੀ ਗੱਲ ਦੀ ਪ੍ਰਵਾਹ ਕੀਤੇ ਬਿਨਾ ਪਤੀ ਨੂੰ ਛੱਡ ਕੇ ਬੇਗਾਨੇ ਮਰਦ ਨਾਲ ਰਹਿਣ ਲੱਗ ਪਈ, ਪਰ ਕਿਤੇ ਨਾ ਕਿਤੇ ਉਸ ਅੰਦਰ ਆਪਣੀ ਬਣੀ ਛਵੀ ਖਰਾਬ ਹੋਣ ਦਾ ਡਰ ਵੀ ਸੀ। ਸ਼ਾਇਦ ਤਾਂ ਹੀ ਨਾ ਆਪਣੇ ਪਤੀ ਨੂੰ ਤਲਾਕ ਦਿੱਤਾ ਤੇ ਨਾ ਇਮਰੋਜ਼ ਨਾਲ ਵਿਆਹ ਕਰਾਇਆ। ਬਹੁਤ ਚਿਰ ਇਹ ਰਿਸ਼ਤਾ ਦੋਸਤੀ ਦੀ ਆੜ ਵਿਚ ਪਲਦਾ ਰਿਹਾ।

ਅੰਮ੍ਰਿਤਾ ਸਿਰਮੌਰ ਲੇਖਿਕਾ ਸੀ, ਉਸ ਦਾ ਵੱਡਾ ਨਾਂ ਸੀ, ਅੱਜ ਵੀ ਹੈ, ਪਰ ਉਹ ਆਪਣੇ ਜਜ਼ਬਾਤ 'ਤੇ ਕਾਬੂ ਨਹੀਂ ਸੀ ਰੱਖ ਸਕੀ। ਇਸ ਪੱਖੋਂ ਉਹ ਕਮਜ਼ੋਰ ਔਰਤ ਰਹੀ ਹੈ। ਉਹ ਖੁੱਲ੍ਹੀ ਕਿਤਾਬ ਵਰਗੀ ਸੀ। ਉਸ ਨੇ ਵਾਰਸ ਸ਼ਾਹ ਦੇ ਇਸ ਕਥਨ ਨੂੰ ਨਕਾਰ ਦਿੱਤਾ, ਜੋ ਲਿਖਦਾ ਏ,

ਵਾਰਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ
ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਵੇ।

ਫਿਰ ਵੀ ਬਾਕੀ ਸਭ ਗੱਲਾਂ ਪਾਸੇ ਰੱਖ ਕੇ ਅੰਮ੍ਰਿਤਾ ਦੇ ਸਾਹਿਤਕ ਪੱਖ ਦੀ ਗੱਲ ਕਰੀਏ ਤਾਂ ਉਹ ਪੰਜਾਬੀ ਦੀ ਪਹਿਲੀ ਔਰਤ ਲੇਖਿਕਾ ਸੀ। ਉਸ ਦੀਆਂ ਸਮਕਾਲੀ ਹੋਰ ਔਰਤ ਲੇਖਿਕਾਵਾਂ ਨਹੀਂ ਸਨ। ਉਸ ਤੋਂ ਉਤਸ਼ਾਹਤ ਹੋ ਕੇ ਪ੍ਰਭਸਰਨ ਕੌਰ, ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਅੱਗੇ ਆਈਆਂ।

ਅੰਮ੍ਰਿਤਾ ਨੂੰ ਬਹੁਤ ਵੱਡੇ ਇਨਾਮ ਮਿਲੇ, ਜੋ ਵਿਰਲੇ ਸਾਹਿਤਕਾਰਾਂ ਦੇ ਹਿੱਸੇ ਆਉਂਦੇ ਹਨ। ਸਾਹਿਤ ਅਕਾਦਮੀ ਇਨਾਮ ਉਸ ਨੂੰ 1956 ਵਿਚ ਕਾਵਿ ਸੰਗ੍ਰਿਹ 'ਸੁਨੇਹੜੇ' ਲਈ ਮਿਲਿਆ। ਗਿਆਨਪੀਠ ਇਨਾਮ 1980 ਵਿਚ 'ਕਾਗਜ਼ ਤੇ ਕੈਨਵਸ' ਕਾਵਿ ਸੰਗ੍ਰਿਹ 'ਤੇ ਮਿਲਿਆ। ਪੰਜਾਬੀ ਵਿਚ ਗਿਆਨਪੀਠ ਇਨਾਮ ਅੰਮ੍ਰਿਤਾ ਤੋਂ ਬਾਅਦ ਕੇਵਲ ਗੁਰਦਿਆਲ ਸਿੰਘ ਨੂੰ ਹੀ ਮਿਲਿਆ ਹੈ। ਅੰਮ੍ਰਿਤਾ ਨੇ ਦਿੱਲੀ ਯੂਨੀਵਰਸਿਟੀ ਤੋਂ ਡੀ.ਲਿਟ. ਦੀ ਡਿਗਰੀ ਵੀ ਪ੍ਰਾਪਤ ਕੀਤੀ।

ਅੰਮ੍ਰਿਤਾ ਸੌ ਸਾਲ ਪਹਿਲਾਂ ਵੀ ਅੱਜ ਦੀ ਔਰਤ ਦੇ ਬਰਾਬਰ ਖੜ੍ਹੀ ਸੀ। ਜਿਸ ਸਮੇਂ ਔਰਤ ਖੱਦਰ ਦੀ ਫੁਲਕਾਰੀ ਦੇ ਘੁੰਡ ਵਿਚੋਂ ਹੱਥ ਦੀਆਂ ਉਂਗਲਾਂ ਤੱਕ ਬਾਹਰ ਨਹੀਂ ਸੀ ਕੱਢਦੀ, ਅੰਮ੍ਰਿਤਾ ਨੇ ਚੁੰਨੀ ਲਾਹ ਕੇ ਕਿੱਲੀ 'ਤੇ ਟੰਗ ਦਿੱਤੀ ਸੀ। ਅੰਮ੍ਰਿਤਾ ਨੂੰ ਅੱਜ ਪਸੰਦ ਸੀ, ਉਹ ਕੱਲ੍ਹ ਵੱਲ ਮੁੜ ਕੇ ਦੇਖਣ ਦੀ ਆਦੀ ਨਹੀਂ ਸੀ। ਇਥੇ ਦੱਸ ਦਿਆਂ ਕਿ ਇੰਦਰਜੀਤ ਨੂੰ ਇਮਰੋਜ਼ ਨਾਂ ਵੀ ਉਸੇ ਨੇ ਦਿੱਤਾ ਸੀ। ਇਮਰੋਜ਼ ਦਾ ਅਰਥ 'ਅੱਜ' ਹੈ।

ਅੰਮ੍ਰਿਤਾ ਨੇ ਖੁੱਲ੍ਹ ਕੇ ਲਿਖਿਆ ਅਤੇ ਖੁੱਲ੍ਹ ਕੇ ਜ਼ਿੰਦਗੀ ਨੂੰ ਮਾਣਿਆ। ਉਸ ਦੀ ਮਨਮਾਨੀ ਅਤੇ ਬੇਬਾਕੀ 'ਤੇ ਕਿੰਨੇ ਵੀ ਸਵਾਲ ਉਠਣ, ਪਰ ਉਸ ਦੀ ਸਾਹਿਤਕ ਦੇਣ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਅੰਮ੍ਰਿਤਾ ਆਜ਼ਾਦ ਸੋਚ ਅਤੇ ਨਵੀਂ ਦਿਸ਼ਾ ਦੀ ਲਖਾਇਕ ਸੀ, ਇਸ ਲਈ ਪੁਰਾਣੇ ਨਾਲ ਟੱਕਰ ਤਾਂ ਹੋਣੀ ਹੀ ਸੀ।

ਉਸ ਦੇ ਸੌਵੇਂ ਜਨਮ ਦਿਨ 'ਤੇ ਕਹਾਂਗੀ,
ਉਸ ਨੂੰ ਸ਼ੌਕ ਸੀ ਫੁੱਲਾਂ ਦਾ
ਉਸ ਖੁਸ਼ਬੋਆਂ ਮਾਣੀਆਂ,
ਸਾਡੀ ਫਿਤਰਤ ਵਿਚ ਕੰਡੇ ਸੀ
ਅਸੀਂ ਵਾੜਾਂ ਕਰਦੇ ਰਹੇ।

# ਅਗਲਾ ਅਧਿਆਏ

ਮਿਡ ਨਾਈਟ ਸ਼ਿਫਟ ਲਾ ਕੇ ਆਰਤੀ ਦੁਪਹਿਰ ਵੇਲੇ ਘਰ ਆਉਂਦੀ। ਖਾਣਾ ਬਣਾ ਕੇ ਸੱਸ ਊਸ਼ਾ ਰਾਣੀ ਨਾਲ ਹਸਪਤਾਲ ਚਲੀ ਜਾਂਦੀ। ਪਿਛਲੇ ਦੋ ਮਹੀਨਿਆਂ ਤੋਂ ਉਸ ਦਾ ਇਹੋ ਰੁਟੀਨ ਸੀ।

ਉਸ ਦਾ ਪਤੀ ਚਿਰਾਗ ਇਕ ਰਾਤ ਆਪਣੇ ਘਰ ਦੇ ਸਟੋਰ ਰੂਮ ਵਿਚੋਂ ਕੋਈ ਚੀਜ ਲੈਣ ਗਿਆ ਠੇਢਾ ਖਾ ਕੇ ਡਿਗ ਪਿਆ। ਹੇਠਾਂ ਪਈ ਕੁਹਾੜੀ ਉਸ ਦੇ ਢਿੱਡ ਵਿਚ ਖੁੱਭ ਗਈ। ਜ਼ਖਮ ਕਾਫੀ ਡੂੰਘਾ ਸੀ। ਹਸਪਤਾਲ ਵਿਚ ਰੋਜ ਤਿੰਨ ਵਾਰ

**ਜੇ. ਬੀ. ਸਿੰਘ, ਕੈਂਟ (ਵਾਸ਼ਿੰਗਟਨ)**
**ਫੋਨ: 253-508-9805**

ਪੱਟੀਆਂ ਬਦਲਵਾ ਕੇ, ਕੈਪਸੂਲ, ਦਵਾਈਆਂ ਖਾ ਕੇ, ਇੰਜੈਕਸ਼ਨ ਲੁਆ ਲੁਆ ਕੇ ਉਹ ਤੰਗ ਆ ਗਿਆ ਸੀ। ਸਭ ਦੋਸਤ ਤੇ ਰਿਸ਼ਤੇਦਾਰ ਦੋ ਚਾਰ ਦਿਨਾਂ ਲਈ ਉਸ ਦਾ ਪਤਾ ਕਰਨ ਆਏ ਤੇ ਫਿਰ ਆਪੋ ਆਪਣੇ ਕੰਮੀ ਰੁੱਝ ਗਏ, ਪਰ ਊਸ਼ਾ ਨੇ ਇਕ ਦਿਨ ਲਈ ਵੀ ਆਪਣਾ ਧਰਮ ਨਹੀਂ ਸੀ ਹਾਰਿਆ। ਪਤੀ ਦੀਆਂ ਉਦਾਸ ਅੱਖਾ 'ਚ ਰੌਣਕ ਲਿਆਉਣ ਲਈ ਉਹ ਉਹਦਾ ਹੱਥ ਫੜ ਆਪਣੇ ਪੇਟ 'ਤੇ ਰੱਖਦੀ ਤੇ ਹੋਣ ਵਾਲੇ ਬੱਚੇ ਨੂੰ ਪਿਆਰ ਦੁਆਉਂਦੀ।

ਸ਼ਾਮੀ ਹਨੇਰੇ ਪਏ ਦੋਵੇਂ ਜਣੀਆਂ ਘਰ ਆਉਂਦੀਆਂ ਤੇ ਖਾਣਾ ਖਾ ਕੇ ਸੌਂ ਜਾਂਦੀਆਂ। ਰਾਤ ਦੋ ਵਜੇ ਫਿਰ ਆਰਤੀ ਨੇ ਕੰਮ 'ਤੇ ਜਾਣਾ ਹੁੰਦਾ। ਡਾਕਟਰਾਂ ਦੇ ਬਿਲ ਦੇਣ ਲਈ, ਘਰ ਦੇ ਖਰਚੇ ਚਲਾਉਣ ਲਈ।

ਪੱਟੀਆਂ ਕਰਨ ਲਈ ਉਸ ਵਾਰਡ 'ਚ ਲੱਗਾ ਅਸਿਸਟੈਂਟ ਅੰਗਦ ਉਨ੍ਹਾਂ ਨੂੰ ਪਿਛਲੇ ਦੋ ਮਹੀਨਿਆਂ ਤੋਂ ਹੌਸਲਾ ਦੇ ਰਿਹਾ ਸੀ ਕਿ ਬੱਸ ਹਫਤੇ ਦੋ ਹਫਤੇ ਦੀ ਗੱਲ ਹੈ, ਪਰ ਦੇਖਣ ਨੂੰ ਜ਼ਖਮ ਭਰ ਨਹੀਂ ਸੀ ਰਿਹਾ। ਜਦ ਆਰਤੀ ਨੇ ਡਾਕਟਰ ਨੂੰ ਇਸ ਦਾ ਕਾਰਨ ਪੁੱਛਿਆ ਤਾ ਉਹਨੇ ਦਸਿਆ ਕਿ ਜਖਮ ਕੈਂਸਰਿਆ ਗਿਆ ਹੈ। ਉਸ ਨੇ ਕੋਈ ਹੌਸਲਾ ਭੀ ਨਾ ਦਿਤਾ।

ਇਕ ਦਿਨ ਅੰਗਦ ਨੇ ਉਨ੍ਹਾਂ ਨੂੰ ਦਸਿਆ ਕਿ ਉਸ ਨੇ ਵੱਡੇ ਡਾਕਟਰ ਨਾਲ ਗੱਲ ਕੀਤੀ ਹੈ ਤੇ ਉਸ ਨੂੰ ਕੇਸ ਆਪਣੇ ਹੱਥ ਵਿਚ ਲੈਣ ਲਈ ਬੇਨਤੀ ਕੀਤੀ ਹੈ। ਹੋਇਆ ਵੀ ਇਸੇ ਤਰ੍ਹਾਂ। ਡਾਕਟਰ ਬਦਲ ਗਿਆ। ਉਸ ਸ਼ਾਮ ਜਦ ਉਨ੍ਹਾਂ ਨੇ ਅੰਗਦ ਨੂੰ ਕੰਮ ਤੋਂ ਛੁੱਟੀ ਹੋਣ ਪਿਛੋਂ ਹੱਥ ਵਿਚ ਟਿਫਨ ਲਈ ਘਰ ਜਾਂਦਿਆ ਦੇਖਿਆ ਤਾਂ ਦੋਵੇਂ ਜਣੀਆਂ ਉਹਦਾ ਧੰਨਵਾਦ ਕਰਨ ਪਿਛੇ ਹੋ ਤੁਰੀਆਂ। ਅੰਗਦ ਹੌਸਲਾ ਦਿੰਦਾ ਰਿਹਾ, ਤੇ ਤਿੰਨੇ ਜਣੇ ਗੱਲਾਂ ਕਰਦੇ ਤੁਰਦੇ ਗਏ। ਫਿਰ ਇਹ ਰੁਟੀਨ ਬੱਝ ਗਈ। ਉਹ ਰੋਜ਼ ਇਸੇ ਵਕਤ ਇਹਨੂੰ ਪੁੱਛਦੀਆਂ ਤੇ ਅੰਗਦ ਇਨ੍ਹਾਂ ਨੂੰ ਵੱਡੇ ਡਾਕਟਰ ਤੋਂ ਮਿਲੀ ਕੋਈ ਤਾਜ਼ੀ ਰਿਪੋਰਟ ਦੱਸਦਾ, ਜੋ ਹਮੇਸ਼ਾ ਚੰਗੀ ਹੀ ਹੁੰਦੀ।

ਮਹੀਨਾ ਹੋਰ ਲੰਘ ਗਿਆ। ਇਕ ਦਿਨ ਚਾਣਚਕ ਮਰੀਜ਼ ਦੇ ਪੇਟ 'ਚ ਅਸਹਿ ਦਰਦ ਹੋਈ। ਵੱਡਾ ਡਾਕਟਰ ਉਥੇ ਨਹੀਂ ਸੀ। ਨਰਸ ਨੇ ਬਦਲ ਬਦਲ ਕੇ ਦਵਾਈ ਦਿਤੀ, ਪਰ ਦਰਦ ਘਟੀ ਨਾ। ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਹੀ ਮਰੀਜ਼ ਸਾਹ ਤੋੜ ਗਿਆ। ਅੰਗਦ ਨੇ ਮਰੀਜ਼ ਨੂੰ ਛੁੱਟੀ ਦੁਆਉਣ ਤੋਂ ਲੈ ਕੇ ਘਰ ਪਹੁੰਚਾਉਣ ਤਕ ਉਨ੍ਹਾਂ ਦਾ ਸਾਥ ਦਿਤਾ।

ਹਫਤੇ ਦੋ ਹਫਤੇ ਬਾਅਦ ਅੰਗਦ ਦੇ ਮਨ 'ਚ ਐਵੇਂ ਹੀ ਖਿਆਲ ਆਇਆ ਤੇ ਉਹ ਛੁੱਟੀ ਬਾਅਦ ਉਨ੍ਹਾਂ ਦੇ ਘਰ ਚਲਾ ਗਿਆ। ਨੂੰਹ-ਸੱਸ ਦੋਨੋਂ ਘਰ ਸਨ। ਘਰ 'ਚ ਅਜੇ ਵੀ ਉਦਾਸੀ ਸੀ। ਸਰਸਰੀ ਅਫਸੋਸ ਦੀਆਂ ਗੱਲਾਂ ਪਿਛੋਂ ਆਰਤੀ ਚਾਹ ਬਣਾ ਲਿਆਈ। ਚਾਹ ਪੀਂਦਿਆ ਉਹ ਦੋਵੇਂ ਅੰਗਦ ਨਾਲ ਚਿਰਾਗ ਦੇ ਜੀਵਨ ਦੀਆਂ ਯਾਦਾਂ ਸਾਂਝੀਆਂ ਕਰਦੀਆਂ ਰਹੀਆਂ, ਤੇ ਉਹ ਧਿਆਨ ਤੇ ਹਮਦਰਦੀ ਨਾਲ ਸੁਣਦਾ ਰਿਹਾ। ਗੱਲਾਂ ਕਰਦਿਆਂ ਕਾਫੀ ਦੇਰ ਹੋ ਗਈ।

ਅਚਾਨਕ ਊਸ਼ਾ ਰਾਣੀ ਨੂੰ ਆਪਣਾ ਫਰਜ਼ ਯਾਦ ਆਇਆ। ਗੱਲ ਦਾ ਰੁਖ ਬਦਲਦਿਆਂ ਕਹਿਣ ਲੱਗੀ, "ਤੁਸਾਂ ਸਾਡੀ ਬਹੁਤ ਮਦਦ ਕੀਤੀ। ਇੰਨਾ ਅਜ ਕਲ ਕੌਣ ਕਰਦਾ ਹੈ? ਅਸੀਂ ਤਾਂ ਤੁਹਾਡਾ ਬਹੁਤ ਅਹਿਸਾਨ ਮੰਨਦੀਆਂ ਹਾਂ।"

"ਆਪਣਿਆਂ ਲਈ ਕੀਤਾ ਕੰਮ ਕੋਈ ਅਹਿਸਾਨ ਨਹੀਂ ਹੁੰਦਾ, ਮਾਂ ਜੀ।" ਅੰਗਦ ਨੇ ਜਵਾਬ ਦਿਤਾ।

"ਹਾਂ, ਇਹ ਤਾਂ ਜਿਵੇਂ ਪਿਛਲੇ ਜਨਮਾਂ ਦੇ ਸਬੰਧ ਹੁੰਦੇ ਨੇ।" ਊਸ਼ਾ ਨੇ ਕਿਹਾ।

"ਹਾਂ, ਮਾਂ ਜੀ।" ਅੰਗਦ ਨੇ ਹੁੰਗਾਰਾ ਭਰਿਆ।

"ਭਰ ਜਵਾਨੀ ਮੇਰੇ ਪੁੱਤ ਦਾ ਤੁਰ ਜਾਣਾ ਹੀ ਇਸ ਵਿਚਾਰੀ ਦੇ ਭਾਗਾਂ ਵਿਚ ਲਿਖਿਆ ਸੀ। ਇਹ ਤਾਂ ਉਹਦੀ ਲੰਬੀ ਉਮਰ ਲਈ ਹਰ ਵਰਤ ਰਖਦੀ ਰਹੀ, ਹਰ ਦੁਆ ਕਰਦੀ ਰਹੀ।"

"ਪਰਮਾਤਮਾ ਦੇ ਘਰ ਦਾ ਭੇਤ ਕੌਣ ਪਾ ਸਕਦਾ ਹੈ, ਮਾਂ ਜੀ।" ਅੰਗਦ ਨੇ ਕਿਹਾ।

"ਹਾਂ ਸੱਚ ਕਹਿੰਦੇ ਹੋ, ਕੋਈ ਨਹੀਂ। ਸੰਜੋਗ ਵਿਯੋਗ ਤਾਂ ਉਸ ਪ੍ਰਭੂ ਦੀ ਕਾਰ ਹੈ।"

ਇਕ ਪਲ ਲਈ ਸਭ ਚੁੱਪ ਹੋ ਗਏ।

ਫਿਰ ਊਸ਼ਾ ਰਾਣੀ ਨੇ ਚੁੱਪ ਤੋੜੀ, "ਕਦੇ ਕਦੇ ਸੋਚਦੀ ਹਾਂ ਕਿ ਪ੍ਰਭੂ ਸੰਕੇਤ ਤਾਂ ਜਰੂਰ ਦੇ ਦਿੰਦਾ ਹੈ, ਪਰ ਉਸ ਦੇ ਲਿਖੇ ਅਗਲੇ ਅਧਿਆਏ ਨੂੰ ਪੜ੍ਹਨ ਲਈ ਪਹਿਲਾ ਚੈਪਟਰ ਬੰਦ ਵੀ ਤਾਂ ਕਰਨਾ ਚਾਹੀਦਾ ਹੈ।"

ਤੇ ਇੰਨਾ ਕਹਿੰਦਿਆਂ ਉਸ ਨੇ ਅੰਗਦ ਦਾ ਹੱਥ ਫੜ ਕੇ ਆਰਤੀ ਦੀ ਕਲਾਈ 'ਤੇ ਰੱਖ ਦਿਤਾ।

"ਅੱਛਾ ਤੁਸੀਂ ਗੱਲਾਂ ਕਰੋ, ਮੈਂ ਰੋਟੀ ਤਿਆਰ ਕਰਦੀ ਹਾਂ।" ਆਖ ਕੇ ਉਹ ਰਸੋਈ ਵਲ ਤੁਰ ਗਈ।

ਆਰਤੀ ਨੇ ਆਪਣੇ ਵਧੇ ਪੇਟ ਵਲ ਤਕਿਆ ਤੇ ਫਿਰ ਨਮ ਅੱਖਾਂ ਨਾਲ ਅੰਗਦ ਵਲ।

"ਮਾਂ ਜੀ, ਮੈਂ ਲੇਟ ਹੋ ਰਿਹਾ ਹਾਂ, ਕੱਲ ਆਵਾਂਗਾ ਤਾਂ ਖਾਣਾ ਵੀ ਖਾ ਲਵਾਂਗਾ। ਹੁਣ ਮੈਨੂੰ ਇਜਾਜ਼ਤ ਦਿਓ।" ਇੰਨਾ ਆਖ ਕੇ ਉਸ ਨੇ ਆਰਤੀ ਦੇ ਪੇਟ 'ਤੇ ਹੱਥ ਰੱਖ ਕੇ ਆਉਣ ਵਾਲੇ ਬੱਚੇ ਨੂੰ ਪਿਆਰ ਦਿੱਤਾ ਤੇ ਖੁੱਲ੍ਹੇ ਦਰਵਾਜੇ ਵਲ ਤੁਰ ਪਿਆ।

# ਕਮਜ਼ੋਰ ਹੋ ਰਹੇ ਨਾਰੀ ਕਿਰਦਾਰ

ਬਾਲੀਵੁਡ ਵਿਚ ਇਕ ਅਰਸੇ ਤੋਂ ਨਾਇਕਾ ਪ੍ਰਧਾਨ ਫਿਲਮਾਂ ਨਹੀਂ ਬਣ ਰਹੀਆਂ। ਅਜਿਹਾ ਦੇਖਣ ਨੂੰ ਮਿਲ ਰਿਹਾ ਹੈ ਕਿ ਮੌਜੂਦਾ ਕਰੀਬ 95 ਫੀਸਦੀ ਫਿਲਮਾਂ ਵਿਚ ਅਭਿਨੇਤਰੀ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕੀ। ਉਂਜ ਕਦੇ ਨਰਗਿਸ, ਮੀਨਾ ਕੁਮਾਰੀ ਤੋਂ ਲੈ ਕੇ ਮਾਧੁਰੀ ਦੀਕਸ਼ਿਤ ਤਕ ਦੇ ਦੌਰ ਵਿਚ ਫਿਲਮਾਂ ਵਿਚ ਨਾਇਕਾਵਾਂ ਦਾ ਦਬਦਬਾ ਸਾਫ ਨਜ਼ਰ ਆਉਂਦਾ ਸੀ। ਇਹੀ ਨਹੀਂ, ਉਹ ਬਾਕਾਇਦਾ ਆਪਣਾ ਰੋਲ ਵਧਾਉਣ ਦਾ ਦਾਅਵਾ ਵੀ ਕਰਦੀਆਂ ਸਨ। ਅੱਜ ਵਿਦਿਆ ਬਾਲਨ, ਕੰਗਨਾ ਰਣੌਤ, ਦੀਪਿਕਾ ਹੀ ਇਸ ਮਾਮਲੇ ਵਿਚ ਥੋੜ੍ਹਾ ਅਪਵਾਦ ਹਨ। ਦੀਪਿਕਾ ਨੇ ਹਾਲ ਹੀ ਵਿਚ 'ਛਪਾਕ' ਦਾ ਕੰਮ ਪੂਰਾ ਕੀਤਾ ਹੈ। ਨਹੀਂ ਤਾਂ 'ਪਦਮਾਵਤ' ਵਰਗੀ ਨਾਇਕਾ ਆਧਾਰਿਤ ਫਿਲਮ ਵਿਚ ਵੀ ਦੀਪਿਕਾ ਦੀ ਬਜਾਏ ਰਣਵੀਰ ਸਿੰਘ ਨੂੰ ਜ਼ਿਆਦਾ ਤਵੱਜੋ ਮਿਲੀ। ਆਖਿਰ ਅਜਿਹੀ ਕੀ ਗੱਲ ਹੈ ਕਿ ਸਟਾਰਡਮ ਹਾਸਲ ਕਰਨ ਦੇ ਬਾਵਜੂਦ ਜ਼ਿਆਦਾਤਰ ਅਭਿਨੇਤਰੀਆਂ ਆਪਣਾ ਦਾਅਵਾ ਮਜ਼ਬੂਤੀ ਨਾਲ ਪੇਸ਼ ਨਹੀਂ ਕਰ ਸਕਦੀਆਂ।

ਇਹ ਗੱਲ ਸਿਨੇਮਾ ਜਗਤ ਦੀ ਚੋਟੀ ਦੀ



ਅਨੁਸ਼ਕਾ ਸ਼ਰਮਾ

ਅਭਿਨੇਤਰੀ ਵੈਜੰਤੀ ਮਾਲਾ ਅਤੇ ਦਿਲੀਪ ਕੁਮਾਰ ਦੀ ਸੁਪਰਹਿਟ ਫਿਲਮ 'ਨਯਾ ਦੌਰ' ਦੇ ਦਿਨਾਂ ਦੀ ਹੈ। ਉਨ੍ਹਾਂ ਦਿਨਾਂ ਵਿਚ ਦਿਲੀਪ-ਵੈਜੰਤੀ ਵਿਚਕਾਰ ਕਾਫੀ ਮਤਭੇਦ ਸਨ। ਦੋਵੇਂ ਹੀ ਚੋਟੀ ਦੇ ਕਲਾਕਾਰ, ਪਰ ਦੋਵਾਂ ਨੇ ਆਪਣੇ ਹਉਮੈ ਨੂੰ ਫਿਲਮ ਨਿਰਮਾਣ ਵਿਚ ਕਦੇ ਆਉਣ ਨਹੀਂ ਦਿੱਤਾ। ਉਂਜ, ਵੈਜੰਤੀ ਮਾਲਾ ਨੇ ਫਿਲਮਸਾਜ਼ ਬੀ.ਆਰ. ਚੋਪੜਾ ਸਾਹਮਣੇ ਸ਼ਰਤ ਰੱਖੀ ਸੀ ਕਿ ਦਿਲੀਪ ਕੁਮਾਰ ਨੂੰ ਕਿਸੇ ਵੀ ਤਰ੍ਹਾਂ ਉਸ ਤੋਂ ਜ਼ਿਆਦਾ ਫੁਟੇਜ ਨਾ ਮਿਲੇ;ਭਾਵ ਜੇਕਰ 12 ਦ੍ਰਿਸ਼ ਦਿਲੀਪ ਦੇ ਹਨ ਤਾਂ ਉਸ ਦੇ ਵੀ 12 ਦ੍ਰਿਸ਼ ਹੀ ਹੋਣੇ ਚਾਹੀਦੇ ਹਨ। ਇਹੀ ਨਹੀਂ, ਉਸ ਨੇ ਫਿਲਮ ਦੇ ਹਰਮਨਪਿਆਰੇ ਗੀਤ 'ਸਾਥੀ ਹਾਥ ਬੜ੍ਹਾਨਾ' ਵਿਚ ਵੀ ਆਪਣੇ ਕਈ ਫਰੇਮ ਰਖਵਾਏ ਜਦੋਂ ਕਿ ਇਸ ਗੀਤ ਵਿਚ ਉਸ ਦੇ ਮੌਜੂਦ ਰਹਿਣ ਵਾਲੀ ਕੋਈ ਗੱਲ ਨਹੀਂ ਸੀ।

ਦੀਪਿਕਾ ਪਾਦੁਕੋਣ ਕਦੇ ਵੀ ਵੈਜੰਤੀ ਮਾਲਾ ਜਿਹਾ ਰੁਖ ਨਹੀਂ ਅਪਨਾ ਸਕੇਗੀ। ਅਸਲ 'ਚ ਉਸ 'ਤੇ ਹਮੇਸ਼ਾਂ ਸਟਾਰਡਮ ਭਾਰੂ ਰਹਿੰਦਾ ਹੈ। ਟਰੇਡ ਵਿਸ਼ਲੇਸ਼ਕ ਤਰੁਣ ਆਦਰਸ਼ ਵੀ ਮੰਨਦਾ ਹੈ ਕਿ ਦੀਪਿਕਾ ਦਾ ਜ਼ਿਆਦਾਤਰ ਧਿਆਨ ਖੁਦ ਨੂੰ ਸੰਭਾਲਣ ਵਿਚ ਲੱਗਿਆ ਰਹਿੰਦਾ ਹੈ। ਇਸ ਲਈ ਵੀ ਬਤੌਰ ਅਭਿਨੇਤਰੀ ਉਸ ਦੀ ਹਾਲਤ ਡਗਮਗਾਈ ਰਹਿੰਦੀ ਹੈ। ਕਦੇ-ਕਦੇ ਕੁਝ ਹਿੱਟ 'ਫਾਈਡਿੰਗ ਫੈਨੀ' ਜਾਂ 'ਪੀਕੂ' ਤੋਂ ਹੀ ਉਸ ਨੂੰ ਸੰਤੁਸ਼ਟ ਹੋਣਾ ਪਿਆ। ਇਥੋਂ ਤਕ ਕਿ ਆਪਣੇ ਪਸੰਦੀਦਾ ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਦੀਆਂ ਫਿਲਮਾਂ 'ਬਾਜੀਰਾਵ ਮਸਤਾਨੀ' ਅਤੇ 'ਪਦਮਾਵਤ' ਵਿਚ ਵੀ ਉਸ ਦਾ ਰੁਤਬਾ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕਿਆ। ਕੋਮਲ ਨਾਹਟਾ ਇਸ ਦੀ ਵਜ੍ਹਾ ਦਸਦੇ ਹਨ, "ਦੀਪਿਕਾ ਦੀ ਮੁਸ਼ਕਿਲ ਇਹ ਹੈ ਕਿ ਉਸ ਨੂੰ ਹਮੇਸ਼ਾਂ ਇਹ ਡਰ ਲੱਗਿਆ ਰਹਿੰਦਾ ਹੈ ਕਿ ਜ਼ਿਆਦਾ ਮੰਗ ਰੱਖਣ 'ਤੇ ਕਿਤੇ ਉਸ ਦੀ ਮੰਗ ਨਾ ਘਟ ਜਾਏ। ਵੱਡੇ ਬੈਨਰ ਉਸ ਦੇ ਹੱਥ ਤੋਂ ਤਿਲਕ ਨਾ ਜਾਣ। ਇਸ ਨਾਲ ਉਸ ਦੇ ਪਿੱਛੇ ਖੜ੍ਹੀਆਂ ਦੂਜੀਆਂ ਸਟਾਰ ਅਭਿਨੇਤਰੀਆਂ ਉਸ ਤੋਂ ਅੱਗੇ ਨਾ ਵਧ ਜਾਣ।"

ਅਭਿਨੇਤਰੀ ਕੈਟਰੀਨਾ ਕੈਫ ਤਾਂ ਇਸ ਬਾਰੇ ਕੋਈ ਦਾਅਵਾ ਹੀ ਨਹੀਂ ਕਰਦੀ। ਵੱਡੇ ਹੀਰੋ ਦੀ ਟਾਈਮਪਾਸ ਅਭਿਨੇਤਰੀ ਬਣ ਕੇ ਹੀ ਉਹ ਆਪਣੇ ਅਦਾਕਾਰੀ ਦੇ ਸ਼ੌਕ ਨੂੰ ਪੂਰਾ ਕਰ ਰਹੀ ਹੈ। ਸਲਮਾਨ ਖਾਨ ਨਾਲ ਫਿਲਮ 'ਭਾਰਤ' ਵਿਚ ਵੀ ਉਸ ਨੇ ਇਹੀ ਕੰਮ ਕੀਤਾ ਹੈ। ਕੈਟ ਵੀ ਉਨ੍ਹਾਂ ਅਭਿਨੇਤਰੀਆਂ ਵਿਚੋਂ ਹੈ ਜੋ ਵੱਡੇ ਹੀਰੋ ਨੂੰ ਸਫਲਤਾ ਦਾ ਵੱਡਾ ਫਾਰਮੂਲਾ ਮੰਨਦੀ ਹੈ। ਤਿੰਨੋਂ ਖਾਨਾਂ ਨਾਲ ਕੰਮ ਕਰਕੇ ਉਹ ਖੁਸ਼ ਹੈ, ਕਿਉਂਕਿ ਉਹ ਖੁਦ ਵੀ ਚੰਗੀ ਤਰ੍ਹਾਂ ਜਾਣ ਗਈ ਹੈ ਕਿ ਉਸ ਦਾ ਅਦਾਕਾਰੀ ਹੁਨਰ ਕਿੰਨਾ ਕੁ ਹੈ। ਕਦੇ ਉਸ ਨੇ



ਦੀਪਿਕਾ ਪਾਦੁਕੋਣ

'ਫਿਤੂਰ' ਅਤੇ 'ਬਾਰ ਬਾਰ ਦੇਖੋ' ਵਰਗੀਆਂ ਫਿਲਮਾਂ ਜ਼ਰੀਏ ਆਪਣੀ ਅਦਾਕਾਰੀ ਦੇ ਰੰਗ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਹੁਣ ਉਹ ਇਹ ਗੱਲ ਚੰਗੀ ਤਰ੍ਹਾਂ ਸਮਝ ਗਈ ਹੈ ਕਿ ਅਦਾਕਾਰੀ ਉਸ ਦੇ ਬਸ ਦੀ ਗੱਲ ਨਹੀਂ ਹੈ, ਉਹ ਸਿਰਫ ਗਲੈਮਰ ਡੌਲ ਹੈ। ਨਾਹਟਾ ਕਹਿੰਦਾ ਹੈ, "ਕੈਟ ਵਰਗੀਆਂ ਕਈ ਅਭਿਨੇਤਰੀਆਂ ਆਪਣੇ ਗਲੈਮਰ ਨੂੰ ਹੀ ਆਪਣਾ ਸਟਾਰਡਮ ਮੰਨ ਬੈਠਦੀਆਂ ਹਨ ਅਤੇ ਇਕ ਦਿਨ ਇਸੇ ਸੋਚ ਨਾਲ ਉਨ੍ਹਾਂ ਦੀ ਇੰਡਸਟਰੀ ਤੋਂ ਵਿਦਾਇਗੀ ਹੋ ਜਾਂਦੀ ਹੈ।"



ਕੈਟਰੀਨਾ ਕੈਫ

ਕਾਫੀ ਅਰਸੇ ਤੋਂ ਨਾ ਦੇ ਬਰਾਬਰ ਫਿਲਮਾਂ ਕਰ ਰਹੀ ਅਭਿਨੇਤਰੀ ਅਨੁਸ਼ਕਾ ਸ਼ਰਮਾ ਉਮਦਾ ਅਭਿਨੇਤਰੀ ਹੈ। ਕਈ ਅਜਿਹੀਆਂ ਫਿਲਮਾਂ ਹਨ ਜਿਨ੍ਹਾਂ ਵਿਚ ਉਸ ਦੀ ਅਦਾਕਾਰੀ ਦੀ ਕਾਫੀ ਤਾਰੀਫ ਹੋਈ ਪਰ ਕੋਈ ਫਿਲਮ ਅਜਿਹੀ ਨਹੀਂ ਹੈ ਜਿਸ ਬਾਰੇ ਇਹ ਕਿਹਾ ਜਾ ਸਕੇ ਕਿ ਇਸ ਵਿਚ ਉਸ ਦਾ ਦਬਦਬਾ ਸੀ। 'ਐਨਐਚ-10' ਅਤੇ 'ਫਿਲੌਰੀ' ਵਿਚ ਹੀ ਉਹ ਦਮਦਾਰ ਅਦਾਕਾਰੀ ਕਰਦੀ ਨਜ਼ਰ ਆਉਂਦੀ ਹੈ। ਉਂਜ ਉਸ ਵਰਗੀਆਂ ਸਮਝਦਾਰ ਅਭਿਨੇਤਰੀਆਂ ਨੂੰ 'ਐ ਦਿਲ ਹੈ ਮੁਸ਼ਕਿਲ', 'ਜਬ ਹੈਰੀ ਮੈੱਟ ਸੇਜਲ' ਵਰਗੀਆਂ ਸਾਧਾਰਨ ਫਿਲਮਾਂ ਵਿਚ ਕੰਮ ਕਰਨ ਦੀ ਕੀ ਮਜਬੂਰੀ ਸੀ? ਹੁਣ ਤਾਂ ਆਲੋਚਕ ਮੰਨਦੇ ਹਨ ਕਿ ਜੇ ਅਨੁਸ਼ਕਾ ਦੀ ਇਹੀ ਸੋਚ ਰਹੀ ਤਾਂ ਬਹੁਤ ਜਲਦੀ ਦਰਸ਼ਕ ਉਸ ਨੂੰ ਭੁੱਲ ਜਾਣਗੇ।

ਅਚਾਨਕ ਮਿਲੇ ਸਟਾਰਡਮ ਪਿਛੋਂ ਆਲੀਆ ਭੱਟ ਅਜੇ ਵੀ ਪ੍ਰੌੜ ਨਹੀਂ ਹੋ ਸਕੀ। ਕਈ ਫਿਲਮਾਂ ਦੀ ਸਫਲਤਾ ਨੇ ਉਸ ਨੂੰ ਬੇਫਿਕਰੀ ਦੇ ਦਿੱਤੀ ਹੈ। 'ਬਦਰੀਨਾਥ ਕੀ ਦੁਲਹਨੀਆ' ਹੋਵੇ ਜਾਂ ਫਿਰ 'ਹਾਈਵੇ', ਆਪਣੀਆਂ ਬਹੁਤੀਆਂ ਫਿਲਮਾਂ ਵਿਚ ਆਲੀਆ ਨੇ ਖੁਦ ਨੂੰ ਚੰਗੀ ਤਰ੍ਹਾਂ ਸਾਬਤ ਕੀਤਾ ਹੈ ਪਰ ਉਸ ਦੀ ਮਜਬੂਰੀ ਹੈ ਕਿ ਜੋ ਵੀ ਫਿਲਮ ਮਿਲੇ, ਉਸ ਨੂੰ ਕਰ ਹੀ ਦਿਓ। ਉਂਜ ਉਹ ਹੁਣ ਇਹ ਕਹਿਣ ਲੱਗੀ ਹੈ ਕਿ ਉਹ ਫਿਲਮ ਦੀ ਪਟਕਥਾ ਨੂੰ ਬਹੁਤ ਧਿਆਨ ਨਾਲ ਪੜ੍ਹਦੀ ਹੈ,\ ਪਰ ਅਜਿਹਾ ਨਹੀਂ ਲੱਗਦਾ। 'ਇੰਸਾਅੱਲ੍ਹਾ' ਵਰਗੀਆਂ ਫਿਲਮਾਂ ਵੀ ਉਹ ਇਸੇ ਵਜ੍ਹਾ ਕਾਰਨ ਕਰਦੀ ਹੈ ਕਿ ਉਸ ਨੂੰ ਸਮਲਾਨ ਖਾਨ ਵਰਗੇ ਵੱਡੇ ਹੀਰੋ ਨਾਲ ਕੰਮ ਚਾਹੀਦਾ ਹੈ।


ਬਤੌਰ ਅਭਿਨੇਤਰੀ ਪ੍ਰਿਅੰਕਾ ਚੋਪੜਾ ਹਿੰਦੀ ਫਿਲਮਾਂ ਵਿਚ ਬਹੁਤ ਕੁਝ ਕਰ ਸਕਦੀ ਸੀ ਪਰ ਜ਼ਿਆਦਾ ਅਕਾਂਖਿਆਵਾਦੀ ਹੋਣ ਨਾਲ ਉਸ ਦਾ ਬਹੁਤ ਕੁਝ ਵਿਗੜ ਗਿਆ ਹੈ। ਅੱਜ ਤਾਂ ਇੰਡਸਟਰੀ ਵਿਚ ਪ੍ਰਿਅੰਕਾ ਦੀ ਸਥਿਤੀ ਕਾਫੀ ਖਰਾਬ ਹੋ ਚੁੱਕੀ ਹੈ। ਹਾਂ, ਹਾਲੀਵੁੱਡ ਵਿਚ ਉਸ ਦੀ ਕੋਸ਼ਿਸ਼ ਜ਼ਰੂਰ ਜਾਰੀ ਹੈ। ਅੱਜਕੱਲ੍ਹ ਉਹ ਸਿਰਫ ਨਿੱਜੀ ਜ਼ਿੰਦਗੀ ਕਾਰਨ ਹੀ ਚਰਚਾ ਵਿਚ ਰਹਿੰਦੀ ਹੈ। ਹਿੰਦੀ ਫਿਲਮਾਂ ਵਿਚੋਂ ਉਸ ਦੀ ਤਕਰੀਬਨ ਵਿਦਾਈ ਹੋ ਚੁੱਕੀ ਹੈ।

ਕੰਗਨਾ ਰਣੌਤ ਖੁੱਲ੍ਹੇਆਮ ਕਹਿੰਦੀ ਹੈ ਕਿ ਉਸ ਨੂੰ ਸਟਾਰਡਮ ਦੀ ਜ਼ਿਆਦਾ ਪਰਵਾਹ ਨਹੀਂ ਹੈ। ਕਈ ਵੱਡੇ ਇਸ਼ਤਿਹਾਰਾਂ ਨਾਲ ਆਪਣੀ ਆਰਥਿਕ ਸਥਿਤੀ ਮਜ਼ਬੂਤ ਕਰ ਚੁੱਕੀ ਕੰਗਨਾ ਨੇ ਆਪਣੇ ਅਭਿਨੇਤਰੀ ਵਾਲੇ ਦਮ-ਖਮ ਨੂੰ ਕਦੇ ਕਮਜ਼ੋਰ ਨਹੀਂ ਹੋਣ ਦਿੱਤਾ। ਉਸ ਦੀ ਸਫਲਤਾ ਪੁਰਾਣੇ ਦਿਨਾਂ ਦੀਆਂ ਅਭਿਨੇਤਰੀਆਂ ਦੇ ਸਟਾਰਡਮ ਦੀ ਯਾਦ ਦਿਵਾ ਦਿੰਦੀ ਹੈ। 'ਮਣੀਕਰਣਿਕਾ' ਦੀ ਗੱਲ ਜਾਣ ਦਈਏ ਤਾਂ ਉਸ ਦੀਆਂ ਪਿਛਲੀਆਂ ਫਿਲਮਾਂ 'ਸਿਮਰਨ', 'ਜਜਮੈਂਟਲ ਹੈ ਕਿਆ' ਨੇ ਦਰਸ਼ਕਾਂ ਨੂੰ ਥੋੜ੍ਹਾ ਨਿਰਾਸ਼ ਕੀਤਾ ਹੈ। ਹੁਣ ਦਰਸ਼ਕ ਨੂੰ ਵੀ ਸਮਝ ਨਹੀਂ ਆ ਰਹੀ ਕਿ ਇਹ ਉਮਦਾ ਅਭਿਨੇਤਰੀ 'ਜਜਮੈਂਟਲ ਹੈ ਕਿਆ' ਵਰਗੀਆਂ ਫਿਲਮਾਂ ਵਿਚ ਅਭਿਨੈ ਦੇ ਨਾਂ 'ਤੇ ਕੀ ਕਰ ਰਹੀ ਹੈ। ਹੁਣ ਸਮਾਂ ਆ ਗਿਆ ਹੈ ਕਿ ਕੰਗਨਾ ਨੂੰ ਕੰਮ ਦੇ ਮਾਮਲੇ ਵਿਚ ਗੈਰ ਜ਼ਰੂਰੀ ਦਖਲ ਬੰਦ ਕਰ ਦੇਣਾ ਚਾਹੀਦਾ ਹੈ।



ਪ੍ਰਿਅੰਕਾ ਚੋਪੜਾ

ਨਵੀਂ ਫਿਲਮ 'ਮਿਸ਼ਨ ਮੰਗਲ' ਵਿਚ



ਆਲੀਆ ਭੱਟ

ਅਭਿਨੇਤਰੀ ਵਿਦਿਆ ਬਾਲਨ ਅਕਸ਼ੈ ਕੁਮਾਰ ਨਾਲ ਆਪਣੇ ਬਦਲੇ ਹੋਏ ਅੰਦਾਜ਼ ਨਾਲ ਨਜ਼ਰ ਆਈ। ਉਂਜ ਹੁਣ ਉਸ ਨੇ ਬਾਲੀਵੁੱਡ ਵਿਚ ਆਪਣੀ ਸਥਿਤੀ ਮਜ਼ਬੂਤ ਕਰ ਲਈ ਹੈ। ਉਹ ਕਹਿੰਦੀ ਹੈ, "ਮੈਂ ਮੰਨਦੀ ਹਾਂ ਕਿ ਪਿਛਲੇ ਕੁਝ ਸਾਲਾਂ ਤੋਂ ਮੈਂ ਬੇਖੌਫ ਹੋ ਕੇ ਫਿਲਮਾਂ ਕਰ ਰਹੀ ਹਾਂ। ਇਸ ਲਈ ਬਾਲੀਵੁੱਡ ਵਿਚ ਆਪਣੀ ਸਥਿਤੀ ਨੂੰ ਲੈ ਕੇ ਜ਼ਰਾ ਵੀ ਚਿੰਤਤ ਨਹੀਂ ਰਹਿੰਦੀ। ਮੈਨੂੰ ਸਿਰਫ ਆਪਣੇ ਮਨ ਅਤੇ ਦਰਸ਼ਕਾਂ ਨੂੰ ਸੰਤੁਸ਼ਟ ਕਰਨਾ ਹੈ।" ਸ਼ਾਇਦ ਇਸ ਲਈ ਅਜੇ ਕਾਫੀ ਦਿਨਾਂ ਤਕ ਉਹ ਬਾਲੀਵੁੱਡ ਵਿਚ ਆਪਣੀ ਯਥਾਸਥਿਤੀ ਬਣਾ ਕੇ ਰੱਖੇਗੀ।

ਸੋਨਾਕਸ਼ੀ ਸਿਨਹਾ, ਸ਼੍ਰਧਾ ਕਪੂਰ, ਤਾਪਸੀ ਪੰਨੂ, ਪਰਿਣੀਤੀ ਚੋਪੜਾ, ਜੈਕੁਲਿਨ ਫਰਨਾਂਡੇਜ਼ ਵਰਗੀਆਂ ਅਭਿਨੇਤਰੀਆਂ ਦੀ ਸੂਚੀ ਬਹੁਤ ਲੰਮੀ ਹੈ। ਇਹ ਉਹ ਅਭਿਨੇਤਰੀਆਂ ਹਨ ਜਿਨ੍ਹਾਂ ਦੀ ਕੋਈ ਦਮਦਾਰ ਸਥਿਤੀ ਨਹੀਂ ਹੈ।

-ਅਸੀਮ

# ਰਣਜੀਤ ਬਾਵਾ: ਫਿਲਮ 'ਤੂਫਾਨ ਸਿੰਘ' ਤੋਂ 'ਤਾਰਾ ਮੀਰਾ' ਤੱਕ

ਆਪਣੇ ਗੀਤਾਂ ਨੂੰ ਲੈ ਕੇ ਹਮੇਸ਼ਾ ਚਰਚਾ ਵਿਚ ਰਹਿਣ ਵਾਲੇ ਪੰਜਾਬੀ ਗਾਇਕ ਤੇ ਅਦਾਕਾਰ ਰਣਜੀਤ ਬਾਵਾ ਦਾ ਪੰਜਾਬੀ ਮਨੋਰੰਜਨ ਜਗਤ ਵਿਚ ਇਕ ਖਾਸ ਮੁਕਾਮ ਹੈ। ਉਸ ਦੇ ਪ੍ਰਸ਼ੰਸਕਾਂ ਦੀ ਇੱਕ ਲੰਮੀ ਕਤਾਰ ਹੈ। ਪੰਜਾਬੀ ਗਾਇਕੀ ਨਾਲ ਹੁਣ ਉਹ ਪੰਜਾਬੀ ਫਿਲਮ ਇੰਡਸਟਰੀ ਵਿਚ ਵੀ ਸਰਗਰਮ ਹੈ। ਇਸ ਮਹੀਨੇ ਉਸ ਦੀ ਬਾਲੀਵੁੱਡ ਸਟਾਰ ਗਾਇਕ ਗੁਰੂ ਰੰਧਾਵਾ ਵਲੋਂ ਬਣਾਈ ਗਈ ਵੱਡੇ ਬਜਟ ਦੀ ਫਿਲਮ 'ਤਾਰਾ ਮੀਰਾ' ਰਿਲੀਜ਼ ਹੋਈ ਹੈ।

ਰਣਜੀਤ ਬਾਵਾ ਪੰਜਾਬੀ ਗਾਇਕੀ ਵਿਚ ਸਥਾਪਤ ਹੋਣ ਪਿਛੋਂ ਹੀ ਫਿਲਮਾਂ ਵੱਲ ਆਇਆ। ਉਸ ਦੀ ਪਹਿਲੀ ਫਿਲਮ 1984 ਦੇ ਸਮਿਆਂ 'ਚ ਸਿੱਖ ਪੰਥ ਲਈ ਸ਼ਹੀਦ ਹੋਏ ਭਾਈ ਜਗਰਾਜ ਸਿੰਘ ਬਾਰੇ 'ਤੂਫਾਨ ਸਿੰਘ' ਸੀ, ਜਿਸ ਨੂੰ ਸੈਂਸਰ ਬੋਰਡ ਨੇ ਪੰਜਾਬ ਵਿਚ ਰਿਲੀਜ਼ ਨਹੀਂ ਹੋਣ ਦਿੱਤਾ, ਜਦਕਿ ਵਿਦੇਸ਼ਾਂ ਵਿਚ ਇਸ ਫਿਲਮ ਨੇ ਚੰਗੀ ਕਮਾਈ ਕੀਤੀ। ਇਸ ਪਿਛੋਂ 'ਭਲਵਾਨ ਸਿੰਘ', 'ਖਿੱਦੋ ਖੂੰਡੀ' ਫਿਲਮਾਂ ਨਾਲ ਰਣਜੀਤ ਬਾਵਾ ਸਰਗਰਮ ਰਿਹਾ, ਪਰ ਪਿਛਲੇ ਸਾਲ ਆਈਆਂ ਫਿਲਮਾਂ 'ਵੇਖ ਬਰਾਤਾਂ ਚੱਲੀਆਂ', 'ਮਿਸਟਰ ਐਂਡ ਮਿਸਿਜ 420' ਅਤੇ 'ਹਾਈ ਐਂਡ ਯਾਰੀਆਂ' ਨਾਲ ਬਾਵਾ ਇੱਕ ਨਵੇਂ ਅੰਦਾਜ ਵਿਚ ਪੰਜਾਬੀ ਪਰਦੇ 'ਤੇ ਨਜ਼ਰ ਆਇਆ ਤੇ ਸਿੱਧਾ ਦਰਸ਼ਕਾਂ ਦੇ ਦਿਲਾਂ 'ਚ ਉਤਰ ਗਿਆ।

ਫਿਲਮ 'ਮਿਸਟਰ ਐਂਡ ਮਿਸਿਜ 420' ਵਿਚਲੇ ਲਾਡੀ ਅਮਲੀ ਦੇ ਕਿਰਦਾਰ ਨੇ ਉਸ ਨੂੰ ਇੱਕ ਨਵੀਂ ਪਛਾਣ ਦਿੱਤੀ। ਆਪਣੇ ਮੁਢਲੇ ਗੀਤਾਂ 'ਜੱਟ ਦੀ ਅਕਲ' ਅਤੇ ਫਿਲਮਾਂ 'ਤੂਫਾਨ ਸਿੰਘ' ਵਿਚ ਰਣਜੀਤ ਬਾਵਾ ਇੱਕ ਅਣਖੀ ਯੋਧੇ ਵਾਲੇ ਕਿਰਦਾਰ ਵਿਚ ਉਭਰਿਆ, ਜਦਕਿ ਬਾਅਦ ਵਿਚ ਉਹ ਹਰ ਤਰ੍ਹਾਂ ਦੇ ਕਿਰਦਾਰਾਂ ਵਿਚ ਨਜ਼ਰ ਆਉਣ ਲੱਗਾ।

ਗੁਰਦਾਸਪੁਰ ਨੇੜਲੇ ਪਿੰਡ ਵਡਾਲਾ ਗ੍ਰੰਥੀਆਂ ਦੇ ਜੰਮਪਲ ਰਣਜੀਤ ਬਾਵਾ ਨੂੰ ਗਾਇਕੀ ਦਾ ਸ਼ੌਕ ਬਚਪਨ ਤੋਂ ਹੀ ਸੀ। ਸਕੂਲ-ਕਾਲਜ ਦੀਆਂ ਸਟੇਜਾਂ ਤੋਂ ਉਪਰ ਉਠ ਕੇ ਗਾਇਕੀ ਦੇ ਅੰਬਰਾਂ ਨੂੰ ਛੂਹਣ ਵਾਲਾ ਰਣਜੀਤ ਬਾਜਵਾ ਆਪਣੀ ਪਲੇਠੀ ਐਲਬਮ 'ਮਿੱਟੀ ਦਾ ਬਾਵਾ' ਦੀ ਕੌਮਾਂਤਰੀ ਪ੍ਰਸਿੱਧੀ ਨਾਲ 'ਬਾਜਵਾ' ਤੋਂ 'ਬਾਵਾ' ਬਣ ਗਿਆ। ਉਸ ਤੋਂ ਬਾਅਦ ਗੀਤ 'ਪੌਣੇ ਅੱਠ' ਅਤੇ 'ਤਨਖਾਹ' ਦੀ ਸਫਲਤਾ ਨਾਲ ਰਣਜੀਤ ਬਾਵਾ ਦੀ ਪਛਾਣ ਹੋਰ ਵੀ ਗੂੜ੍ਹੀ ਹੋ ਗਈ।

ਪਿਛਲੇ ਦਿਨੀਂ ਰਣਜੀਤ ਬਾਵਾ ਜਿੱਥੇ ਆਪਣੀਆਂ ਇਨ੍ਹਾਂ ਫਿਲਮਾਂ ਨਾਲ ਚਰਚਾ ਵਿਚ ਰਿਹਾ, ਉਥੇ ਆਪਣੇ ਅਨੇਕਾਂ ਗੀਤਾਂ 'ਤਾਰੇ ਵਾਲਿਆਂ ਬਾਬਾ', 'ਲਾਹੌਰ', 'ਯਾਰੀ ਚੰਡੀਗੜ੍ਹ ਵਾਲੀਏ', 'ਕਹਿੰਦੇ ਸ਼ੇਰ ਮਾਰਨਾ', 'ਮਾਣਕ ਦੀ ਕਲੀ', 'ਵੀਕ ਐਂਡ', 'ਕੰਗਣਾ', 'ਫੁਲਕਾਰੀ' ਆਦਿ ਨਾਲ ਵੀ ਸ਼ੋਹਰਤ ਦੇ ਸਿਖਰਲੇ ਡੰਡੇ 'ਤੇ ਰਿਹਾ। ਇਨ੍ਹੀਂ ਦਿਨੀਂ ਉਸ ਦੀ ਚਰਚਾ ਫਿਲਮ 'ਤਾਰਾ ਮੀਰਾ' ਕਰਕੇ ਹੈ।



(ਖੱਬੇ) ਰਣਜੀਤ ਬਾਵਾ ਅਤੇ ਗੁਰੂ ਰੰਧਾਵਾ

ਦੱਸਣਯੋਗ ਹੈ ਕਿ ਗਾਇਕ ਗੁਰੂ ਰੰਧਾਵਾ ਪਹਿਲੀ ਵਾਰ ਬਤੌਰ ਪ੍ਰੋਡਿਊਸਰ ਕਿਸੇ ਫਿਲਮ ਨਾਲ ਜੁੜਿਆ ਹੈ ਅਤੇ ਉਸ ਨੇ ਨਿਰਮਾਤਾ ਗੁਰਪ੍ਰਤਾਪ ਸਿੰਘ ਛੀਨਾ, ਜਗਰੂਪ ਬੁੱਟਰ ਅਤੇ ਸ਼ਿਲਪਾ ਸ਼ਰਮਾ ਨਾਲ ਮਿਲ ਕੇ ਇਹ ਫਿਲਮ ਬਣਾਈ ਹੈ। ਫਿਲਮ 'ਚ ਰਣਜੀਤ ਬਾਵਾ ਨਾਲ ਹੀਰੋਇਨ ਦੀ ਭੂਮਿਕਾ 'ਚ ਬਾਲੀਵੁੱਡ ਅਦਾਕਾਰਾ ਨਾਜ਼ੀਆ ਹੁਸੈਨ ਹੈ। ਲੇਖਕ ਤੇ ਨਿਰਦੇਸ਼ਕ ਰਾਜੀਵ ਢੀਂਗਰਾ ਦੀ ਇਹ ਫਿਲਮ ਨਸਲੀ ਭੇਦ ਭਾਵ 'ਤੇ ਆਧਾਰਿਤ ਹੈ, ਜੋ ਇਕ ਸਾਰਥਕ ਮੁੱਦੇ ਦੀ ਗੱਲ ਕਰਦੀ ਹੈ।

ਫਿਲਮ ਪੰਜਾਬ 'ਚ ਵੱਸਦੇ ਪਰਵਾਸੀ ਮਜ਼ਦੂਰਾਂ ਤੇ ਪੰਜਾਬੀਆਂ 'ਤੇ ਬਣਾਈ ਗਈ ਹੈ ਅਤੇ ਰੋਮਾਂਸ ਤੇ ਕਾਮੇਡੀ ਨਾਲ ਭਰਪੂਰ ਹੈ। ਫਿਲਮ 'ਚ ਗੁਰਪ੍ਰੀਤ ਘੁੱਗੀ, ਸੁਦੇਸ਼ ਲਹਿਰੀ, ਅਨੀਤਾ ਦੇਵਗਣ, ਜੁਗਰਾਜ ਸਿੰਘ, ਰਾਜੀਵ ਠਾਕੁਰ, ਸ਼ਵਿੰਦਰ ਮਾਹਲ ਅਤੇ ਅਸ਼ੋਕ ਪਾਠਕ ਆਦਿ ਨਾਮੀ ਕਲਾਕਾਰ ਵੀ ਹਨ। ਫਿਲਮ ਦਾ ਗੀਤ ਸੰਗੀਤ ਵੀ ਵਧੀਆ ਹੈ।

-ਹਰਜਿੰਦਰ ਸਿੰਘ ਜਵੰਦਾ


ੴ
ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ
ਦੀ ਪ੍ਰਬੰਧਕ ਕਮੇਟੀ ਦੀ ਚੋਣ
20 ਅਕਤੂਬਰ ਦਿਨ ਐਤਵਾਰ ਨੂੰ ਹੋ ਰਹੀ ਹੈ ਵੋਟਾਂ ਸਵੇਰੇ 6:00 ਤੋਂ ਸ਼ਾਮ 5:00 ਵਜੇ ਤੱਕ
Royal India Palace, 118-06 Atlantic Ave, South Richmond Hill, NY 11419 ਪੈਣਗੀਆਂ
ਕੰਗ ਗਰੁਪ ਵਲੋਂ
ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ
ਸਮੂਹ ਮੈਂਬਰਾਂ ਨੂੰ ਪੁਰਜੋਰ ਅਪੀਲ ਹੈ
SLATE NO. 1
COLOR BLUE
ਚੋਣ ਨਿਸ਼ਾਨ : ਨੀਲਾ ਰੰਗ
ਸ. ਜਤਿੰਦਰ ਸਿੰਘ ਬੋਪਾਰਾਏ ( ਸ. ਦਵਿੰਦਰ ਸਿੰਘ ਬੋਪਾਰਾਏ )
ਦੀ ਸਰਬਸਾਂਝੀ ਸਾਧ ਸੰਗਤ ਵਲੋਂ ਚੁਣੀ ਪੰਥਕ ਸਲੇਟ
ਨੂੰ ਵੋਟ ਪਾ ਕੇ ਕਾਮਯਾਬ ਕਰੋ ਜੀ
( ਸ. ਗੁਰਦੇਵ ਸਿੰਘ ਕੰਗ )
( ਸ. ਜਤਿੰਦਰ ਸਿੰਘ ਬੋਪਾਰਾਏ )
EXECUTICE COMMETEE
JASWINDER SINGH MANGAT
BOARD OF TRUSTEES
ELECTION COMMISSION
ਸਹਿਯੋਗੀ ਜਥੇਬੰਦੀਆਂ :–
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ :–
ਸ. ਜਤਿੰਦਰ ਸਿੰਘ ਬੋਪਾਰਾਏ ( ਸ. ਦਵਿੰਦਰ ਸਿੰਘ ਬੋਪਾਰਾਏ ) 718-909-0651
webside : www.gurudwarascsny.com
email : SikhCulturalSocietyInc9530@gmail.com
Print & Designed by : PrintLinkers.com 347-475-5555 (Dilpreet Singh)